

Ray Dhaliwal
Real Estate Broker

# Moving to Indiana?

Contact Ray Dhaliwal @ 317-993-4987

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

for Free Consultation!!!

Helpful in Easy and Accessible Home Loans at low Interest Rates.

CENTURY 21 SCHEETZ
RAYD@C21Scheetz.com



Twenty First Year of Publication   ਨਿਊ ਯਾਰਕ ਐਡੀਸ਼ਨ   Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 21, Issue 38, September 19, 2020   20451 N. Plum Grove Rd., Palatine, IL 60074   Ph:847-359-0746, Fax:847-705-9388


## ਲੋਕ ਰੋਹ ਨੇ ਸਿਆਸੀ ਧਿਰਾਂ ਦੀ ਅਕਲ ਟਿਕਾਣੇ ਲਿਆਂਦੀ

**ਚੰਡੀਗੜ੍ਹ:** ਮੋਦੀ ਸਰਕਾਰ ਦੇ ਖੇਤੀ ਆਰਡੀਨੈਂਸਾਂ ਖਿਲਾਫ ਜਿਥੇ ਤਕੜਾ ਰੋਹ ਉਠ ਖਲੋਤਾ ਹੈ, ਉਥੇ ਇਸ ਮਸਲੇ ਨੇ ਪੰਜਾਬ ਦਾ ਸਿਆਸੀ ਪਾਰਾ ਵੀ ਚਾੜ੍ਹ ਦਿੱਤਾ ਹੈ। ਇਸ ਮੁੱਦੇ ਉਤੇ ਪੰਜਾਬ ਦੀਆਂ ਸਿਆਸੀ ਧਿਰਾਂ ਦੀਆਂ ਪਲਟੀਆਂ ਚਰਚਾ ਦਾ ਵਿਸ਼ਾ ਬਣੀਆਂ ਹਨ। ਸਭ ਤੋਂ ਔਖੀ ਹਾਲਤ ਕੇਂਦਰ ਵਿਚ ਐਨ.ਡੀ.ਏ. ਸਰਕਾਰ ਦੇ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਬਾਦਲ ਲਈ ਬਣੀ ਹੋਈ ਹੈ।

ਮੋਦੀ ਸਰਕਾਰ ਦੇ ਇਸ ਫੈਸਲੇ ਦੇ ਅਕਾਲੀ ਦਲ ਉਤੇ ਦਬਾਅ ਦਾ ਪਤਾ ਇਸ ਗੱਲ ਤੋਂ ਹੀ ਲੱਗ ਜਾਂਦਾ ਹੈ ਕਿ ਹੁਣ ਤੱਕ ਇਨ੍ਹਾਂ ਆਰਡੀਨੈਂਸਾਂ ਨੂੰ ਕਿਸਾਨਾਂ ਲਈ ਲਾਹੇਵੰਦ ਦੱਸਣ ਵਾਲੇ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਸੰਸਦ ਵਿਚ ਆਪਣੀ ਤਕਰੀਰ ਦੌਰਾਨ ਇਕਦਮ ਪਲਟ ਗਏ ਅਤੇ ਇਨ੍ਹਾਂ ਆਰਡੀਨੈਂਸਾਂ ਨੂੰ ਕਿਸਾਨ ਮਾਰੂ ਗਰਦਾਨਦਿਆਂ ਆਪਣੇ ਪਿਤਾ ਪ੍ਰਕਾਸ਼ ਸਿੰਘ ਬਾਦਲ ਦੀਆਂ ਕਿਸਾਨਾਂ ਲਈ ਕੁਰਬਾਨੀਆਂ ਗਿਣਵਾਉਣੀਆਂ ਸ਼ੁਰੂ ਕਰ ਦਿੱਤੀਆਂ। ਪਿਛਲੇ 5 ਮਹੀਨਿਆਂ ਤੋਂ ਇਨ੍ਹਾਂ ਆਰਡੀਨੈਂਸਾਂ ਨੂੰ ਕਿਸਾਨ ਹਿਤੈਸ਼ੀ ਦੱਸਣ ਲਈ ਦਿਨ ਰਾਤ ਇਕ ਕਰਨ ਵਾਲੇ ਬਾਦਲ ਜੋੜੇ (ਸੁਖਬੀਰ ਸਿੰਘ ਬਾਦਲ ਤੇ ਹਰਸਿਮਰਤ ਕੌਰ ਬਾਦਲ) ਦੀ ਸੰਸਦ ਵਿਚ ਤਕਰੀਰ ਸੁਣ ਭਾਈਵਾਲਾਂ ਦੀਆਂ ਅੱਖਾਂ ਵੀ ਅੱਡੀਆਂ ਰਹਿ ਗਈਆਂ।

ਯਾਦ ਰਹੇ ਕਿ ਅਜੇ ਪਿਛਲੇ ਹਫਤੇ ਹੀ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਵੀ ਇਨ੍ਹਾਂ ਆਰਡੀਨੈਂਸਾਂ ਨੂੰ ਕਿਸਾਨਾਂ ਦੇ ਹੱਕ ਵਿਚ ਦੱਸ ਕੇ ਵਿਰੋਧੀ ਧਿਰਾਂ ਉਤੇ ਕਿਸਾਨਾਂ ਨੂੰ ਗੁਮਰਾਹ ਕਰਨ ਦਾ ਦੋਸ਼ ਲਾ ਚੁੱਕੇ ਹਨ। ਸਿਆਸੀ ਮਾਹਰ ਆਖਦੇ ਹਨ ਕਿ ਅਕਾਲੀ ਦਲ ਕੋਲ ਹੁਣ ਹੋਰ ਕੋਈ ਚਾਰਾ ਹੀ ਨਹੀਂ ਬਚਿਆ ਸੀ। ਪੰਜਾਬ ਵਿਚ ਵੱਡੇ ਪੱਧਰ ਉਤੇ ਉਠੇ ਕਿਸਾਨ ਰੋਹ ਨੇ ਅਕਾਲੀ ਦਲ ਨੂੰ ਸੂਬੇ ਦੇ ਹੱਕ ਵਿਚ ਹੀ ਭੁਗਤਣ ਲਈ ਮਜਬੂਰ ਕਰ ਦਿੱਤਾ। ਪਿਛਲੇ ਕੁਝ ਦਿਨਾਂ ਤੋਂ ਕਿਸਾਨ ਜਥੇਬੰਦੀਆਂ ਨੇ ਅਕਾਲੀ ਵਿਧਾਇਕਾਂ ਅਤੇ ਸੀਨੀਅਰ ਆਗੂਆਂ ਨੂੰ ਘੇਰਾ ਪਾਇਆ ਹੋਇਆ ਸੀ। ਕਿਸਾਨ ਜਥੇਬੰਦੀਆਂ ਅਕਾਲੀ ਆਗੂਆਂ ਦੇ ਘਰਾਂ ਅੱਗੇ ਡਟੀਆਂ ਹੋਈਆਂ ਸਨ। ਨਾਲ ਹੀ ਇਹ ਐਲਾਨ ਆ ਗਿਆ ਕਿ ਆਰਡੀਨੈਂਸ ਬਿਲ ਦੇ

***(ਬਾਕੀ ਸਫਾ 6 ਉਤੇ)***

### ਗੱਠਜੋੜ ਲਈ ਸਭ ਤੋਂ ਔਖਾ ਵੇਲਾ

ਕਿਸਾਨ ਮਸਲਿਆਂ ਉਪਰ ਪੈਦਾ ਹੋਇਆ ਟਕਰਾਅ ਅਕਾਲੀ-ਭਾਜਪਾ ਗੱਠਜੋੜ ਦੀ ਬਲੀ ਵੀ ਲੈ ਸਕਦਾ ਹੈ। ਖੇਤੀ ਕਾਨੂੰਨਾਂ ਨੂੰ ਲੈ ਕੇ ਕਿਸਾਨਾਂ ਦੇ ਹੱਕ ਵਿਚ ਡਟਣ ਦਾ ਪੈਂਤੜਾ ਲੈਣ ਬਾਅਦ ਅਕਾਲੀ ਦਲ ਨੂੰ ਭਾਜਪਾ ਨਾਲ ਭਾਈਵਾਲੀ ਰੱਖਣੀ ਮੁਸ਼ਕਿਲ ਹੋ ਜਾਵੇਗੀ ਤੇ ਪਤਾ ਲੱਗਾ ਹੈ ਕਿ ਅਕਾਲੀ ਲੀਡਰਸ਼ਿਪ ਕਿਸਾਨਾਂ ਦਾ ਭਰੋਸਾ ਜਿੱਤਣ ਲਈ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ ਹੈ। ਅਕਾਲੀ ਦਲ ਨੇ ਭਾਵੇਂ ਕੇਂਦਰ ਦੇ ਵਿਰੋਧ ਵਿਚ ਖੜ੍ਹਨ ਤੋਂ ਟਾਲਾ ਵੱਟਣ ਲਈ ਬਹੁਤ ਕੋਸ਼ਿਸ਼ਾਂ ਕੀਤੀਆਂ ਪਰ ਸਿਆਸੀ ਗਿਣਤੀਆਂ-ਮਿਣਤੀਆਂ ਪਿੱਛੋਂ ਅਕਾਲੀ ਦਲ ਨੇ ਕਿਸਾਨਾਂ ਦੇ ਹੱਕ ਵਿਚ ਹੀ ਖੜ੍ਹਨ ਵਿਚ ਭਲਾਈ ਸਮਝੀ। ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਇਸ ਹੁਕਮ-ਅਦੂਲੀ ਲਈ ਆਉਣ ਵਾਲੇ ਦਿਨਾਂ ਵਿਚ ਅਕਾਲੀ ਦਲ ਨੂੰ ਭਾਜਪਾ ਦੇ ਗੁੱਸੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

## ਜੰਗਲ ਦੀ ਅੱਗ ਕਾਰਨ 6.7 ਮਿਲੀਅਨ ਏਕੜ ਸੜੀ

**ਕੈਲੀਫੋਰਨੀਆ (ਬਿਊਰੋ):** ਸੋਕੇ, ਗਰਮੀ ਅਤੇ ਖੁਸ਼ਕ ਮੌਸਮ ਦੇ ਚੱਲਦਿਆਂ ਅਮਰੀਕਾ ਦੀਆਂ ਕਰੀਬ 11 ਪੱਛਮੀ ਸਟੇਟਾਂ ਵਿਚ ਭਿਆਨਕ ਜੰਗਲੀ ਅੱਗ ਨੇ ਤਬਾਹੀ ਮਚਾਈ ਹੋਈ ਹੈ। ਇਨ੍ਹਾਂ ਅੱਗਾਂ ਵਿਚ ਕਰੀਬ 6.7 ਮਿਲੀਅਨ ਏਕੜ ਜੰਗਲ ਸੜ ਕੇ ਸੁਆਹ ਹੋ ਗਿਆ ਤੇ ਕਰੀਬ

### 36 ਮੌਤਾਂ



36 ਲੋਕਾਂ ਦੇ ਮਾਰੇ ਜਾਣ ਦੀਆਂ ਖਬਰਾਂ ਹਨ। ਡੇਢ ਦਰਜਨ ਦੇ ਕਰੀਬ ਲੋਕ ਲਾਪਤਾ ਵੀ ਦੱਸੇ ਜਾ ਰਹੇ ਹਨ।

ਇਸ ਭਿਆਨਕ ਅੱਗ ਵਿਚ ਸੈਂਕੜੇ ਘਰ, ਦਰਜਨਾਂ ਦੇ ਹਿਸਾਬ ਨਾਲ ਬਿਜਨਸ ਸੜ ਕੇ ਸੁਆਹ ਹੋ ਗਏ। ਇਕੱਲੇ ਕੈਲੀਫੋਰਨੀਆ ਵਿਚ ਕਰੀਬ ਸਾਢੇ ਤਿੰਨ ਮਿਲੀਅਨ ਏਕੜ ਸੜੇ ਹਨ ਅਤੇ ਦੋ ਦਰਜਨ ਦੇ ਕਰੀਬ ਲੋਕ ਮਾਰੇ ਗਏ ਹਨ। ਵੱਡੀ ਗਿਣਤੀ ਲੋਕਾਂ ਨੂੰ ਸੁਰੱਖਿਅਤ ਥਾਂਵਾਂ 'ਤੇ ਪਹੁੰਚਾਇਆ ਗਿਆ ਹੈ।

ਇਸ ਤੋਂ ਇਲਾਵਾ ਦੂਜੀ ਸਟੇਟ ਓਰੇਗਾਨ ਵਿਚ ਵੀ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ। ਉਥੇ 9,60,000 ਏਕੜ ਸੜੇ ਦੱਸੇ ਜਾ ਰਹੇ ਹਨ ਅਤੇ ਦਰਜਨ ਦੇ ਕਰੀਬ ਲੋਕਾਂ ਦੇ ਮਾਰੇ ਜਾਣ ਦਾ ਖਦਸ਼ਾ ਹੈ। ਇਸੇ ਤਰ੍ਹਾਂ ਵਾਸ਼ਿੰਗਟਨ ਸਟੇਟ ਵਿਚ 6,40,000 ਏਕੜ ਸੜੇ ਹਨ ਅਤੇ ਉਥੇ ਵੀ ਕਈ ਮੌਤਾਂ ਹੋਣ ਦੀ ਖਬਰ ਹੈ।

ਕੈਲੀਫੋਰਨੀਆ ਵਿਚ ਕਰੀਬ 29 ਥਾਂਵਾਂ 'ਤੇ ਇਸ ਸਮੇਂ ਭਿਆਨਕ ਅੱਗ ਨਾਲ 15,000 ਫਾਇਰ ਫਾਈਟਰ ਜੂਝ ਰਹੇ ਹਨ। ਬਹੁਤ ਸਾਰੀਆਂ ਥਾਂਵਾਂ 'ਤੇ ਬਿਜਲੀ ਗੁੱਲ ਹੈ। ਓਰੇਗਾਨ

***(ਬਾਕੀ ਸਫਾ 6 ਉਤੇ)***

## ਦਿੱਲੀ ਦੰਗਿਆਂ ਬਾਰੇ ਪੁਲਿਸ ਕਾਰਵਾਈ ਉਤੇ ਉਠੇ ਸਵਾਲ


**ਨਵੀਂ ਦਿੱਲੀ:** ਦਿੱਲੀ ਪੁਲਿਸ ਵਲੋਂ ਸੀ. ਪੀ. ਐਮ. ਦੇ ਜਨਰਲ ਸਕੱਤਰ ਸੀਤਾਰਾਮ ਯੇਚੁਰੀ, ਸਵਰਾਜ ਅਭਿਆਨ ਦੇ ਆਗੂ ਯੋਗੇਂਦਰ ਯਾਦਵ, ਅਰਥ ਸ਼ਾਸਤਰੀ ਜਯਤੀ ਘੋਸ਼, ਦਿੱਲੀ ਯੂਨੀਵਰਸਿਟੀ ਦੇ ਪ੍ਰੋਫੈਸਰ ਤੇ ਕਾਰਕੁਨ ਅਪੂਰਵਾਨੰਦ ਅਤੇ ਦਸਤਾਵੇਜ਼ੀ ਫਿਲਮ ਨਿਰਮਾਤਾ ਰਾਹੁਲ ਰੌਏ ਨੂੰ ਫਰਵਰੀ ਮਹੀਨੇ ਵਿਚ ਹੋਏ ਦਿੱਲੀ ਦੰਗਿਆਂ ਲਈ ਸਹਿ-ਸਾਜਿਸ਼ਘਾੜਿਆਂ ਵਜੋਂ ਨਾਮਜ਼ਦ ਤੇ ਉਮਰ ਖਾਲਿਦ ਦੀ ਗ੍ਰਿਫਤਾਰੀ ਉਤੇ ਸਵਾਲ ਉਠੇ ਹਨ।

ਉਮਰ ਖਾਲਿਦ ਨੂੰ ਦਿੱਲੀ ਪੁਲਿਸ ਵਲੋਂ ਕੇਸ ਨੰਬਰ 59/2020 ਵਿਚ ਨਾਮਜ਼ਦ ਕੀਤਾ ਗਿਆ, ਜੋ ਇਕ ਗੁੰਮਨਾਮ ਪੁਲਿਸ ਮੁਖਬਰ ਦੁਆਰਾ ਦਿੱਤੀ ਜਾਣਕਾਰੀ 'ਤੇ ਆਧਾਰਿਤ ਹੈ ਜਿਸ ਵਿਚ ਉਮਰ ਖਾਲਿਦ ਅਤੇ ਦਿੱਲੀ ਦੀ ਭਜਨਪੁਰਾ ਆਬਾਦੀ ਦੇ ਦਾਨਿਸ਼ ਨਾਮਕ ਵਿਅਕਤੀ 'ਤੇ ਇਹ ਦੋਸ਼ ਲਗਾਏ ਗਏ ਹਨ ਕਿ ਉਨ੍ਹਾਂ ਦਿੱਲੀ ਵਿਚ ਦੰਗੇ ਭੜਕਾਉਣ ਲਈ ਸਾਜ਼ਿਸ਼ ਰਚੀ। ਇਸ ਤੋਂ ਬਿਨਾ ਉਸ ਦਾ ਨਾਂ ਕੁਝ ਹੋਰ ਕੇਸਾਂ ਵਿਚ ਤਫਤੀਸ਼ ਤੋਂ ਬਾਅਦ ਫਾਈਲ ਕੀਤੀਆਂ ਗਈਆਂ ਚਾਰਜਸ਼ੀਟਾਂ ਵਿਚ ਵੀ ਦਰਜ ਕੀਤਾ ਗਿਆ ਹੈ ਜਿਨ੍ਹਾਂ ਵਿਚ ਯੇਚੁਰੀ, ਯੋਗੇਂਦਰ ਯਾਦਵ, ਰਾਹੁਲ ਰੌਏ, ਪ੍ਰੋਫੈਸਰ ਜਯਤੀ ਘੋਸ਼, ਪ੍ਰੋ. ਅਪੂਰਵਾਨੰਦ ਆਦਿ ਵੀ ਸ਼ਾਮਲ ਹਨ।

ਉਘੇ ਸਮਾਜਿਕ ਕਾਰਕੁਨ ਅਤੇ ਸਾਬਕਾ ਆਈ.ਏ.ਐਸ. ਅਧਿਕਾਰੀ ਹਰਸ਼ ਮੰਦਰ, ਪ੍ਰੋ. ਅਪੂਰਵਾਨੰਦ ਅਤੇ 10 ਹੋਰ ਵਿਦਵਾਨਾਂ ਤੇ

***(ਬਾਕੀ ਸਫਾ 6 ਉਤੇ)***


**Tanya`s Beauty Salon**



*Threading/Waxing
*Facial (Men & Women)
*Anti-Aging Facial-Bleach
*Hair Cut-Color and Style

We Specialize in Bridal & Henna

85-03 Roosevelt Ave.,
Jackson Heights, NY 11373
Ph: 718-205-7832



**LEAF XPRESS**
INIANAPOLIS, IN

**Now Hiring!**

We are looking for professional CDL A drivers.
*Newer Model well maintained Trucks and Trailers.
*COMPETITIVE PAY!! HOME EVERY WEEKEND!!
*Atleast 2 years of experience required.

Call, ISHAN: 317-688-9222

28-



ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ

120-20 101 Ave. S. Richmond Hill,
New York 11419

# ਮੋਦੀ ਸਰਕਾਰ ਦੇ ਖੇਤੀ ਆਰਡੀਨੈਂਸਾਂ ਖਿਲਾਫ ਰੋਹ ਭਖਿਆ

**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਤਿੰਨ ਆਰਡੀਨੈਂਸਾਂ ਨੂੰ ਲੋਕ ਸਭਾ ਵਿਚ ਪੇਸ਼ ਕਰਨ ਨਾਲ ਹੀ ਪੰਜਾਬ ਅਤੇ ਹਰਿਆਣਾ 'ਚ ਕਿਸਾਨ ਅੰਦੋਲਨ ਭਖ ਗਿਆ ਹੈ। ਕਿਸਾਨ ਜਥੇਬੰਦੀਆਂ ਨੇ ਕਿਸਾਨ ਵਿਰੋਧੀ ਨੀਤੀਆਂ ਖਿਲਾਫ ਪੱਕਾ ਮੋਰਚਾ ਲਗਾਉਣ ਦਾ ਐਲਾਨ ਕਰ ਦਿੱਤਾ ਹੈ। ਹਰਿਆਣਾ ਦੀਆਂ 19 ਕਿਸਾਨ ਜਥੇਬੰਦੀਆਂ ਨੇ ਵੀ ਜ਼ਿਲ੍ਹਾ ਪੱਧਰੀ ਰੋਸ ਪ੍ਰਦਰਸ਼ਨ, 20 ਸਤੰਬਰ ਨੂੰ ਸੜਕਾਂ ਜਾਮ ਅਤੇ 27 ਸਤੰਬਰ ਤੋਂ ਸੂਬੇ ਭਰ ਦੀ ਯਾਤਰਾ ਦਾ ਐਲਾਨ ਕੀਤਾ ਹੈ। ਜੇਲ੍ਹ ਭਰੋ ਅੰਦੋਲਨ ਤਹਿਤ ਵੱਡੀ ਗਿਣਤੀ ਵਿਚ ਬੀਬੀਆਂ ਸਮੇਤ ਕਿਸਾਨਾਂ ਅਤੇ ਮਜ਼ਦੂਰਾਂ ਨੇ ਸਰਕਾਰ ਨੂੰ



ਵਖਤ ਪਾ ਦਿੱਤਾ ਹੈ। ਕਿਸਾਨ ਆਗੂਆਂ ਨੇ ਮੋਦੀ ਸਰਕਾਰ ਨੂੰ ਵੀ ਚਿਤਾਵਨੀ ਦਿੱਤੀ ਕਿ ਜੇਕਰ ਖੇਤੀ ਆਰਡੀਨੈਂਸ ਰੱਦ ਨਾ ਕੀਤੇ ਤਾਂ ਦੇਸ਼ ਵਿਚ ਗਦਰ ਫੈਲ ਸਕਦਾ ਹੈ। ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਖੇਤੀ ਆਰਡੀਨੈਂਸ ਅਤੇ ਬਿਜਲੀ ਸੋਧ ਬਿੱਲ ਰੱਦ ਕੀਤੇ ਜਾਣ, ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਕੀਤੀ ਜਾਵੇ ਅਤੇ ਕਿਸਾਨਾਂ-ਮਜ਼ਦੂਰਾਂ ਦਾ ਸਾਰਾ ਕਰਜ਼ਾ ਮੁਆਫ ਕੀਤਾ ਜਾਵੇ।

ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ), ਲੱਖੋਵਾਲ, ਸਿੱਧੂਪੁਰ ਗਰੁੱਪ, ਬੀ.ਕੇ.ਯੂ. (ਕਾਦੀਆਂ) ਦੋਆਬਾ ਕਿਸਾਨ ਸੰਘਰਸ਼ ਕਮੇਟੀ, ਬੀ.ਕੇ.ਯੂ. (ਮਾਨਸਾ), ਇੰਡੀਅਨ ਫਾਰਮਰਜ਼ ਐਸੋਸੀਏਸ਼ਨ, ਗੰਨਾ ਸੰਘਰਸ਼ ਕਮੇਟੀ ਸਮੇਤ ਦਸ ਕਿਸਾਨ ਜਥੇਬੰਦੀਆਂ ਨੇ ਸੰਘਰਸ਼ ਨੂੰ ਹੋਰ ਤਿੱਖਾ ਕਰਨ ਦਾ ਐਲਾਨ ਕਰ ਦਿੱਤਾ ਹੈ। ਉਧਰ, ਸ਼੍ਰੋਮਣੀ ਅਕਾਲੀ ਦਲ (ਡੈਮੋਕਰੈਟਿਕ) ਨੇ ਕਿਸਾਨ ਜਥੇਬੰਦੀਆਂ ਵੱਲੋਂ ਖੇਤੀ ਬਿੱਲਾਂ ਖਿਲਾਫ ਸੱਦੇ ਦੀ ਹਮਾਇਤ ਕੀਤੀ ਹੈ। ਪਾਰਟੀ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਬਿਆਨ ਰਾਹੀਂ ਕਿਹਾ ਕਿ ਕਿਸਾਨਾਂ ਦੇ ਸੰਘਰਸ਼ ਨੂੰ ਸਫਲ ਬਣਾਉਣ ਲਈ ਹਰ ਤਰ੍ਹਾਂ ਦਾ ਸਹਿਯੋਗ ਦਿੱਤਾ ਜਾਵੇਗਾ।

ਦੇਸ਼ ਭਰ ਵਿਚ 250 ਕਿਸਾਨ ਜਥੇਬੰਦੀਆਂ ਵੱਲੋਂ ਅੰਦੋਲਨ ਦੀ ਹਮਾਇਤ ਦਾ ਐਲਾਨ ਕੀਤਾ। ਕਿਸਾਨ ਆਗੂਆਂ ਨੇ ਵੱਖ ਵੱਖ ਜ਼ਿਲ੍ਹਿਆਂ ਵਿਚ ਇਕੱਠਾਂ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਕਾਰਪੋਰੇਟ ਖੇਤੀ ਮਾਡਲ 2006 ਵਿਚ ਬਿਹਾਰ ਵਿਚ ਲਾਗੂ ਕਰਨ ਤੋਂ ਬਾਅਦ ਉਥੋਂ ਦੀ ਖੇਤੀ ਪੂਰੀ ਤਰ੍ਹਾਂ ਬਰਬਾਦ ਹੋ ਗਈ ਅਤੇ ਇਹੋ ਖੇਤੀ ਮਾਡਲ ਅਮਰੀਕਾ ਤੇ ਯੂਰਪ ਵਿਚ ਵੀ ਫੇਲ੍ਹ ਹੋ ਚੁੱਕਾ ਹੈ। ਪੰਜਾਬ ਦੇ 85 ਫੀਸਦੀ ਲੋਕ ਖੇਤੀ ਨਾਲ ਸਿੱਧੇ-ਅਸਿੱਧੇ ਤੌਰ ਉਤੇ ਜੁੜੇ ਹੋਏ ਹਨ ਅਤੇ ਖੇਤੀ ਆਰਡੀਨੈਂਸ ਸੂਬੇ ਦੀ ਆਰਥਿਕਤਾ ਨੂੰ ਤਬਾਹ ਕਰ ਦੇਣਗੇ।

ਉਧਰ, ਕੇਂਦਰ ਸਰਕਾਰ ਦੇ ਖੇਤੀ ਸਬੰਧੀ ਜਾਰੀ ਤਿੰਨ ਆਰਡੀਨੈਂਸਾਂ ਖਿਲਾਫ ਪੰਜਾਬ ਦੇ ਕਿਸਾਨਾਂ ਵੱਲੋਂ ਕੀਤੇ ਜਾ ਰਹੇ ਅੰਦੋਲਨ ਨਾਲ ਹੀ ਹਰਿਆਣਾ ਦੇ ਕਿਸਾਨ ਵੀ ਮੈਦਾਨ ਵਿਚ ਆ ਗਏ ਹਨ। ਹਰਿਆਣਾ ਦੇ ਕਿਸਾਨਾਂ ਨੂੰ ਸੜਕ 'ਤੇ ਜਾਣ ਅਤੇ ਪੁਲਿਸ ਵੱਲੋਂ ਕੀਤੇ ਲਾਠੀਚਾਰਜ ਤੋਂ ਪਿੱਛੋਂ ਹੀ ਰੈਲੀ ਕਰਨ ਦੀ ਇਜਾਜ਼ਤ ਦਿੱਤੀ ਗਈ। ਕਿਸਾਨਾਂ ਨੇ 14 ਸਤੰਬਰ ਤੋਂ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿਚ ਧਰਨੇ ਸ਼ੁਰੂ ਕਰਨ ਦਾ ਐਲਾਨ ਕੀਤਾ ਹੋਇਆ ਹੈ। ਹਰਿਆਣਾ ਦੀ ਸਿਆਸਤ ਵਿਚ ਕਿਸਾਨਾਂ (ਜਾਟਾਂ) ਦਾ ਦਬਦਬਾ ਰਿਹਾ ਹੈ। ਭਾਜਪਾ ਨੇ ਕਿਸਾਨ ਅੰਦੋਲਨ ਨੂੰ ਕਾਂਗਰਸ ਵੱਲੋਂ ਉਕਸਾਇਆ ਗਿਆ ਅੰਦੋਲਨ ਕਹਿ ਕੇ ਨਜ਼ਰਅੰਦਾਜ਼ ਕਰਨ ਦੀ ਕੋਸ਼ਿਸ਼ ਕੀਤੀ ਹੈ ਪਰ ਆਰਡੀਨੈਂਸਾਂ ਬਾਰੇ ਕਿਸਾਨ ਆਗੂਆਂ ਨੂੰ ਸਹਿਮਤ ਕਰਵਾਉਣ ਲਈ ਕੋਈ ਪਹਿਲਕਦਮੀ ਫਿਲਹਾਲ ਨਾ ਤਾਂ ਕੇਂਦਰ ਅਤੇ ਨਾ ਹੀ ਹਰਿਆਣਾ ਸਰਕਾਰ ਨੇ ਕੀਤੀ ਹੈ। ਕੇਂਦਰੀ ਰਾਜਧਾਨੀ ਦੇ ਨਾਲ ਲੱਗਦਾ ਹੋਣ ਕਰ ਕੇ ਹਰਿਆਣਾ ਦੇ ਅੰਦੋਲਨ ਨੂੰ ਹੋਰ ਕਈ ਰਾਜਾਂ ਦੇ ਅੰਦੋਲਨਾਂ ਨਾਲੋਂ ਜ਼ਿਆਦਾ ਗੰਭੀਰਤਾ ਨਾਲ ਦੇਖਿਆ ਜਾਂਦਾ ਹੈ।

ਕਿਸਾਨਾਂ ਦੀ ਮੰਗ ਹੈ ਕਿ ਜੇਕਰ ਕੇਂਦਰ ਸਰਕਾਰ ਘੱਟੋ-ਘੱਟ ਸਮਰਥਨ ਮੁੱਲ ਉੱਤੇ ਕਣਕ ਅਤੇ ਝੋਨੇ ਦੀ ਖਰੀਦ ਜਾਰੀ ਰੱਖਣ ਦਾ ਦਾਅਵਾ ਕਰ ਰਹੀ ਹੈ ਤਾਂ ਪਾਰਲੀਮੈਂਟ ਵਿਚ ਕੀਮਤ ਗਰੰਟੀ ਦਾ ਕਾਨੂੰਨ ਪਾਸ ਕਰ ਦੇਵੇ ਤਾਂ ਉਹ ਅੰਦੋਲਨ ਵਾਪਸ ਲੈ ਲੈਣਗੇ। ਪਿਛਲੇ ਸਾਲ ਵੀ ਦੋ ਸੌ ਤੋਂ ਵੱਧ ਜਥੇਬੰਦੀਆਂ ਨੇ ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਅਤੇ ਇਸ ਉੱਤੇ ਖਰੀਦ ਯਕੀਨੀ ਬਣਾਉਣ ਵਾਲੇ ਬਿਲ ਦਾ ਮਸੌਦਾ ਸੰਸਦ ਮੈਂਬਰਾਂ ਨੂੰ ਵੰਡ ਕੇ ਇਸ ਨੂੰ ਪਾਸ ਕਰਵਾਉਣ ਦੀ ਮੰਗ ਕੀਤੀ ਸੀ। ਜੂਨ 2020 ਵਿਚ ਕਰੋਨਾ ਦੌਰਾਨ ਜਾਰੀ ਤਿੰਨੋਂ ਆਰਡੀਨੈਂਸਾਂ ਨੂੰ ਜਾਰੀ ਕਰਨ ਦੇ ਸਮੇਂ ਉਤੇ ਵੀ ਸਵਾਲ ਉਠਾਏ ਜਾ ਰਹੇ ਹਨ। ਇਨ੍ਹਾਂ ਨੂੰ ਜਾਰੀ ਕਰਨ ਦੀ ਐਮਰਜੈਂਸੀ ਬਾਰੇ ਕੋਈ ਦਲੀਲ ਅਜੇ ਤੱਕ ਸਾਹਮਣੇ ਨਹੀਂ ਆਈ ਹੈ। ਤਿੰਨੋਂ ਆਰਡੀਨੈਂਸ ਕੇਂਦਰ ਸਰਕਾਰ ਦੇ ਫੈਡਰਲਿਜ਼ਮ ਨੂੰ ਕਮਜ਼ੋਰ ਕਰਨ ਅਤੇ ਕਣਕ-ਝੋਨੇ ਦੀ ਘੱਟੋ-ਘੱਟ ਸਮਰਥਨ ਮੁੱਲ ਉੱਤੇ ਖਰੀਦ ਤੋਂ ਪਿੱਛੇ ਹਟਣ ਦੀ ਸੰਭਾਵਨਾ ਵਾਲੇ ਹਨ। ਕਿਸਾਨਾਂ ਤੋਂ ਇਲਾਵਾ ਆੜ੍ਹਤੀ ਅਤੇ ਸ਼ੈਲਰ ਮਾਲਕਾਂ ਨੂੰ ਵੀ ਇਹ ਮਹਿਸੂਸ ਹੋ ਰਿਹਾ ਹੈ ਕਿ ਉਨ੍ਹਾਂ ਦਾ ਧੰਦਾ ਵੀ ਚੌਪਟ ਹੋਣ ਜਾ ਰਿਹਾ ਹੈ।

## ਆਰਡੀਨੈਂਸਾਂ ਦੀ ਕਦੇ ਹਮਾਇਤ ਨਹੀਂ ਕੀਤੀ: ਕੈਪਟਨ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਸਰਕਾਰ ਦੇ ਇਸ ਦਾਅਵੇ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਹੈ ਕਿ ਸੰਸਦ ਵਿਚ ਖੇਤੀ ਆਰਡੀਨੈਂਸ ਪੇਸ਼ ਕਰਨ ਤੋਂ ਪਹਿਲਾਂ ਪੰਜਾਬ ਸਰਕਾਰ ਨਾਲ ਇਸ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ ਸੀ। ਚੇਤੇ ਰਹੇ ਕਿ ਖਪਤਕਾਰ ਮਾਮਲਿਆਂ, ਖੁਰਾਕ ਤੇ ਜਨਤਕ ਵੰਡ ਬਾਰੇ ਰਾਜ ਮੰਤਰੀ ਰਾਓਸਾਹਿਬ ਪਾਟਿਲ ਦਾਨਵੇ ਨੇ ਮੌਨਸੂਨ ਇਜਲਾਸ ਦੇ ਪਹਿਲੇ ਦਿਨ ਦਿੱਤੇ ਇਕ ਬਿਆਨ ਵਿਚ ਉਪਰੋਕਤ ਦਾਅਵਾ ਕੀਤਾ ਸੀ। ਕੇਂਦਰੀ ਮੰਤਰੀ ਨੇ ਸੰਸਦ 'ਚ ਕਿਹਾ ਕਿ ਖੇਤੀਬਾੜੀ ਨਾਲ ਸਬੰਧਤ ਇੱਕ ਉੱਚ ਤਾਕਤੀ ਕਮੇਟੀ ਨੇ ਸਾਰੇ ਮੈਂਬਰ ਸੂਬਿਆਂ ਨਾਲ ਪੂਰੀ ਗੱਲਬਾਤ ਤੋਂ ਬਾਅਦ ਹੀ ਇਹ ਆਰਡੀਨੈਂਸ ਲਿਆਉਣ ਬਾਰੇ ਫੈਸਲਾ ਲਿਆ ਸੀ।

## ਸੁਖਬੀਰ ਤੇ ਹਰਸਿਮਰਤ ਦੀ ਗੈਰਹਾਜ਼ਰੀ ਧੋਖਾ ਕਰਾਰ

**ਚੰਡੀਗੜ੍ਹ:** ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਪ੍ਰਧਾਨ ਬਲਵੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਲੋਕ ਸਭਾ ਵਿਚ ਕੇਂਦਰੀ ਖੇਤੀਂ ਮੰਤਰੀ ਵੱਲੋਂ ਬਿੱਲ ਪੇਸ਼ ਕਰਨ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਦੋਵੇਂ ਸੰਸਦ ਮੈਂਬਰ ਸੁਖਬੀਰ ਸਿੰਘ ਬਾਦਲ ਅਤੇ ਹਰਸਿਮਰਤ ਕੌਰ ਬਾਦਲ ਗੈਰਹਾਜ਼ਰ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਵੱਲੋਂ ਕਿਸਾਨਾਂ ਦੇ ਖਦਸ਼ੇ ਦੂਰ ਕਰਨ ਤੱਕ ਬਿੱਲ ਪਾਰਲੀਮੈਂਟ ਵਿਚ ਨਾ ਲਿਆਉਣ ਦਾ ਬਿਆਨ ਕਿਸਾਨਾਂ ਨੂੰ ਗੁਮਰਾਹ ਕਰਨ ਵਾਲਾ ਹੈ। ਜੇ ਅਕਾਲੀ ਆਗੂ ਗੰਭੀਰ ਹੁੰਦੇ ਤਾਂ ਲੋਕ ਸਭਾ 'ਚ ਬਿੱਲ ਪੇਸ਼ ਕਰਨ ਵੇਲੇ ਇਨ੍ਹਾਂ ਦਾ ਵਿਰੋਧ ਕਰਦੇ।

# ਖੇਤੀ ਆਰਡੀਨੈਂਸ: ਕੇਂਦਰ ਦੀ ਨਾਰਾਜ਼ਗੀ ਤੋਂ ਬਚਣ ਦੀਆਂ ਜੁਗਤਾਂ ਲਾਉਣ ਲੱਗਾ ਅਕਾਲੀ ਦਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਕੋਰ ਕਮੇਟੀ ਦੀ ਮੀਟਿੰਗ ਵਿਚ ਖੇਤੀ ਆਰਡੀਨੈਂਸਾਂ ਦੇ ਮੁੱਦੇ ਉਤੇ ਕੇਂਦਰ ਸਰਕਾਰ ਖਿਲਾਫ ਸਖਤ ਸਟੈਂਡ ਨਹੀਂ ਲੈ ਸਕਿਆ। ਪਾਰਲੀਮੈਂਟ ਦੇ ਇਜਲਾਸ ਤੋਂ ਪਹਿਲਾਂ ਹੋਈ ਕੋਰ ਕਮੇਟੀ ਦੀ ਮੀਟਿੰਗ ਦੌਰਾਨ ਖੇਤੀ ਆਰਡੀਨੈਂਸਾਂ ਖਿਲਾਫ ਅਕਾਲੀ ਦਲ ਕੋਈ ਮਤਾ ਪਾਸ ਨਹੀਂ ਕਰ ਸਕਿਆ।



ਪਾਰਲੀਮੈਂਟ ਦੇ ਇਜਲਾਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਸੰਸਦ ਮੈਂਬਰਾਂ ਵੱਲੋਂ ਲਏ ਜਾਣ ਵਾਲੇ ਸਟੈਂਡ ਬਾਰੇ ਵੀ ਕੋਈ ਸਪੱਸ਼ਟ ਫੈਸਲਾ ਨਹੀਂ ਹੋ ਸਕਿਆ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੇਂਦਰ ਸਰਕਾਰ ਨੂੰ ਜ਼ਰੂਰ ਅਪੀਲ ਕੀਤੀ ਹੈ ਕਿ ਕੇਂਦਰ ਸਰਕਾਰ ਤਿੰਨੋ ਖੇਤੀ ਆਰਡੀਨੈਂਸ ਸੰਸਦ ਵਿਚ ਪੇਸ਼ ਕਰਨ ਤੋਂ ਪਹਿਲਾਂ ਕਿਸਾਨਾਂ-ਮਜ਼ਦੂਰਾਂ ਦੇ ਖਦਸ਼ੇ ਦੂਰ ਕਰੇ। ਸੁਖਬੀਰ ਬਾਦਲ ਦੀ ਪ੍ਰਧਾਨਗੀ ਹੇਠ ਹੋਈ ਕੋਰ ਕਮੇਟੀ ਦੀ ਮੀਟਿੰਗ ਵਿਚ ਕਿਸਾਨੀ ਦੀ ਹਮਾਇਤ 'ਚ ਕੋਈ ਸਖਤ ਪੈਂਤੜਾ ਨਹੀਂ ਲਿਆ ਜਾ ਸਕਿਆ। ਉਂਜ ਮੀਟਿੰਗ ਦੌਰਾਨ ਕਿਸਾਨੀ ਦੀ ਹਮਾਇਤ ਵਿਚ ਹਾਅ ਦਾ ਨਾਅਰਾ ਤਾਂ ਮਾਰਿਆ ਗਿਆ ਪਰ ਕੇਂਦਰ ਦੀ ਨਾਰਾਜ਼ਗੀ ਤੋਂ ਬਚਣ ਦੀ ਵੀ ਕੋਸ਼ਿਸ਼ ਕੀਤੀ ਗਈ।

ਪ੍ਰਧਾਨ ਸੁਖਬੀਰ ਬਾਦਲ ਨੇ ਮੁੜ ਆਖਿਆ ਕਿ ਉਹ ਪੰਜਾਬ ਦੇ ਕਿਸਾਨਾਂ ਅਤੇ ਮਜ਼ਦੂਰਾਂ ਦੇ ਸੁਰੱਖਿਅਤ ਭਵਿੱਖ ਲਈ ਕੋਈ ਵੀ ਕੁਰਬਾਨੀ ਦੇਣ ਲਈ ਤਿਆਰ ਹਨ। ਕੋਰ ਕਮੇਟੀ ਨੇ ਇਕ ਮਤਾ ਵੀ ਪਾਸ ਕੀਤਾ ਕਿ ਅਕਾਲੀ ਦਲ ਕਿਸੇ ਵੀ ਸੂਰਤ ਵਿਚ ਕਿਸਾਨਾਂ ਦੇ ਹਿੱਤਾਂ ਨਾਲ ਸਮਝੌਤਾ ਨਹੀਂ ਕਰੇਗਾ। ਉਨ੍ਹਾਂ ਕਿਸਾਨਾਂ ਨੂੰ ਪਾਰਟੀ ਦੀ ਜਿੰਦ-ਜਾਨ ਦੱਸਿਆ ਅਤੇ ਕਿਹਾ ਕਿ ਪਾਰਟੀ ਕਿਸਾਨਾਂ ਤੇ ਮਜ਼ਦੂਰਾਂ ਦੇ ਹਿੱਤਾਂ ਲਈ ਲੜਾਈ ਜਾਰੀ ਰੱਖੇਗੀ।

ਕੋਰ ਕਮੇਟੀ ਨੇ ਕਿਸਾਨਾਂ ਦੇ ਸਾਰੇ ਮਸਲੇ ਕੇਂਦਰ ਸਰਕਾਰ ਕੋਲ ਉਠਾਉਣ ਦਾ ਦ੍ਰਿੜ੍ਹ ਸੰਕਲਪ ਲਿਆ ਹੈ। ਅਕਾਲੀ ਦਲ ਨੇ ਪਿਛਲੇ ਦਿਨਾਂ ਵਿਚ ਕਿਸਾਨਾਂ ਤੇ ਮਜ਼ਦੂਰ ਧਿਰਾਂ ਦੇ ਆਗੂਆਂ ਨਾਲ ਮੀਟਿੰਗਾਂ ਕੀਤੀਆਂ ਹਨ। ਇਸ ਮਗਰੋਂ ਰਾਇ ਬਣੀ ਕਿ ਕੇਂਦਰ ਸਰਕਾਰ ਨੂੰ ਖੇਤੀ ਆਰਡੀਨੈਂਸ ਸੰਸਦ ਵਿਚ ਪੇਸ਼ ਕਰਨ ਲਈ ਕਾਹਲ ਨਹੀਂ ਕਰਨੀ ਚਾਹੀਦੀ ਹੈ। ਸੁਖਬੀਰ ਬਾਦਲ ਨੇ ਮੀਟਿੰਗ ਵਿਚ ਦੱਸਿਆ ਕਿ ਗੁਆਂਢੀ ਰਾਜਾਂ ਦੇ ਕਿਸਾਨ ਸੰਗਠਨਾਂ ਨੇ ਵੀ ਉਨ੍ਹਾਂ ਤੱਕ ਪਹੁੰਚ ਕਰਕੇ ਆਰਡੀਨੈਂਸਾਂ ਪ੍ਰਤੀ ਖਦਸ਼ੇ ਜ਼ਾਹਰ ਕੀਤੇ ਹਨ। ਕੋਰ ਕਮੇਟੀ ਨੇ ਮਸ਼ਵਰਾ ਦਿੱਤਾ ਕਿ ਸ਼੍ਰੋਮਣੀ ਅਕਾਲੀ ਦਲ ਦਾ ਵਫਦ ਪ੍ਰਧਾਨ ਦੀ ਅਗਵਾਈ ਹੇਠ ਕੇਂਦਰ ਸਰਕਾਰ ਨਾਲ ਗੱਲਬਾਤ ਕਰੇ ਤਾਂ ਜੋ ਕਿਸਾਨਾਂ ਦੇ ਫਿਕਰ ਦੂਰ ਕੀਤੇ ਜਾ ਸਕਣ। ਕੇਂਦਰ ਸਰਕਾਰ ਤੋਂ ਇਲਾਵਾ ਵਫਦ ਹਮਖਿਆਲ ਪਾਰਟੀਆਂ ਨਾਲ ਵੀ ਗੱਲਬਾਤ ਕਰੇਗਾ।


## ਬਾਦਲ ਅਸਤੀਫਾ ਦੇਣ: ਬੀਰ ਦਵਿੰਦਰ

**ਪਟਿਆਲਾ:** ਸਾਬਕਾ ਡਿਪਟੀ ਸਪੀਕਰ ਬੀਰ ਦਵਿੰਦਰ ਸਿੰਘ ਨੇ ਕਿਹਾ ਹੈ ਕਿ ਆਜ਼ਾਦ ਭਾਰਤ ਦੇ ਇਤਿਹਾਸ ਵਿਚ ਇਹ ਪਹਿਲਾ ਮੌਕਾ ਹੈ ਜਦੋਂ ਦੇਸ਼ ਦੀ ਸੰਸਦ ਦੇਸ਼ ਦੇ ਕਿਸਾਨਾਂ ਦੇ ਬੁਨਿਆਦੀ ਹਿੱਤਾਂ ਦੀ ਅਣਦੇਖੀ ਕਰ ਕੇ ਖੇਤੀ ਆਰਡੀਨੈਂਸ ਜਿਹੇ ਕਾਲੇ ਕਾਨੂੰਨ ਪਾਸ ਕਰਨ ਜਾ ਰਹੀ ਹੈ। ਉਨ੍ਹਾਂ ਨੇ 14 ਸਤੰਬਰ ਨੂੰ ਕਿਸਾਨੀ ਲਈ ਮਨਹੂਸ ਦਿਨ ਮੰਨਦਿਆਂ ਕਿਸਾਨਾਂ ਤੇ ਆੜ੍ਹਤੀਆਂ ਨੂੰ ਆਪਣੇ ਘਰਾਂ ਅਤੇ ਮੋਟਰਾਂ 'ਤੇ ਕਾਲੇ ਝੰਡੇ ਲਹਿਰਾਉਣ ਅਤੇ ਕਾਲੀਆਂ ਦਸਤਾਰਾਂ ਤੇ ਦੁਪੱਟੇ ਪਹਿਨਦਿਆਂ ਸਮੂਹਿਕ ਰੋਸ ਦਾ ਪ੍ਰਗਟਾਵਾ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਸੰਸਦ ਮੈਂਬਰ ਸੁਖਬੀਰ ਸਿੰਘ ਬਾਦਲ ਅਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੂੰ ਅਪੀਲ ਕੀਤੀ ਕਿ ਜੇ ਉਹ ਕਿਸਾਨ ਹਿੱਤਾਂ ਦੀ ਪੈਰਵੀ ਨਹੀਂ ਕਰ ਸਕਦੇ ਤਾਂ ਫੌਰੀ ਤੌਰ 'ਤੇ ਅਸਤੀਫਾ ਦੇ ਦੇਣ। ਜੇ ਉਹ ਅਜਿਹਾ ਨਹੀਂ ਕਰਨਗੇ ਤਾਂ ਇਹ ਉਨ੍ਹਾਂ ਦਾ ਸੂਬੇ ਦੀ ਕਿਸਾਨੀ ਨਾਲ ਵੱਡਾ ਵਿਸ਼ਵਾਸਘਾਤ ਹੋਵੇਗਾ।

## ਪਿੰਡਾਂ 'ਚ ਸੱਤ ਹੋਰ ਪੇਂਡੂ ਅਦਾਲਤਾਂ ਸਥਾਪਤ ਕਰਨ ਦੇ ਹੁਕਮ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਨਿਰਦੇਸ਼ਾਂ ਅਨੁਸਾਰ ਪਿੰਡਾਂ ਵਿਚ ਆਸਾਨੀ ਅਤੇ ਤੇਜ਼ੀ ਨਾਲ ਨਿਆਂ ਯਕੀਨੀ ਬਣਾਉਣ ਲਈ ਸੂਬੇ ਵਿਚ 7 ਹੋਰ ਪੇਂਡੂ ਅਦਾਲਤਾਂ ਸਥਾਪਿਤ ਕਰਨ ਦੇ ਹੁਕਮ ਦਿੱਤੇ ਹਨ।

ਇਹ ਨਵੀਆਂ ਅਦਾਲਤਾਂ ਪਟਿਆਲਾ ਜ਼ਿਲ੍ਹੇ ਵਿਚ ਪਾਤੜਾਂ, ਬਰਨਾਲਾ ਵਿਚ ਤਪਾ, ਫਤਹਿਗੜ੍ਹ ਸਾਹਿਬ ਵਿਚ ਬਸੀ ਪਠਾਣਾਂ, ਗੁਰਦਾਸਪੁਰ ਵਿਚ ਡੇਰਾ ਬਾਬਾ ਨਾਨਕ ਅਤੇ ਧਾਰ ਕਲਾਂ, ਲੁਧਿਆਣਾ ਵਿਚ ਰਾਏਕੋਟ ਤੇ ਰੂਪਨਗਰ 'ਚ ਚਮਕੌਰ ਸਾਹਿਬ ਵਿਖੇ ਸਥਾਪਤ ਕੀਤੀਆਂ ਜਾਣਗੀਆਂ। ਕੈਪਟਨ ਅਮਰਿੰਦਰ ਸਿੰਘ ਵੱਲੋਂ ਦਿੱਤੀ ਹਰੀ ਝੰਡੀ ਅਨੁਸਾਰ ਇਹ ਪੇਂਡੂ ਅਦਾਲਤਾਂ ਸਬ-ਡਿਵੀਜ਼ਨਾਂ ਦੀਆਂ ਗ੍ਰਾਮ ਪੰਚਾਇਤਾਂ ਨੂੰ ਹੀ ਕਵਰ ਕਰਨਗੀਆਂ।


For Homeland

A novel by Lalita Gandbhir

*The epic saga of a Sikh family whose lives are violently disrupted and their loyalties divided by the partition of British India in the 1940s, and again by the Sikh community's struggle for a separate nation of Khalistan.*



Winner of the Maharashtra Government Award for fiction

Available at Amazon.com

($9.99)

*For more information visit:*

ForHomelandTheNovel.com

# ਭਾਰਤ ਤੇ ਚੀਨ ਸਰਹੱਦ ਉਤੇ ਅਮਨ ਬਹਾਲੀ ਲਈ ਸਹਿਮਤ

**ਨਵੀਂ ਦਿੱਲੀ:** ਪੂਰਬੀ ਲੱਦਾਖ 'ਚ ਅਸਲ ਕੰਟਰੋਲ ਰੇਖਾ ਉਤੇ ਪਿਛਲੇ ਚਾਰ ਮਹੀਨਿਆਂ ਤੋਂ ਚੱਲ ਰਹੇ ਟਕਰਾਅ ਨੂੰ ਸੁਲਝਾਉਣ ਲਈ ਭਾਰਤ ਅਤੇ ਚੀਨ ਪੰਜ ਨੁਕਾਤੀ ਖਾਕੇ ਉਤੇ ਸਹਿਮਤ ਹੋ ਗਏ ਹਨ। ਇਨ੍ਹਾਂ 'ਚ ਪੂਰਬੀ ਲੱਦਾਖ ਦੇ ਸਰਹੱਦੀ ਇਲਾਕਿਆਂ 'ਚੋਂ ਫੌਜਾਂ ਨੂੰ ਫੌਰੀ ਪਿੱਛੇ ਹਟਾਉਣਾ, ਅਜਿਹੀ ਕਿਸੇ ਕਾਰਵਾਈ ਤੋਂ ਗੁਰੇਜ਼ ਕਰਨਾ ਜਿਸ ਨਾਲ ਤਣਾਅ ਵਧੇ ਅਤੇ ਅਸਲ ਕੰਟਰੋਲ ਰੇਖਾ ਉਤੇ 'ਅਮਨੋ ਅਮਾਨ' ਦੀ ਬਹਾਲੀ ਜਿਹੇ ਕਦਮ ਸ਼ਾਮਲ ਹਨ।

ਦੋਵੇਂ ਮੁਲਕਾਂ ਨੇ ਮੰਨਿਆ ਕਿ ਸਰਹੱਦ ਉਤੇ ਮੌਜੂਦਾ ਹਾਲਾਤ ਕਿਸੇ ਵੀ ਧਿਰ ਦੇ ਹਿੱਤ 'ਚ ਨਹੀਂ ਹਨ। ਸਰਕਾਰੀ ਸੂਤਰਾਂ ਨੇ ਦੱਸਿਆ ਕਿ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਅਤੇ ਉਨ੍ਹਾਂ ਦੇ ਚੀਨੀ ਹਮਰੁਤਬਾ ਵਾਂਗ ਯੀ ਵਿਚਕਾਰ ਮਾਸਕੋ 'ਚ 'ਖੁੱਲ੍ਹੀ ਅਤੇ ਉਸਾਰੂ' ਵਾਰਤਾ ਦੌਰਾਨ ਇਹ ਸਹਿਮਤੀ ਬਣੀ। ਉਨ੍ਹਾਂ ਦੱਸਿਆ ਕਿ ਭਾਰਤ ਨੇ ਪੂਰਬੀ ਲੱਦਾਖ 'ਚ ਅਸਲ ਕੰਟਰੋਲ ਰੇਖਾ ਨੇੜੇ ਚੀਨ ਵੱਲੋਂ ਵੱਡੀ ਗਿਣਤੀ 'ਚ ਫੌਜ ਅਤੇ ਸਾਜ਼ੋ-ਸਾਮਾਨ ਦੀ ਤਾਇਨਾਤੀ ਦਾ ਮਾਮਲਾ ਉਠਾਇਆ। ਸੂਤਰਾਂ ਨੇ ਦੱਸਿਆ ਕਿ ਚੀਨੀ ਧਿਰ ਇਸ ਸਬੰਧੀ ਭਰੋਸੇ ਲਾਇਕ ਜਵਾਬ ਨਹੀਂ ਦੇ ਸਕੀ। ਸ੍ਰੀ ਜੈਸ਼ੰਕਰ ਅਤੇ ਵਾਂਗ ਯੀ ਨੇ ਸ਼ੰਘਾਈ ਸਹਿਯੋਗ ਸੰਗਠਨ ਦੀ ਬੈਠਕ ਤੋਂ ਵੱਖਰੇ ਤੌਰ ਉਤੇ ਮੁਲਾਕਾਤ ਕੀਤੀ ਜੋ ਕਰੀਬ ਢਾਈ ਘੰਟੇ ਤੱਕ ਚੱਲੀ।

ਸਰਕਾਰੀ ਸੂਤਰਾਂ ਨੇ ਦੱਸਿਆ ਕਿ ਪੰਜ-ਸੂਤਰੀ ਸਮਝੌਤਾ ਮੌਜੂਦਾ ਹਾਲਾਤ ਨੂੰ ਲੈ ਕੇ ਦੋਵੇਂ ਮੁਲਕਾਂ ਦੇ ਨਜ਼ਰੀਏ ਦਾ ਮਾਰਗ ਦਰਸ਼ਨ ਕਰੇਗਾ। ਦੋਵੇਂ ਮੁਲਕਾਂ ਵਿਚਕਾਰ ਇਸ ਗੱਲ ਉਤੇ ਵੀ ਸਹਿਮਤੀ ਬਣੀ ਕਿ ਫੌਜ ਇਕ-ਦੂਜੇ ਤੋਂ ਢੁਕਵੀਂ ਦੂਰੀ ਬਣਾ ਕੇ ਰੱਖੇਗੀ ਅਤੇ ਅਸਲ ਕੰਟਰੋਲ ਰੇਖਾ ਦੇ ਪ੍ਰਬੰਧਨ ਸਬੰਧੀ ਸਾਰੇ ਮੌਜੂਦਾ ਸਮਝੌਤਿਆਂ ਤੇ ਪ੍ਰੋਟੋਕੋਲ ਦਾ ਪਾਲਣ ਹੋਣਾ ਚਾਹੀਦਾ ਹੈ। ਸਾਂਝੇ ਬਿਆਨ ਮੁਤਾਬਕ ਜੈਸ਼ੰਕਰ ਅਤੇ ਵਾਂਗ ਨੇ ਸਹਿਮਤੀ ਜਤਾਈ ਕਿ ਦੋਵੇਂ ਧਿਰਾਂ ਨੂੰ ਭਾਰਤ-ਚੀਨ ਸਬੰਧਾਂ ਨੂੰ ਵਿਕਸਤ ਕਰਨ ਲਈ ਆਪਣੇ ਆਗੂਆਂ ਵਿਚਕਾਰ ਬਣੀ ਆਮ ਸਹਿਮਤੀ ਤੋਂ ਮਾਰਗ ਦਰਸ਼ਨ ਲੈਣਾ ਚਾਹੀਦਾ ਹੈ ਜਿਸ 'ਚ ਮੱਤਭੇਦਾਂ ਨੂੰ ਵਿਵਾਦ ਨਹੀਂ ਬਣਨ ਦੇਣਾ ਸ਼ਾਮਲ ਹੈ। ਇਸ ਗੱਲ ਦਾ ਇਸ਼ਾਰਾ 2018 ਅਤੇ 2019 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਵਿਚਕਾਰ ਹੋਏ ਗੈਰ-ਰਸਮੀ ਸਿਖਰ ਸੰਮੇਲਨ ਵੱਲ ਸੀ। ਸਾਂਝੇ ਬਿਆਨ 'ਚ ਕਿਹਾ ਗਿਆ ਕਿ ਦੋਵੇਂ ਧਿਰਾਂ ਨੇ ਭਾਰਤ-ਚੀਨ ਸਰਹੱਦੀ ਮਾਮਲਿਆਂ ਉਤੇ ਵਿਸ਼ੇਸ਼ ਪ੍ਰਤੀਨਿਧ ਤੰਤਰ ਰਾਹੀਂ ਸੰਵਾਦ ਅਤੇ ਸੰਚਾਰ ਜਾਰੀ ਰੱਖਣ 'ਤੇ ਵੀ ਸਹਿਮਤੀ ਜਤਾਈ।

ਉਧਰ, ਪੇਈਚਿੰਗ 'ਚ ਚੀਨੀ ਵਿਦੇਸ਼ ਮੰਤਰਾਲੇ ਵੱਲੋਂ ਜਾਰੀ ਬਿਆਨ ਮੁਤਾਬਕ ਵਾਂਗ ਨੇ ਜੈਸ਼ੰਕਰ ਨੂੰ ਕਿਹਾ ਕਿ ਦੋਵੇਂ ਮੁਲਕਾਂ ਵਿਚਕਾਰ ਮੱਤਭੇਦ ਹੋਣਾ ਆਮ ਗੱਲ ਹੈ ਪਰ ਉਸ ਨੂੰ ਢੁਕਵੇਂ ਸੰਦਰਭ 'ਚ ਸਮਝਣਾ ਅਤੇ ਆਗੂਆਂ ਤੋਂ ਮਾਰਗ ਦਰਸ਼ਨ ਲੈਣਾ ਅਹਿਮ ਹੈ। ਵਾਂਗ ਨੇ ਇਸ ਗੱਲ ਉਤੇ ਜ਼ੋਰ ਦਿੱਤਾ ਕਿ ਦੋਵੇਂ ਵੱਡੇ ਵਿਕਾਸਸ਼ੀਲ ਮੁਲਕ ਤੇਜ਼ੀ ਨਾਲ ਅੱਗੇ ਵੱਧ ਰਹੇ ਹਨ ਅਤੇ ਅਜਿਹੇ 'ਚ ਭਾਰਤ ਅਤੇ ਚੀਨ ਨੂੰ ਟਕਰਾਅ ਦੀ ਬਜਾਏ ਸਹਿਯੋਗ ਅਤੇ ਅੰਦੇਸ਼ਿਆਂ ਦੀ ਬਜਾਏ ਆਪਸੀ ਭਰੋਸੇ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਭਾਰਤ ਅਤੇ ਚੀਨ ਦੇ ਸਬੰਧ ਇਕ ਵਾਰ ਫਿਰ ਲੀਹ ਤੋਂ ਲੱਥ ਗਏ ਹਨ ਪਰ ਜੇਕਰ ਦੋਵੇਂ ਧਿਰਾਂ ਸਹੀ ਦਿਸ਼ਾ ਵੱਲ ਅੱਗੇ ਵਧਣਾ ਜਾਰੀ ਰੱਖਦੇ ਹਨ ਤਾਂ ਅਜਿਹੀ ਕੋਈ ਮੁਸ਼ਕਲ ਜਾਂ ਚੁਣੌਤੀ ਨਹੀਂ ਹੋਵੇਗੀ ਜਿਸ ਦਾ ਹੱਲ ਨਾ ਕੱਢਿਆ ਜਾ ਸਕੇ। ਭਾਰਤ ਸਰਕਾਰ ਦੇ ਸੂਤਰਾਂ ਮੁਤਾਬਕ ਵਾਰਤਾ ਦੌਰਾਨ ਭਾਰਤੀ ਧਿਰ ਨੇ ਅਸਲ ਕੰਟਰੋਲ ਰੇਖਾ ਨੇੜੇ ਚੀਨੀ ਫੌਜ ਦੀ ਤਾਇਨਾਤੀ ਉਤੇ ਇਤਰਾਜ਼ ਜਤਾਉਂਦਿਆਂ ਕਿਹਾ ਕਿ ਇਹ 1993 ਅਤੇ 1996 ਦੇ ਦੁਵੱਲੇ ਸਮਝੌਤਿਆਂ ਮੁਤਾਬਕ ਨਹੀਂ ਹੈ।

## ਭਾਰਤ-ਜਾਪਾਨ ਇਕ-ਦੂਜੇ ਦੀਆਂ ਸੈਨਿਕ ਸਹੂਲਤਾਂ ਵਰਤਣਗੇ

**ਨਵੀਂ ਦਿੱਲੀ:** ਭਾਰਤ ਅਤੇ ਜਾਪਾਨ ਨੇ ਇਕ ਸਮਝੌਤੇ ਉਤੇ ਦਸਤਖਤ ਕੀਤੇ ਹਨ, ਜਿਸ ਅਨੁਸਾਰ ਸਪਲਾਈ ਅਤੇ ਸਰਵਿਸਿਜ਼ ਦੇ ਲਈ ਦੋਵੇਂ ਦੇਸ਼ਾਂ ਦੀਆਂ ਸੈਨਾਵਾਂ ਇਕ ਦੂਸਰੇ ਦੀਆਂ ਸੈਨਿਕ ਸਹੂਲਤਾਂ ਦੀ ਵਰਤੋਂ ਕਰ ਸਕਦੇ ਹਨ। ਭਾਰਤੀ ਰੱਖਿਆ ਮੰਤਰਾਲੇ ਨੇ ਕਿਹਾ ਕਿ ਹਾਲ ਹੀ 'ਚ ਕੁਝ ਸਾਲਾਂ ਵਿਚ ਦੋਵੇਂ ਦੇਸ਼ਾਂ ਵਿਚਕਾਰ ਰੱਖਿਆ ਸਮਝੌਤਿਆਂ ਨੂੰ ਲੈ ਕੇ ਨਜ਼ਦੀਕੀਆਂ ਵਧੀਆਂ ਹਨ। ਜਿਸ ਨੂੰ ਵਿਸ਼ਲੇਸ਼ਕ ਖੇਤਰ 'ਚ ਚੀਨ ਦੀ ਵਧਦੀ ਦਖ਼ਲ-ਅੰਦਾਜ਼ੀ ਨੂੰ ਖਤਮ ਕਰਨ ਨੂੰ ਲੈ ਕੇ ਇਕ ਯਤਨ ਦੱਸਿਆ ਜਾ ਰਿਹਾ ਹੈ। ਭਾ

ਰਤ ਅਤੇ ਜਾਪਾਨ ਨੇ ਦੋਵੇਂ ਦੇਸ਼ਾਂ ਵਿਚਕਾਰ ਸਪਲਾਈ ਅਤੇ ਸੇਵਾਵਾਂ ਦੇ ਆਦਾਨ-ਪ੍ਰਦਾਨ ਲਈ ਸਮਝੌਤਾ ਕਰ ਲਿਆ ਹੈ। ਅਧਿਕਾਰੀ ਨੇ ਦੱਸਿਆ ਇਸ ਸਮਝੌਤੇ 'ਚ ਨੇੜਲੇ ਸਹਿਯੋਗ ਲਈ ਰੂਪ ਰੇਖਾ ਬਣਾਉਣ ਅਤੇ ਸੂਚਨਾ ਦੇ ਆਦਾਨ-ਪ੍ਰਦਾਨ ਅਤੇ ਦੋਵੇਂ ਦੇਸ਼ਾਂ ਦੇ ਹਥਿਆਰਬੰਦ ਜਵਾਨਾਂ ਵੱਲੋਂ ਇਕ-ਦੂਸਰੇ ਦੀਆਂ ਸੈਨਿਕ ਸਹੂਲਤਾਂ ਦੀ ਵਰਤੋਂ ਦੀ ਗੱਲ ਕੀਤੀ ਗਈ ਹੈ।


## Matrimonials

### ਲੜਕੀ ਦੀ ਲੋੜ ਹੈ

ਸਰਸਵਤ ਬ੍ਰਾਹਮਣ (ਤਲਾਕਸ਼ੁਦਾ), ਉਮਰ 35 ਸਾਲ, 5'-8", ਯੂ. ਐਸ. ਏ. ਵਿਚ ਵਰਕ ਪਰਮਿਟ 'ਤੇ, ਟਰੱਕ ਡਰਾਈਵਰ ਲੜਕੇ ਲਈ ਕੈਨੇਡੀਅਨ-ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਭਾਲ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। 15 ਏਕੜ ਕਮਰਸ਼ੀਅਲ ਜ਼ਮੀਨ ਤੇ ਚਾਰ ਦੁਕਾਨਾਂ ਹਨ। ਸੰਪਰਕ ਕਰੋ, ਫੋਨ: 91-85095 80002 (ਇੰਡੀਆ) ਜਾਂ 785-213-2555 (ਅਮਰੀਕਾ)। 37-40

Saini Sikh clean shaven handsome boy, 29, 6', M.B.A. Bio Technology doing BDS in Australia, seeks suitable well educated Saini/Jatt Sikh girl. All family well settled in USA. Cont. Mohan Saini, Ph: 516-503-9541 or email: mohan1w34@gmail.com 30-33

ਸੈਣੀ ਸਿੱਖ, 30 ਸਾਲ, ਕੱਦ 5'-7", ਬੀ. ਕਾਮ., ਲੀਕਰ ਸਟੋਰ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਸੈਣੀ ਪਰਿਵਾਰਕ ਲੜਕੀ ਦੀ ਲੋੜ ਹੈ। ਸੰਪਰਕ ਕਰੋ, ਫੋਨ: 309-868-7373 29-32

### ਲੜਕੇ ਦੀ ਲੋੜ ਹੈ

Wanted suitable match for US citizen Sikh Khatri girl, 34 yrs, 5'-4", B. Pharmacy (India), Doctorate of Pharmacy (USA), MBA (USA), working full time inpatient Pharmacist in Michigan. Divorced, no children. Looking for an educated Sikh boy who resides in USA. Caste no bar. Please email/text, Ph: 1-262-506-4748, sukhmanpreet007@gmail.com 36-39

Looking for a well-settled and educated boy in America for a beautiful US born Hindu Nai girl of 31 yrs, 5'-2", Masters in English and a JD (law) degree, Divorced with 1 child. Whole family is well-settled in New York. Please contact, Ph: 347-252-6400 34-37

*To Advertise with Punjab Times*
**Call: 847-359-0746**


# ਗਲਵਾਨ 'ਚ ਮਾਰੇ ਗਏ ਸਨ ਚੀਨ ਦੇ 60 ਫੌਜੀ

**ਵਾਸ਼ਿੰਗਟਨ:** ਅਮਰੀਕਾ ਦੀ ਇਕ ਮੋਹਰੀ ਮੈਗਜ਼ੀਨ ਨੇ ਦਾਅਵਾ ਕੀਤਾ ਹੈ ਕਿ ਚੀਨ ਵੱਲੋਂ ਭਾਰਤ ਖਿਲਾਫ ਹਮਲਾਵਰ ਨੀਤੀ ਉਥੋਂ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਦੇ ਇਸ਼ਾਰੇ 'ਤੇ ਅਪਣਾਈ ਗਈ ਜੋ ਕਿ ਭਾਰਤ ਵੱਲੋਂ ਮੂੰਹ ਤੋੜ ਜਵਾਬ ਦੇਣ ਕਾਰਨ ਫੇਲ੍ਹ ਸਾਬਤ ਹੋਈ ਹੈ।

ਮੈਗਜ਼ੀਨ ਅਨੁਸਾਰ ਸ਼ੀ ਜਿਨਪਿੰਗ ਨੇ ਆਪਣਾ ਭਵਿੱਖ ਵੀ ਦਾਅ 'ਤੇ ਲਗਾ ਲਿਆ ਹੈ। ਇਸ ਦੇ ਨਾਲ ਹੀ ਮੈਗਜ਼ੀਨ ਨਿਊਜ਼ਵੀਕ ਨੇ ਦਾਅਵਾ ਕੀਤਾ ਹੈ ਕਿ ਲੱਦਾਖ ਦੀ ਗਲਵਾਨ ਘਾਟੀ 'ਚ ਬੀਤੀ 15 ਜੂਨ ਨੂੰ ਭਾਰਤ ਤੇ ਚੀਨੀ ਫੌਜੀਆਂ ਵਿਚਾਲੇ ਹੋਈ ਝੜਪ 'ਚ ਚੀਨ ਦੇ 60 ਤੋਂ ਵੱਧ ਫੌਜੀ ਮਾਰੇ ਗਏ ਸਨ। ਰਿਪੋਰਟ ਅਨੁਸਾਰ ਚੀਨ ਦੇ ਰਾਸ਼ਟਰਪਤੀ ਸਰਹੱਦ ਉਤੇ ਮਿਲੀ ਅਸਫਲਤਾ ਕਾਰਨ ਗੁੱਸੇ 'ਚ ਹਨ ਤੇ ਭਾਰਤ ਖਿਲਾਫ ਵੱਡੇ ਕਦਮ ਚੁੱਕ ਸਕਦੇ ਹਨ ਜਦੋਂ ਕਿ ਭਾਰਤ ਚੀਨ ਨੂੰ ਕੋਈ ਮੌਕਾ ਨਹੀਂ ਦੇ ਰਿਹਾ। ਇਸ ਦੇ ਲੇਖ 'ਚ ਕਿਹਾ ਗਿਆ ਹੈ ਕਿ ਚੀਨੀ ਫੌਜ ਦੀ ਸਰਹੱਦ 'ਤੇ ਅਸਫਲਤਾ ਦੇ ਨਤੀਜੇ ਨਿਕਲਣਗੇ।

ਚੀਨੀ ਫੌਜ ਨੇ ਸ਼ੁਰੂਆਤ 'ਚ ਸ਼ੀ ਨੂੰ ਇਸ ਅਸਫਲਤਾ ਤੋਂ ਬਾਅਦ ਫੌਜ ਵਿਚ ਵਿਰੋਧੀਆਂ ਨੂੰ ਬਾਹਰ ਕਰਨ ਅਤੇ ਵਫਾਦਾਰਾਂ ਨੂੰ ਭਰਤੀ ਕਰਨ ਦੀ ਗੱਲ ਕਹੀ ਜਿਸ ਕਾਰਨ ਵੱਡੇ ਅਧਿਕਾਰੀਆਂ 'ਤੇ ਗਾਜ ਡਿੱਗੇਗੀ। ਇਸ 'ਚ ਚਿਤਾਵਨੀ ਦਿੱਤੀ ਗਈ ਹੈ ਕਿ ਸਭ ਤੋਂ ਵੱਡੀ ਗੱਲ ਇਹ ਹੈ ਕਿ ਅਸਫਲਤਾ ਦੇ ਚਲਦੇ ਚੀਨ ਦੇ ਹਮਲਾਵਰ ਸ਼ਾਸਕ ਸ਼ੀ ਜੋ ਪਾਰਟੀ ਦੇ ਸੈਂਟਰਲ ਮਿਲਟਰੀ ਕਮਿਸ਼ਨ ਦੇ ਪ੍ਰਧਾਨ ਵੀ ਹਨ ਤੇ ਇਸ ਨਾਤੇ ਚੀਨੀ ਫੌਜ ਦੇ ਲੀਡਰ ਵੀ ਹਨ, ਭਾਰਤ ਦੇ ਜਵਾਨਾਂ ਖਿਲਾਫ ਇਕ ਹੋਰ ਹਮਲਾਵਰ ਕਦਮ ਉਠਾ ਸਕਦੇ ਹਨ।

# ਪਾਵਰਕੌਮ ਨੇ 3216 ਅਸਾਮੀਆਂ ਦਾ ਭੋਗ ਪਾਇਆ

**ਪਟਿਆਲਾ:** ਪਾਵਰਕੌਮ ਨੇ ਪਹਿਲਾਂ ਤੋਂ ਬੰਦ ਕੀਤੇ ਹੋਏ ਗੁਰੂ ਨਾਨਕ ਦੇਵ ਥਰਮਲ ਪਲਾਂਟ ਬਠਿੰਡਾ ਦੇ ਨਾਲ-ਨਾਲ ਮੌਜੂਦਾ ਸਮੇਂ ਕਾਰਜਸ਼ੀਲ ਗੁਰੂ ਗੋਬਿੰਦ ਸਿੰਘ ਸੁਪਰ ਥਰਮਲ ਪਲਾਂਟ ਰੋਪੜ ਦੀਆਂ 3216 ਪ੍ਰਵਾਨਿਤ ਅਸਾਮੀਆਂ ਦਾ ਭੋਗ ਪਾ ਦਿੱਤਾ ਹੈ। ਅਜਿਹੇ ਫੈਸਲੇ ਤੋਂ ਇਹ ਖਦਸ਼ਾ ਵੀ ਪ੍ਰਬਲ ਹੋਣ ਲੱਗਿਆ ਹੈ ਕਿ ਸੂਬਾ ਸਰਕਾਰ ਬਠਿੰਡਾ ਮਗਰੋਂ ਹੁਣ ਰੋਪੜ ਥਰਮਲ ਪਲਾਂਟ ਨੂੰ ਵੀ ਬੰਦ ਕਰਨ ਦੇ ਰਾਹ ਪੈ ਗਈ ਹੈ।

ਦੱਸਣਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਪਿਛਲੇ ਸਮੇਂ ਪਾਵਰਕੌਮ ਨੂੰ ਕਾਫੀ ਅਸਾਮੀਆਂ ਖਤਮ ਕਰਨ ਦੀ ਹਰੀ ਝੰਡੀ ਦਿੱਤੀ ਗਈ ਸੀ। ਸਮਝਿਆ ਜਾ ਰਿਹਾ ਹੈ ਕਿ ਪਾਵਰਕੌਮ ਵੱਲੋਂ ਉਸ ਫੈਸਲੇ ਦੀ ਲੋਅ 'ਚ ਦੋਵੇਂ ਸਰਕਾਰੀ ਥਰਮਲ ਪਲਾਂਟਾਂ ਦੀਆਂ ਪ੍ਰਵਾਨਿਤ ਅਸਾਮੀਆਂ ਉਤੇ ਕੁਹਾੜਾ ਫੇਰ ਦਿੱਤਾ ਗਿਆ ਹੈ। ਵੇਰਵਿਆਂ ਮੁਤਾਬਕ ਬਠਿੰਡਾ ਥਰਮਲ ਦੀਆਂ 2167 ਜਦਕਿ ਰੋਪੜ ਥਰਮਲ ਦੀਆਂ 1049 ਅਸਾਮੀਆਂ ਨੂੰ ਖਤਮ ਕਰ ਦਿੱਤਾ ਗਿਆ ਹੈ। ਪਾਵਰਕੌਮ ਵੱਲੋਂ ਇਸ ਫੈਸਲੇ ਨੂੰ 'ਬੀਓਡੀ' ਦੀ 20 ਅਗਸਤ ਨੂੰ ਹੋਈ 83ਵੀਂ ਮੀਟਿੰਗ ਦੇ ਫੈਸਲੇ ਦੀ ਲੋਅ 'ਚ ਅਮਲ ਵਿਚ ਲਿਆਂਦਾ ਗਿਆ ਹੈ।

ਦੋਵੇਂ ਸਰਕਾਰੀ ਥਰਮਲਾਂ ਨਾਲ ਉਪਰ ਤੋਂ ਹੇਠਾਂ ਤੱਕ ਤਕਨੀਕੀ ਤੇ ਗੈਰ-ਤਕਨੀਕੀ ਪੱਧਰ ਦੀਆਂ ਵੱਖ-ਵੱਖ ਕੇਡਰ ਦੀਆਂ ਅਸਾਮੀਆਂ ਸਬੰਧੀ ਬਾਕਾਇਦਾ ਡਿਪਟੀ ਸੈਕਟਰੀ, ਪਰਸੋਨਲ ਮੁੱਖ ਦਫਤਰ ਪਟਿਆਲਾ ਵੱਲੋਂ 10 ਸਤੰਬਰ 2020 ਤਹਿਤ ਆਫਿਸ ਆਰਡਰ ਨੰਬਰ 674 ਤਹਿਤ 2167 ਅਸਾਮੀਆਂ ਤੇ ਆਫਿਸ ਆਰਡਰ ਨੰਬਰ 675 ਤਹਿਤ 1049 ਅਸਾਮੀਆਂ ਨੂੰ ਖਤਮ ਕੀਤਾ ਗਿਆ ਹੈ। ਪਾਵਰਕੌਮ ਦੇ ਡਾਇਰੈਕਟਰ ਪ੍ਰਬੰਧਕੀ ਆਰ.ਪੀ. ਪਾਂਡਵ ਮੁਤਾਬਕ ਥਰਮਲਾਂ ਦੀਆਂ ਸਿਰਫ ਸਰਪਲੱਸ ਤੇ ਬੇਲੋੜੀਆਂ ਅਸਾਮੀਆਂ ਨੂੰ ਹੀ ਖਤਮ ਕੀਤਾ ਗਿਆ ਹੈ।

# ਅਮਰੀਕਾ ਦਾ ਬਜਟ ਘਾਟਾ 3 ਹਜ਼ਾਰ ਅਰਬ ਡਾਲਰ ਤੱਕ ਪੁੱਜਿਆ

**ਵਾਸ਼ਿੰਗਟਨ:** ਮੌਜੂਦਾ ਬਜਟ ਸਾਲ ਦੇ ਪਹਿਲੇ 11 ਮਹੀਨਿਆਂ ਵਿਚ ਅਮਰੀਕੀ ਬਜਟ ਘਾਟਾ 3000 ਅਰਬ ਡਾਲਰ ਦੇ ਹੁਣ ਤੱਕ ਦੇ ਸਭ ਤੋਂ ਉਚੇ ਪੱਧਰ ਉਤੇ ਪੁੱਜ ਗਿਆ ਹੈ। ਵਿੱਤ ਵਿਭਾਗ ਨੇ ਦੱਸਿਆ ਕਿ ਅਮਰੀਕੀ ਸਰਕਾਰ ਨੂੰ ਕਰੋਨਾ ਮਹਾਮਾਰੀ ਨਾਲ ਲੜਾਈ ਕਾਰਨ ਵੱਡੀ ਰਾਸ਼ੀ ਖਰਚ ਕਰਨੀ ਪੈ ਰਹੀ ਹੈ, ਜਿਸ ਦਾ ਸਿੱਧਾ ਅਸਰ ਬਜਟ ਉਤੇ ਪੈ ਰਿਹਾ ਹੈ। ਮਹਾਮਾਰੀ ਨੇ ਅਮਰੀਕਾ ਵਿਚ ਲੱਖਾਂ ਨੌਕਰੀਆਂ ਖਤਮ ਕਰ ਦਿੱਤੀਆਂ।

ਮੌਜੂਦਾ ਬਜਟ ਸਾਲ ਦੇ ਅਕਤੂਬਰ ਤੋਂ ਅਗਸਤ ਦੇ 11 ਮਹੀਨਿਆਂ ਦੀ ਮਿਆਦ ਵਿਚ ਬਜਟ ਘਾਟਾ 3000 ਅਰਬ ਡਾਲਰ ਤੱਕ ਪਹੁੰਚ ਗਿਆ ਹੈ। ਇਸ ਤੋਂ ਪਹਿਲਾਂ 11 ਮਹੀਨਿਆਂ ਦੀ ਮਿਆਦ ਵਿਚ ਬਜਟ ਘਾਟੇ ਦਾ ਰਿਕਾਰਡ 2009 ਵਿਚ ਬਣਿਆ ਸੀ ਤੇ ਉਸ ਸਮੇਂ ਬਜਟ ਘਾਟਾ 1370 ਅਰਬ ਡਾਲਰ ਸੀ। ਉਦੋਂ 2008 ਵਿਚ ਕੌਮਾਂਤਰੀ ਵਿੱਤੀ ਮੰਦੀ ਦਾ ਸਾਲ ਸੀ।

# ਕਰੋਨਾ ਬਾਰੇ ਕੇਂਦਰੀ ਹੁਕਮ ਮੰਨਣ ਲਈ ਸੂਬੇ ਪਾਬੰਦ: ਸੁਪਰੀਮ ਕੋਰਟ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਕਰੋਨਾ ਮਹਾਮਾਰੀ ਸਬੰਧੀ ਜੋ ਵੀ ਦਿਸ਼ਾ ਨਿਰਦੇਸ਼ ਜਾਰੀ ਕੀਤੇ ਹਨ, ਉਹ ਸਾਰੇ ਸੂਬਿਆਂ ਲਈ ਮੰਨਣੇ ਲਾਜ਼ਮੀ ਹਨ।



ਬੈਂਚ ਨੇ ਐਂਬੂਲੈਂਸਾਂ ਦੇ ਖਰਚੇ ਤੈਅ ਕਰਨ ਦੀ ਮੰਗ ਕਰਦੀ ਇਕ ਪਟੀਸ਼ਨ ਦੀ ਸੁਣਵਾਈ ਕਰਦਿਆਂ ਇਹ ਨਿਰਦੇਸ਼ ਜਾਰੀ ਕੀਤੇ ਹਨ।

ਬੈਂਚ ਨੇ ਕਿਹਾ ਕਿ ਸਾਰੇ ਸੂਬਿਆਂ ਨੂੰ ਕੇਂਦਰ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨੀ ਚਾਹੀਦੀ ਹੈ ਤੇ ਐਂਬੂਲੈਂਸਾਂ ਦੇ ਖਰਚੇ ਤੈਅ ਕਰਨ ਲਈ ਢੁਕਵੇਂ ਕਦਮ ਚੁੱਕਣੇ ਚਾਹੀਦੇ ਹਨ। 'ਅਰਥ' ਨਾਂ ਦੀ ਸੰਸਥਾ ਨੇ ਆਪਣੀ ਪਟੀਸ਼ਨ 'ਚ ਦਾਅਵਾ ਕੀਤਾ ਹੈ ਕਿ ਐਂਬੂਲੈਂਸਾਂ ਵੱਲੋਂ ਕਰੋਨਾ ਦੇ ਮਰੀਜ਼ਾਂ ਤੋਂ ਵਧੇਰੇ ਰਕਮ ਵਸੂਲੀ ਜਾ ਰਹੀ ਹੈ। ਇਸ ਲਈ ਸੂਬਾ ਸਰਕਾਰਾਂ ਨੂੰ ਐਂਬੂਲੈਂਸਾਂ ਦੇ ਖਰਚੇ ਨਿਰਧਾਰਤ ਕਰਨੇ ਚਾਹੀਦੇ ਹਨ। ਕੇਂਦਰ ਸਰਕਾਰ ਵੱਲੋਂ ਪੇਸ਼ ਹੋਏ ਸੋਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਬੈਂਚ ਨੂੰ ਦੱਸਿਆ ਕਿ ਕੇਂਦਰੀ ਸਿਹਤ ਤੇ ਪਰਿਵਾਰ ਭਲਾਈ ਮੰਤਰਾਲੇ ਵੱਲੋਂ ਇਸ ਮਾਮਲੇ 'ਚ ਦਿਸ਼ਾ ਨਿਰਦੇਸ਼ ਜਾਰੀ ਕੀਤੇ ਜਾ ਚੁੱਕੇ ਹਨ ਤੇ ਸਾਰੇ ਸੂਬਿਆਂ ਦੀਆਂ ਸਰਕਾਰਾਂ ਨੂੰ ਇਹ ਲਾਗੂ ਕਰਨੇ ਪੈਣਗੇ। ਪਟੀਸ਼ਨਰਾਂ ਦੇ ਵਕੀਲ ਨੇ ਦਾਅਵਾ ਕੀਤਾ ਕਿ ਕੇਂਦਰੀ ਦਿਸ਼ਾ ਨਿਰਦੇਸ਼ ਐਂਬੂਲੈਂਸਾਂ ਦੇ ਖਰਚਿਆਂ ਨੂੰ ਘੇਰੇ 'ਚ ਨਹੀਂ ਲੈਂਦੇ ਤੇ ਹਸਪਤਾਲਾਂ ਵੱਲੋਂ ਮਨਮਰਜ਼ੀ ਦੇ ਖਰਚੇ ਮਰੀਜ਼ਾਂ ਤੋਂ ਵਸੂਲੇ ਜਾ ਰਹੇ ਹਨ। ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਮਗਰੋਂ ਬੈਂਚ ਨੇ ਕਿਹਾ ਕਿ ਸੂਬਾ ਸਰਕਾਰਾਂ ਨੂੰ ਮਰੀਜ਼ਾਂ ਨੂੰ ਮਿਲਣ ਵਾਲੀ ਐਂਬੂਲੈਂਸ ਸੇਵਾ ਲਈ ਵਾਜਿਬ ਖਰਚੇ ਤੈਅ ਕਰਨੇ ਚਾਹੀਦੇ ਹਨ ਤੇ ਇਹ ਕਹਿੰਦਿਆਂ ਪਟੀਸ਼ਨ ਦਾ ਨਿਬੇੜਾ ਕਰ ਦਿੱਤਾ।


## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**Live on Jas TV**
Saturday 9:30AM and Sunday 4PM (Pacific Time)

Email: Homeomedicine@yahoo.com

**7021 Village Park Way, Dublin, CA 94568**

# ਨਵੀਆਂ ਨਿਯੁਕਤੀਆਂ: ਕਾਂਗਰਸ ਹਾਈਕਮਾਨ ਵਲੋਂ ਕੈਪਟਨ ਨੂੰ ਵੱਡੇ ਸੰਕੇਤ



**ਚੰਡੀਗੜ੍ਹ:** ਕਾਂਗਰਸ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਵਲੋਂ ਆਲ ਇੰਡੀਆ ਕਾਂਗਰਸ ਕਮੇਟੀ ਦੇ ਢਾਂਚੇ ਵਿਚ ਕੀਤੀਆਂ ਗਈਆਂ ਅਹਿਮ ਤਬਦੀਲੀਆਂ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਲਈ ਖੁਸ਼ਗਵਾਰ ਨਹੀਂ ਹਨ। ਕੈਪਟਨ ਅਮਰਿੰਦਰ ਸਿੰਘ ਦੀ ਵਿਸ਼ਵਾਸਪਾਤਰ ਅਤੇ ਪੰਜਾਬ ਮਾਮਲਿਆਂ ਦੀ ਜਨਰਲ ਸਕੱਤਰ ਇੰਚਾਰਜ ਸ੍ਰੀਮਤੀ ਆਸ਼ਾ ਕੁਮਾਰੀ ਜਿਨ੍ਹਾਂ ਨੂੰ ਕੈਪਟਨ ਦੇ ਵਿਰੋਧੀਆਂ ਦੀਆਂ ਸ਼ਿਕਾਇਤਾਂ ਕਾਰਨ ਲੰਬੇ ਸਮੇਂ ਤੋਂ ਪੰਜਾਬ ਤੋਂ ਤਬਦੀਲ ਕਰਨ ਦੇ ਚਰਚੇ ਸਨ, ਨੂੰ ਪੰਜਾਬ ਕਾਂਗਰਸ ਤੋਂ ਤਾਂ ਬਾਹਰ ਕਰ ਹੀ ਦਿੱਤਾ ਗਿਆ ਸਗੋਂ ਨਵੀਆਂ ਨਿਯੁਕਤੀਆਂ ਵਿਚ ਆਸ਼ਾ ਕੁਮਾਰੀ ਨੂੰ ਪਾਰਟੀ ਵਿਚ ਕਿਸੇ ਵੀ ਥਾਂ ਹੋਰ ਨਿਯੁਕਤੀ ਨਹੀਂ ਦਿੱਤੀ ਗਈ।

ਪੰਜਾਬ ਲਈ ਆਲ ਇੰਡੀਆ ਕਾਂਗਰਸ ਕਮੇਟੀ ਵਲੋਂ ਜੋ ਇੰਚਾਰਜ ਜਨਰਲ ਸਕੱਤਰ ਹਰੀਸ਼ ਰਾਵਤ ਲਗਾਏ ਗਏ ਹਨ, ਉਹ ਉਤਰਾਖੰਡ ਦੇ ਮੁੱਖ ਮੰਤਰੀ ਵੀ ਰਹਿ ਚੁੱਕੇ ਹਨ ਅਤੇ ਪਾਰਟੀ ਹਾਈਕਮਾਂਡ ਵਿਚ ਵੀ ਕਾਫੀ ਸੀਨੀਅਰ ਸਮਝੇ ਜਾਂਦੇ ਹਨ। ਕਾਂਗਰਸ ਹਲਕਿਆਂ ਦਾ ਮੰਨਣਾ ਹੈ ਕਿ ਸ੍ਰੀ ਰਾਵਤ ਨੂੰ ਨਾ ਤਾਂ ਸਰਕਾਰੀ ਹਲਕਿਆਂ ਵਲੋਂ ਆਪਣੇ ਪੱਖ ਵਿਚ ਕਰਨਾ ਸੰਭਵ ਹੋਵੇਗਾ ਅਤੇ ਨਾ ਹੀ ਕਿਸੇ ਲਾਲਚ ਵਿਚ ਹੀ ਫਸਾਇਆ ਜਾ ਸਕੇਗਾ ਜਦੋਂਕਿ ਉਹ ਪੰਜਾਬ ਕਾਂਗਰਸ ਦੀ ਧੜੇਬੰਦੀ ਤੋਂ ਵੀ ਦੂਰ ਅਤੇ ਉਪਰ ਸਮਝੇ ਜਾਂਦੇ ਹਨ ਕਿਉਂਕਿ ਪੰਜਾਬ ਵਿਚ ਉਨ੍ਹਾਂ ਦਾ ਪਹਿਲਾਂ ਕੋਈ ਰੋਲ ਨਹੀਂ ਰਿਹਾ ਅਤੇ ਮੁੱਖ ਤੌਰ ਉਤੇ ਉਹ ਕਾਂਗਰਸ ਪ੍ਰਧਾਨ ਦੇ ਇਸ਼ਾਰਿਆਂ 'ਤੇ ਹੀ ਕੰਮ ਕਰਨਗੇ। ਇਸੇ ਤਰ੍ਹਾਂ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਜੋ ਕਿ ਆਲ ਇੰਡੀਆ ਕਾਂਗਰਸ ਵਰਕਿੰਗ ਕਮੇਟੀ ਲਈ ਪਰਮਾਨੈਂਟ ਇਨਵਾਇਟੀ ਸਨ, ਨੂੰ ਇਸ ਵਾਰ ਵਰਕਿੰਗ ਕਮੇਟੀ ਤੋਂ ਵੀ ਬਾਹਰ ਕਰ ਦਿੱਤਾ ਗਿਆ। ਕਾਂਗਰਸ ਪ੍ਰਧਾਨ ਵਲੋਂ ਬਣਾਈ ਗਈ ਨਵੀਂ 22 ਮੈਂਬਰੀ ਵਰਕਿੰਗ ਕਮੇਟੀ ਜਿਸ ਵਿਚ 26 ਪਰਮਾਨੈਂਟ ਇਨਵਾਇਟੀ ਅਤੇ 10 ਸਪੈਸ਼ਲ ਇਨਵਾਇਟੀ ਵੀ ਰੱਖੇ ਗਏ, ਜਿਨ੍ਹਾਂ ਵਿਚ ਕੈਪਟਨ ਅਮਰਿੰਦਰ ਸਿੰਘ ਨੂੰ ਥਾਂ ਨਹੀਂ ਮਿਲ ਸਕੀ। ਵਰਕਿੰਗ ਕਮੇਟੀ ਵਿਚ ਪੰਜਾਬ ਵਲੋਂ ਸ੍ਰੀਮਤੀ ਅੰਬਿਕਾ ਸੋਨੀ ਅਤੇ ਪਰਮਾਨੈਂਟ ਇਨਵਾਇਟੀਆਂ ਵਿਚ ਪੰਜਾਬ ਤੋਂ ਵਿਧਾਇਕ ਕੁਲਜੀਤ ਸਿੰਘ ਨਾਗਰਾ (ਫਤਹਿਗੜ੍ਹ ਸਾਹਿਬ) ਨੂੰ ਸ਼ਾਮਲ ਕੀਤਾ ਗਿਆ।

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਹੀ ਕੱਦ-ਬੁੱਤ ਦੀ ਸ਼ਖਸੀਅਤ ਦੇ ਹੱਥ ਸੂਬੇ ਦੀ ਕਮਾਨ ਦੇ ਕੇ ਪਾਰਟੀ ਨੇ ਇਕੋ ਨਿਯੁਕਤੀ ਨਾਲ ਹੀ ਕਈ ਸੰਕੇਤ ਦੇਣ ਦੇ ਯਤਨ ਕੀਤੇ ਹਨ। ਪਹਿਲਾ ਕਾਂਗਰਸ ਸ਼ਾਸਿਤ ਸੂਬਿਆਂ 'ਚੋਂ ਅਹਿਮ ਸੂਬੇ ਪੰਜਾਬ ਨੂੰ ਪਾਰਟੀ ਦੇ ਅੰਦਰੂਨੀ ਝਗੜਿਆਂ ਦੇ ਚਲਦੇ ਅਣਗੌਲਿਆ ਨਹੀਂ ਜਾ ਸਕਦਾ, ਜਿਸ ਸੂਬੇ 'ਚ ਵਿਧਾਨ ਸਭਾ ਚੋਣਾਂ ਵਿਚ ਸਿਰਫ 18 ਮਹੀਨੇ ਹੀ ਦੂਰ ਹੋਣ, ਦੂਜਾ ਕੈਪਟਨ ਅਮਰਿੰਦਰ ਸਿੰਘ ਦੇ ਵੱਕਾਰ ਦੇ ਸੀਨੀਅਰ ਆਗੂ ਨੂੰ ਜੋ ਪੰਜ ਵਾਰ ਦੇ ਸੰਸਦ ਮੈਂਬਰ ਸਾਬਕਾ ਕੇਂਦਰੀ ਮੰਤਰੀ ਅਤੇ ਉੱਤਰਾਖੰਡ ਦੇ ਸਾਬਕਾ ਮੁੱਖ ਮੰਤਰੀ ਵੀ ਰਹਿ ਚੁੱਕੇ ਹਨ, ਨੂੰ ਪ੍ਰਦੇਸ਼ ਦੀ ਕਮਾਨ ਸੌਂਪ ਕੇ ਕੈਪਟਨ ਨੂੰ ਇਹ ਸੰਕੇਤ ਵੀ ਦਿੱਤੇ ਗਏ ਹਨ ਕਿ ਆਪਣਾ ਪੱਖ ਸੁਣੇ ਜਾਣ ਦੇ ਨਾਲ-ਨਾਲ ਉਨ੍ਹਾਂ ਨੂੰ ਆਹਮੋ-ਸਾਹਮਣੇ ਬੈਠ ਕੇ ਸੂਬੇ 'ਚ ਪਾਰਟੀ ਪੱਧਰ ਦੇ ਸਰੋਕਾਰ ਵੀ ਸੁਣਨੇ ਪੈਣਗੇ। ਤੀਜਾ ਕਾਂਗਰਸ ਵਰਕਰ ਜੋ ਕਿ ਲੰਮੇ ਸਮੇਂ ਤੋਂ ਸਾਬਕਾ ਇੰਚਾਰਜ ਆਸ਼ਾ ਕੁਮਾਰੀ ਤੋਂ ਨਾਰਾਜ਼ ਚੱਲ ਰਿਹਾ ਸੀ ਅਤੇ ਉਨ੍ਹਾਂ ਉਤੇ ਕੈਪਟਨ ਦੇ ਨਜ਼ਰੀਏ ਨਾਲ ਫੈਸਲੇ ਲੈਣ ਅਤੇ ਵਰਕਰਾਂ ਨੂੰ ਮਿਲਣ ਦੇ ਦੋਸ਼ ਵੀ ਲਾ ਰਿਹਾ ਸੀ, ਉਨ੍ਹਾਂ ਵਰਕਰਾਂ 'ਚ ਵੀ ਇਹ ਸੰਦੇਸ਼ ਭੇਜਿਆ ਗਿਆ ਹੈ ਕਿ ਉਨ੍ਹਾਂ ਨੂੰ ਸੁਣਿਆ ਗਿਆ ਹੈ। ਰਾਵਤ ਨੂੰ ਜ਼ਿੰਮੇਵਾਰੀ ਮਿਲਣ ਤੋਂ ਬਾਅਦ ਆਉਣ ਵਾਲੇ ਦਿਨਾਂ 'ਚ ਸੰਗਠਨ ਪੱਧਰ ਉਤੇ ਹੋਰ ਬਦਲਾਅ ਦੇ ਵੀ ਸੰਕੇਤ ਦਿੱਤੇ ਗਏ ਹਨ। ਕੁਝ ਪਾਰਟੀ ਆਗੂਆਂ ਦਾ ਮੰਨਣਾ ਹੈ ਕਿ ਹੁਣ ਛੇਤੀ ਹੀ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ 'ਚ ਵੀ ਸੰਭਾਵਿਤ ਬਦਲਾਅ ਨਜ਼ਰ ਆ ਸਕਦੇ ਹਨ। ਇਹ ਬਦਲਾਅ ਸਿਰਫ ਪ੍ਰਦੇਸ਼ ਕਾਂਗਰਸ ਤੱਕ ਹੀ ਸੀਮਤ ਨਹੀਂ ਹੋਣਗੇ ਸਗੋਂ ਮੰਤਰੀ ਮੰਡਲ ਪੱਧਰ ਤੱਕ ਵੀ ਨਜ਼ਰ ਆਉਣਗੇ। ਰਾਵਤ ਦੀ ਅਹਿਮ ਜ਼ਿੰਮੇਵਾਰੀ ਪਾਰਟੀ ਦੀਆਂ ਬਾਗੀ ਸੁਰਾਂ ਨਵਜੋਤ ਸਿੰਘ ਸਿੱਧੂ, ਪ੍ਰਤਾਪ ਸਿੰਘ ਬਾਜਵਾ ਅਤੇ ਸ਼ਮਸ਼ੇਰ ਸਿੰਘ ਦੂਲੋਂ ਨੂੰ ਇਕ ਮੰਚ 'ਤੇ ਲਿਆਉਣ ਦੀ ਵੀ ਹੈ। ਮੱਧ ਪ੍ਰਦੇਸ਼ ਅਤੇ ਰਾਜਸਥਾਨ ਦੇ ਹਾਲੀਆ ਸਿਆਸੀ ਹਾਲਾਤ ਤੋਂ ਬਾਅਦ ਪਾਰਟੀ ਹਾਈਕਮਾਨ ਕੋਈ ਜੋਖਮ ਲੈਣਾ ਜਰ ਨਹੀਂ ਸਕਦੀ। ਇਸ ਲਈ ਰਾਵਤ ਦੀ ਜ਼ਿੰਮੇਵਾਰੀ ਬਾਗੀ ਸੁਰਾਂ ਨੂੰ ਇਕੋ ਮੰਚ 'ਤੇ ਲਿਆਉਣ ਦੀ ਹੋਵੇਗੀ।

ਸਾਬਕਾ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਅਤੇ ਕੈਪਟਨ ਦੀ ਆਪਸੀ ਰੰਜਿਸ਼ ਵੀ ਕੋਈ ਲੁਕੀ ਗੱਲ ਨਹੀਂ ਹੈ। ਨਵਜੋਤ ਸਿੰਘ ਸਿੱਧੂ ਜੋ ਰਾਹੁਲ ਗਾਂਧੀ ਕੈਂਪ ਦੇ ਹਨ, ਨੂੰ ਆਸ਼ਾ ਕੁਮਾਰੀ ਵਲੋਂ ਖਾਸ ਤਵੱਜੋ ਨਹੀਂ ਦਿੱਤੀ ਗਈ, ਸਗੋਂ ਕੈਪਟਨ ਵਲੋਂ ਸਿੱਧੂ ਦਾ ਵਿਰੋਧ ਕਰਨ ਸਮੇਂ ਉਹ ਕੈਪਟਨ ਵਲ ਹੀ ਖੜ੍ਹੀ ਨਜ਼ਰ ਆਈ। ਆਸ਼ਾ ਕੁਮਾਰੀ ਵਲੋਂ ਕੈਪਟਨ ਅਤੇ ਸਿੱਧੂ ਦਰਮਿਆਨ ਪਾੜ ਨੂੰ ਭਰਨ ਦਾ ਕੋਈ ਵੀ ਯਤਨ ਨਹੀਂ ਕੀਤਾ ਗਿਆ, ਜਦਕਿ ਸੂਬਾ ਇੰਚਾਰਜ ਵਜੋਂ ਨਾਰਾਜ਼ਗੀਆਂ ਦਾ ਸਮਾਂ ਰਹਿੰਦੇ ਨਿਪਟਾਰਾ ਕਰਨ ਦੀ ਵੱਡੀ ਭੂਮਿਕਾ ਹੁੰਦੀ ਹੈ।

## ਮਨੀਸ਼ ਤਿਵਾੜੀ ਨੇ ਲੋਕ ਸਭਾ ਵਿਚ ਉਠਾਇਆ ਪੰਜਾਬੀ ਭਾਸ਼ਾ ਦਾ ਮੁੱਦਾ



**ਨਵੀਂ ਦਿੱਲੀ:** ਸ੍ਰੀ ਆਨੰਦਪੁਰ ਸਾਹਿਬ ਤੋਂ ਕਾਂਗਰਸੀ ਸੰਸਦ ਮੈਂਬਰ ਮਨੀਸ਼ ਤਿਵਾੜੀ ਨੇ ਲੋਕ ਸਭਾ ਵਿਚ ਜੰਮੂ-ਕਸ਼ਮੀਰ 'ਚ ਪੰਜਾਬੀ ਭਾਸ਼ਾ ਨੂੰ ਅਣਡਿੱਠ ਕਰਨ ਦਾ ਮੁੱਦਾ ਉਠਾਇਆ ਤੇ ਮੰਗ ਕੀਤੀ ਕਿ ਪੰਜਾਬੀ ਨੂੰ ਦਫਤਰੀ ਭਾਸ਼ਾਵਾਂ ਵਿਚ ਸ਼ਾਮਲ ਕੀਤਾ ਜਾਵੇ ਕਿਉਂਕਿ ਇਸ ਖਿੱਤੇ ਦੇ ਲੋਕ ਪੰਜਾਬੀ ਬੋਲੀ ਬੋਲਦੇ ਹਨ।

ਮਨੀਸ਼ ਤਿਵਾੜੀ ਨੇ ਸਦਨ ਦੇ ਸਪੀਕਰ ਨੂੰ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਨੇ 1808 'ਚ ਜੰਮੂ ਜਿੱਤਿਆ ਸੀ ਤੇ 1820 ਵਿਚ ਜੰਮੂ ਦੀ ਜਾਗੀਰ ਮਹਾਰਾਜਾ ਗੁਲਾਬ ਸਿੰਘ ਦੇ ਪਿਤਾ ਮਿਆਂ ਕਿਸ਼ੋਰ ਸਿੰਘ ਜਾਮਵਾਲ ਨੂੰ ਦਿੱਤੀ ਸੀ। 1822 'ਚ ਉਨ੍ਹਾਂ ਖੁਦ ਗੁਲਾਬ ਸਿੰਘ ਨੂੰ ਜੰਮੂ ਦਾ ਰਾਜਾ ਬਣਾਇਆ ਸੀ। ਉਨ੍ਹਾਂ ਕਿਹਾ ਕਿ ਪਿਛਲੇ ਦੋ ਸੌ ਸਾਲਾਂ ਤੋਂ ਜੰਮੂ ਤੇ ਇਸ ਦੇ ਨਾਲ ਲੱਗਦੇ ਇਲਾਕਿਆਂ 'ਚ ਪੰਜਾਬੀ ਭਾਸ਼ਾ ਬੋਲੀ ਜਾਂਦੀ ਹੈ ਅਤੇ ਪੰਜਾਬੀ ਦੀਆਂ ਕਈ ਉਪ ਬੋਲੀਆਂ ਜੰਮੂ ਕਸ਼ਮੀਰ ਵਿਚ ਬੋਲੀਆਂ ਜਾਂਦੀਆਂ ਹਨ। ਉਨ੍ਹਾਂ ਸਪੀਕਰ ਦੇ ਧਿਆਨ 'ਚ ਲਿਆਂਦਾ ਕਿ 1947 ਦੀ ਦੇਸ਼ ਵੰਡ ਮਗਰੋਂ ਜਿਹੜੇ ਲੋਕ ਪਾਕਿਸਤਾਨ ਤੋਂ ਉੱਜੜ ਕੇ ਜੰਮੂ ਜਾ ਕੇ ਵਸੇ, ਉਨ੍ਹਾਂ ਵਿਚੋਂ ਜ਼ਿਆਦਾਤਰ ਪੰਜਾਬੀ ਭਾਸ਼ਾ ਬੋਲਣ ਵਾਲੇ ਸਨ।

ਉਨ੍ਹਾਂ ਕਿਹਾ ਕਿ ਇਹ ਦੁੱਖ ਦੀ ਗੱਲ ਹੈ ਕਿ 2 ਸਤੰਬਰ 2020 ਨੂੰ ਪ੍ਰਵਾਨ ਕੀਤੇ ਗਏ ਜੰਮੂ ਕਸ਼ਮੀਰ ਭਾਸ਼ਾ ਬਿੱਲ 'ਚੋਂ ਪੰਜਾਬੀ ਭਾਸ਼ਾ ਨੂੰ ਬਾਹਰ ਕੱਢ ਕੇ ਸਿਰਫ ਉਰਦੂ, ਕਸ਼ਮੀਰੀ, ਡੋਗਰੀ, ਹਿੰਦੀ ਤੇ ਅੰਗਰੇਜ਼ੀ ਨੂੰ ਸਰਕਾਰੀ ਭਾਸ਼ਾਵਾਂ ਵਜੋਂ ਮਨਜ਼ੂਰੀ ਦਿੱਤੀ ਗਈ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬੀ ਭਾਸ਼ਾ ਨੂੰ ਜੰਮੂ ਕਸ਼ਮੀਰ 'ਚ ਅਧਿਕਾਰਤ ਭਾਸ਼ਾ ਦਾ ਦਰਜਾ ਦਿੱਤਾ ਜਾਵੇ ਤੇ ਸੂਬੇ ਵਿਚ ਪੰਜਾਬੀ ਭਾਸ਼ਾ ਨਾਲ ਹੋ ਰਿਹਾ ਵਿਤਕਰਾ ਬੰਦ ਕੀਤਾ ਜਾਵੇ।

## ਧਰਮਸੋਤ ਖਿਲਾਫ ਕਾਰਵਾਈ ਲਈ ਸਰਕਾਰ ਨੂੰ ਅਲਟੀਮੇਟਮ

**ਵਜ਼ੀਫਾ ਘਪਲਾ**

**ਨਾਭਾ:** ਵਜ਼ੀਫਾ ਘਪਲੇ 'ਚ ਘਿਰੇ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਖਿਲਾਫ ਆਮ ਆਦਮੀ ਪਾਰਟੀ (ਆਪ) ਆਗੂਆਂ ਨੇ ਵਿਧਾਇਕਾ ਬਲਜਿੰਦਰ ਕੌਰ ਦੀ ਅਗਵਾਈ ਹੇਠ ਅਰਥੀ ਫੂਕ ਮੁਜ਼ਾਹਰਾ ਕੀਤਾ। ਉਹ ਕੈਬਨਿਟ ਮੰਤਰੀ ਦੀ ਰਿਹਾਇਸ਼ ਵਲ ਜਾ ਰਹੇ ਸਨ ਪਰ ਭਾਰੀ ਪੁਲਿਸ ਫੋਰਸ ਨੇ ਉਨ੍ਹਾਂ ਨੂੰ ਰਸਤੇ ਵਿਚ ਹੀ ਰੋਕ ਲਿਆ। ਉਪਰੰਤ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਦੀਆਂ ਹਦਾਇਤਾਂ ਉਤੇ ਪੰਜਾਬ ਸਰਕਾਰ ਨੂੰ ਧਰਮਸੋਤ ਖਿਲਾਫ ਕਾਰਵਾਈ ਕਰਨ ਦਾ 20 ਦਿਨਾਂ ਦਾ ਅਲਟੀਮੇਟਮ ਦੇ ਕੇ ਧਰਨਾ ਚੁੱਕ ਲਿਆ ਗਿਆ। 'ਆਪ' ਨੇ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇ ਕਾਰਵਾਈ ਨਾ ਹੋਈ ਤਾਂ ਮੁੱਖ ਮੰਤਰੀ ਦਾ ਫਾਰਮ ਹਾਊਸ ਘੇਰਿਆ ਜਾਵੇਗਾ।

ਜਾਣਕਾਰੀ ਅਨੁਸਾਰ ਪੋਸਟ ਮੈਟ੍ਰਿਕ ਸਕਾਲਰਸ਼ਿਪ ਘਪਲੇ ਸਬੰਧੀ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਦੀ ਰਿਹਾਇਸ਼ ਨੇੜੇ ਧਰਨੇ ਉਤੇ ਬੈਠੇ 'ਆਪ' ਆਗੂਆਂ ਨੂੰ ਪੁਲਿਸ ਨੇ ਕਰੋਨਾ ਟੈਸਟ ਕਰਵਾਉਣ ਦੇ ਬਹਾਨੇ ਚੁੱਕ ਕੇ ਸਾਰਾ ਦਿਨ ਥਾਣੇ ਵਿਚ ਬੰਦ ਰੱਖਿਆ। ਉਪਰੰਤ ਵਿਰੋਧੀ ਧਿਰ ਦੇ ਨੇਤਾ ਹਰਪਾਲ ਚੀਮਾ, ਪ੍ਰੋ. ਬਲਜਿੰਦਰ ਕੌਰ ਸਣੇ ਸੀਨੀਅਰ ਆਗੂ ਨਾਭੇ ਪੁੱਜੇ ਤੇ ਥਾਣਾ ਕੋਤਵਾਲੀ ਦੇ ਗੇਟ ਮੂਹਰੇ ਧਰਨਾ ਲਾ ਦਿੱਤਾ। ਉਹ ਪਾਰਟੀ ਆਗੂਆਂ ਨੂੰ ਬਿਨਾਂ ਸ਼ਰਤ ਛੱਡਣ ਦੀ ਮੰਗ ਕਰਦੇ ਰਹੇ। ਅਖੀਰ ਪੁਲਿਸ ਨੇ ਥਾਣੇ 'ਚ ਬੰਦ ਗੁਰਦੇਵ ਸਿੰਘ ਮਾਨ, ਚੇਤਨ ਜੌੜੇਮਾਜਰਾ, ਕਰਨਵੀਰ ਟਿਵਾਣਾ, ਜੱਸੀ ਸੋਹੀਆਂ ਤੇ ਬਰਿੰਦਰ ਬਿੱਟੂ ਨੂੰ ਛੱਡ ਦਿੱਤਾ। ਰਿਹਾਈ ਮਗਰੋਂ 'ਆਪ' ਆਗੂ ਮੁੜ ਮੰਤਰੀ ਦੇ ਰਿਹਾਇਸ਼ ਨੇੜਲੇ ਧਰਨੇ ਵਾਲੀ ਥਾਂ ਉਤੇ ਆ ਕੇ ਬੈਠ ਗਏ।

ਵਿਧਾਇਕਾ ਬਲਜਿੰਦਰ ਕੌਰ ਨੇ ਕਿਹਾ ਕਿ ਧਰਮਸੋਤ ਨੇ ਕਰੋੜਾਂ ਰੁਪਏ ਦਾ ਵਜ਼ੀਫਾ ਘਪਲਾ ਕਰ ਕੇ ਗਰੀਬ ਵਿਦਿਆਰਥੀਆਂ ਦੇ ਹੱਕਾਂ 'ਤੇ ਡਾਕਾ ਮਾਰਿਆ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵਲੋਂ ਬਿਠਾਈ ਜਾਂਚ ਟੀਮ ਮੰਤਰੀ ਨੂੰ ਕਲੀਨ ਚਿੱਟ ਦੇਵੇਗੀ। ਇਸ ਲਈ ਘਪਲੇ ਦੀ ਜਾਂਚ ਹਾਈ ਕੋਰਟ ਦੇ ਮੌਜੂਦਾ ਜੱਜ ਤੋਂ ਕਰਵਾਈ ਜਾਵੇ। ਉਨ੍ਹਾਂ ਆਖਿਆ ਕਿ ਪਾਰਟੀ ਲੀਡਰਸ਼ਿਪ ਦੀਆਂ ਹਦਾਇਤਾਂ ਮੁਤਾਬਕ ਧਰਨਾ ਚੁੱਕਿਆ ਜਾ ਰਿਹਾ ਹੈ ਅਤੇ ਜੇਕਰ ਮੁੱਖ ਮੰਤਰੀ ਅਗਲੇ ਵੀਹ ਦਿਨਾਂ ਤੱਕ ਮੰਤਰੀ ਧਰਮਸੋਤ ਨੂੰ ਬਰਖਾਸਤ ਕਰਕੇ ਉਸ 'ਤੇ ਕਾਰਵਾਈ ਨਹੀਂ ਕਰਦੇ ਤਾਂ ਮੁੱਖ ਮੰਤਰੀ ਦੇ ਸਿਸਵਾਂ ਫਾਰਮ ਹਾਊਸ ਦਾ ਘਿਰਾਓ ਕੀਤਾ ਜਾਵੇਗਾ।

## ਸ਼੍ਰੋਮਣੀ ਕਮੇਟੀ ਦਾ ਬਜਟ ਇਜਲਾਸ 28 ਨੂੰ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ 28 ਸਤੰਬਰ ਨੂੰ ਸੱਦੇ ਗਏ ਸਾਲਾਨਾ ਬਜਟ ਇਜਲਾਸ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਇਸ ਸਬੰਧੀ ਪ੍ਰਸ਼ਾਸਨ ਕੋਲੋਂ ਵੀ ਲੋੜੀਦੀ ਪ੍ਰਵਾਨਗੀ ਮੰਗੀ ਗਈ ਹੈ। ਕਰੋਨਾ ਕਾਰਨ ਇਸ ਵਾਰ ਸਿੱਖ ਸੰਸਥਾ ਦਾ ਸਾਲਾਨਾ ਬਜਟ ਇਜਲਾਸ ਹੁਣ ਤੱਕ ਨਹੀਂ ਹੋ ਸਕਿਆ। ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਸੰਸਥਾ ਦਾ ਕੰਮਕਾਜ ਚਲਾਉਣ ਲਈ ਦੋ ਵਾਰ ਤਿੰਨ-ਤਿੰਨ ਮਹੀਨੇ ਦੇ ਖਰਚ ਨੂੰ ਪ੍ਰਵਾਨਗੀ ਦੇ ਕੇ ਹੁਣ ਤੱਕ ਸੰਸਥਾ ਦਾ ਕੰਮ ਚਲਾਇਆ ਜਾ ਰਿਹਾ ਹੈ।

ਇਹ ਪ੍ਰਵਾਨਗੀ 30 ਸਤੰਬਰ ਤੱਕ ਹੈ। ਹੁਣ ਹਾਲ ਹੀ ਵਿਚ ਹੋਈ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ 28 ਸਤੰਬਰ ਨੂੰ ਸਾਲਾਨਾ ਬਜਟ ਇਜਲਾਸ ਕਰਨ ਦਾ ਫੈਸਲਾ ਲਿਆ ਗਿਆ ਹੈ। ਸ਼੍ਰੋਮਣੀ ਕਮੇਟੀ ਨੇ ਇਸ ਵਾਸਤੇ ਸਰਕਾਰ ਕੋਲੋਂ ਵੀ ਪ੍ਰਵਾਨਗੀ ਮੰਗੀ ਹੈ। ਮਿਲੇ ਵੇਰਵਿਆਂ ਮੁਤਾਬਕ ਇਸ ਸਬੰਧੀ ਪ੍ਰਸ਼ਾਸਨ ਨੂੰ ਪੱਤਰ ਭੇਜਿਆ ਗਿਆ ਹੈ ਅਤੇ ਇਹ ਭਰੋਸਾ ਵੀ ਦਿੱਤਾ ਗਿਆ ਹੈ ਕਿ ਕਰੋਨਾ ਤੋਂ ਬਚਾਅ ਸਬੰਧੀ ਸਿਹਤ ਵਿਭਾਗ ਦੇ ਨਿਯਮਾਂ ਦੀ ਪਾਲਣਾ ਕੀਤੀ ਜਾਵੇਗੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਬਜਟ ਸਮਾਗਮ ਦੀਆਂ ਤਿਆਰੀਆਂ ਦੇ ਮੱਦੇਨਜ਼ਰ ਸਕੱਤਰ ਮਹਿੰਦਰ ਸਿੰਘ ਆਹਲੀ ਨੇ ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਸਮੂਹ ਮੈਂਬਰਾਂ ਨੂੰ ਪੱਤਰ ਜਾਰੀ ਕਰ ਦਿੱਤੇ ਹਨ ਅਤੇ ਹੋਰ ਲੋੜੀਂਦੇ ਪ੍ਰਬੰਧ ਕੀਤੇ ਜਾ ਰਹੇ ਹਨ। ਉਨ੍ਹਾਂ ਆਖਿਆ ਕਿ ਸਾਲਾਨਾ ਬਜਟ ਇਜਲਾਸ ਹਰ ਸਾਲ ਮਾਰਚ ਮਹੀਨੇ ਹੁੰਦਾ ਹੈ ਪਰ ਇਸ ਵਾਰ ਕਰੋਨਾ ਕਾਰਨ ਅਜਿਹਾ ਨਹੀਂ ਹੋ ਸਕਿਆ। ਹੁਣ ਇਹ ਬਜਟ ਇਜਲਾਸ 28 ਸਤੰਬਰ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਹੋਵੇਗਾ, ਜਿਸ ਵਿਚ ਸ਼੍ਰੋਮਣੀ ਕਮੇਟੀ, ਟਰੱਸਟ ਫੰਡ, ਵਿਦਿਆ ਫੰਡ, ਧਰਮ ਪ੍ਰਚਾਰ ਕਮੇਟੀ, ਪ੍ਰਿੰਟਿੰਗ ਪ੍ਰੈਸਾਂ, ਵਿੱਦਿਅਕ ਅਦਾਰੇ ਅਤੇ ਹੋਰ ਗੁਰਦੁਆਰਿਆਂ ਦਾ ਬਜਟ ਪੇਸ਼ ਕੀਤਾ ਜਾਵੇਗਾ।

## ਕੋਵਿਡ ਕਿੱਟਾਂ: ਕੈਪਟਨ 'ਆਪ' ਆਗੂਆਂ ਨਾਲ ਮਿਹਣੋ-ਮਿਹਣੀ



**ਚੰਡੀਗੜ੍ਹ:** ਕੋਵਿਡ ਕਿੱਟਾਂ ਨੂੰ ਲੈ ਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਆਮ ਆਦਮੀ ਪਾਰਟੀ ਦੇ ਆਗੂਆਂ ਵਿਚ ਸ਼ਬਦੀ ਜੰਗ ਭਖੀ ਹੋਈ ਹੈ। ਕੈਪਟਨ ਨੇ ਕੋਵਿਡ ਸੰਭਾਲ ਕਿੱਟਾਂ ਦੇ ਟੈਂਡਰ ਨੂੰ ਅੰਤਿਮ ਰੂਪ ਦੇਣ ਤੋਂ ਪਹਿਲਾਂ ਹੀ 'ਆਪ' ਵਲੋਂ ਇਸ ਖਰੀਦ ਵਿਚ ਘਪਲੇਬਾਜ਼ੀ ਦੇ ਦੋਸ਼ ਲਾਉਣ ਨੂੰ ਹਾਸੋਹੀਣਾ ਤੇ ਬੇਤੁਕਾ ਕਰਾਰ ਦਿੱਤਾ ਹੈ।

ਮੁੱਖ ਮੰਤਰੀ ਨੇ 'ਆਪ' ਵਿਧਾਇਕ ਅਮਨ ਅਰੋੜਾ ਵਲੋਂ ਕਿੱਟਾਂ ਖਰੀਦਣ ਵਿਚ ਘਪਲੇਬਾਜ਼ੀ ਦੇ ਲਾਏ ਦੋਸ਼ਾਂ 'ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ 'ਤੇ ਹਰ ਵੇਲੇ ਹਮਲਾ ਕਰਨ ਦੀ ਤਾਂਘ ਵਿਚ ਰਹਿੰਦੀ ਆਮ ਆਦਮੀ ਪਾਰਟੀ ਗਲਤ ਤੇ ਸਹੀ ਵਿਚ ਪਰਖ ਕਰਨਾ ਹੀ ਭੁੱਲ ਗਈ ਹੈ। ਸਿਹਤ ਵਿਭਾਗ ਵਲੋਂ ਕਿੱਟਾਂ ਦੀ ਖਰੀਦ ਲਈ ਟੈਂਡਰ ਨੂੰ ਅੰਤਿਮ ਰੂਪ ਦੇਣ ਤੋਂ ਪਹਿਲਾਂ ਹੀ ਅਮਨ ਅਰੋੜਾ ਨੇ ਘਪਲੇਬਾਜ਼ੀ ਦੇ ਦੋਸ਼ ਲਾ ਦਿੱਤੇ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ 360 ਰੁਪਏ (ਜੀ.ਐਸ.ਟੀ. ਵੱਖਰੀ) ਦੇ ਨਬਜ਼ ਔਕਸੀਮੀਟਰ ਦੇ ਨਾਲ ਕਿੱਟ ਦੀ 748 ਰੁਪਏ ਲਾਗਤ ਨੂੰ ਅੰਤਿਮ ਰੂਪ ਦਿੱਤਾ ਹੈ।

ਆਪ ਵਿਧਾਇਕ ਨੇ ਇਕ ਰੇਟ ਲਿਸਟ (ਜਿਹੜੀ ਉਨ੍ਹਾਂ ਨੇ ਵੀ ਸਿਹਤ ਵਿਭਾਗ ਨੂੰ ਭੇਜੀ ਹੈ) ਉਤੇ ਆਧਾਰਿਤ ਦੋਸ਼ ਲਾਏ ਹਨ, ਜਿਸ ਵਿਚ ਅਸਲ 'ਚ 13 ਆਈਟਮਾਂ ਦੀ ਸੂਚੀ ਦਿੱਤੀ ਗਈ ਹੈ ਜਦੋਂ ਕਿ ਸਰਕਾਰੀ ਕਿੱਟ ਲਈ 16 ਆਈਟਮਾਂ ਖਰੀਦੀਆਂ ਜਾ ਰਹੀਆਂ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਅਰੋੜਾ ਦੀ ਸੂਚੀ ਵਿਚ ਕੈਪਸੂਲ ਵਿਟਾਮਿਨ ਡੀ, ਬੀਟਾਡਿਨ ਗਾਰਗਿਲ ਤੇ ਬੈਲੂਨਜ਼ ਸ਼ਾਮਲ ਹੀ ਨਹੀਂ ਹੈ। ਇਸ ਤੋਂ ਇਲਾਵਾ ਉਨ੍ਹਾਂ ਦੀ ਸੂਚੀ ਵਿਚ 100 ਮਿਲੀਲਿਟਰ ਦਾ ਸੈਨੀਟਾਈਜ਼ਰ ਹੈ ਜਦੋਂ ਕਿ ਸਰਕਾਰੀ ਕਿੱਟ ਵਿਚ 500 ਮਿਲੀਲਿਟਰ ਦਾ ਸੈਨੀਟਾਈਜ਼ਰ ਹੈ। ਉਨ੍ਹਾਂ ਕਿਹਾ ਕਿ ਬਾਜ਼ਾਰ ਵਿਚ 10 ਰੁਪਏ ਦਾ ਤਰਲ ਕਾੜ੍ਹਾ ਮੌਜੂਦ ਹੀ ਨਹੀਂ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਦਰਅਸਲ ਸ਼ੋਕ ਖਰੀਦ ਦੀ ਘੱਟ ਕੀਮਤ ਨੂੰ ਦੇਖਦਿਆਂ ਸਰਕਾਰ ਜੋ ਕਿੱਟਾਂ ਪ੍ਰਾਪਤ ਕਰਨ ਵਿਚ ਕਾਮਯਾਬ ਰਹੀ ਹੈ, ਉਨ੍ਹਾਂ ਨੂੰ ਸਰਕਾਰ ਨੇ ਪ੍ਰਵਾਨਿਤ ਵਿਕਰੇਤਾਵਾਂ ਰਾਹੀਂ ਬਿਨਾਂ ਮੁਨਾਫੇ-ਘਾਟੇ ਦੇ ਆਧਾਰ 'ਤੇ ਔਕਸੀਮੀਟਰ ਦੇ ਨਾਲ ਉਪਲਬਧ ਕਰਾਉਣ ਦਾ ਫੈਸਲਾ ਕੀਤਾ ਹੈ, ਜੋ ਉਨ੍ਹਾਂ ਵਲੋਂ ਬੀਤੇ ਦਿਨ ਕੀਤੇ ਗਏ ਐਲਾਨ ਅਨੁਸਾਰ 514 ਰੁਪਏ ਨਾਲੋਂ ਘੱਟ ਕੀਮਤ 'ਤੇ ਵੇਚੇ ਜਾਣਗੇ।

ਉਧਰ, ਆਮ ਆਦਮੀ ਪਾਰਟੀ 'ਚ ਸ਼ਾਮਲ ਡਾਕਟਰਾਂ ਦੀ ਟੀਮ ਨੇ 'ਆਪ' ਵਲੋਂ ਰਾਜ ਅੰਦਰ ਕਰੋਨਾ ਰੋਕਣ ਲਈ ਚਲਾਈ ਜਾ ਰਹੀ ਔਕਸੀਮੀਟਰ ਮੁਹਿੰਮ ਵਿਰੁੱਧ ਸਰਕਾਰੀ ਬਿਆਨਬਾਜ਼ੀ ਨੂੰ ਬੇਲੋੜਾ ਕਰਾਰ ਦਿੰਦਿਆਂ ਸਰਕਾਰ ਨੂੰ ਕਿਹਾ ਹੈ ਕਿ ਉਹ ਔਕਸੀਮੀਟਰ ਮੁਹਿੰਮ ਤੋਂ ਘਬਰਾਉਣ ਦੀ ਥਾਂ ਇਸ ਨੂੰ ਮਦਦ ਵਜੋਂ ਪ੍ਰਵਾਨ ਕਰਨ। ਆਮ ਆਦਮੀ ਪਾਰਟੀ ਦੇ ਡਾਕਟਰੀ ਪੇਸ਼ੇ ਨਾਲ ਸਬੰਧਤ ਆਗੂਆਂ ਡਾ. ਬਲਬੀਰ ਸਿੰਘ (ਪਟਿਆਲਾ), ਡਾ. ਸੰਜੀਵ ਸ਼ਰਮਾ, ਡਾ. ਸ਼ਿਵ ਦਿਆਲ ਮਾਲੀ (ਜਲੰਧਰ), ਡਾ. ਇੰਦਰਬੀਰ ਸਿੰਘ ਨਿੱਝਰ (ਅੰਮ੍ਰਿਤਸਰ), ਡਾ. ਕੇ.ਜੇ. ਸਿੰਘ (ਕਾਦੀਆਂ), ਡਾ. ਕਸ਼ਮੀਰ ਸਿੰਘ ਸੋਹਲ (ਤਰਨ ਤਾਰਨ) ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ, ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਸਮੇਤ ਹੋਰ ਕਾਂਗਰਸੀਆਂ ਵਲੋਂ 'ਆਪ' ਦੀ ਔਕਸੀਮੀਟਰ ਮੁਹਿੰਮ ਬਾਰੇ ਜਿਸ ਤਰ੍ਹਾਂ ਦੀਆਂ ਗੁਮਰਾਹਕੁੰਨ ਅਤੇ ਨਕਾਰਾਤਮਕ ਟਿੱਪਣੀਆਂ ਕੀਤੀਆਂ ਜਾ ਰਹੀਆਂ ਹਨ, ਇਹ ਬੇਤੁਕੀਆਂ ਅਤੇ ਬੌਖਲਾਹਟ ਭਰੀਆਂ ਹਨ।

### ਪੰਜਾਬ ਨਾਲੋਂ ਦਿੱਲੀ 'ਚ ਹਾਲਾਤ ਕਿਤੇ ਵੱਧ ਖਰਾਬ: ਕੈਪਟਨ



**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਮ ਆਦਮੀ ਪਾਰਟੀ ਨੂੰ ਨਿਸ਼ਾਨੇ 'ਤੇ ਲੈਂਦਿਆਂ ਆਖਿਆ ਕਿ ਮਹਾਮਾਰੀ ਦੇ ਮਾਮਲੇ 'ਚ ਪੰਜਾਬ ਨਾਲੋਂ ਦਿੱਲੀ 'ਚ ਹਾਲਾਤ ਕਿਤੇ ਵੱਧ ਖਰਾਬ ਹਨ ਪਰ 'ਆਪ' ਪੰਜਾਬ 'ਚ ਮਹਾਮਾਰੀ ਦੇ ਨਾਂ ਉਤੇ ਘਟੀਆ ਸਿਆਸਤ ਖੇਡ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ 2.90 ਕਰੋੜ ਦੀ ਆਬਾਦੀ 'ਚ 18,000 ਸਰਗਰਮ ਕੇਸ ਹਨ ਜਦੋਂਕਿ 1.80 ਕਰੋੜ ਦੀ ਆਬਾਦੀ ਵਾਲੀ ਦਿੱਲੀ ਵਿਚ ਅਜਿਹੇ ਕੇਸਾਂ ਦੀ ਗਿਣਤੀ 25,000 ਤੋਂ ਵੀ ਵੱਧ ਹੈ। ਮੁੱਖ ਮੰਤਰੀ ਨੇ ਕਾਂਗਰਸੀ ਵਿਧਾਇਕਾਂ ਨਾਲ ਕੋਵਿਡ-19 ਬਾਰੇ ਵਰਚੂਅਲ ਮੀਟਿੰਗ ਦੌਰਾਨ ਕਿਹਾ ਕਿ 'ਆਪ' ਨੂੰ ਪੰਜਾਬ ਵਿਚ ਨਕਾਰਾਤਮਕ ਪ੍ਰਚਾਰ ਕਰਨ ਦੀ ਥਾਂ ਜ਼ਿੰਮੇਵਾਰੀ ਤੋਂ ਕੰਮ ਲੈਣਾ ਚਾਹੀਦਾ ਹੈ।

### ਕੈਪਟਨ ਫਾਰਮ ਹਾਊਸ 'ਚੋਂ ਨਿਕਲ ਕੇ ਹਾਲਾਤ ਦੇਖਣ: ਸੁਖਬੀਰ



**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਕਾਂਗਰਸ ਪੰਜਾਬ ਵਿਚ ਕਰੋਨਾ ਸੰਕਟ ਨਾਲ ਨਜਿੱਠਣ ਵਿਚ ਫੇਲ੍ਹ ਹੋ ਗਈ ਹੈ। ਇਸ ਕਾਰਨ ਦੇਸ਼ ਵਿਚ ਸਭ ਤੋਂ ਵੱਧ ਮੌਤ ਦਰ ਪੰਜਾਬ ਵਿਚ ਹੈ। ਉਨ੍ਹਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਆਖਿਆ ਕਿ ਆਪਣੇ ਫਾਰਮ ਹਾਊਸ ਵਿਚ ਆਰਾਮ ਨਾਲ ਬੈਠ ਕੇ ਕਰੋਨਾ ਨੂੰ ਰਿਮੋਟ ਕੰਟਰੋਲ ਨਾਲ ਕਾਬੂ ਕਰਨ ਦੀ ਥਾਂ ਮੁੱਖ ਮੰਤਰੀ ਨੂੰ ਜ਼ਮੀਨੀ ਹਕੀਕਤ ਜਾਣਨ ਲਈ ਮੌਕੇ 'ਤੇ ਹਾਲਾਤ ਦਾ ਜਾਇਜ਼ਾ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੇ ਇਸੇ ਰਵੱਈਏ ਕਾਰਨ ਉਨ੍ਹਾਂ ਦੇ ਅਖੌਤੀ 'ਮਿਸ਼ਨ ਫਤਿਹ' ਦੀ ਪ੍ਰਾਪੇਗੰਡਾ ਕਰਨ ਵਾਲੀ ਮੁਹਿੰਮ 'ਤੇ ਰੋਜ਼ਾਨਾ ਕਰੋੜਾਂ ਰੁਪਏ ਖਰਚ ਹੋ ਰਹੇ ਹਨ ਜਦਕਿ ਇਸ ਨਾਲ ਸੂਬੇ ਦਾ ਸਭ ਤੋਂ ਵੱਧ ਨੁਕਸਾਨ ਹੋਇਆ ਹੈ।

# ਪਾਵਨ ਸਰੂਪ: ਸਿੱਖ ਜਥੇਬੰਦੀਆਂ ਨੇ ਸ਼੍ਰੋਮਣੀ ਕਮੇਟੀ ਨੂੰ ਘੇਰਾ ਪਾਇਆ

**ਅੰਮ੍ਰਿਤਸਰ:** ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 328 ਪਾਵਨ ਸਰੂਪਾਂ ਦੀ ਪੜਤਾਲ ਵਿਚ ਪਾਏ ਗਏ ਦੋਸ਼ੀਆਂ ਖਿਲਾਫ ਪੁਲਿਸ ਕੇਸ ਦਰਜ ਕਰਾਉਣ ਅਤੇ ਹੋਰ ਮੰਗਾਂ ਨੂੰ ਲੈ ਕੇ ਸਤਿਕਾਰ ਕਮੇਟੀਆਂ ਤੇ ਹੋਰ ਸਿੱਖ ਜਥੇਬੰਦੀਆਂ ਨੇ ਹਰਿਮੰਦਰ ਸਾਹਿਬ ਸਮੂਹ ਸਥਿਤ ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਤੇਜਾ ਸਿੰਘ ਸਮੁੰਦਰੀ ਹਾਲ ਬਾਹਰ ਅਣਮਿਥੇ ਸਮੇਂ ਲਈ ਧਰਨਾ ਲਾ ਦਿੱਤਾ।



ਆਪਣੀਆਂ ਮੰਗਾਂ ਨੂੰ ਲੈ ਕੇ ਸਿੱਖ ਜਥੇਬੰਦੀਆਂ ਦੇ ਕਾਰਕੁਨ ਮੁੱਖ ਦਫਤਰ ਦੇ ਦਰਵਾਜ਼ੇ ਦੇ ਬਾਹਰ ਪੱਕਾ ਧਰਨਾ ਲਾ ਕੇ ਬੈਠ ਗਏ। ਉਨ੍ਹਾਂ ਐਲਾਨ ਕੀਤਾ ਕਿ ਮੰਗਾਂ ਪੂਰੀਆਂ ਹੋਣ ਤਕ ਸੰਘਰਸ਼ ਜਾਰੀ ਰਹੇਗਾ। ਇਸ ਸਬੰਧ ਵਿਚ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਅਤੇ ਸਿੱਖ ਜਥੇਬੰਦੀਆਂ ਦੇ ਆਗੂਆਂ ਦੀ 11 ਮੈਂਬਰੀ ਕਮੇਟੀ ਵਿਚਾਲੇ ਮੀਟਿੰਗ ਬੇਸਿੱਟਾ ਰਹੀ ਅਤੇ ਇਸ ਤੋਂ ਬਾਅਦ ਪੱਕੇ ਧਰਨੇ ਦਾ ਐਲਾਨ ਕੀਤਾ ਗਿਆ। ਸਿੱਖ ਜਥੇਬੰਦੀਆਂ ਵੱਲੋਂ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਕੋਲ ਆਪਣੀਆਂ 9 ਮੰਗਾਂ ਰੱਖੀਆਂ ਗਈਆਂ ਸਨ ਜਿਨ੍ਹਾਂ ਵਿਚ 328 ਸਰੂਪਾਂ ਦੀ ਜਾਂਚ ਵਿਚ ਦੋਸ਼ੀ ਪਾਏ ਵਿਅਕਤੀਆਂ ਖਿਲਾਫ ਪੁਲਿਸ ਕੇਸ ਦਰਜ ਕਰਨ ਦੀ ਮੰਗ, ਰਿਕਾਰਡ ਵਿਚੋਂ ਘੱਟ ਗਏ ਸਰੂਪਾਂ ਦੀ ਮੌਜੂਦਾ ਸਥਿਤੀ, ਦੇਸ਼ ਵਿਦੇਸ਼ ਵਿਚ ਸਰੂਪ ਛਾਪਣ ਉਤੇ ਰੋਕ ਲਾਉਣ, ਪ੍ਰਾਈਵੇਟ ਪ੍ਰੈਸਾਂ ਵਿਚ ਛਪਦੇ ਗੁਟਕੇ, ਪੋਥੀਆਂ ਅਤੇ ਧਾਰਮਿਕ ਸਾਹਿਤ ਨੂੰ ਛਾਪਣ 'ਤੇ ਰੋਕ ਲਾਉਣ, ਸਰੂਪਾਂ ਨੂੰ ਅਗਨ ਭੇਟ ਕਰਨ ਵਾਲੀਆਂ ਸਾਰੀਆਂ ਸੰਸਥਾਵਾਂ ਉਤੇ ਰੋਕ ਲਾਉਣ, ਕੈਨੇਡਾ ਵਿਚ 450 ਸਰੂਪਾਂ ਦਾ ਨਿਰਾਦਰ ਕਰਨ ਵਾਲੇ ਦੋਸ਼ੀਆਂ ਨੂੰ ਸੰਗਤ ਸਾਹਮਣੇ ਲਿਆਉਣ, ਇਕ ਹਜ਼ਾਰ ਪੰਨੇ ਵਾਲੀ ਜਾਂਚ ਰਿਪੋਰਟ ਜਨਤਕ ਕਰਨ ਸਮੇਤ ਹੋਰ ਮੰਗਾਂ ਸ਼ਾਮਲ ਸਨ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੇ ਇਨ੍ਹਾਂ ਮੰਗਾਂ ਬਾਰੇ ਕੋਈ ਵੀ ਠੋਸ ਜਵਾਬ ਨਹੀਂ ਦਿੱਤਾ ਪਰ ਦੋਸ਼ੀਆਂ ਖਿਲਾਫ ਕੇਸ ਦਰਜ ਕਰਾਉਣ ਦੇ ਮਾਮਲੇ ਨੂੰ ਵਿਚਾਰਨ ਲਈ 18 ਸਤੰਬਰ ਨੂੰ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਸੱਦਣ ਸਮੇਤ ਕਈ ਮਾਮਲੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਪ੍ਰਵਾਨਗੀ ਲਈ ਭੇਜਣ ਦਾ ਭਰੋਸਾ ਦਿੱਤਾ ਹੈ।

ਸ਼੍ਰੋਮਣੀ ਕਮੇਟੀ ਅਧਿਕਾਰੀਆਂ ਨਾਲ ਗੱਲਬਾਤ ਕਰਨ ਵਾਲੀ ਸਿੱਖ ਆਗੂਆਂ ਦੀ 11 ਮੈਂਬਰੀ ਕਮੇਟੀ ਵਿਚ ਤਰਲੋਚਨ ਸਿੰਘ ਸੋਹਲ, ਦਿਲਬਾਗ ਸਿੰਘ, ਬਲਬੀਰ ਸਿੰਘ ਮੁੱਛਲ, ਪਰਮਜੀਤ ਸਿੰਘ ਅਕਾਲੀ, ਹਰਪਾਲ ਸਿੰਘ, ਮਨਜੀਤ ਸਿੰਘ ਝਬਾਲ, ਬਲਜਿੰਦਰ ਸਿੰਘ ਪਰਵਾਨਾ, ਰਣਜੀਤ ਸਿੰਘ, ਹਰਪ੍ਰੀਤ ਸਿੰਘ ਮੱਖੂ, ਪ੍ਰਦੀਪ ਸਿੰਘ ਲੁਧਿਆਣਾ, ਲਖਬੀਰ ਸਿੰਘ ਸ਼ਾਮਲ ਸਨ। ਦੱਸਣਯੋਗ ਹੈ ਕਿ ਸਤਿਕਾਰ ਕਮੇਟੀਆਂ ਅਤੇ ਸਿੱਖ ਜਥੇਬੰਦੀਆਂ ਨੇ ਇਸ ਮਾਮਲੇ ਨੂੰ ਲੈ ਕੇ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਇਕੱਠ ਕਰਨ ਅਤੇ ਇਸ ਮਾਮਲੇ ਵਿਚ ਅਗਲੇਰੀ ਰਣਨੀਤੀ ਵਿਚਾਰਨ ਦਾ ਐਲਾਨ ਕੀਤਾ ਸੀ। ਦੂਜੇ ਪਾਸੇ ਸ਼੍ਰੋਮਣੀ ਕਮੇਟੀ ਨੇ ਸੰਸਥਾ ਖਿਲਾਫ ਵਿਰੋਧ ਪ੍ਰਗਟਾਉਣ ਲਈ ਇਤਿਹਾਸਕ ਸਥਾਨ ਮੰਜੀ ਸਾਹਿਬ ਦੀਵਾਨ ਹਾਲ ਦੀ ਵਰਤੋਂ ਕਰਨ ਤੋਂ ਮਨ੍ਹਾਂ ਕਰ ਦਿੱਤਾ ਸੀ। ਸਵੇਰੇ ਮੰਜੀ ਸਾਹਿਬ ਦੀਵਾਨ ਹਾਲ ਵਿਚ ਕਥਾ ਤੋਂ ਬਾਅਦ ਇਸ ਦੇ ਦਰਵਾਜ਼ੇ ਬੰਦ ਕਰ ਦਿੱਤੇ ਗਏ ਅਤੇ ਦਰਵਾਜ਼ੇ ਦੇ ਬਾਹਰ ਵੱਡੀ ਗਿਣਤੀ ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਅਤੇ ਕਰਮਚਾਰੀ ਤਾਇਨਾਤ ਕਰ ਦਿੱਤੇ ਗਏ। ਇਸੇ ਤਰ੍ਹਾਂ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਦਾਖਲ ਹੋਣ ਵਾਲੇ ਹੋਰ ਵੀ ਰਸਤਿਆਂ ਉਤੇ ਇਨ੍ਹਾਂ ਪ੍ਰਦਰਸ਼ਨਕਾਰੀਆਂ ਨੂੰ ਰੋਕਣ ਲਈ ਅਮਲਾ ਤੇ ਚਿੱਟ ਕੱਪੜੀਏ ਪੁਲਿਸ ਵਾਲੇ ਵੀ ਤਾਇਨਾਤ ਸਨ।

## ਜਥੇਦਾਰ ਨੇ ਅਸਿੱਧੇ ਤੌਰ 'ਤੇ ਲਾਏ ਬਾਦਲਾਂ ਉਤੇ ਨਿਸ਼ਾਨੇ

**ਪਟਿਆਲਾ:** ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਅਸਿੱਧੇ ਤੌਰ 'ਤੇ ਬਾਦਲਾਂ ਵੱਲ ਇਸ਼ਾਰਾ ਕਰਦਿਆਂ ਉਨ੍ਹਾਂ ਨੂੰ ਸਵੈ-ਪੜਚੋਲ ਕਰਨ ਦੀ ਸਲਾਹ ਦਿੰਦਿਆਂ ਆਖਿਆ ਹੈ ਕਿ ਪੰਥਕ ਸੰਸਥਾਵਾਂ 'ਚ ਗੈਰ ਸਥਾਪਿਤ ਧਿਰਾਂ ਦੀ ਬੇਭਰੋਸਗੀ ਦੂਰ ਕਰਨ ਲਈ ਸਥਾਪਿਤ ਧਿਰਾਂ ਨੂੰ ਪਹਿਲਕਦਮੀ ਕਰਨੀ ਚਾਹੀਦੀ ਹੈ।



ਇਥੇ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ 'ਚ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵੱਲੋਂ ਕਰਵਾਏ ਗਏ 76ਵੇਂ ਸਥਾਪਨਾ ਦਿਵਸ ਸਮਾਰੋਹ 'ਚ ਬਤੌਰ ਮੁੱਖ ਮਹਿਮਾਨ ਸ਼ਿਰਕਤ ਦੌਰਾਨ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਚਿੰਤਾ ਜ਼ਾਹਿਰ ਕੀਤੀ ਕਿ ਪੰਥ 'ਚ ਸਿਆਸੀ ਵਖਰੇਵਿਆਂ ਮਗਰੋਂ ਹੁਣ ਸਿਧਾਂਤਕ ਵਖਰੇਵੇਂ ਵੀ ਪੈਦਾ ਹੋਣ ਲੱਗ ਪਏ ਹਨ, ਜਿਸ ਦਾ ਕੌਮ ਨੂੰ ਵੱਡਾ ਨੁਕਸਾਨ ਹੋਣ ਦਾ ਡਰ ਹੈ। ਉਨ੍ਹਾਂ ਪੰਥਕ ਸਫਾਂ ਵਿਚੋਂ ਮਤਭੇਦ ਦੂਰ ਕਰਨ ਸਬੰਧੀ ਚਰਚਾ ਕਰਦਿਆਂ ਬਾਦਲਾਂ ਦਾ ਨਾਂ ਲਏ ਬਗੈਰ ਆਖਿਆ ਕਿ ਸੰਸਥਾਵਾਂ 'ਤੇ ਸਥਾਪਿਤ ਧਿਰਾਂ ਲਈ ਸੁਨਹਿਰੀ ਮੌਕਾ ਹੈ ਕਿ ਜਿਥੇ ਵੀ ਉਨ੍ਹਾਂ ਦੀਆਂ ਗਲਤੀਆਂ ਜਾਂ ਕਮੀਆਂ ਰਹੀਆਂ ਹਨ, ਉਹ ਸਵੈ-ਪੜਚੋਲ ਕਰਨ ਤਾਂ ਕਿ ਗੈਰ ਸਥਾਪਿਤ ਧਿਰਾਂ ਅੰਦਰ ਬੇਵਿਸ਼ਵਾਸੀ ਦੂਰ ਹੋ ਸਕੇ।

ਸਮਾਗਮ 'ਚ ਹਰਿਆਣਾ ਸਿੱਖ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਤੇ ਬਰਗਾੜੀ ਮੋਰਚੇ ਦੇ ਆਗੂ ਭਾਈ ਬਲਜੀਤ ਸਿੰਘ ਦਾਦੂਵਾਲ ਸਮੇਤ ਹੋਰ ਪੰਥਕ ਸਫਾਂ ਦੀਆਂ ਅਹਿਮ ਹਸਤੀਆਂ ਸ਼ਾਮਲ ਸਨ। ਇਹ ਪ੍ਰੋਗਰਾਮ ਕਰਨੈਲ ਸਿੰਘ ਪੀਰ ਮੁਹੰਮਦ ਦੀ ਸਰਪ੍ਰਸਤੀ ਹੇਠਲੇ ਸਿੱਖ ਸਟੂਡੈਂਟਸ ਫੈਡਰੇਸ਼ਨ ਵੱਲੋਂ ਕਰਵਾਇਆ ਗਿਆ। ਪੀਰ ਮੁਹੰਮਦ ਖੁਦ ਸਿਆਸੀ ਤੌਰ 'ਤੇ ਬਾਦਲਾਂ ਦੀ ਵਿਰੋਧੀ ਸ਼੍ਰੋਮਣੀ ਅਕਾਲੀ ਦਲ 'ਟਕਸਾਲੀ' ਧਿਰ ਦੇ ਆਗੂ ਵਜੋਂ ਵਿਚਰ ਰਹੇ ਹਨ।

ਪੀਰ ਮੁਹੰਮਦ ਨੇ ਪ੍ਰੋਗਰਾਮ ਮਗਰੋਂ ਗੱਲਬਾਤ ਦੌਰਾਨ ਮੰਨਿਆ ਕਿ ਜਥੇਦਾਰ ਦਾ ਅਸਿੱਧਾ ਇਸ਼ਾਰਾ ਬਾਦਲਾਂ ਵੱਲ ਹੀ ਸੀ। ਪਹਿਲਾਂ ਮੰਚ ਤੋਂ ਫੈਡਰੇਸ਼ਨ ਦੇ ਪ੍ਰਧਾਨ ਜਗਰੂਪ ਸਿੰਘ ਚੀਮਾ ਨੇ ਫੈਡਰੇਸ਼ਨਾਂ 'ਚ ਸਮੁੱਚੀ ਏਕਤਾ ਕਰਵਾਉਣ ਦੇ ਸਾਰੇ ਅਧਿਕਾਰ ਜਥੇਦਾਰ ਨੂੰ ਸੌਂਪ ਦਿੱਤੇ। ਜਥੇਦਾਰ ਨੇ ਫੈਡਰੇਸ਼ਨ ਦੇ ਆਗੂਆਂ ਪੀਰ ਮੁਹੰਮਦ ਤੇ ਚੀਮਾ ਦੀ ਫੈਡਰੇਸ਼ਨਾਂ 'ਚ ਏਕਤਾ ਦੀ ਕੀਤੀ ਪਹਿਲਕਦਮੀ ਦੀ ਸ਼ਲਾਘਾ ਕਰਦਿਆਂ ਭਰੋਸਾ ਦਿਵਾਇਆ ਕਿ ਉਹ ਸਿੱਖ ਕੌਮ ਨੂੰ ਕੇਸਰੀ ਨਿਸ਼ਾਨ ਹੇਠ ਇਕੱਤਰ ਕਰਨ ਲਈ ਸਿਰਤੋੜ ਯਤਨ ਕਰ ਰਹੇ ਹਨ।

## ਅਕਾਲੀ ਦਲ ਡੈਮੋਕ੍ਰੈਟਿਕ ਨੇ ਲੌਂਗੋਵਾਲ ਤੋਂ ਜਵਾਬ ਮੰਗਿਆ

**ਮਸਤੂਆਣਾ ਸਾਹਿਬ:** ਸ਼੍ਰੋਮਣੀ ਅਕਾਲੀ ਦਲ ਡੈਮੋਕ੍ਰੈਟਿਕ ਦੇ ਆਗੂਆਂ ਨੇ ਲਾਪਤਾ ਹੋਏ ਗੁਰੂ ਗ੍ਰੰਥ ਸਾਹਿਬ ਦੇ 328 ਪਾਵਨ ਸਰੂਪਾਂ ਬਾਰੇ ਸਚਾਈ ਜਨਤਕ ਕਰਨ ਦੀ ਮੰਗ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਤੋਂ ਜਵਾਬ ਮੰਗਿਆ ਹੈ। ਇਸ ਮੌਕੇ ਪਾਰਟੀ ਆਗੂਆਂ ਤੋਂ ਇਲਾਵਾ ਧਾਰਮਿਕ, ਸਮਾਜਿਕ, ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਪੰਚਾਇਤਾਂ ਤੇ ਕਲੱਬਾਂ ਦੇ ਨੁਮਾਇੰਦਿਆਂ ਨੇ ਸ੍ਰੀ ਲੌਂਗੋਵਾਲ ਦੀ ਰਿਹਾਇਸ਼ ਵੱਲ ਚਾਲੇ ਪਾਏ। ਇਸ ਤੋਂ ਇਲਾਵਾ ਪੰਜ ਪਿਆਰਿਆਂ ਦੀ ਅਗਵਾਈ ਹੇਠ ਗੁਰਦੁਆਰਾ ਗੁਰਸਾਗਰ ਸਾਹਿਬ ਵਿਖੇ ਸੁਖਦੇਵ ਸਿੰਘ ਢੀਂਡਸਾ ਦੀ ਸਿਹਤਯਾਬੀ ਲਈ ਕਰਵਾਏ ਗਏ ਅਖੰਡ ਪਾਠ ਦੇ ਭੋਗ ਪਾਏ ਗਏ।



ਇਸ ਮੌਕੇ ਸਾਬਕਾ ਮੰਤਰੀ ਜਥੇਦਾਰ ਸੇਵਾ ਸਿੰਘ ਸੇਖਵਾਂ ਦੀ ਅਗਵਾਈ ਵਿਚ ਇਕ ਜਥੇ ਦੇ ਰੂਪ ਵਿਚ ਰਵਾਨਾ ਹੋਈਆਂ ਸੰਗਤਾਂ ਨੇ ਗੁਰਬਾਣੀ ਦਾ ਜਾਪ ਕੀਤਾ। ਸੇਖਵਾਂ ਨੇ ਕਿਹਾ ਕਿ ਸੰਗਤ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਸੁੱਤੀ ਪਈ ਜ਼ਮੀਰ ਨੂੰ ਜਗਾਉਣ ਆਈ ਹੈ। ਬੀਰ ਦਵਿੰਦਰ ਸਿੰਘ ਨੇ ਕਿਹਾ ਕਿ ਪਾਵਨ ਸਰੂਪਾਂ ਦੇ ਗੁੰਮ ਹੋਣ 'ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਲੌਂਗੋਵਾਲ ਦੀ ਜਵਾਬਦੇਹੀ ਬਣਦੀ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਨੂੰ ਅਕਾਲ ਤਖਤ ਸਾਹਿਬ 'ਤੇ ਪੇਸ਼ ਕਰਨ ਦੀ ਬਜਾਏ ਕਿਸੇ ਏਜੰਸੀ ਕੋਲ ਭੇਜਿਆ ਜਾਵੇ ਤਾਂ ਕਿ ਨਿਰਪੱਖ ਜਾਂਚ ਹੋ ਸਕੇ। ਸ਼੍ਰੋਮਣੀ ਅਕਾਲੀ ਦਲ ਡੈਮੋਕ੍ਰੇਟਿਕ ਵੱਲੋਂ ਸ਼੍ਰੋਮਣੀ ਕਮੇਟੀ ਪ੍ਰਧਾਨ ਲੌਂਗੋਵਾਲ ਦੇ ਗ੍ਰਹਿ ਵਿਖੇ ਪਾਵਨ ਸਰੂਪਾਂ ਦੀ ਮੌਜੂਦਾ ਸਥਿਤੀ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਮੰਗ ਪੱਤਰ ਦਿੱਤਾ ਗਿਆ।

## ਭਾਸ਼ਾ ਵਿਗਿਆਨੀ ਡਾ. ਸਤਿੰਦਰ ਕੌਰ ਔਲਖ ਦਾ ਦੇਹਾਂਤ

**ਅੰਮ੍ਰਿਤਸਰ:** ਲੋਕਧਾਰਾ ਤੇ ਭਾਸ਼ਾ ਵਿਗਿਆਨੀ ਡਾ. ਸਤਿੰਦਰ ਕੌਰ ਔਲਖ ਦਾ ਦੇਹਾਂਤ ਹੋ ਗਿਆ ਹੈ। ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਅਧਿਐਨ ਸਕੂਲ ਤੋਂ ਸੇਵਾਮੁਕਤ ਹੋਏ ਸਨ, ਜਿਥੇ ਉਨ੍ਹਾਂ ਲਗਭਗ ਢਾਈ ਦਹਾਕੇ ਅਧਿਆਪਨ ਅਤੇ ਖੋਜ ਦਾ ਕੰਮ ਕੀਤਾ। ਉਹ ਲੋਕ ਧਾਰਾ ਅਤੇ ਹਿੰਦੁਸਤਾਨੀ ਮਿੱਥਾਂ ਦੇ ਅਧਿਐਨ ਦੇ ਮਾਹਿਰ ਸਨ। ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਅੰਗਰੇਜ਼ੀ ਵਿਭਾਗ ਦੇ ਸਾਬਕਾ ਮੁਖੀ ਡਾ. ਪਰਮਿੰਦਰ ਸਿੰਘ ਦੇ ਜੀਵਨ ਸਾਥਣ ਸਨ।

70 ਸਾਲਾ ਡਾ. ਸਤਿੰਦਰ ਔਲਖ ਬਲੱਡ ਕੈਂਸਰ ਤੋਂ ਪੀੜਤ ਸਨ ਅਤੇ ਲੁਧਿਆਣਾ ਦੇ ਸੀ.ਐਮ.ਸੀ. ਹਸਪਤਾਲ ਵਿਚ ਜ਼ੇਰੇ ਇਲਾਜ ਸਨ। ਉਨ੍ਹਾਂ ਦੀ ਮੌਤ 'ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਅਧਿਐਨ ਸਕੂਲ ਦੇ ਅਧਿਆਪਕਾਂ ਅਤੇ ਹੋਰਨਾਂ ਨੇ ਪੀੜਤ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ ਹੈ।

ਡਾ. ਸਤਿੰਦਰ ਔਲਖ ਨੇ ਲੋਕਧਾਰਾ, ਪੰਜਾਬੀ ਬਿਰਤਾਂਤ, ਭਾਸ਼ਾ ਵਿਗਿਆਨ ਅਤੇ ਮੱਧਕਲੀਨ ਪੰਜਾਬ ਸਾਹਿਤ ਦੇ ਖੇਤਰ ਵਿਚ ਮੁਲਵਾਨ ਖੋਜ ਕਾਰਜ ਕੀਤਾ। ਉਨ੍ਹਾਂ ਔਰਤ ਦੇ ਅਤੀਤ ਅਤੇ ਵਰਤਮਾਨ ਬਾਰੇ ਅਹਿਮ ਖੋਜ ਪੱਤਰ ਲਿਖੇ। ਉਨ੍ਹਾਂ ਨੇ ਛੇ ਕਿਤਾਬਾਂ ਵੀ ਲਿਖੀਆਂ। ਉਹ ਹਮੇਸ਼ਾਂ ਡਾ. ਪਰਮਿੰਦਰ ਸਿੰਘ ਅਤੇ ਹੋਰ ਸਾਥੀਆਂ ਦੀਆਂ ਜਮਹੂਰੀ ਸਰਗਰਮੀਆਂ ਵਿਚ ਵੀ ਸ਼ਾਮਲ ਰਹੇ।

## ਪੰਜਾਬ ਵਿਚ ਬਦਲੀਆਂ 'ਤੇ ਛੇ ਮਹੀਨੇ ਲਈ ਪਾਬੰਦੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੂਬੇ ਵਿਚ ਕੋਵਿਡ ਦੀ ਸਥਿਤੀ ਦੇ ਮੱਦੇਨਜ਼ਰ ਅਧਿਕਾਰੀਆਂ ਅਤੇ ਕਰਮਚਾਰੀਆਂ ਦੀਆਂ ਬਦਲੀਆਂ ਤੇ ਤਾਇਨਾਤੀਆਂ ਉਤੇ 31 ਮਾਰਚ 2021 ਤੱਕ ਮੁਕੰਮਲ ਰੋਕ ਲਾ ਦਿੱਤੀ ਹੈ। ਪ੍ਰਸੋਨਲ ਵਿਭਾਗ ਵਲੋਂ ਜਾਰੀ ਪੱਤਰ ਅਨੁਸਾਰ ਕਿਸੇ ਨਾ ਟਾਲਣਯੋਗ ਵਾਲੇ ਹਾਲਾਤ ਵਿਚ ਪ੍ਰਬੰਧਕੀ ਵਿਭਾਗ ਨੂੰ ਬਦਲੀਆਂ ਕਰਨ ਦੀ ਲੋੜ ਪੈਂਦੀ ਹੈ ਤਾਂ ਪ੍ਰਸੋਨਲ ਵਿਭਾਗ ਰਾਹੀਂ ਉਸ ਨੂੰ ਮੁੱਖ ਮੰਤਰੀ ਦੀ ਪ੍ਰਵਾਨਗੀ ਲੈਣੀ ਜ਼ਰੂਰੀ ਹੋਵੇਗੀ।

ਪੱਤਰ ਅਨੁਸਾਰ ਪਹਿਲਾਂ ਬਦਲੀਆਂ ਅਤੇ ਤਾਇਨਾਤੀਆਂ ਲਈ 31 ਅਗਸਤ ਤੱਕ ਦਾ ਸਮਾਂ ਰੱਖਿਆ ਗਿਆ ਸੀ ਪਰ ਪ੍ਰਸੋਨਲ ਵਿਭਾਗ ਨੇ ਨੋਟਿਸ ਕੀਤਾ ਕਿ ਪ੍ਰਬੰਧਕੀ ਵਿਭਾਗਾਂ ਵਿਚ ਹਾਲੇ ਵੀ ਬਦਲੀਆਂ ਕੀਤੀਆਂ ਜਾ ਰਹੀਆਂ ਹਨ।

## ਗੁੰਮ ਸਰੂਪਾਂ ਦੇ ਮਾਮਲੇ 'ਤੇ ਅਕਾਲੀ ਦਲ ਦੀ ਚੁੱਪ ਉਤੇ ਉਠੇ ਸਵਾਲ

**ਚੰਡੀਗੜ੍ਹ:** ਗੁਰੂ ਗ੍ਰੰਥ ਸਾਹਿਬ ਦੇ 300 ਤੋਂ ਵਧੇਰੇ ਸਰੂਪਾਂ ਦੇ ਗੁੰਮ ਹੋਣ ਦਾ ਮਾਮਲਾ ਇਸ ਸਮੇਂ ਭਖਿਆ ਹੋਇਆ ਹੈ। ਸਿੱਖ ਜਥੇਬੰਦੀਆਂ ਨੇ ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਉਤੇ ਜ਼ਿੰਮੇਵਾਰੀ ਤੋਂ ਭੱਜਣ ਤੇ ਦੋਸ਼ੀਆਂ ਨੂੰ ਬਚਾਉਣ ਦੇ ਦੋਸ਼ ਲਾ ਕੇ ਸੰਘਰਸ਼ ਵਿੱਢਿਆ ਹੋਇਆ ਹੈ। ਪਰ ਇਸ ਮਾਮਲੇ ਉਤੇ ਸਭ ਤੋਂ ਵੱਡੇ ਸਵਾਲ ਆਪਣੇ ਆਪ ਨੂੰ ਪੰਥਕ ਧਿਰ ਅਖਵਾਉਣ ਵਾਲੇ ਸ਼੍ਰੋਮਣੀ ਅਕਾਲੀ ਦਲ ਬਾਦਲ ਉਠ ਰਹੇ ਹਨ।

ਇਸ ਧਿਰ ਨੇ ਗੰਭੀਰ ਮਸਲੇ ਤੋਂ ਹੁਣ ਤੱਕ ਦੂਰੀ ਹੀ ਬਣਾ ਕੇ ਰੱਖੀ ਹੋਈ ਹੈ। ਅਕਾਲੀ ਦਲ ਦੇ ਅੰਦਰ ਵੀ ਲੀਡਰਸ਼ਿਪ ਵੱਲੋਂ ਅਪਣਾਏ ਵਤੀਰੇ ਉਪਰ ਵੱਡੀ ਪੱਧਰ 'ਤੇ ਹੈਰਾਨਗੀ ਪ੍ਰਗਟਾਈ ਜਾ ਰਹੀ ਹੈ ਤੇ ਇਸ ਤੋਂ ਨਾਖੁਸ਼ ਨਜ਼ਰ ਆ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਦਾ ਤਰਕ ਹੈ ਕਿ ਸ਼੍ਰੋਮਣੀ ਕਮੇਟੀ ਕਾਨੂੰਨ ਹੇਠ ਬਣੀ ਇਕ ਖੁਦਮੁਖਤਿਆਰ ਸੰਸਥਾ ਹੈ। ਉਹ ਆਪਣੇ ਕਾਨੂੰਨ ਤੇ ਵਿਧੀ ਵਿਧਾਨ ਮੁਤਾਬਕ ਕੰਮ ਕਰ ਰਹੀ ਹੈ। ਹਾਲਾਂਕਿ ਸਿੱਖ ਜਥੇਬੰਦੀਆਂ ਸਵਾਲ ਕਰ ਰਹੀਆਂ ਹਨ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਤੋਂ ਲੈ ਕੇ ਹਰ ਮਸਲੇ ਵਿਚ ਬਾਦਲਾਂ ਵਾਲੇ ਅਕਾਲੀ ਦਲ ਦੀ ਦਖਲਅੰਦਾਜ਼ੀ ਹੁੰਦੀ ਹੈ, ਫਿਰ ਐਡੇ ਗੰਭੀਰ ਮਸਲੇ ਤੋਂ ਟਾਲਾ ਵੱਟਣ ਕੁਝ ਹੋਰ ਹੀ ਇਸ਼ਾਰਾ ਕਰਦਾ ਹੈ।



ਇਹ ਗੱਲ ਵੀ ਵੱਡੀ ਗਿਣਤੀ ਸੰਗਤ ਦੇ ਮਨਾਂ 'ਚ ਬੁਰੀ ਤਰ੍ਹਾਂ ਚੁੱਭ ਰਹੀ ਹੈ ਕਿ ਧਰਮ ਦਾ ਰਾਖਾ ਬਣ ਕੇ ਸ਼੍ਰੋਮਣੀ ਕਮੇਟੀ ਦੀ ਸਰਪ੍ਰਸਤੀ ਕਰਦੀ ਆ ਰਹੀ ਅਕਾਲੀ ਲੀਡਰਸ਼ਿਪ ਇਤਿਹਾਸ ਵਿਚ ਪਹਿਲੀ ਵਾਰ ਇਸ ਸੰਕਟ ਨੂੰ ਹੱਲ ਕਰਨ ਤੋਂ ਪੂਰੀ ਤਰ੍ਹਾਂ ਟਾਲਾ ਵੱਟ ਰਹੀ ਹੈ।

ਇਸ ਮਸਲੇ ਉਤੇ ਸ਼੍ਰੋਮਣੀ ਅਕਾਲੀ ਦਲ (ਡੀ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਦਾ ਕਹਿਣਾ ਹੈ ਕਿ ਅਕਾਲੀ ਦਲ ਦੇ ਮੌਜੂਦਾ ਪ੍ਰਧਾਨ ਦਾ ਸ਼੍ਰੋਮਣੀ ਕਮੇਟੀ 'ਚ ਦਖਲ ਇੰਨਾ ਜ਼ਿਆਦਾ ਹੈ ਕਿ ਉਸ ਦੀ ਖੁਦਮੁਖਤਾਰ ਹਸਤੀ ਹੀ ਮਿਟਾ ਦਿੱਤੀ ਗਈ ਹੈ। ਅੱਜ ਸ਼੍ਰੋਮਣੀ ਕਮੇਟੀ 'ਚ ਜੋ ਨਿਘਾਰ ਸਾਹਮਣੇ ਆ ਰਿਹਾ ਹੈ, ਉਹ ਇਸ ਦਖਲ ਦਾ ਹੀ ਸਿੱਟਾ ਹੈ। ਵਿੱਦਿਅਕ ਅਦਾਰਿਆਂ 'ਚ ਬਦਲੀਆਂ, ਤਰੱਕੀਆਂ ਦਾ ਕੰਮ ਕਮੇਟੀ ਪ੍ਰਧਾਨ ਦੀ ਥਾਂ ਅਕਾਲੀ ਦਲ ਦਾ ਪ੍ਰਧਾਨ ਕਰਦਾ ਹੈ। ਹਰ ਰੋਜ਼ ਨਵੇਂ ਤੋਂ ਨਵੇਂ ਘਪਲੇ ਸਾਹਮਣੇ ਆ ਰਹੇ ਹਨ। ਇਸ ਵੇਲੇ ਅਕਾਲੀ ਲੀਡਰਸ਼ਿਪ ਤੇ ਸ਼੍ਰੋਮਣੀ ਕਮੇਟੀ ਅਹੁਦੇਦਾਰ ਸੰਗਤ ਦੀ ਭਰੋਸੇਯੋਗਤਾ ਗੁਆ ਚੁੱਕੇ ਹਨ। ਉਨ੍ਹਾਂ ਕਿਹਾ ਕਿ ਅਸਲ 'ਚ ਹੁਣ ਤੱਕ ਕੀ ਵਾਪਰਦਾ ਰਿਹਾ ਹੈ, ਉਸ ਬਾਰੇ ਸਾਰਾ ਮਾਮਲਾ ਤਾਂ ਖੁੱਲ੍ਹ ਕੇ ਉਸ ਵੇਲੇ ਸਾਹਮਣੇ ਆਵੇਗਾ ਜਦ ਚੋਣਾਂ ਰਾਹੀਂ ਨਵਾਂ ਪ੍ਰਬੰਧ ਕਾਇਮ ਹੋਵੇਗਾ ਹਾਲ ਦੀ ਘੜੀ ਤਾਂ ਜਾਂਚ ਦੇ ਨਾਂ ਉਪਰ ਲਿੱਪਾ-ਪੋਚੀ ਹੀ ਕੀਤੀ ਜਾ ਰਹੀ ਹੈ।

### ਸਰੂਪ ਨਾ ਗਾਇਬ ਹੋਏ, ਨਾ ਬੇਅਦਬੀ ਹੋਈ: ਲੌਂਗੋਵਾਲ

ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਜ਼ਿਲ੍ਹੇ ਦੇ ਸੀਨੀਅਰ ਅਕਾਲੀ ਆਗੂਆਂ ਦੀ ਮੌਜੂਦਗੀ ਵਿਚ ਪ੍ਰੈੱਸ ਕਾਨਫਰੰਸ ਕੀਤੀ ਜਿਸ ਵਿਚ ਦੱਸਿਆ ਗਿਆ ਕਿ ਸ੍ਰੀ ਅਕਾਲ ਤਖਤ ਵੱਲੋਂ ਕਰਵਾਈ ਗਈ ਜਾਂਚ ਤੋਂ ਸਪਸ਼ਟ ਹੋ ਚੁੱਕਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਨਾ ਹੀ ਕਿਧਰੇ ਗਾਇਬ ਹੋਏ ਹਨ ਅਤੇ ਨਾ ਹੀ ਪਾਵਨ ਸਰੂਪਾਂ ਦੀ ਕੋਈ ਬੇਅਦਬੀ ਹੋਈ ਹੈ। ਉਨ੍ਹਾਂ ਦੱਸਿਆ ਕਿ ਅਕਾਲੀ ਦਲ ਡੈਮੋਕ੍ਰੈਟਿਕ ਵੱਲੋਂ ਇਸ ਮਾਮਲੇ 'ਤੇ ਸੌੜੀ ਰਾਜਨੀਤੀ ਕੀਤੀ ਜਾ ਰਹੀ ਹੈ।

**Punjab Times**
**Established in 2000**
**21st Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਦਿੱਲੀ ਦੰਗਿਆਂ ਬਾਰੇ ਪੁਲਿਸ ਕਾਰਵਾਈ ਉਤੇ ਉਠੇ ਸਵਾਲ

*(ਸਫਾ ਇਕ ਦੀ ਬਾਕੀ)*

ਸਮਾਜਿਕ ਕਾਰਕੁਨਾਂ ਨੇ ਉਮਰ ਖਾਲਿਦ ਦੀ ਗ੍ਰਿਫਤਾਰੀ ਦੀ ਨਿਖੇਧੀ ਕਰਦਿਆਂ ਉਸ ਨੂੰ ਦੇਸ਼ ਦੀਆਂ ਉਨ੍ਹਾਂ ਸਾਹਸੀ ਨੌਜਵਾਨ ਆਵਾਜ਼ਾਂ ਵਿਚੋਂ ਇਕ ਦੱਸਿਆ ਹੈ ਜਿਹੜੀਆਂ ਦੇਸ਼ ਦੀਆਂ ਸੰਵਿਧਾਨਕ ਕਦਰਾਂ-ਕੀਮਤਾਂ ਨੂੰ ਕਾਇਮ ਰੱਖਣ ਲਈ ਬੁਲੰਦ ਹੋ ਰਹੀਆਂ ਹਨ। ਪੰਜਾਬ ਦੇ ਸਾਬਕਾ ਡਾਇਰੈਕਟਰ ਜਨਰਲ ਆਫ ਪੁਲਿਸ ਜੂਲੀਓ ਰਿਬੇਰੋ ਨੇ ਦਿੱਲੀ ਪੁਲਿਸ ਦੇ ਕਮਿਸ਼ਨਰ ਨੂੰ ਲਿਖੀ ਚਿੱਠੀ ਵਿਚ ਇਹ ਖਦਸ਼ਾ ਪ੍ਰਗਟਾਇਆ ਹੈ ਕਿ ਦਿੱਲੀ ਦੰਗਿਆਂ ਬਾਰੇ ਪੁਲਿਸ ਦੁਆਰਾ ਰਜਿਸਟਰ ਕੀਤੇ ਗਏ 753 ਕੇਸਾਂ ਵਿਚ ਹੋ ਰਹੀ ਤਫਤੀਸ਼ ਸ਼ਾਂਤਮਈ ਢੰਗ ਨਾਲ ਅੰਦੋਲਨ ਕਰਨ ਵਾਲਿਆਂ ਵਿਰੁੱਧ ਕੀਤੀ ਜਾ ਰਹੀ ਹੈ ਅਤੇ ਇਹ ਵਿਤਕਰਾ ਇਕ ਘੱਟਗਿਣਤੀ ਫਿਰਕੇ ਵਿਰੁੱਧ ਘਿਰਣਾ ਤੋਂ ਪੈਦਾ ਹੋਇਆ ਹੈ। ਰਿਬੇਰੋ ਨੇ ਇਹ ਸਵਾਲ ਵੀ ਉਠਾਇਆ ਹੈ ਕਿ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਕਪਿਲ ਮਿਸ਼ਰਾ, ਅਨੁਰਾਗ ਠਾਕੁਰ ਅਤੇ ਪਰਵੇਸ਼ ਵਰਮਾ ਵਿਰੁੱਧ ਕੇਸ ਕਿਉਂ ਨਹੀਂ ਦਰਜ ਕੀਤੇ ਗਏ। ਅਨੁਰਾਗ ਠਾਕੁਰ ਅਤੇ ਪਰਵੇਸ਼ ਵਰਮਾ ਨੇ ਦਿੱਲੀ ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਨਫਰਤ ਫੈਲਾਉਣ ਵਾਲੇ ਭਾਸ਼ਨ ਦਿੱਤੇ ਸਨ ਜਿਨ੍ਹਾਂ ਵਿਚ 'ਦੇਸ਼ ਕੇ ਗੱਦਾਰੋਂ ਕੋ, ਗੋਲੀ ਮਾਰੋ ਸਾਰੋਂ ਕੋ' ਜਿਹੇ ਨਾਅਰੇ ਵੀ ਲਗਾਏ ਗਏ ਸਨ। ਰਿਬੇਰੋ ਨੇ ਹਰਸ਼ ਮੰਦਰ ਅਤੇ ਅਪੂਰਵਾਨੰਦ ਨੂੰ ਦੇਸ਼ ਭਗਤ ਦੱਸਦਿਆਂ ਅਜਿਹੇ ਵਿਅਕਤੀਆਂ ਨੂੰ ਦੰਗਿਆਂ ਬਾਬਤ ਦਰਜ ਕੀਤੇ ਕੇਸਾਂ ਵਿਚ ਘਸੀਟਣ ਨੂੰ ਚਿੰਤਾਜਨਕ ਦੱਸਿਆ ਹੈ।

ਦਿੱਲੀ ਦੰਗਿਆਂ ਬਾਰੇ ਪੁਲਿਸ ਨੇ 1500 ਤੋਂ ਜ਼ਿਆਦਾ ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ ਜਿਨ੍ਹਾਂ ਵਿਚੋਂ 1150 ਤੋਂ ਵੱਧ ਨੂੰ ਚਾਰਜਸ਼ੀਟ ਕੀਤਾ ਗਿਆ ਹੈ। ਗ੍ਰਿਫਤਾਰ ਕੀਤੇ ਜਾਣ ਵਾਲਿਆਂ ਵਿਚ ਦਿੱਲੀ, ਜਾਮੀਆ ਮਿਲੀਆ ਇਸਲਾਮੀਆ ਅਤੇ ਜਵਾਹਰਲਾਲ ਨਹਿਰੂ ਯੂਨੀਵਰਸਿਟੀਆਂ ਦੀਆਂ ਵਿਦਿਆਰਥਣਾਂ ਵੀ ਸ਼ਾਮਲ ਹਨ। ਦਿੱਲੀ ਪੁਲਿਸ ਫਾਈਲ ਕੀਤੀਆਂ ਗਈਆਂ ਚਾਰਜਸ਼ੀਟਾਂ ਵਿਚ ਅਜਿਹਾ ਬਿਰਤਾਂਤ ਬੁਣਨ ਦਾ ਯਤਨ ਕਰ ਰਹੀ ਹੈ ਜਿਸ ਵਿਚ ਇਹ ਦਰਸਾਇਆ ਜਾ ਰਿਹਾ ਹੈ ਕਿ ਸ਼ਾਹੀਨ ਬਾਗ ਅਤੇ ਹੋਰ ਥਾਵਾਂ ਉਤੇ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਹੋਏ ਅੰਦੋਲਨਾਂ ਨੇ ਦਿੱਲੀ ਵਿਚ ਦੰਗਿਆਂ ਲਈ ਆਧਾਰ ਤਿਆਰ ਕੀਤਾ ਹੈ।

# ਨਿਹੰਗ ਸਿੰਘਾਂ ਤੇ ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਵਿਚਾਲੇ ਝੜਪ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਦੇ ਬਾਹਰ ਧਰਨਾ ਦੇ ਰਹੇ ਸਿੱਖਾਂ ਦੇ ਹੱਕ ਵਿਚ ਆਏ ਕੁਝ ਨਿਹੰਗ ਸਿੰਘਾਂ ਅਤੇ ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਵਿਚਾਲੇ ਤਕਰਾਰ ਤੋਂ ਬਾਅਦ ਹੋਏ ਝਗੜੇ ਵਿਚ ਕੁਝ ਨਿਹੰਗ ਸਿੰਘ ਜਖਮੀ ਹੋ ਗਏ ਹਨ, ਜਿਨ੍ਹਾਂ ਦੀਆਂ ਦਸਤਾਰਾਂ ਵੀ ਉਤਰ ਗਈਆਂ।

ਇਸ ਦੌਰਾਨ ਟਾਸਕ ਫੋਰਸ ਦੇ ਕਰਮਚਾਰੀਆਂ ਵਲੋਂ ਮੀਡੀਆ ਕਰਮੀਆਂ ਨਾਲ ਵੀ ਦੁਰਵਿਹਾਰ ਕੀਤਾ ਗਿਆ ਹੈ। ਧਰਨਾਕਾਰੀਆਂ ਵਲੋਂ ਜਾਰੀ ਧਰਨਾ ਜਾਰੀ ਰਿਹਾ। ਸ਼੍ਰੋਮਣੀ ਕਮੇਟੀ ਨੇ ਤਿੰਨ ਪਾਸੇ ਉੱਚੀਆਂ ਟੀਨਾਂ (ਬੈਰੀਕੇਡ) ਲਾ ਕੇ ਧਰਨਾ ਦੇ ਰਹੇ ਸਿੱਖ ਕਾਰਕੁਨਾਂ ਨੂੰ ਵੀ ਅਲੱਗ-ਥਲੱਗ ਕਰ ਦਿੱਤਾ ਹੈ। ਲਾਪਤਾ ਸਰੂਪਾਂ ਦੀ ਜਾਂਚ ਰਿਪੋਰਟ ਵਿਚ ਦੱਸੇ ਗਏ ਦੋਸ਼ੀਆਂ ਖਿਲਾਫ ਪੁਲਿਸ ਕੇਸ ਦਰਜ ਕਰਾਉਣ ਲਈ ਸਤਿਕਾਰ ਕਮੇਟੀਆਂ ਅਤੇ ਹੋਰ ਸਿੱਖ ਜਥੇਬੰਦੀਆਂ ਦੇ ਕਾਰਕੁਨ ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਦੇ ਬਾਹਰ ਧਰਨੇ ਉਤੇ ਬੈਠੇ ਹੋਏ ਹਨ। ਰਾਤ ਵੇਲੇ ਜਦੋਂ ਧਰਨਾਕਾਰੀ ਘੱਟ ਗਿਣਤੀ ਵਿਚ ਰਹਿ ਗਏ ਸਨ ਤਾਂ ਸ਼੍ਰੋਮਣੀ ਕਮੇਟੀ ਨੇ ਗੁਰੂ ਰਾਮਦਾਸ ਨਿਵਾਸ, ਗੁਰਦੁਆਰਾ ਬਾਬਾ ਅਟਲ ਰਾਏ ਅਤੇ ਮੰਜੀ ਸਾਹਿਬ ਦੀਵਾਨ ਹਾਲ ਦੇ ਅੱਗੇ 10 ਫੁੱਟ ਉੱਚੀਆਂ ਟੀਨਾਂ ਲਾ ਕੇ ਇਧਰ ਆਉਣ ਵਾਲੇ ਰਸਤੇ ਰੋਕ ਦਿੱਤੇ ਹਨ, ਜਿਸ ਨਾਲ ਧਰਨਾਕਾਰੀ ਅਲੱਗ ਥਲਗ ਹੋ ਕੇ ਰਹਿ ਗਏ ਹਨ। ਸਵੇਰ ਵੇਲੇ ਜਦੋਂ ਧਰਨਾਕਾਰੀਆਂ ਦੇ ਸਮਰਥਨ ਵਿਚ ਕੁਝ ਨਿਹੰਗ ਸਿੰਘ ਪੁੱਜੇ ਤਾਂ ਉਨ੍ਹਾਂ ਨੇ ਰਸਤਾ ਬੰਦ ਦੇਖ ਕੇ ਸ੍ਰੀ ਗੁਰੂ ਰਾਮਦਾਸ ਸਰਾਂ ਦੇ ਸਾਹਮਣੇ ਧਰਨੇ ਉਤੇ ਬੈਠ ਗਏ। ਇਨ੍ਹਾਂ ਨੇ ਇਥੇ ਹੀ ਕੁਝ ਬੈਨਰ ਵੀ ਲਾਏ, ਜਿਨ੍ਹਾਂ 'ਤੇ ਲਿਖਿਆ ਹੋਇਆ ਸੀ 'ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰੋ ਸ਼ਰਮ ਕਰੋ'। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਪ੍ਰਤਾਪ ਸਿੰਘ ਦੀ ਅਗਵਾਈ ਹੇਠ ਆਈ ਟਾਸਕ ਫੋਰਸ ਦੇ ਕਰਮਚਾਰੀਆਂ ਨੇ ਪਹਿਲਾਂ ਇਹ ਬੈਨਰ ਇਥੋਂ ਹਟਾਏ, ਜਿਸ ਨਾਲ ਨਿਹੰਗਾਂ ਅਤੇ ਇਨ੍ਹਾਂ ਵਿਚਾਲੇ ਤਕਰਾਰ ਸ਼ੁਰੂ ਹੋ ਗਈ। ਇਹ ਤਕਰਾਰ ਝਗੜੇ ਵਿਚ ਬਦਲ ਗਈ। ਇਕ ਨਿਹੰਗ ਨੇ ਕਿਰਪਾਨ ਖਿੱਚ ਲਈ ਅਤੇ ਹਮਲਾ ਕੀਤਾ, ਜਿਸ ਨੂੰ ਰੋਕਦਿਆਂ ਸ਼੍ਰੋਮਣੀ ਕਮੇਟੀ ਦੇ ਕਰਮਚਾਰੀਆਂ ਨੇ ਉਸ ਨਿਹੰਗ ਸਮੇਤ ਹੋਰਨਾਂ ਦੀ ਮਾਰਕੁੱਟ ਕੀਤੀ ਅਤੇ ਕਈਆਂ ਦੀ ਦਸਤਾਰ ਵੀ ਉਤਰ ਗਈ। ਇਸ ਕਾਰਵਾਈ ਵਿਚ ਕੁਝ ਨਿਹੰਗ ਜ਼ਖਮੀ ਵੀ ਹੋਏ ਅਤੇ ਟਾਸਕ ਫੋਰਸ ਨੇ ਇਨ੍ਹਾਂ ਨੂੰ ਭਜਾ ਦਿੱਤਾ। ਇਸ ਦੌਰਾਨ ਘਟਨਾ ਦੀ ਕਵਰੇਜ ਕਰ ਰਹੇ ਮੀਡੀਆ ਕਰਮੀਆਂ ਨੂੰ ਰੋਕਣ ਲਈ ਉਨ੍ਹਾਂ ਦੀ ਵੀ ਖਿੱਚ-ਧੂਹ ਕੀਤੀ ਗਈ ਅਤੇ ਕੈਮਰੇ ਖੋਹਣ ਦਾ ਵੀ ਯਤਨ ਕੀਤਾ।

# ਜੰਗਲ ਦੀ ਅੱਗ ਕਾਰਨ 6.7 ਮਿਲੀਅਨ ਏਕੜ ਸੜੀ

*(ਸਫਾ ਇਕ ਦੀ ਬਾਕੀ)*

ਸਟੇਟ ਵਿਚ ਕਈ ਪਿੰਡ ਪੂਰੇ ਦੇ ਪੂਰੇ ਸੜ ਗਏ ਹਨ। ਇਸ ਸਟੇਟ ਵਿਚ ਇੱਕ ਗੋਰੇ ਸ਼ਖਸ ਮਾਈਕਲ ਜਿਰਾਰਡ ਬਕੇਲਾ (41) ਨੂੰ ਪੁਲਿਸ ਨੇ ਜੰਗਲੀ ਅੱਗ ਲਾਉਣ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਹੈ। ਇਹ ਕਥਿਤ ਦੋਸ਼ੀ ਡਰੱਗ ਵੇਚਣ ਦੇ ਮਾਮਲੇ ਵਿਚ ਜ਼ਮਾਨਤ 'ਤੇ ਸੀ। ਇਸ ਦੇ ਨਾਲ ਹੀ ਪੁਲਿਸ ਅੱਗ ਲੱਗਣ ਦੀਆਂ ਘਟਨਾਵਾਂ ਦੀ ਕਈ ਹੋਰ ਪਹਿਲੂਆਂ ਬਾਰੇ ਵੀ ਬਾਰੀਕੀ ਨਾਲ ਜਾਂਚ ਕਰ ਰਹੀ ਹੈ। ਬਹੁਤ ਸਾਰੀਆਂ ਸਟੇਟਾਂ ਵਿਚ ਸਟੇਟ ਆਫ ਐਮਰਜੈਂਸੀ ਐਲਾਨੀ ਜਾ ਚੁਕੀ ਹੈ।

ਇਨ੍ਹਾਂ ਅੱਗਾਂ ਦੇ ਧੂੰਏਂ ਦਾ ਗੁਬਾਰ ਕੈਲੀਫੋਰਨੀਆ, ਓਰੇਗਾਨ, ਵਾਸ਼ਿੰਗਟਨ ਤੋਂ ਬਾਅਦ ਕੈਨੇਡਾ ਵਿਚ ਬ੍ਰਿਟਿਸ਼ ਕੋਲੰਬੀਆ (ਬੀ. ਸੀ.) ਇਲਾਕੇ ਤੱਕ ਪਹੁੰਚ ਗਿਆ ਹੈ। ਇਸ ਧੂੰਏਂ ਕਾਰਨ ਬਹੁਤ ਵੱਡੀ ਗਿਣਤੀ ਵਿਚ ਲੋਕ ਸਾਹ ਲੈਣ ਦੀ ਤਕਲੀਫ ਤੋਂ ਪੀੜਤ ਹਨ ਅਤੇ ਲੋਕ ਆਪੋ-ਆਪਣੇ ਤਰੀਕੇ ਨਾਲ ਪੀੜਤ ਲੋਕਾਂ ਲਈ ਫੰਡ ਇਕੱਤਰ ਕਰ ਕੇ ਦੁਖੀ ਲੋਕਾਂ ਦੀ ਮਦਦ ਲਈ ਅੱਗੇ ਆ ਰਹੇ ਹਨ। ਫਰਿਜ਼ਨੋ ਦੇ ਗੁਰਦੁਆਰਾ ਸਿੰਘ ਸਭਾ ਵਿਚ ਸਿੱਖ ਸੰਗਤ ਫਾਇਰ ਫਾਈਟਰਜ਼ ਲਈ ਫੰਡ ਅਤੇ ਲੋੜੀਂਦਾ ਸਮਾਨ ਇਕੱਤਰ ਕਰ ਰਹੀ ਹੈ। ਇਸ ਸਮੇਂ ਹਰ ਕੋਈ ਫਾਇਰ ਕਰਮੀਆਂ ਦੇ ਕੰਮ ਦੀ ਸ਼ਲਾਘਾ ਕਰ ਰਿਹਾ ਹੈ।

# ਲੋਕ ਰੋਹ ਨੇ ਸਿਆਸੀ ਧਿਰਾਂ ਦੀ ਅਕਲ ਟਿਕਾਣੇ ਲਿਆਂਦੀ

*(ਸਫਾ ਇਕ ਦੀ ਬਾਕੀ)*

ਹੱਕ ਵਿਚ ਵੋਟ ਪਾਉਣ ਵਾਲਿਆਂ ਨੂੰ ਪਿੰਡਾਂ ਅੰਦਰ ਵੜਨ ਨਹੀਂ ਦਿੱਤਾ ਜਾਵੇਗਾ।

ਅਕਾਲੀ ਦਲ ਕੋਲ ਦੋ ਹੀ ਰਾਹ ਬਚੇ ਸਨ- ਜਾਂ ਤਾਂ ਉਹ ਭਾਈਵਾਲੀ ਪੁਗਾਉਂਦਾ, ਜਾਂ ਪੰਜਾਬ ਦੇ ਹੱਕਾਂ ਲਈ ਖੜ੍ਹਦਾ। ਅਸਲ ਵਿਚ ਭਾਵੇਂ ਹੁਣ ਇਹ ਤੈਅ ਹੋ ਚੁੱਕਿਆ ਹੈ ਕਿ ਕੇਂਦਰ ਸਰਕਾਰ ਦੇ ਇਹ ਆਰਡੀਨੈਂਸ ਕਿਸਾਨ ਮਾਰੂ ਹਨ ਪਰ ਪੰਜਾਬ ਦੀਆਂ ਸਿਆਸੀ ਧਿਰਾਂ (ਕਾਂਗਰਸ-ਅਕਾਲੀ) ਦਾ ਸਟੈਂਡ ਸ਼ੁਰੂ ਤੋਂ ਹੀ ਭੰਬਲਭੂਸੇ ਵਾਲਾ ਰਿਹਾ ਹੈ। ਕੇਂਦਰ ਸਰਕਾਰ ਦਾ ਦਾਅਵਾ ਹੈ ਕਿ ਇਨ੍ਹਾਂ ਆਰਡੀਨੈਂਸ ਸਬੰਧੀ ਮੁੱਖ ਮੰਤਰੀਆਂ ਦੀ ਕਮੇਟੀ 'ਚ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸ਼ਾਮਲ ਸੀ ਅਤੇ ਉਨ੍ਹਾਂ ਖੁਦ ਹੀ ਆਰਡੀਨੈਂਸ ਬਣਾਉਣ 'ਤੇ ਆਪਣੀ ਸਹਿਮਤੀ ਦਿੱਤੀ; ਹਾਲਾਂਕਿ ਲੋਕ ਸਭਾ ਵਿਚ ਕੇਂਦਰੀ ਰਾਜ ਮੰਤਰੀ ਰਾਓ ਸਾਹਿਬ ਪਾਟਿਲ ਦਾ ਇਹ ਬਿਆਨ ਕੈਪਟਨ ਨੂੰ ਕਾਫੀ ਚੁੱਭਿਆ।

ਦਰਅਸਲ, ਪੰਜਾਬ ਵਿਚ ਤਕਰੀਬਨ ਡੇਢ ਸਾਲ ਬਾਅਦ ਵਿਧਾਨ ਸਭਾ ਚੋਣਾਂ ਹਨ ਅਤੇ ਪੰਜਾਬ ਦੀਆਂ ਸਿਆਸੀ ਧਿਰਾਂ ਕਿਸਾਨ ਵੋਟ ਬੈਂਕ ਦੀ ਤਾਕਤ ਨੂੰ ਚੰਗੀ ਤਰ੍ਹਾਂ ਸਮਝਦੀਆਂ ਹਨ। ਅਸਲ ਵਿਚ ਕੇਂਦਰ ਸਰਕਾਰ ਵਲੋਂ ਪਿਛਲੇ ਕੁਝ ਸਮੇਂ ਵਿਚ ਕੀਤੇ ਫੈਸਲੇ ਪੰਜਾਬ ਦੀ ਸਿਆਸਤ ਨੂੰ ਪ੍ਰਭਾਵਿਤ ਕਰਨ ਵਾਲੇ ਹਨ। ਵਾਤਾਵਰਨ ਸਬੰਧੀ ਨੋਟੀਫਿਕੇਸ਼ਨ, ਨਾਗਰਿਕ ਸੋਧ ਬਿਲ, ਗੈਰ ਕਾਨੂੰਨੀ ਸਰਗਰਮੀਆਂ ਰੋਕੂ (ਸੋਧ) ਕਾਨੂੰਨ 2019, ਲੇਬਰ ਕਾਨੂੰਨਾਂ ਵਿਚ ਤਬਦੀਲੀ, ਬਿਜਲੀ (ਸੋਧ) ਬਿਲ 2020 ਸਮੇਤ ਹੋਰ ਬਹੁਤ ਸਾਰੇ ਅਜਿਹੇ ਕਾਨੂੰਨ ਹਨ ਜਿਨ੍ਹਾਂ 'ਤੇ ਫੈਡਰਲਿਜ਼ਮ ਬਨਾਮ ਕੇਂਦਰੀਕਰਨ ਦੀ ਲੜਾਈ ਦਾ ਆਧਾਰ ਤਿਆਰ ਹੁੰਦਾ ਹੈ। ਅਕਾਲੀ ਦਲ ਹੁਣ ਤੱਕ ਨਾਗਰਿਕ ਸੋਧ ਬਿਲ ਸਣੇ ਕਈ ਵਿਵਾਦਤ ਫੈਸਲਿਆਂ ਵਿਚ ਕੇਂਦਰ ਸਰਕਾਰ ਦੀ ਹਾਂ ਵਿਚ ਹਾਂ ਮਿਲਾਉਂਦਾ ਆਇਆ ਹੈ ਪਰ ਪਿਛਲੇ ਦਿਨੀਂ ਕੇਂਦਰ ਵਲੋਂ ਜੰਮੂ ਕਸ਼ਮੀਰ ਵਿਚੋਂ ਪੰਜਾਬੀ ਭਾਸ਼ਾ ਨੂੰ ਮਨਫੀ ਕਰਨ ਪਿੱਛੋਂ ਅਕਾਲੀ ਦਲ ਨੇ ਭਾਈਵਾਲਾਂ ਦੇ ਫੈਸਲਿਆਂ ਤੋਂ ਦੂਰੀ ਬਣਾਉਣ ਵਿਚ ਹੀ ਭਲਾਈ ਸਮਝੀ।

ਅਸਲ ਵਿਚ ਕੇਂਦਰ ਸਰਕਾਰ ਨੇ ਕਰੋਨਾ ਕਾਰਨ ਲੱਗੀਆਂ ਸਖਤ ਪਾਬੰਦੀਆਂ ਦੀ ਓਟ ਲੈਂਦਿਆਂ 5 ਜੂਨ ਨੂੰ ਖੇਤੀਬਾੜੀ ਨਾਲ ਸਬੰਧਤ ਤਿੰਨ ਆਰਡੀਨੈਂਸ ਲਾਗੂ ਕੀਤੇ ਗਏ ਸਨ। ਉਸ ਸਮੇਂ ਤੋਂ ਹੀ ਦੇਸ਼ ਭਰ ਵਿਚ ਇਨ੍ਹਾਂ ਦੀ ਚਰਚਾ ਵੀ ਹੁੰਦੀ ਰਹੀ ਹੈ ਅਤੇ ਬਹੁਤ ਸਾਰੀਆਂ ਕਿਸਾਨ ਜਥੇਬੰਦੀਆਂ ਵਲੋਂ ਇਨ੍ਹਾਂ ਦੀ ਆਲੋਚਨਾ ਵੀ ਹੁੰਦੀ ਰਹੀ ਹੈ। ਇਨ੍ਹਾਂ ਆਰਡੀਨੈਂਸਾਂ ਵਿਚ ਮੁੱਖ ਤੌਰ 'ਤੇ ਜਿਹੜੀ ਗੱਲ ਉਭਰ ਕੇ ਸਾਹਮਣੇ ਆਈ ਹੈ, ਉਹ ਚੱਲ ਰਹੇ ਮੰਡੀ ਪ੍ਰਬੰਧ ਵਿਚ ਵੱਡੀਆਂ ਤਬਦੀਲੀਆਂ ਦਾ ਸੰਕੇਤ ਦਿੰਦੀ ਹੈ। ਪੰਜਾਬ, ਹਰਿਆਣਾ ਅਤੇ ਉਤਰ ਪ੍ਰਦੇਸ਼ ਦੇ ਕੁਝ ਹਿੱਸਿਆਂ ਵਿਚ ਪਿਛਲੇ ਕਈ ਦਹਾਕਿਆਂ ਤੋਂ ਕਣਕ ਅਤੇ ਝੋਨੇ ਦੀ ਵਿਕਰੀ ਇਨ੍ਹਾਂ ਮੰਡੀਆਂ ਵਿਚ ਹੁੰਦੀ ਰਹੀ ਹੈ। ਹਰ ਫਸਲ ਤੋਂ ਪਹਿਲਾਂ ਕੇਂਦਰ ਸਰਕਾਰ ਹੋਰ ਖੇਤੀ ਉਪਜਾਂ ਦੇ ਨਾਲ-ਨਾਲ ਇਨ੍ਹਾਂ ਦੋਵਾਂ ਫਸਲਾਂ ਦਾ ਘੱਟੋ-ਘੱਟ ਮੁੱਲ ਨਿਸ਼ਚਿਤ ਕਰਨ ਦਾ ਐਲਾਨ ਕਰਦੀ ਰਹੀ ਹੈ। ਕੇਂਦਰੀ ਏਜੰਸੀ ਫੂਡ ਕਾਰਪੋਰੇਸ਼ਨ ਆਫ ਇੰਡੀਆ ਐਲਾਨੇ ਮੁੱਲ ਦੇ ਆਧਾਰ 'ਤੇ ਪ੍ਰਾਂਤਾਂ ਦੀਆਂ ਏਜੰਸੀਆਂ ਦੇ ਨਾਲ ਮਿਲ ਕੇ ਸਥਾਪਤ ਮੰਡੀਆਂ 'ਚੋਂ ਇਹ ਫਸਲਾਂ ਚੁੱਕਦੀ ਰਹੀ ਹੈ। ਨਵੇਂ ਆਰਡੀਨੈਂਸਾਂ ਅਨੁਸਾਰ ਇਨ੍ਹਾਂ ਸਥਾਪਤ ਮੰਡੀਆਂ ਤੋਂ ਬਾਹਰ ਵੀ ਕਿਸਾਨ ਵਪਾਰੀਆਂ ਜਾਂ ਹੋਰ ਖਰੀਦਦਾਰਾਂ ਕੋਲ ਆਪਣੀਆਂ ਜਿਣਸਾਂ ਵੇਚ ਸਕੇਗਾ। ਉਹ ਇਨ੍ਹਾਂ ਨਿੱਜੀ ਅਦਾਰਿਆਂ ਨਾਲ ਫਸਲਾਂ ਤੋਂ ਪਹਿਲਾਂ ਹੀ ਸਮਝੌਤੇ ਵੀ ਕਰ ਸਕੇਗਾ ਅਤੇ ਫਸਲ ਨੂੰ ਚੁੱਕਣ ਅਤੇ ਸੰਭਾਲਣ ਅਤੇ ਅੱਗੇ ਭੇਜਣ ਦੀ ਜ਼ਿੰਮੇਵਾਰੀ ਇਨ੍ਹਾਂ ਨਿੱਜੀ ਅਦਾਰਿਆਂ ਦੀ ਹੋਵੇਗੀ। ਇਸ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਨਵੇਂ ਪ੍ਰਬੰਧ ਨਾਲ ਮੰਡੀਆਂ ਦਾ ਸਥਾਪਤ ਢਾਂਚਾ ਉਖੜ ਜਾਵੇਗਾ। ਚਾਹੇ ਸਰਕਾਰ ਵਲੋਂ ਘੱਟੋ-ਘੱਟ ਖਰੀਦ ਕੀਮਤ ਦੇ ਭਾਅ ਨਿਸ਼ਚਿਤ ਕਰ ਕੇ ਉਨ੍ਹਾਂ ਦਾ ਐਲਾਨ ਕਰ ਦਿੱਤਾ ਜਾਏਗਾ ਪਰ ਫਸਲ ਨੂੰ ਖਰੀਦਣ ਦੀ ਜ਼ਿੰਮੇਵਾਰੀ ਸਰਕਾਰ ਦੀ ਨਹੀਂ ਹੋਵੇਗੀ। ਉਹ ਆਪਣੀ ਲੋੜ ਅਤੇ ਮਰਜ਼ੀ ਮੁਤਾਬਕ ਹੀ ਇਸ ਦੀ ਖਰੀਦ ਕਰੇਗੀ।

ਇਸ ਨਾਲ ਜਿਥੇ ਪ੍ਰਾਂਤਕ ਸਰਕਾਰਾਂ ਨੂੰ ਮੰਡੀਆਂ ਤੋਂ ਹੁੰਦੀ ਆਮਦਨ ਬੰਦ ਹੋ ਜਾਵੇਗੀ, ਉਥੇ ਮੰਡੀਆਂ ਦੇ ਵੱਡੀ ਗਿਣਤੀ ਵਿਚ ਕਾਮਿਆਂ ਅਤੇ ਆੜ੍ਹਤੀਆਂ ਦਾ ਨਿਸ਼ਚਿਤ ਪ੍ਰਬੰਧ ਵੀ ਅਨਿਸ਼ਚਿਤ ਹੋ ਜਾਵੇਗਾ। ਸਭ ਤੋਂ ਵੱਡੀ ਗੱਲ ਇਹ ਹੈ ਕਿ ਛੋਟੇ ਕਿਸਾਨ ਕਿਸੇ ਨਿਸ਼ਚਿਤ ਮੰਡੀ ਦੀ ਅਣਹੋਂਦ ਕਰ ਕੇ ਆਪਣੀ ਫਸਲ ਨੂੰ ਵੇਚਣ ਨੂੰ ਲੈ ਕੇ ਵੱਡੇ ਭੰਬਲਭੂਸੇ ਵਿਚ ਪੈ ਜਾਣਗੇ। ਉਨ੍ਹਾਂ ਦੀ ਸੀਮਤ ਜਿਹੀ ਬੱਝਵੀਂ ਆਮਦਨ ਵੀ ਅਨਿਸ਼ਚਿਤ ਹੋ ਜਾਵੇਗੀ। ਇਸ ਪ੍ਰਬੰਧ ਨਾਲ ਜੁੜੇ ਟਰਾਂਸਪੋਰਟਰਾਂ ਸਮੇਤ ਲੱਖਾਂ ਲੋਕਾਂ ਦੇ ਇਕ ਵਾਰ ਤਾਂ ਬੇਰੁਜ਼ਗਾਰ ਹੋਣ ਦਾ ਖਤਰਾ ਬਣ ਜਾਵੇਗਾ। ਸਰਕਾਰ ਵਲੋਂ ਕੀਤੇ ਨਿਸ਼ਚਿਤ ਮੁੱਲ ਦਾ ਅਮਲ ਵੀ ਪੂਰੀ ਤਰ੍ਹਾਂ ਢਿੱਲਾ ਪੈ ਜਾਵੇਗਾ। ਮੁੱਕਦੀ ਗੱਲ ਇਹ ਹੈ ਕਿ ਤਿੰਨੇ ਆਰਡੀਨੈਂਸ ਕਿਸਾਨੀ ਨੂੰ ਬਰਬਾਦੀ ਦੇ ਰਾਹ ਤੋਰ ਸਕਦੇ ਹਨ ਤੇ ਪੰਜਾਬ ਦੀਆਂ ਸਿਆਸੀ ਧਿਰਾਂ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਦੀਆਂ ਹਨ। ਪੰਜਾਬ ਦੀਆਂ ਧਿਰਾਂ ਖਾਸ ਕਰ ਕੇ ਅਕਾਲੀ ਦਲ ਤੇ ਕਾਂਗਰਸ ਭਾਵੇਂ ਅਣਸਰਦੀ ਨੂੰ ਕਿਸਾਨਾਂ ਦੇ ਹੱਕ ਵਿਚ ਖੜ੍ਹੀਆਂ ਹਨ ਪਰ ਸਿਆਸੀ ਧਿਰਾਂ ਦੇ ਸਾਥ ਨਾਲ ਕਿਸਾਨਾਂ ਜਥੇਬੰਦੀਆਂ ਦੇ ਹੌਸਲੇ ਹੋਰ ਬੁਲੰਦ ਹੋਏ ਹਨ ਤੇ ਆਉਣ ਵਾਲ ਦਿਨਾਂ ਵਿਚ ਮੋਦੀ ਸਰਕਾਰ ਖਿਲਾਫ ਹੋਰ ਹੋਰ ਤਿੱਖਾ ਹੋ ਸਕਦਾ ਹੈ।

# ਅਮਰੀਕੀ ਪ੍ਰਤੀਨਿਧੀ ਸਭਾ ਵਲੋਂ ਮਰਹੂਮ ਸਿੱਖ ਪੁਲਿਸ ਅਧਿਕਾਰੀ ਦੇ ਸਨਮਾਨ 'ਚ ਬਿੱਲ ਪਾਸ

**ਵਾਸ਼ਿੰਗਟਨ:** ਅਮਰੀਕੀ ਪ੍ਰਤੀਨਿਧ ਸਭਾ ਨੇ ਹਿਊਸਟਨ ਵਿਚਲੇ ਡਾਕਘਰ ਦਾ ਨਾਮ ਭਾਰਤੀ-ਅਮਰੀਕੀ ਪੁਲਿਸ ਅਧਿਕਾਰੀ ਸਨਦੀਪ ਸਿੰਘ ਧਾਲੀਵਾਲ ਦੇ ਨਾਮ ਉਤੇ ਰੱਖਣ ਲਈ ਬਿੱਲ ਪਾਸ ਕਰ ਦਿੱਤਾ ਹੈ। ਧਾਲੀਵਾਲ ਨੂੰ ਸਾਲ ਪਹਿਲਾਂ ਡਿਊਟੀ ਵੇਲੇ ਗੋਲੀ ਮਾਰ ਕੇ ਮਾਰ ਦਿੱਤਾ ਸੀ।

ਬਿੱਲ 'ਡਿਪਟੀ ਸਨਦੀਪ ਸਿੰਘ ਧਾਲੀਵਾਲ ਪੋਸਟ ਆਫਿਸ ਐਕਟ' ਪੂਰੇ ਟੈਕਸਾਸ ਦੇ ਪ੍ਰਤੀਨਿਧੀ ਮੰਡਲ ਦੁਆਰਾ ਪੇਸ਼ ਕੀਤਾ ਗਿਆ। ਕਾਂਗਰਸੀ ਮੈਂਬਰ ਲਿਜ਼ੀ ਫਲੇਚਰ ਨੇ ਕਿਹਾ ਕਿ ਡਿਪਟੀ ਸ਼ੈਰਿਫ ਧਾਲੀਵਾਲ ਨੇ ਸਾਡੇ ਭਾਈਚਾਰੇ ਦੀ ਢੁਕਵੀਂ ਪ੍ਰਤੀਨਿਧਤਾ ਕੀਤੀ ਹੈ। ਉਸ ਨੇ ਆਪਣੀ ਸੇਵਾ ਦੌਰਾਨ ਬਰਾਬਰੀ ਲਈ ਕੰਮ ਕੀਤਾ। ਧਾਲੀਵਾਲ (42) ਟੈਕਸਸ ਪੁਲਿਸ ਵਿਚ ਪਹਿਲਾ ਸਿੱਖ ਸੀ। ਉਸ ਦੀ ਹੱਤਿਆ 27 ਸਤੰਬਰ 2019 ਨੂੰ ਕੀਤੀ ਗਈ ਸੀ। ਜੇ ਇਹ ਬਿੱਲ ਕਾਨੂੰਨ ਬਣ ਜਾਂਦਾ ਹੈ ਤਾਂ ਇਹ ਭਾਰਤੀ ਅਮਰੀਕੀ ਦੇ ਨਾਮ ਉਤੇ ਦੂਜਾ ਡਾਕਘਰ ਹੋਵੇਗਾ। ਕਾਂਗਰਸ ਮੈਂਬਰ ਦਲੀਪ ਸਿੰਘ ਸੌਂਦ ਪਹਿਲੇ ਭਾਰਤੀ ਅਮਰੀਕੀ ਵਿਅਕਤੀ ਹਨ ਜਿਨ੍ਹਾਂ ਦੇ ਨਾਮ ਉਤੇ 2006 ਵਿਚ ਦੱਖਣੀ ਕੈਲੀਫੋਰਨੀਆ ਵਿਚ ਡਾਕਘਰ ਦਾ ਨਾਮ ਰੱਖਿਆ ਗਿਆ ਸੀ। ਬਿੱਲ ਨੂੰ ਸੈਨੇਟ ਦੁਆਰਾ ਪਾਸ ਕਰਨਾ ਪਏਗਾ, ਜਿਸ ਤੋਂ ਬਾਅਦ ਇਹ ਦਸਤਖਤ ਲਈ ਰਾਸ਼ਟਰਪਤੀ ਡੋਨਲਡ ਟਰੰਪ ਕੋਲ ਜਾਵੇਗਾ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਸੁਮੇਧ ਸੈਣੀ ਦੀ ਭਾਲ ਵਿਚ ਪੰਜਾਬ ਪੁਲਿਸ ਹੋਈ ਸਾਹੋ-ਸਾਹ

**ਚੰਡੀਗੜ੍ਹ:** ਸਿਟਕੋ ਦੇ ਜੂਨੀਅਰ ਇੰਜੀਨੀਅਰ ਬਲਵੰਤ ਸਿੰਘ ਮੁਲਤਾਨੀ ਨੂੰ ਤਿੰਨ ਦਹਾਕੇ ਪਹਿਲਾਂ ਅਗਵਾ ਕਰਨ ਮਗਰੋਂ ਭੇਤਭਰੀ ਹਾਲਤ ਵਿਚ ਲਾਪਤਾ ਕਰਨ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਦੀ ਗ੍ਰਿਫਤਾਰੀ ਪੰਜਾਬ ਪੁਲਿਸ ਲਈ ਚੁਣੌਤੀ ਬਣ ਗਈ ਹੈ।

ਵਾਰੰਟ ਜਾਰੀ ਹੋਣ ਮਗਰੋਂ ਭਾਵੇਂ ਪੁਲਿਸ ਨੇ ਉਸ ਦੀ ਭਾਲ ਤੇਜ਼ ਕਰ ਦਿੱਤੀ ਹੈ ਪਰ ਪੁਲਿਸ ਦੀ ਸਾਰੀ ਕਾਰਵਾਈ ਨਾਟਕੀ ਲੱਗ ਰਹੀ ਹੈ। ਪੁਲਿਸ ਦੀ ਅਸਫਲਤਾ ਦੀ ਹੁਣ ਕਾਂਗਰਸ ਦੇ ਹਲਕਿਆਂ ਵਲੋਂ ਵੀ ਨੁਕਤਾਚੀਨੀ ਸ਼ੁਰੂ ਹੋ ਗਈ ਹੈ। ਸੈਣੀ ਜੋ ਕਿ ਜ਼ੈੱਡ ਪਲੱਸ ਸੁਰੱਖਿਆ ਛੱਤਰੀ ਅਧੀਨ ਹਨ, ਦੇ ਸੁਰੱਖਿਆ ਅਮਲੇ ਲਈ ਜ਼ੈੱਡ ਪਲੱਸ ਸੁਰੱਖਿਆ ਨਿਯਮਾਂ ਅਨੁਸਾਰ ਇਹ ਜ਼ਰੂਰੀ ਹੈ ਕਿ ਉਹ ਸੁਰੱਖਿਅਤ ਵਿਅਕਤੀ ਨੂੰ ਸੁਰੱਖਿਆ ਘੇਰੇ ਤੋਂ ਬਾਹਰ ਨਾ ਹੋਣ ਦੇਣ ਅਤੇ ਅਜਿਹਾ ਹੋਣ ਦੀ ਸੂਰਤ 'ਚ ਸੁਰੱਖਿਆ ਦੀ ਨਾਕਾਮੀ ਨੂੰ ਪ੍ਰਵਾਨ ਕਰਦਿਆਂ ਸੁਰੱਖਿਆ ਅਮਲੇ ਦੇ ਮੁਖੀਆਂ ਦੀ ਜਵਾਬ ਤਲਬੀ ਅਤੇ ਕਾਰਵਾਈ ਕੀਤੀ ਜਾਂਦੀ ਹੈ, ਪਰ ਸੁਮੇਧ ਸੈਣੀ ਜੋ ਉਨ੍ਹਾਂ ਵਿਰੁੱਧ ਮੁਹਾਲੀ ਪੁਲਿਸ ਵਲੋਂ ਕੇਸ ਦਰਜ ਹੋਣ ਵਾਲੇ ਦਿਨ ਵੀ ਉਸੇ ਰਾਤ ਸੁਰੱਖਿਆ ਨੂੰ ਛੱਡ ਕੇ ਹਿਮਾਚਲ ਅਤੇ ਫਿਰ ਦਿੱਲੀ ਵਲ ਚਲਾ ਗਿਆ ਅਤੇ ਹੁਣ ਦੁਬਾਰਾ



ਸੁਰੱਖਿਆ ਨੂੰ ਛੱਡ ਕੇ ਅਲੋਪ ਹੋ ਗਿਆ।

ਦੱਸ ਦਈਏ ਕਿ 1991 ਵਿਚ ਇਕ ਸਾਬਕਾ ਆਈ.ਏ.ਐਸ. ਅਧਿਕਾਰੀ ਦੇ ਲੜਕੇ ਬਲਵੰਤ ਸਿੰਘ ਮੁਲਤਾਨੀ ਨੂੰ ਅਗਵਾ ਕਰਨ ਅਤੇ ਉਸ ਦੀ ਲਾਸ਼ ਨੂੰ ਖੁਰਦ-ਬੁਰਦ ਕਰਨ ਦੇ ਮਾਮਲੇ 'ਚ ਨਾਮਜ਼ਦ ਸਾਬਕਾ ਡੀ.ਜੀ.ਪੀ. ਪੰਜਾਬ ਸੁਮੇਧ ਸੈਣੀ ਖਿਲਾਫ ਮੁਹਾਲੀ ਅਦਾਲਤ ਵਲੋਂ ਗੈਰ-ਜ਼ਮਾਨਤੀ ਵਾਰੰਟ ਜਾਰੀ ਕੀਤੇ ਗਏ ਹਨ।

ਇਸ ਦੇ ਨਾਲ ਹੀ ਡਿਊਟੀ ਮੈਜਿਸਟ੍ਰੇਟ ਫਸਟ ਕਲਾਸ ਰਵਿਤੇਸ਼ ਸਿੰਘ ਨੇ ਮੁਹਾਲੀ ਪੁਲਿਸ ਨੂੰ ਸੈਣੀ ਨੂੰ 25 ਸਤੰਬਰ ਤੱਕ ਗ੍ਰਿਫਤਾਰ ਕਰਨ ਅਤੇ ਅਦਾਲਤ ਵਿਚ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਹਨ। ਸਪੈਸ਼ਲ ਪਬਲਿਕ ਪ੍ਰੋਸੀਕਿਊਟਰ ਸਰਤੇਜ ਸਿੰਘ ਨਰੂਲਾ ਅਤੇ ਜ਼ਿਲ੍ਹਾ ਅਟਾਰਨੀ ਸੰਜੀਵ ਬੱਤਰਾ ਨੇ ਅਦਾਲਤ ਨੂੰ ਦੱਸਿਆ ਕਿ ਇਸ ਮਾਮਲੇ 'ਚ ਸੁਮੇਧ ਸੈਣੀ ਦੀ ਗ੍ਰਿਫਤਾਰੀ 'ਤੇ ਰੋਕ ਖਤਮ ਹੋ ਚੁੱਕੀ ਹੈ ਅਤੇ ਮਾਮਲੇ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ ਵਲੋਂ ਸੈਣੀ ਦੀ ਗ੍ਰਿਫਤਾਰੀ ਲਈ ਵੱਖ-ਵੱਖ ਥਾਵਾਂ 'ਤੇ ਛਾਪੇਮਾਰੀ ਕੀਤੀ ਜਾ ਰਹੀ ਹੈ, ਪਰ ਉਸ ਦੇ ਗ੍ਰਿਫਤਾਰੀ ਵਾਰੰਟ ਜਾਰੀ ਨਾ ਹੋਣ ਕਾਰਨ ਵਿਸ਼ੇਸ਼ ਜਾਂਚ ਟੀਮ ਨੂੰ ਹੋਰਨਾਂ ਸ਼ਹਿਰਾਂ ਦੀ ਪੁਲਿਸ ਵਲੋਂ ਸਹਿਯੋਗ ਨਾ ਮਿਲਣ ਕਰਕੇ ਸੈਣੀ ਦੀ ਗ੍ਰਿਫਤਾਰੀ 'ਚ ਰੁਕਾਵਟ ਆ ਰਹੀ ਹੈ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਸੁਮੇਧ ਸੈਣੀ ਦੀ ਜ਼ਮਾਨਤ ਦੀ ਅਰਜ਼ੀ ਨੂੰ ਖਾਰਜ ਕਰਨ ਸਬੰਧੀ ਸਪੈਸ਼ਲ ਪਬਲਿਕ ਪ੍ਰੋਸੀਕਿਊਟਰ ਸਰਤੇਜ ਸਿੰਘ ਨਰੂਲਾ ਅਤੇ ਜ਼ਿਲ੍ਹਾ ਅਟਾਰਨੀ ਸੰਜੀਵ ਬੱਤਰਾ ਨੇ ਅਦਾਲਤ ਦੇ ਧਿਆਨ 'ਚ ਲਿਆਂਦਾ ਸੀ ਕਿ ਸੈਣੀ ਨੂੰ ਅਗਾਊਂ ਜ਼ਮਾਨਤ ਦੇਣ ਮੌਕੇ ਅਦਾਲਤ ਵਲੋਂ ਕੁਝ ਸ਼ਰਤਾਂ ਲਗਾਈਆਂ ਗਈਆਂ ਸਨ, ਜਿਨ੍ਹਾਂ ਦੌਰਾਨ ਕਿਹਾ ਗਿਆ ਸੀ ਉਹ ਅਦਾਲਤ ਨੂੰ ਬਿਨਾਂ ਦੱਸੇ ਆਪਣੇ ਘਰ ਤੋਂ ਬਾਹਰ ਨਹੀਂ ਜਾਵੇਗਾ। ਇਸ ਤੋਂ ਇਲਾਵਾ ਉਹ ਘਰ ਤੋਂ ਬਾਹਰ ਸਿਰਫ ਸਿਹਤ ਜਾਂਚ ਜਾਂ ਐਸ.ਆਈ.ਟੀ. ਕੋਲ ਪੇਸ਼ ਹੋਣ ਲਈ ਹੀ ਜਾ ਸਕੇਗਾ। ਉਨ੍ਹਾਂ ਕਿਹਾ ਕਿ ਸੈਣੀ ਖਿਲਾਫ ਧਾਰਾ 302 ਲਗਾਉਣ ਤੋਂ ਬਾਅਦ ਅਦਾਲਤੀ ਹੁਕਮਾਂ ਅਨੁਸਾਰ ਜਦੋਂ ਪੁਲਿਸ ਸੈਣੀ ਨੂੰ ਤਿੰਨ ਦਿਨਾਂ ਦਾ ਨੋਟਿਸ ਦੇਣ ਲਈ ਉਸ ਦੇ ਘਰ ਗਈ ਤਾਂ ਉਥੋਂ ਪਤਾ ਲੱਗਾ ਕਿ ਉਹ ਪਹਿਲਾਂ ਹੀ ਘਰ ਤੋਂ ਜਾ ਚੁੱਕਾ ਸੀ ਅਤੇ ਇਸ ਸਬੰਧੀ ਘਰ 'ਚ ਮੌਜੂਦ ਸੈਣੀ ਦੇ ਗੰਨਮੈਨ ਵਲੋਂ ਵੀ ਜਾਂਚ ਟੀਮ ਨੂੰ ਕੋਈ ਸਹਿਯੋਗ ਨਾ ਦਿੰਦਿਆਂ ਕਿਹਾ ਗਿਆ ਕਿ ਉਹ ਸੁਮੇਧ ਸੈਣੀ ਬਾਰੇ ਕੁਝ ਨਹੀਂ ਜਾਣਦਾ। ਜ਼ਿਕਰਯੋਗ ਹੈ ਕਿ ਬਲਵੰਤ ਸਿੰਘ ਮੁਲਤਾਨੀ ਕਤਲ ਕੇਸ 'ਚ ਹਾਈਕੋਰਟ ਵਲੋਂ ਜ਼ਮਾਨਤ ਪਟੀਸ਼ਨ ਖਾਰਜ ਹੋਣ ਤੋਂ ਬਾਅਦ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਵਲੋਂ ਸੁਪਰੀਮ ਕੋਰਟ 'ਚ ਗ੍ਰਿਫਤਾਰੀ ਤੋਂ ਬਚਣ ਲਈ ਅਰਜ਼ੀ ਦਾਇਰ ਕੀਤੀ ਗਈ ਸੀ ਪਰ ਸੁਪਰੀਮ ਕੋਰਟ ਵਲੋਂ ਇਸ ਅਰਜ਼ੀ ਵਿਚਲੀਆਂ ਖਾਮੀਆਂ ਕਾਰਨ ਇਸ ਨੂੰ ਖਾਰਜ ਕਰ ਦਿੱਤਾ ਗਿਆ ਸੀ ਅਤੇ ਨਾਲ ਹੀ ਕਿਹਾ ਗਿਆ ਸੀ ਕਿ ਸਾਰੀਆਂ ਖਾਮੀਆਂ ਪੂਰੀਆਂ ਕਰਨ ਤੋਂ ਬਾਅਦ ਦੁਬਾਰਾ ਅਰਜ਼ੀ ਦਾਇਰ ਕੀਤੀ ਜਾਵੇ।

## ਬਹਿਬਲ ਕਾਂਡ: ਸੁਮੇਧ ਸੈਣੀ ਤੇ ਉਮਰਾਨੰਗਲ ਵਲ ਉਠੀ ਉਂਗਲ

**ਫਰੀਦਕੋਟ:** ਪੰਜਾਬ ਪੁਲਿਸ ਦਾ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਜੋ ਕਿ ਬਲਵੰਤ ਸਿੰਘ ਮੁਲਤਾਨੀ ਕੇਸ ਵਿਚ ਗ੍ਰਿਫਤਾਰੀ ਤੋਂ ਬਚਣ ਲਈ ਫਰਾਰ ਹੈ, ਲਈ ਬਹਿਬਲ ਕਲਾਂ 'ਚ 2015 ਵਿਚ ਵਾਪਰੇ ਬਹਿਬਲ ਕਲਾਂ ਗੋਲੀਕਾਂਡ ਕੇਸ ਵਿਚ ਨਵੀਆਂ ਮੁਸ਼ਕਲਾਂ ਖੜ੍ਹੀਆਂ ਹੋ ਸਕਦੀਆਂ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਬਾਅਦ ਵਾਪਰੇ ਬਹਿਬਲ ਗੋਲੀ ਕਾਂਡ ਵਿਚ ਵੱਡਾ ਤੱਥ ਸਾਹਮਣੇ ਆਇਆ ਹੈ। ਅਦਾਲਤ ਵਿਚ ਸੁਣਵਾਈ ਦੌਰਾਨ ਵਿਸ਼ੇਸ਼ ਜਾਂਚ ਟੀਮ ਦੇ ਮੈਂਬਰ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਦੱਸਿਆ ਕਿ ਬਹਿਬਲ ਗੋਲੀ ਕਾਂਡ ਦੀ ਸਾਜਿਸ਼ ਉਸ ਵੇਲੇ ਦੇ ਡੀ.ਜੀ.ਪੀ. ਸੁਮੇਧ ਸੈਣੀ ਅਤੇ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ ਨੇ ਰਚੀ ਸੀ ਅਤੇ ਇਨ੍ਹਾਂ ਅਧਿਕਾਰੀਆਂ ਨੇ ਸਾਜ਼ਿਸ਼ ਤਹਿਤ ਸ਼ਾਂਤਮਈ ਧਰਨਾ ਦੇ ਰਹੀ ਸੰਗਤ ਉੱਪਰ ਗੋਲੀਆਂ ਚਲਾਈਆਂ ਸਨ, ਜਿਸ ਕਾਰਨ ਦੋ ਸਿੱਖ ਨੌਜਵਾਨਾਂ ਦੀ ਮੌਤ ਹੋ ਗਈ ਸੀ। ਬਹਿਸ ਦੌਰਾਨ ਰੇਸ਼ਮ ਸਿੰਘ ਦੇ ਵਕੀਲ ਨੇ ਦਾਅਵਾ ਕੀਤਾ ਕਿ ਪ੍ਰਦੀਪ ਸਿੰਘ



ਬਹਿਬਲ ਗੋਲੀ ਕਾਂਡ ਦਾ ਮੁੱਖ ਮੁਲਜ਼ਮ ਅਤੇ ਸਾਜਿਸ਼ਕਾਰ ਹੈ ਜਿਸ ਦੇ ਜਵਾਬ ਵਿਚ ਜਾਂਚ ਟੀਮ ਦੇ ਆਈਜੀ ਕੁੰਵਰ ਵਿਜੈ ਪ੍ਰਤਾਪ ਨੇ ਕਿਹਾ ਕਿ ਪ੍ਰਦੀਪ ਸਿੰਘ ਮੁੱਖ ਸਾਜਿਸ਼ਕਾਰ ਨਹੀਂ ਬਲਕਿ ਇਹ ਸਾਜਿਸ਼ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਅਤੇ ਆਈਜੀ ਪਰਮਰਾਜ ਸਿੰਘ ਉਮਰਾਨੰਗਲ ਨੇ ਰਚੀ ਗਈ ਸੀ। ਮੁੱਖ ਮੁਲਜ਼ਮ ਤੋਂ ਬਾਅਦ ਵਾਅਦਾ ਮੁਆਫ ਗਵਾਹ ਬਣਨ ਲਈ ਅਦਾਲਤ ਵਿਚ ਅਰਜ਼ੀ ਦੇਣ ਵਾਲੇ ਇੰਸਪੈਕਟਰ ਪ੍ਰਦੀਪ ਸਿੰਘ ਨੇ ਵੀ ਆਪਣੇ ਬਿਆਨ ਵਿਚ ਦਾਅਵਾ ਕੀਤਾ ਹੈ ਕਿ ਬਹਿਬਲ ਗੋਲੀ ਕਾਂਡ ਦੀ ਸਾਜਿਸ਼ ਸੁਮੇਧ ਸੈਣੀ ਅਤੇ ਪਰਮਰਾਜ ਸਿੰਘ ਉਮਰਾਨੰਗਲ ਵਲੋਂ ਰਚੀ ਗਈ ਸੀ। ਪਹਿਲੀ ਵਾਰੀ ਇੰਸਪੈਕਟਰ ਪ੍ਰਦੀਪ ਸਿੰਘ ਦਾ 18 ਪੰਨਿਆਂ ਦਾ ਬਿਆਨ ਅਦਾਲਤ ਵਿਚ ਸੀਲ ਬੰਦ ਲਿਫਾਫ਼ੇ 'ਚੋਂ ਕੱਢਿਆ ਗਿਆ।

ਆਈ.ਜੀ. ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਕਿਹਾ ਕਿ ਅਦਾਲਤ ਨੇ ਸੁਣਵਾਈ ਦੌਰਾਨ ਉਨ੍ਹਾਂ ਨੂੰ ਪੁੱਛਿਆ ਸੀ ਕਿ ਬਹਿਬਲ ਗੋਲੀ ਕਾਂਡ ਦੇ ਮੁੱਖ ਮੁਲਜ਼ਮ ਅਤੇ ਸਾਜ਼ਿਸ਼ਕਾਰ ਕੌਣ ਹਨ ਜਿਸ 'ਤੇ ਉਨ੍ਹਾਂ ਅਦਾਲਤ ਨੂੰ ਮੁਲਜ਼ਮਾਂ ਤੇ ਸਾਜ਼ਿਸ਼ਕਾਰਾਂ ਦੇ ਨਾਂ ਦੱਸ ਦਿੱਤੇ ਸਨ, ਪਰ ਉਹ ਅਦਾਲਤ ਦੇ ਬਾਹਰ ਕੋਈ ਵੀ ਜਾਣਕਾਰੀ ਸਾਂਝੀ ਨਹੀਂ ਕਰ ਸਕਦੇ। ਉਨ੍ਹਾਂ ਅਦਾਲਤ ਦੇ ਬਾਹਰ ਪੱਤਰਕਾਰਾਂ ਦੇ ਕਿਸੇ ਵੀ ਸਵਾਲ ਦਾ ਜਵਾਬ ਨਹੀਂ ਦਿੱਤਾ ਅਤੇ ਨਾ ਹੀ ਅਦਾਲਤ ਵਿੱਚ ਹੋਈ ਕਾਰਵਾਈ 'ਤੇ ਕੋਈ ਟਿੱਪਣੀ ਕੀਤੀ।

## ਸਖਤ ਸੁਰੱਖਿਆ ਪ੍ਰਬੰਧਾਂ ਹੇਠ ਸਿਰੇ ਚੜ੍ਹੀ 'ਨੀਟ' ਪ੍ਰੀਖਿਆ



**ਨਵੀਂ ਦਿੱਲੀ:** ਮੁਲਕ ਭਰ ਦੇ 3,800 ਤੋਂ ਵੱਧ ਕੇਂਦਰਾਂ ਵਿਚ ਕੋਵਿਡ- 19 ਮਹਾਮਾਰੀ ਕਾਰਨ ਸਖਤ ਸੁਰੱਖਿਆ ਪ੍ਰਬੰਧਾਂ ਹੇਠ ਮੈਡੀਕਲ ਦਾਖਲਾ ਪ੍ਰੀਖਿਆ 'ਨੀਟ' ਮੁਕੰਮਲ ਹੋ ਗਈ। ਇਸ ਪ੍ਰੀਖਿਆ ਵਿਚ ਲਗਭਗ 90 ਫੀਸਦੀ ਉਮੀਦਵਾਰਾਂ ਨੇ ਹਿੱਸਾ ਲਿਆ। ਐਨ.ਟੀ.ਏ. ਨੇ ਦੱਸਿਆ ਕਿ ਪ੍ਰੀਖਿਆ 'ਚ ਵਿਦਿਆਰਥੀਆਂ ਦੀ ਹਾਜ਼ਰੀ 85 ਤੋਂ 90 ਫੀਸਦੀ ਸੀ।

ਪਿਛਲੇ ਵਰ੍ਹੇ ਇਹ ਹਾਜ਼ਰੀ 92.9 ਫੀਸਦੀ ਸੀ। ਕੋਵਿਡ- 19 ਪਾਜ਼ੀਟਿਵ ਮਿਲਣ ਵਾਲੇ ਵਿਦਿਆਰਥੀਆਂ ਨੂੰ ਪ੍ਰੀਖਿਆ ਵਿਚ ਬੈਠਣ ਦਾ ਹੋਰ ਮੌਕਾ ਮਿਲੇਗਾ, ਜਿਸ ਸਬੰਧੀ ਤਰੀਕ ਬਾਅਦ 'ਚ ਐਲਾਨੀ ਜਾਵੇਗੀ। ਇਸ ਦੌਰਾਨ ਵਿਦਿਆਰਥੀ ਉਨ੍ਹਾਂ ਨੂੰ ਦੱਸੇ ਗਏ ਤੈਅਸ਼ੁਦਾ ਸਮੇਂ ਉਤੇ ਪੁੱਜੇ ਤੇ ਸਮਾਜਿਕ ਦੂਰੀ ਦੇ ਨਿਯਮਾਂ ਦੀ ਪਾਲਣਾ ਕਰਦਿਆਂ 'ਕੌਮੀ ਯੋਗਤਾ ਤੇ ਦਾਖਲਾ ਪ੍ਰੀਖਿਆ' (ਨੀਟ) ਦੁਪਹਿਰ 2 ਵਜੇ ਸ਼ੁਰੂ ਹੋਈ, ਜਦਕਿ ਕੇਂਦਰਾਂ ਵਿਚ ਦਾਖਲਾ ਸਵੇਰੇ 11 ਵਜੇ ਸ਼ੁਰੂ ਹੋ ਗਿਆ ਸੀ। ਇਸ ਪ੍ਰੀਖਿਆ ਲਈ 15 ਲੱਖ ਵਿਦਿਆਰਥੀਆਂ ਨੇ ਰਜਿਸਟ੍ਰੇਸ਼ਨ ਕਰਵਾਈ ਸੀ, ਜੋ ਕਿ ਪਹਿਲਾਂ ਦੋ ਵਾਰ ਕੋਵਿਡ- 19 ਕਾਰਨ ਅੱਗੇ ਪਾਈ ਜਾ ਚੁੱਕੀ ਸੀ।

ਇਸ ਦੌਰਾਨ ਕੇਂਦਰੀ ਮੰਤਰੀ ਰਮੇਸ਼ ਪੋਖਰਿਆਲ 'ਨਿਸ਼ੰਕ' ਅਤੇ ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਟਵੀਟ ਕਰਦਿਆਂ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਇਸ ਦੌਰਾਨ ਵੱਖ-ਵੱਖ ਸੂਬਾ ਸਰਕਾਰਾਂ ਨੇ ਵਿਦਿਆਰਥੀਆਂ ਲਈ ਸਾਰੇ ਲੋੜੀਂਦੇ ਪ੍ਰਬੰਧ ਕੀਤੇ ਸਨ ਤਾਂ ਜੋ ਕਰੋਨਾ ਲਾਗ ਦਾ ਅਸਰ ਉਨ੍ਹਾਂ 'ਤੇ ਨਾ ਪਵੇ।

## ਪੰਜਾਬ ਨੂੰ ਵਿੱਤੀ ਘਾਟਾ ਗ੍ਰਾਂਟ ਤਹਿਤ 638 ਕਰੋੜ ਰੁਪਏ ਜਾਰੀ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਪੰਜਾਬ ਨੂੰ ਵਿੱਤੀ ਘਾਟਾ ਮਾਲੀਆ ਗ੍ਰਾਂਟ ਤਹਿਤ 638 ਕਰੋੜ ਰੁਪਏ ਦੀ ਕਿਸ਼ਤ ਜਾਰੀ ਕੀਤੀ ਹੈ। ਕੇਂਦਰ ਸਰਕਾਰ ਵਲੋਂ ਇਹ ਗ੍ਰਾਂਟ 15ਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਤਹਿਤ ਜਾਰੀ ਕੀਤੀ ਗਈ ਹੈ। ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਗ੍ਰਾਂਟ ਦੀ ਤਸਦੀਕ ਕਰਦਿਆਂ ਕਿਹਾ ਕਿ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਮੁਤਾਬਕ ਪੰਜਾਬ ਨੂੰ ਵਿੱਤੀ ਘਾਟਾ ਮਾਲੀਆ ਗ੍ਰਾਂਟ ਤਹਿਤ ਮਾਲੀ ਸਾਲ 2019-20 ਲਈ 7700 ਕਰੋੜ ਰੁਪਏ ਦੀ ਗ੍ਰਾਂਟ ਮਿਲਣੀ ਹੈ, ਜਿਸ ਦੀ ਇਕ ਕਿਸ਼ਤ ਕੇਂਦਰ ਸਰਕਾਰ ਵਲੋਂ ਆਪਣਾ ਸੰਵਿਧਾਨਕ ਫਰਜ਼ ਨਿਭਾਉਂਦਿਆਂ ਜਾਰੀ ਕੀਤੀ ਗਈ ਹੈ। ਕੇਂਦਰੀ ਵਿੱਤ ਮੰਤਰਾਲੇ ਨੇ 14 ਰਾਜਾਂ ਲਈ 6195 ਕਰੋੜ ਰੁਪਏ ਦੀ ਵਿੱਤੀ ਘਾਟਾ ਮਾਲੀਆ ਗ੍ਰਾਂਟ ਜਾਰੀ ਕੀਤੀ ਹੈ, ਜਿਸ 'ਚ ਪੰਜਾਬ ਤੋਂ ਇਲਾਵਾ ਆਂਧਰਾ ਪ੍ਰਦੇਸ਼, ਅਸਮ, ਹਿਮਾਚਲ ਪ੍ਰਦੇਸ਼, ਕੇਰਲ, ਮਨੀਪੁਰ, ਮਿਜ਼ੋਰਮ, ਨਾਗਾਲੈਂਡ, ਤਾਮਿਲਨਾਡੂ, ਤ੍ਰਿਪੁਰਾ, ਉੱਤਰਾਖੰਡ ਅਤੇ ਸਿੱਕਿਮ ਅਤੇ ਪੱਛਮੀ ਬੰਗਾਲ ਸ਼ਾਮਲ ਹਨ। ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਗ੍ਰਾਂਟ ਜਾਰੀ ਕਰਨ ਦੀ ਜਾਣਕਾਰੀ ਦਿੰਦਿਆਂ ਕਿਹਾ ਕਿ ਇਸ ਨਾਲ ਰਾਜਾਂ ਨੂੰ ਕਰੋਨਾ ਸੰਕਟ ਦੇ ਨਾਲ ਵਾਧੂ ਵਸੀਲੇ ਹਾਸਲ ਹੋਣਗੇ। ਜ਼ਿਕਰਯੋਗ ਹੈ ਕਿ ਕੇਂਦਰ ਅਤੇ ਰਾਜਾਂ ਦੇ ਆਪਸੀ ਸਬੰਧਾਂ ਨੂੰ ਸੰਵਿਧਾਨ 'ਚ ਦਿੱਤੀ ਬਣਤਰ ਮੁਤਾਬਕ ਰਾਜਾਂ ਦਾ ਟੈਕਸਾਂ, ਮਹਿਸੂਲ ਆਦਿ ਦਾ ਜੋ ਹਿੱਸਾ ਕੇਂਦਰ ਵਲੋਂ ਇਕੱਠਾ ਕੀਤਾ ਜਾਂਦਾ ਹੈ, ਉਸ ਨੂੰ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਆਧਾਰ 'ਤੇ ਕੇਂਦਰ ਸਰਕਾਰ ਨੂੰ ਗ੍ਰਾਂਟਾਂ ਰਾਹੀਂ ਰਾਜਾਂ ਨੂੰ ਅਦਾ ਕਰਨਾ ਪੈਂਦਾ ਹੈ।

## ਝੂਠੇ ਕੇਸ: ਸਵਾ ਸਾਲ ਪਿਛੋਂ ਵੀ ਪੇਸ਼ ਨਾ ਕੀਤਾ ਚਲਾਨ

**ਅਮਲੋਹ:** ਪੰਜਾਬ ਸਰਕਾਰ ਵਲੋਂ ਝੂਠੇ ਪੁਲਿਸ ਕੇਸਾਂ ਬਾਰੇ ਨਿਯੁਕਤ ਜਸਟਿਸ ਮਹਿਤਾਬ ਸਿੰਘ ਗਿੱਲ ਤੇ ਬੀ.ਐਸ. ਮਹਿੰਦੀਰੱਤਾ ਦੀ ਹਦਾਇਤ ਉਤੇ ਪਿੰਡ ਬਰੌਂਗਾ ਜ਼ੇਰ ਦੇ ਸੁਖਵਿੰਦਰ ਸਿੰਘ ਦੀ ਸ਼ਿਕਾਇਤ 'ਤੇ ਥਾਣਾ ਅਮਲੋਹ ਦੇ ਮੁਖੀ ਇੰਸਪੈਕਟਰ ਦਲੀਪ ਕੁਮਾਰ ਬੇਦੀ, ਸਬ ਇੰਸਪੈਕਟਰ ਦਰਸ਼ਨ ਸਿੰਘ ਅਤੇ ਸਹਾਇਕ ਇੰਸਪੈਕਟਰ ਦੀਪ ਸਿੰਘ ਖਿਲਾਫ 18 ਜੁਲਾਈ 2019 ਨੂੰ ਵੱਖ-ਵੱਖ ਧਾਰਾਵਾਂ ਤਹਿਤ ਦਰਜ ਮੁਕੱਦਮੇ ਦੇ ਕਰੀਬ ਸਵਾ ਸਾਲ ਬੀਤਣ ਦੇ ਬਾਵਜੂਦ ਨਾ ਹੀ ਹੁਣ ਤੱਕ ਚਲਾਨ ਪੇਸ਼ ਨਾ ਹੋਇਆ ਅਤੇ ਨਾ ਹੀ ਮੁਆਵਜ਼ੇ ਦੀ ਕੋਈ ਰਾਸ਼ੀ ਮਿਲੀ ਹੈ। ਸੁਖਵਿੰਦਰ ਸਿੰਘ ਨੇ ਦੱਸਿਆ ਕਿ ਪੁਲਿਸ ਨੇ 16 ਸਤੰਬਰ 2012 ਨੂੰ ਉਸ ਖਿਲਾਫ 4000 ਨਸ਼ੀਲੀਆਂ ਗੋਲੀਆਂ ਦਾ ਕਥਿਤ ਝੂਠਾ ਮੁਕੱਦਮਾ ਪਾ ਕੇ ਜੇਲ੍ਹ ਭੇਜ ਦਿੱਤਾ, ਜਿਸ ਵਿਚ ਜ਼ਿਲ੍ਹਾ ਸੈਸ਼ਨ ਕੋਰਟ ਨੇ 13 ਜੁਲਾਈ 2017 ਨੂੰ ਉਸ ਨੂੰ ਬਰੀ ਕਰ ਦਿੱਤਾ ਅਤੇ 20 ਜੂਨ 2017 ਨੂੰ ਉਸ ਨੇ ਇਕ ਦਰਖਾਸਤ ਕਮਿਸ਼ਨ ਆਫ ਇਨਕੁਆਰੀ ਪੰਜਾਬ ਨੂੰ ਦਿੱਤੀ, ਜਿਸ ਦੇ ਆਧਾਰ 'ਤੇ ਕਮਿਸ਼ਨ ਨੇ ਜ਼ਿੰਮੇਵਾਰ ਅਧਿਕਾਰੀਆਂ ਖਿਲਾਫ ਕਾਰਵਾਈ ਕਰਨ ਅਤੇ ਮੁਆਵਜ਼ਾ ਦੇਣ ਦੀ ਹਦਾਇਤ ਕੀਤੀ ਸੀ। ਪੀੜਤ ਨੇ ਰਾਸ਼ਟਰਪਤੀ, ਗ੍ਰਹਿ ਸਕੱਤਰ ਅਤੇ ਹੋਰ ਅਧਿਕਾਰੀਆਂ ਨੂੰ ਪੱਤਰ ਭੇਜ ਕੇ ਦੋਸ਼ ਲਾਇਆ ਕਿ ਜ਼ਿੰਮੇਵਾਰ ਪੁਲਿਸ ਅਧਿਕਾਰੀਆਂ ਨੂੰ ਬਚਾਉਣ ਦੇ ਯਤਨ ਕੀਤੇ ਜਾ ਰਹੇ ਹਨ।

## ਸਿੱਖ ਜਥੇਬੰਦੀਆਂ ਵਲੋਂ ਸੁਮੇਧ ਸੈਣੀ ਦੀ ਗ੍ਰਿਫਤਾਰੀ ਲਈ ਇਨਾਮ ਦਾ ਐਲਾਨ

**ਅੰਮ੍ਰਿਤਸਰ:** ਬਲਵੰਤ ਸਿੰਘ ਮੁਲਤਾਨੀ ਕੇਸ ਵਿਚ ਪੰਜਾਬ ਪੁਲਿਸ ਦੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਦੀ ਗ੍ਰਿਫਤਾਰੀ ਲਈ ਚੱਲ ਰਹੇ ਯਤਨਾਂ ਤਹਿਤ ਅੱਜ ਇਥੇ ਦਲ ਖਾਲਸਾ ਨੇ ਐਲਾਨ ਕੀਤਾ ਕਿ ਉਸ ਨੂੰ ਗ੍ਰਿਫਤਾਰ ਕਰਨ ਤੇ ਕਰਾਉਣ ਵਾਲੇ ਨੂੰ ਬਹਾਦਰੀ ਇਨਾਮ ਦਿੱਤਾ ਜਾਵੇਗਾ। ਇਸੇ ਤਰ੍ਹਾਂ ਅਮਰੀਕਾ ਦੇ ਨਿਊ ਯਾਰਕ ਦੇ ਰਿਚਮੰਡ ਹਿੱਲ 118 ਸਟਰੀਟ, ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੀ ਪ੍ਰਬੰਧਕ ਕਮੇਟੀ ਦੀ ਮੀਟਿੰਗ ਵਿਚ ਸਰਬਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਜੋ ਵਿਅਕਤੀ ਸੈਣੀ ਨੂੰ ਗ੍ਰਿਫਤਾਰ ਕਰਵਾਏਗਾ, ਉਸ ਨੂੰ 5 ਲੱਖ ਰੁਪਏ ਦਾ ਨਗਦ ਇਨਾਮ ਦਿੱਤਾ ਜਾਵੇਗਾ। ਮੀਟਿੰਗ ਵਿਚ ਮੁਹਾਲੀ ਦੇ ਸਿੱਖ ਨੌਜਵਾਨ ਨੂੰ ਘਰੋਂ ਅਗਵਾ ਕਰਨ ਮਗਰੋਂ ਮਾਰ ਮੁਕਾਉਣ ਦੇ ਕਥਿਤ ਦੋਸ਼ਾਂ ਦਾ ਸਾਹਮਣਾ ਕਰ ਰਹੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਅਤੇ ਪੰਜਾਬ ਪੁਲਿਸ




ਅਤੇ ਐਸ.ਆਈ.ਟੀ. ਦਰਮਿਆਨ ਚੱਲ ਰਹੇ ਚੂਹੇ-ਬਿੱਲੀ ਦੇ ਖੇਡ ਵਾਲੇ ਏਜੰਡੇ 'ਤੇ ਚਰਚਾ ਕੀਤੀ ਗਈ।

ਇਥੇ ਵੱਖ-ਵੱਖ ਗਰਮ ਖਿਆਲੀ ਦਲਾਂ ਦੇ ਆਗੂਆਂ ਦੀ ਇਕ ਮੀਟਿੰਗ ਮਗਰੋਂ ਦਲ ਖਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ, ਬੁਲਾਰੇ ਕੰਵਰਪਾਲ ਸਿੰਘ, ਅਕਾਲ ਫੈਡਰੇਸ਼ਨ ਦੇ ਨਰਾਇਣ ਸਿੰਘ, ਮਾਨ ਅਕਾਲੀ ਦਲ ਦੇ ਹਰਬੀਰ ਸਿੰਘ ਸੰਧੂ ਤੇ ਹੋਰਨਾਂ ਨੇ ਸਾਬਕਾ ਡੀਜੀਪੀ ਦੀ ਗ੍ਰਿਫਤਾਰੀ ਲਈ ਇਕ ਪੋਸਟਰ ਵੀ ਜਾਰੀ ਕੀਤਾ ਹੈ, ਜਿਸ ਵਿਚ ਉਸ ਨੂੰ ਕਾਨੂੰਨ ਅਤੇ ਸੂਬੇ ਦੇ ਲੋਕਾਂ ਦਾ ਭਗੌੜਾ ਆਖਿਆ ਹੈ। ਸਿੱਖ ਆਗੂਆਂ ਨੇ ਕਿਹਾ ਕਿ ਪੁਲਿਸ ਅਤੇ ਸਰਕਾਰ ਇਸ ਮਾਮਲੇ ਵਿਚ ਉਸ ਨਾਲ ਦੋਸਤਾਨਾ ਮੈਚ ਖੇਡ ਰਹੇ ਹਨ।

ਇਸ ਤੋਂ ਪਹਿਲਾਂ ਸਿੱਖ ਜਥੇਬੰਦੀਆਂ ਦੀ ਮੀਟਿੰਗ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦੇ ਲਾਪਤਾ ਹੋਣ ਦੇ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਦੇ ਗੈਰ ਜ਼ਿੰਮੇਵਾਰਾਨਾ ਰਵੱਈਏ 'ਤੇ ਸਵਾਲੀਆ ਚਿੰਨ੍ਹ ਲਾਇਆ ਗਿਆ। ਸਿੱਖ ਆਗੂਆਂ ਨੇ ਦੋਸ਼ ਲਾਇਆ ਕਿ ਸੰਸਥਾ ਵਲੋਂ ਇਸ ਅਹਿਮ ਮਸਲੇ ਨੂੰ ਦਬਾਉਣ ਦਾ ਯਤਨ ਕੀਤਾ ਜਾ ਰਿਹਾ ਹੈ।

# ਸ੍ਰੀ ਹਰਿਮੰਦਰ ਸਾਹਿਬ ਲਈ ਵਿਦੇਸ਼ਾਂ ਤੋਂ ਦਾਨ ਭੇਜਣ ਦੀ ਆਗਿਆ

**ਨਵੀਂ ਦਿੱਲੀ:** ਕੇਂਦਰ ਸਰਕਾਰ ਵੱਲੋਂ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਨੂੰ ਅਗਲੇ ਪੰਜ ਸਾਲਾਂ ਲਈ ਐਫ.ਸੀ.ਆਰ.ਏ. (ਫੌਰਨ ਕਾਂਟੀਬਿਊਸ਼ਨ ਰੈਗੂਲੇਸ਼ਨ ਐਕਟ) ਲਾਇਸੈਂਸ ਦਿੱਤਾ ਗਿਆ ਹੈ। ਇਹ ਲਾਇਸੈਂਸ ਗ੍ਰਹਿ ਮੰਤਰਾਲੇ ਵੱਲੋਂ ਦਿੱਤਾ ਗਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਲਈ ਐਫ.ਸੀ.ਆਰ.ਏ. ਲਾਇਸੈਂਸ ਲੈਣ ਵਾਸਤੇ 27 ਮਈ, 2020 ਨੂੰ ਅਪਲਾਈ ਕੀਤਾ ਗਿਆ ਸੀ।

ਦੱਸਣਯੋਗ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੁਫਤ ਲੰਗਰ ਸੇਵਾ ਚਲਾਈ ਜਾਂਦੀ ਹੈ ਅਤੇ ਕਈ ਲੋੜਵੰਦਾਂ ਨੂੰ ਵਿੱਤੀ ਮਦਦ ਦਿੱਤੀ ਜਾਂਦੀ ਹੈ। ਹੁਣ ਤੱਕ ਇਹ ਕਾਰਜ ਘਰੇਲੂ ਦਾਨ ਰਾਹੀਂ ਪੂਰੇ ਕੀਤੇ ਜਾਂਦੇ ਸਨ। ਹੁਣ ਐਫ.ਸੀ.ਆਰ.ਏ. ਲਾਇਸੈਂਸ ਮਿਲਣ ਤੋਂ ਬਾਅਦ ਇਨ੍ਹਾਂ ਕਾਰਜਾਂ ਲਈ ਵਿਦੇਸ਼ਾਂ ਤੋਂ ਦਾਨ ਵੀ ਪ੍ਰਾਪਤ ਕੀਤਾ ਜਾ ਸਕੇਗਾ। ਜ਼ਿਕਰਯੋਗ ਹੈ ਕਿ ਗ੍ਰਹਿ ਮੰਤਰਾਲੇ ਨੇ ਵਿਦੇਸ਼ ਯੋਗਦਾਨ (ਰੈਗੂਲੇਸ਼ਨ) ਐਕਟ 2010 (ਐਫ.ਸੀ.ਆਰ.ਏ.) ਤਹਿਤ ਸ੍ਰੀ ਹਰਿਮੰਦਰ ਸਾਹਿਬ ਦੀ ਰਜਿਸਟ੍ਰੇਸ਼ਨ ਨੂੰ ਮਨਜ਼ੂਰੀ ਦਿੱਤੀ ਜਿਸ ਨਾਲ ਹੁਣ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੂੰ



ਵਿਦੇਸ਼ੀ ਦਾਨ ਪ੍ਰਾਪਤ ਕਰਨ ਦੀ ਆਗਿਆ ਮਿਲ ਗਈ ਹੈ। ਐਫ.ਸੀ.ਆਰ.ਏ. ਰਜਿਸਟ੍ਰੇਸ਼ਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਪੰਜਾਬ ਐਸੋਸੀਏਸ਼ਨ ਦੇ ਨਾਂ ਉਤੇ ਦਿੱਤੀ ਗਈ ਹੈ। ਇਸ ਦੀ ਸਥਾਪਨਾ 1925 'ਚ ਹੋਈ ਸੀ। ਮਨਜ਼ੂਰੀ ਮਿਲਣ 'ਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਅਮਿਤ ਸ਼ਾਹ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਟਵੀਟ ਕੀਤਾ ਕਿ ਇਹ ਦੱਸਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਗ੍ਰਹਿ ਮੰਤਰਾਲੇ ਨੇ ਸ੍ਰੀ ਹਰਿਮੰਦਰ ਸਾਹਿਬ ਨੂੰ ਐਫ.ਸੀ.ਆਰ.ਏ. ਤਹਿਤ ਮਨਜ਼ੂਰੀ ਦਿੱਤੀ ਹੈ। ਇਸ ਨੂੰ ਸੰਭਵ ਬਣਾਉਣ ਲਈ ਮੈਂ ਅਮਿਤ ਸ਼ਾਹ ਦਾ ਧੰਨਵਾਦ ਕਰਦੀ ਹਾਂ।

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਨੂੰ ਵਿਦੇਸ਼ਾਂ ਤੋਂ ਦਾਨ ਪ੍ਰਾਪਤ ਕਰਨ ਦੀ ਆਗਿਆ ਦੇਣ ਦੇ ਸਰਕਾਰ ਦੇ ਫੈਸਲੇ ਨੂੰ ਅਹਿਮ ਕਦਮ ਦੱਸਿਆ। ਉਨ੍ਹਾਂ ਕਿਹਾ ਕਿ ਇਹ ਇਕ ਵਾਰ ਫਿਰ ਸਿੱਖ ਭਾਈਚਾਰੇ ਦੀ ਬੇਮਿਸਾਲ ਸੇਵਾ ਭਾਵਨਾ ਨੂੰ ਪ੍ਰਦਰਸ਼ਿਤ ਕਰੇਗਾ। ਇਸ ਦੇ ਨਾਲ ਹੀ ਉਨ੍ਹਾਂ ਟਵੀਟ ਕਰਦਿਆਂ ਪੰਜਾਬੀ ਭਾਸ਼ਾ 'ਚ ਲਿਖਿਆ 'ਸੇਵਕ ਕਉ ਸੇਵਾ ਬਨਿ ਆਈ॥' ਸ਼ਾਹ ਨੇ ਟਵੀਟ ਕਰਦੇ ਹੋਏ ਲਿਖਿਆ ਕਿ ਸ੍ਰੀ ਹਰਿਮੰਦਰ ਸਾਹਿਬ ਲਈ ਐਫ.ਸੀ.ਆਰ.ਏ. ਬਾਰੇ ਫੈਸਲਾ ਬਹੁਤ ਅਹਿਮ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਿਸਮਤ ਵਾਲੇ ਹਨ ਕਿ 'ਵਾਹਿਗੁਰੂ ਜੀ' ਨੇ ਉਨ੍ਹਾਂ ਤੋਂ ਸੇਵਾ ਲਈ ਹੈ।

ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਵੀ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕੇਂਦਰ ਸਰਕਾਰ ਦਾ ਧੰਨਵਾਦ ਕੀਤਾ। ਉਨ੍ਹਾਂ ਟਵੀਟ ਕਰਦਿਆਂ ਲਿਖਿਆ ਮਨੁੱਖਤਾ ਦੀ ਸੇਵਾ ਸਿੱਖੀ ਦਾ ਇਕ ਮਹੱਤਵਪੂਰਨ ਥੰਮ੍ਹ ਹੈ। ਦੁਨੀਆਂ ਭਰ ਦੀ ਸਿੱਖ ਸੰਗਤ ਨੂੰ ਐਫ.ਸੀ.ਆਰ.ਏ. ਰਾਹੀਂ ਸ੍ਰੀ ਦਰਬਾਰ ਸਾਹਿਬ ਦੀ ਸੇਵਾ ਵਿਚ ਯੋਗਦਾਨ ਪਾਉਣ ਦੇ ਸਮਰੱਥ ਬਣਾਉਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਧੰਨਵਾਦ।

## ਪਾਵਨ ਸਰੂਪ: ਸ਼੍ਰੋਮਣੀ ਕਮੇਟੀ ਹੁਣ ਪਿੰਡਾਂ ਦੇ ਰਾਹ ਪਈ

**ਪਟਿਆਲਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦੇ ਵੇਰਵੇ ਇਕੱਤਰ ਕਰਨ ਲਈ ਹੁਣ ਪਿੰਡਾਂ ਤੇ ਸ਼ਹਿਰਾਂ ਵਿਚ ਜਾਵੇਗੀ। ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦੇ ਹੁਕਮਾਂ 'ਤੇ ਧਰਮ ਪ੍ਰਚਾਰ ਕਮੇਟੀ ਵੱਲੋਂ ਪਾਵਨ ਸਰੂਪਾਂ ਦਾ ਵੇਰਵਾ ਇਕੱਤਰ ਕਰਨ ਲਈ ਵੱਖ-ਵੱਖ ਜ਼ਿਲ੍ਹਿਆਂ 'ਚ ਪ੍ਰਚਾਰਕਾਂ, ਢਾਡੀਆਂ ਅਤੇ ਕਵੀਸ਼ਰੀ ਜਥਿਆਂ ਨੂੰ ਤਾਇਨਾਤ ਕਰ ਦਿੱਤਾ ਗਿਆ ਹੈ। ਇਸ ਮੁਹਿੰਮ ਤਹਿਤ ਸਥਾਨਕ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਤੋਂ ਹੈਡ ਗ੍ਰੰਥੀ ਭਾਈ ਪ੍ਰਨਾਮ ਸਿੰਘ ਵੱਲੋਂ ਪਟਿਆਲਾ ਜ਼ਿਲ੍ਹੇ ਲਈ ਪ੍ਰਚਾਰਕ ਦਸਤਿਆਂ ਨੂੰ ਰਵਾਨਾ ਕੀਤਾ ਗਿਆ। ਦੂਜੇ ਪਾਸੇ ਪੰਥਕ ਹਲਕਿਆਂ ਨੇ ਖਦਸ਼ਾ ਪ੍ਰਗਟਾਇਆ ਹੈ ਕਿ ਸ਼੍ਰੋਮਣੀ ਕਮੇਟੀ ਗੁੰਮ ਹੋਏ ਪਾਵਨ ਸਰੂਪਾਂ ਨੂੰ ਲੱਭਣ ਲਈ ਟੇਢੇ ਯਤਨ ਕਰ ਰਹੀ ਹੈ। ਇਸ ਮਾਮਲੇ 'ਚ ਸ਼੍ਰੋਮਣੀ ਅਕਾਲੀ ਦਲ 'ਡੈਮੋਕ੍ਰੇਟਿਕ' ਵੱਲੋਂ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਦਾ ਕਹਿਣਾ ਹੈ ਕਿ ਲੌਂਗੋਵਾਲ ਤੋਂ ਸਿੱਖ ਸੰਗਤ ਇਹ ਪੁੱਛੇਗੀ ਕਿ ਗੁਰੂ ਸਾਹਿਬਾਨ ਦੇ ਗੁੰਮ ਹੋਏ ਸਰੂਪ ਕਿੱਥੇ ਹਨ ਤੇ ਕਿਸ ਹਾਲਾਤ 'ਚ ਹਨ। ਉਧਰ ਭਾਈ ਪ੍ਰਨਾਮ ਸਿੰਘ ਨੇ ਚਿੰਤਕਾਂ ਦੇ ਅਜਿਹੇ ਤੌਖਲਿਆਂ ਨੂੰ ਨਿਰਮੂਲ ਦੱਸਦਿਆਂ ਕਿਹਾ ਕਿ ਇਸ ਵਿਸ਼ੇਸ਼ ਮੁਹਿੰਮ ਦਾ ਸਰੂਪਾਂ ਦੇ ਮਾਮਲੇ ਨਾਲ ਕੋਈ ਵਾਹ ਵਾਸਤਾ ਨਹੀਂ ਹੈ।

# ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਸਬੰਧੀ ਕਮੇਟੀ ਕਾਇਮ



**ਅੰਮ੍ਰਿਤਸਰ:** ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਸਬੰਧੀ ਆਉਣ ਵਾਲੀਆਂ ਸ਼ਿਕਾਇਤਾਂ ਦੇ ਨਿਪਟਾਰੇ ਅਤੇ ਇਨ੍ਹਾਂ ਮਾਮਲਿਆਂ ਨੂੰ ਨਜਿੱਠਣ ਲਈ ਸ਼੍ਰੋਮਣੀ ਕਮੇਟੀ ਨੇ ਪੰਜ ਪ੍ਰਚਾਰਕਾਂ ਦੀ ਇਕ ਟੀਮ ਬਣਾਈ ਹੈ। ਇਹ ਪ੍ਰਚਾਰਕਾਂ ਦੀ ਟੀਮ ਸ੍ਰੀ ਅਕਾਲ ਤਖਤ ਵੱਲੋਂ ਕੀਤੇ ਗਏ ਹੁਕਮਾਂ ਮੁਤਾਬਕ ਸ਼੍ਰੋਮਣੀ ਕਮੇਟੀ ਵੱਲੋਂ ਬਣਾਈ ਗਈ ਹੈ। ਸ਼੍ਰੋਮਣੀ ਕਮੇਟੀ ਵੱਲੋਂ ਗਠਿਤ ਕੀਤੀ ਗਈ ਟੀਮ ਵਿਚ ਹੈੱਡ ਪ੍ਰਚਾਰਕ ਭਾਈ ਜਗਦੇਵ ਸਿੰਘ ਅਤੇ ਪ੍ਰਚਾਰਕ ਭਾਈ ਸਰਬਜੀਤ ਸਿੰਘ ਹੋਠੀਆਂ, ਭਾਈ ਬਲਵੰਤ ਸਿੰਘ, ਭਾਈ ਅਮਰ ਸਿੰਘ ਤੇ ਭਾਈ ਸਤਵੰਤ ਸਿੰਘ ਸ਼ਾਮਲ ਹਨ।

ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਸਕੱਤਰ ਵੱਲੋਂ ਜਾਰੀ ਕੀਤੇ ਵੇਰਵਿਆਂ ਮੁਤਾਬਕ ਇਹ ਪੰਜ ਮੈਂਬਰੀ ਪ੍ਰਚਾਰਕਾਂ ਦੀ ਟੀਮ ਇਸ ਸਬੰਧੀ ਕੋਈ ਵੀ ਸ਼ਿਕਾਇਤ ਆਉਣ 'ਤੇ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਹਲਕਾ ਮੈਂਬਰ ਨੂੰ ਸੂਚਿਤ ਕਰੇਗੀ ਅਤੇ ਤੁਰਤ ਨੇੜਲੇ ਗੁਰਦੁਆਰੇ ਦੇ ਮੈਨੇਜਰ ਰਾਹੀਂ ਲੋੜੀਂਦੀ ਕਾਰਵਾਈ ਸ਼ੁਰੂ ਕਰਵਾਏਗੀ। ਇਹ ਟੀਮ ਖੁਦ ਵੀ ਮੌਕੇ ਉਤੇ ਪੁੱਜੇਗੀ। ਉਨ੍ਹਾਂ ਆਖਿਆ ਕਿ ਜੇਕਰ ਕਿਸੇ ਥਾਂ 'ਤੇ ਕੋਈ ਵੱਡਾ ਜਾਂ ਸੰਜੀਦਾ ਮਾਮਲਾ ਹੈ ਤਾਂ ਇਹ ਟੀਮ ਤਖਤ ਸਾਹਿਬਾਨ ਤੋਂ ਪੰਜ ਪਿਆਰਿਆਂ ਦਾ ਸਹਿਯੋਗ ਵੀ ਲੈ ਸਕਦੀ ਹੈ।

ਇਥੇ ਦੱਸਣਯੋਗ ਹੈ ਕਿ ਬੀਤੇ ਦਿਨੀਂ ਅਕਾਲ ਤਖਤ ਦੇ ਜਥੇਦਾਰ ਨੇ ਸਤਿਕਾਰ ਕਮੇਟੀ ਦੀਆਂ ਆਈਆਂ ਸ਼ਿਕਾਇਤਾਂ ਦਾ ਗੰਭੀਰ ਨੋਟਿਸ ਲਿਆ ਸੀ ਅਤੇ ਅਜਿਹੇ ਮਾਮਲੇ ਸ਼੍ਰੋਮਣੀ ਕਮੇਟੀ ਨੂੰ ਨਜਿੱਠਣ ਵਾਸਤੇ ਇਕ ਕਮੇਟੀ ਬਣਾਉਣ ਲਈ ਆਖਿਆ ਸੀ।

### ਸਤਿਕਾਰ ਕਮੇਟੀਆਂ ਤੋਂ ਵੇਰਵੇ ਮੰਗੇ ਜਾਣ: ਲੌਂਗੋਵਾਲ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਅਪੀਲ ਕੀਤੀ ਹੈ ਕਿ ਉਹ ਉਚ ਪੱਧਰੀ ਕਮੇਟੀ ਬਣਾਉਣ ਜੋ ਸਤਿਕਾਰ ਕਮੇਟੀਆਂ ਕੋਲੋਂ ਸੰਗਤ ਪਾਸੋਂ ਚੁੱਕ ਕੇ ਲਿਆਂਦੇ ਪਾਵਨ ਸਰੂਪਾਂ ਤੇ ਹੋਰ ਸਾਮਾਨ ਦੇ ਵੇਰਵੇ ਇਕੱਠੇ ਕਰੇ। ਉਨ੍ਹਾਂ ਇਨ੍ਹਾਂ ਵੇਰਵਿਆਂ ਨੂੰ ਜਨਤਕ ਕਰਨ ਬਾਰੇ ਵੀ ਕਿਹਾ। ਉਨ੍ਹਾਂ ਇਸ ਮਾਮਲੇ ਵਿਚ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਅਪੀਲ ਕੀਤੀ ਹੈ ਕਿ ਉਹ ਸਤਿਕਾਰ ਕਮੇਟੀਆਂ ਕੋਲੋਂ ਇਸ ਸਬੰਧੀ ਹਿਸਾਬ ਲੈਣ। ਉਹ ਇਸ ਸਬੰਧੀ ਇਕ ਉਚ ਪੱਧਰੀ ਕਮੇਟੀ ਬਣਾਉਣ।

### ਸਤਿਕਾਰ ਕਮੇਟੀਆਂ ਬਾਰੇ ਬਿਆਨ ਮੰਦਭਾਗਾ: ਢੀਂਡਸਾ

**ਸੰਗਰੂਰ:** ਸ਼੍ਰੋਮਣੀ ਅਕਾਲੀ ਦਲ ਡੈਮੋਕਰੈਟਿਕ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਾਣ ਮਰਿਆਦਾ ਤੇ ਸਤਿਕਾਰ ਲਈ ਹੋਂਦ 'ਚ ਆਈਆਂ ਸਤਿਕਾਰ ਕਮੇਟੀਆਂ ਬਾਰੇ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਦਿੱਤੇ ਬਿਆਨ ਨੂੰ ਬਹੁਤ ਮੰਦਭਾਗਾ ਦੱਸਦਿਆਂ ਕਿਹਾ ਕਿ ਇਹ ਸਿਆਸਤ ਤੋਂ ਪ੍ਰੇਰਿਤ ਹੈ ਅਤੇ ਸਿੱਖ ਕੌਮ ਅੰਦਰ ਘਰੇਲੂ ਲੜਾਈ ਵਰਗੇ ਹਾਲਾਤ ਪੈਦਾ ਕਰਨ ਦੇ ਤੁੱਲ ਹੈ। ਸ਼੍ਰੋਮਣੀ ਅਕਾਲੀ ਦਲ ਡੈਮੋਕਰੈਟਿਕ ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਭਾਈ ਲੌਂਗੋਵਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁੰਮ ਹੋਏ ਪਾਵਨ ਸਰੂਪਾਂ ਦੇ ਮੁੱਦੇ ਤੋਂ ਸੰਗਤ ਦਾ ਧਿਆਨ ਹਟਾਉਣ ਲਈ ਕੋਝੀਆਂ ਸਾਜ਼ਿਸ਼ਾਂ ਘੜ ਰਿਹਾ ਹੈ। ਉਨ੍ਹਾਂ ਸੰਗਤ ਨੂੰ ਸੁਚੇਤ ਕਰਦਿਆਂ ਕਿਹਾ ਕਿ ਅਸਲ ਮੁੱਦੇ ਤੋਂ ਭਟਕਾਉਣ ਦੇ ਯਤਨਾਂ ਨੂੰ ਕਿਸੇ ਕੀਮਤ 'ਤੇ ਸਫਲ ਨਾ ਹੋਣ ਦੇਣ।

## ਸ਼੍ਰੋਮਣੀ ਕਮੇਟੀ 1920 ਤੋਂ ਆਪਣੀਆਂ ਪ੍ਰਕਾਸ਼ਨਾਵਾਂ ਮੁੜ ਛਾਪੇ: ਜਥੇਦਾਰ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ 1920 ਤੋਂ ਲੈ ਕੇ ਹੁਣ ਤੱਕ ਦੀਆਂ ਆਪਣੀਆਂ ਪ੍ਰਕਾਸ਼ਨਾਵਾਂ ਨੂੰ ਮੁੜ ਛਾਪੇ ਅਤੇ ਗੁਰੂ ਤੇਗ ਬਹਾਦਰ ਸਾਹਿਬ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਨ੍ਹਾਂ ਪ੍ਰਕਾਸ਼ਨਾਵਾਂ ਦੀਆਂ ਗੁਰਦੁਆਰਿਆਂ ਤੇ ਵਿਦਿਅਕ ਅਦਾਰਿਆਂ ਵਿਚ ਪ੍ਰਦਰਸ਼ਨੀਆਂ ਲਾਵੇ। ਉਹ ਇਥੇ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਦੋ ਦਿਨ ਕਥਾ ਕਰਨ ਲਈ ਆਏ ਸਨ।



ਉਨ੍ਹਾਂ ਆਖਿਆ ਕਿ ਸ਼੍ਰੋਮਣੀ ਕਮੇਟੀ ਆਪਣੀਆਂ ਦੋ ਬੱਸਾਂ ਦਾ ਪ੍ਰਬੰਧ ਕਰੇ ਜਿਨ੍ਹਾਂ ਰਾਹੀਂ ਗੁਰਦੁਆਰਿਆਂ, ਸਕੂਲਾਂ ਤੇ ਕਾਲਜਾਂ 'ਚ ਪ੍ਰਦਰਸ਼ਨੀਆਂ ਲਾਈਆਂ ਜਾਣ। ਇਸ ਨਾਲ ਨੌਜਵਾਨਾਂ ਵਿਚ ਪੜ੍ਹਨ ਦੀ ਰੁਚੀ ਪੈਦਾ ਹੋਵੇਗੀ। ਉਨ੍ਹਾਂ ਆਖਿਆ ਕਿ ਨਵੀਂ ਪੀੜ੍ਹੀ ਨੂੰ ਗੁਰਬਾਣੀ, ਸਿੱਖ ਇਤਿਹਾਸ ਅਤੇ ਸਿਧਾਂਤਾਂ ਬਾਰੇ ਜਾਣਨਾ ਚਾਹੀਦਾ ਹੈ। ਇਸ ਵੇਲੇ ਸਿੱਖ ਨੌਜਵਾਨ ਪੀੜ੍ਹੀ ਵੱਖ-ਵੱਖ ਖੇਤਰਾਂ ਵਿਚ ਉਚ ਦਰਜੇ ਦੀ ਵਿਦਿਆ ਪ੍ਰਾਪਤ ਕਰ ਰਹੀ ਹੈ ਪਰ ਉਹ ਸਾਹਿਤ ਤੋਂ ਦੂਰ ਜਾ ਰਹੀ ਹੈ। ਇਹ ਪੁਸਤਕਾਂ ਨੌਜਵਾਨਾਂ ਨੂੰ ਘੱਟ ਰੇਟ ਉਤੇ ਦਿੱਤੀਆਂ ਜਾ ਸਕਦੀਆਂ ਹਨ ਅਤੇ ਛੋਟੇ ਕਿਤਾਬਚੇ ਮੁਫਤ ਵੰਡਣੇ ਚਾਹੀਦੇ ਹਨ। ਉਨ੍ਹਾਂ ਦੀ ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨਾਲ ਗੱਲਬਾਤ ਵੀ ਹੋਈ ਹੈ। ਉਨ੍ਹਾਂ ਸੁਝਾਅ ਦਿੱਤਾ ਹੈ ਕਿ ਵਿਦਵਾਨਾਂ ਅਤੇ ਚਿੰਤਕਾਂ ਦੀ ਇਕ ਕਮੇਟੀ ਬਣਾਈ ਜਾਵੇ ਜੋ 400 ਸਾਲਾ ਸ਼ਤਾਬਦੀ ਮੌਕੇ ਕੋਈ ਸਦੀਵੀਂ ਯਾਦਗਾਰ ਬਣਾਉਣ ਲਈ ਸੁਝਾਅ ਦੇਵੇ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਕਮੇਟੀ ਆਪਣੇ ਮੈਂਬਰਾਂ ਅਤੇ ਕਰਮਚਾਰੀਆਂ ਦੇ ਬੱਚਿਆਂ ਨੂੰ ਪਤਿਤਪੁਣੇ ਤੋਂ ਰੋਕਣ ਲਈ ਉਪਰਾਲੇ ਕਰੇ।

# ਜੰਮੂ ਕਸ਼ਮੀਰ ਭਾਸ਼ਾ ਬਿੱਲ ਖਿਲਾਫ ਨਿੱਤਰੀਆਂ ਵਿਦਿਆਰਥੀ ਜਥੇਬੰਦੀਆਂ

**ਪਟਿਆਲਾ:** ਵਿਦਿਆਰਥੀ ਜਥੇਬੰਦੀਆਂ ਪੰਜਾਬ ਰੈਡੀਕਲ ਸਟੂਡੈਂਟਸ ਯੂਨੀਅਨ, ਆਲ ਇੰਡੀਆ ਰਿਸਰਚ ਸਕਾਲਰ ਐਸੋਸੀਏਸ਼ਨ ਤੇ ਡੈਮੋਕ੍ਰੈਟਿਕ ਸਟੂਡੈਂਟਸ ਆਰਗੇਨਾਈਜ਼ੇਸ਼ਨ ਵੱਲੋਂ ਪੰਜਾਬੀ 'ਵਰਸਿਟੀ ਦੇ ਮੇਨ ਗੇਟ ਦੇ ਬਾਹਰ ਕੇਂਦਰ ਸਰਕਾਰ ਦੇ ਜੰਮੂ ਕਸ਼ਮੀਰ ਭਾਸ਼ਾਵਾਂ ਬਿੱਲ-2020 ਖਿਲਾਫ ਪ੍ਰਦਰਸ਼ਨ ਕੀਤਾ ਗਿਆ।

ਪੰਜਾਬ ਰੈਡੀਕਲ ਸਟੂਡੈਂਟਸ ਯੂਨੀਅਨ ਦੀ ਸੂਬਾਈ ਆਗੂ ਸੰਦੀਪ ਕੌਰ, ਆਲ ਇੰਡੀਆ ਰਿਸਰਚ ਸਕਾਲਰ ਐਸੋਸੀਏਸ਼ਨ ਦੇ ਕਲਬੀਰ ਬਾਦਲ ਤੇ ਡੈਮੋਕ੍ਰੈਟਿਕ ਸਟੂਡੈਂਟਸ ਆਰਗੇਨਾਈਜ਼ੇਸ਼ਨ ਦੇ ਵਿਕਰਮ ਬਾਗੀ ਨੇ ਕਿਹਾ ਕਿ ਪਿਛਲੇ ਸਾਲ 5 ਅਗਸਤ ਨੂੰ ਜੰਮੂ ਕਸ਼ਮੀਰ ਤੋਂ ਧਾਰਾ 370, 35-ਏ ਹਟਾ ਕੇ ਰਾਜ ਦਾ ਦਰਜਾ ਖੋਹ ਕੇ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾ ਦਿੱਤਾ ਗਿਆ। ਹੁਣ ਉਸੇ ਦੀ ਲਗਾਤਾਰਤਾ ਤਹਿਤ ਕੇਂਦਰ ਦੀ ਫਾਸ਼ੀਵਾਦੀ ਹਕੂਮਤ ਨੇ ਜੰਮੂ ਕਸ਼ਮੀਰ ਭਾਸ਼ਾਈ ਬਿੱਲ 'ਚੋਂ ਪੰਜਾਬੀ ਭਾਸ਼ਾ ਨੂੰ ਬਾਹਰ ਰੱਖ ਕੇ ਇਹ ਸਾਬਤ ਕਰ ਦਿੱਤਾ ਹੈ ਕਿ ਕੇਂਦਰ ਦੀ ਸਰਕਾਰ ਤਾਕਤਾਂ ਦਾ ਕੇਂਦਰੀਕਰਨ ਕਰ ਰਹੀ ਹੈ ਅਤੇ ਘੱਟ ਗਿਣਤੀਆਂ ਖਿਲਾਫ ਹੈ। ਉਨ੍ਹਾਂ ਆਖਿਆ ਕਿ ਉਹ ਅਜਿਹੇ ਵਿਤਕਰੇ ਖਿਲਾਫ ਹਨ ਅਤੇ ਉਨ੍ਹਾਂ ਦੀ ਮੰਗ ਹੈ ਕਿ ਜੰਮੂ ਕਸ਼ਮੀਰ ਵਿਚ ਧਾਰਾ 370, 35 ਏ ਬਹਾਲ ਕਰਕੇ ਪੰਜਾਬੀ ਭਾਸ਼ਾ ਨੂੰ ਜੰਮੂ ਕਸ਼ਮੀਰ ਭਾਸ਼ਾਈ ਬਿੱਲ 2020 ਵਿਚ ਸ਼ਾਮਲ




ਕੀਤਾ ਜਾਵੇ। ਆਗੂਆਂ ਨੇ ਦੁਨੀਆਂ ਵਿਚ ਵਸਦੇ ਪੰਜਾਬੀ ਭਾਸ਼ਾ ਹਿਤੈਸ਼ੀਆਂ, ਜਥੇਬੰਦੀਆਂ, ਬੁੱਧੀਜੀਵੀਆਂ ਆਦਿ ਨੂੰ ਇਕ ਮੰਚ ਉਤੇ ਇਕੱਤਰ ਹੋਣ ਦਾ ਸੱਦਾ ਦਿੱਤਾ।

ਕੇਂਦਰ ਸ਼ਾਸਿਤ ਪ੍ਰਦੇਸ਼ ਜੰਮੂ ਕਸ਼ਮੀਰ 'ਚ ਪੰਜਾਬੀ ਨੂੰ ਸਰਕਾਰੀ ਭਾਸ਼ਾਵਾਂ ਦੀ ਸੂਚੀ ਵਿਚ ਸ਼ਾਮਲ ਕਰਾਉਣ ਲਈ ਸਿੱਖ ਜਥੇਬੰਦੀ ਨੇ ਦਸਤਖਤ ਮੁਹਿੰਮ ਸ਼ੁਰੂ ਕੀਤੀ ਹੈ। ਸਿੱਖ ਯੂਥ ਸੇਵਾ ਟਰੱਸਟ ਨੇ ਸਰਕਾਰ 'ਤੇ ਦਬਾਅ ਪਾਉਣ ਲਈ ਗਾਂਧੀ ਨਗਰ ਸਥਿਤ ਗੁਰਦੁਆਰੇ ਦੇ ਬਾਹਰ ਇਸ ਮੁਹਿੰਮ ਨੂੰ ਸ਼ੁਰੂ ਕੀਤਾ ਹੈ।

ਟਰੱਸਟ ਦੇ ਚੇਅਰਮੈਨ ਤੇਜਿੰਦਰ ਪਾਲ ਸਿੰਘ ਨੇ ਕਿਹਾ ਕਿ ਸਮਾਜ ਦੇ ਸਾਰੇ ਵਰਗਾਂ ਦੀ ਹਮਾਇਤ ਮਿਲਣ ਦੇ ਬਾਵਜੂਦ ਸਾਡੀ ਮੰਗ ਪ੍ਰਤੀ ਕੇਂਦਰ ਨੇ ਅਜੇ ਤੱਕ ਕੋਈ ਜਵਾਬ ਨਹੀਂ ਦਿੱਤਾ ਹੈ। ਇਹ ਲੋਕਤੰਤਰ ਹੈ ਅਤੇ ਕਿਸੇ ਵੀ ਵਿਤਕਰੇ ਖਿਲਾਫ ਆਵਾਜ਼ ਉਠਾਉਣਾ ਸਾਡਾ ਹੱਕ ਹੈ। ਸਿੱਖ ਆਪਣੀਆਂ ਮੰਗਾਂ ਲਈ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕਰਨਾ ਜਾਰੀ ਰੱਖਣਗੇ। ਜਥੇਬੰਦੀ ਦੇ ਚੇਅਰਮੈਨ ਨੇ ਕਿਹਾ ਕਿ 1981 ਤੱਕ ਜੰਮੂ ਕਸ਼ਮੀਰ 'ਚ ਪੰਜਾਬੀ ਭਾਸ਼ਾ ਉਰਦੂ ਵਾਂਗ ਲਾਜ਼ਮੀ ਵਿਸ਼ਾ ਸੀ। ਸੂਬੇ ਦਾ ਵਿਸ਼ੇਸ਼ ਦਰਜਾ ਰੱਦ ਕੀਤੇ ਜਾਣ ਤੋਂ ਪਹਿਲਾਂ ਪੰਜਾਬੀ ਜੰਮੂ ਕਸ਼ਮੀਰ ਦੇ ਸੰਵਿਧਾਨ ਦਾ ਅਹਿਮ ਹਿੱਸਾ ਸੀ। ਜੰਮੂ ਕਸ਼ਮੀਰ ਦੀ ਵੱਡੀ ਆਬਾਦੀ 'ਚ ਪੰਜਾਬੀ ਮਕਬੂਲ ਹੈ। ਉਨ੍ਹਾਂ ਕਿਹਾ ਕਿ ਪੰਜਾਬੀ ਭਾਸ਼ਾ ਨੂੰ ਮਨਫੀ ਕਰ ਕੇ ਕੇਂਦਰ ਸਰਕਾਰ ਨੇ ਨਾ ਸਿਰਫ ਜੰਮੂ ਕਸ਼ਮੀਰ ਦੀਆਂ ਘੱਟ ਗਿਣਤੀਆਂ ਸਗੋਂ ਮੁਲਕ ਭਰ ਦੇ ਪੰਜਾਬੀ ਬੋਲਦੇ ਲੋਕਾਂ 'ਚ ਇਸ ਫੈਸਲੇ ਖਿਲਾਫ ਨਾਰਾਜ਼ਗੀ ਹੈ।

### ਲੌਂਗੋਵਾਲ ਵਲੋਂ ਪ੍ਰਧਾਨ ਮੰਤਰੀ ਨੂੰ ਪੱਤਰ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਜੰਮੂ ਕਸ਼ਮੀਰ ਦੀਆਂ ਸਰਕਾਰੀ ਭਾਸ਼ਾਵਾਂ ਦੀ ਸੂਚੀ ਵਿਚ ਪੰਜਾਬੀ ਭਾਸ਼ਾ ਨੂੰ ਸ਼ਾਮਲ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖਿਆ ਹੈ। ਲੌਂਗੋਵਾਲ ਨੇ ਕਿਹਾ ਕਿ ਬੀਤੇ ਦਿਨੀਂ ਭਾਰਤ ਸਰਕਾਰ ਦੀ ਕੈਬਨਿਟ ਮੀਟਿੰਗ ਦੌਰਾਨ ਪ੍ਰਵਾਨ ਕੀਤੇ ਗਏ ਜੰਮੂ ਕਸ਼ਮੀਰ ਭਾਸ਼ਾ ਬਿੱਲ ਵਿਚੋਂ ਪੰਜਾਬੀ ਨੂੰ ਬਾਹਰ ਰੱਖਿਆ ਗਿਆ ਹੈ, ਜਿਸ ਕਾਰਨ ਸਿੱਖਾਂ ਅੰਦਰ ਰੋਸ ਹੈ। ਇਸ ਦੇ ਨਾਲ ਹੀ ਹੋਰ ਖੇਤਰੀ ਭਾਸ਼ਾਵਾਂ ਨੂੰ ਵੀ ਮਾਨਤਾ ਨਹੀਂ ਦਿੱਤੀ ਗਈ। ਉਨ੍ਹਾਂ ਕਿਹਾ ਕਿ ਕੇਂਦਰ ਦੇ ਇਸ ਫੈਸਲੇ ਨਾਲ ਘੱਟ ਗਿਣਤੀਆਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ।

### ਪੰਜਾਬੀ ਦਾ ਮੁੱਦਾ ਮੋਦੀ ਕੋਲ ਚੁੱਕਾਂਗਾ: ਸੁਖਬੀਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਜੰਮੂ ਕਸ਼ਮੀਰ ਵਿਚ ਪੰਜਾਬੀ ਦੇ ਸਰਕਾਰੀ ਭਾਸ਼ਾ ਦੇ ਦਰਜੇ ਨੂੰ ਬਹਾਲ ਕਰਨ ਦਾ ਮਾਮਲਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਕੋਲ ਚੁੱਕਣ ਦਾ ਫੈਸਲਾ ਲਿਆ ਹੈ। ਇਸ ਤੋਂ ਇਲਾਵਾ ਇਹ ਮਾਮਲਾ ਸੰਸਦ ਵਿਚ ਵੀ ਚੁੱਕਿਆ ਜਾਵੇਗਾ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਹੋਈ ਉਚ ਪੱਧਰੀ ਮੀਟਿੰਗ ਵਿਚ ਇਹ ਫੈਸਲਾ ਲਿਆ ਗਿਆ।

# ਕੈਪਟਨ ਸਰਕਾਰ ਸਨਅਤਕਾਰਾਂ ਦਾ ਗੁਆਂਢੀ ਸੂਬਿਆਂ ਵਲ ਰੁਝਾਨ ਰੋਕਣ 'ਚ ਨਾਕਾਮ

**ਚੰਡੀਗੜ੍ਹ:** ਪੰਜਾਬ ਦੇ ਮੁਕਾਬਲੇ ਨਿਵੇਸ਼ਕ ਤੇ ਸਨਅਤਕਾਰਾਂ ਦਾ ਰੁਝਾਨ ਆਂਧਰਾ ਪ੍ਰਦੇਸ਼, ਉੱਤਰ ਪ੍ਰਦੇਸ਼, ਹਿਮਾਚਲ ਪ੍ਰਦੇਸ਼, ਤੇਲੰਗਾਨਾ ਅਤੇ ਰਾਜਸਥਾਨ ਵਰਗੇ ਰਾਜਾਂ ਵੱਲ ਵਧਿਆ ਹੈ। ਭਾਰਤ ਸਰਕਾਰ ਦੇ ਵਿੱਤ ਤੇ ਕਾਰਪੋਰੇਟ ਮਾਮਲਿਆਂ ਬਾਰੇ ਵਿਭਾਗ ਵੱਲੋਂ ਐਲਾਨੇ ਕਾਰੋਬਾਰ ਲਈ ਸੌਖ (ਈਜ਼ ਆਫ ਡੂਇੰਗ ਬਿਜ਼ਨੈੱਸ) ਰਾਜ ਦੀ ਕਾਰੋਬਾਰੀ ਸੁਧਾਰ ਕਾਰਜ ਯੋਜਨਾ ਦੀ ਦਰਜਾਬੰਦੀ ਅਨੁਸਾਰ ਪੰਜਾਬ ਨੂੰ 36 ਰਾਜਾਂ ਵਿਚੋਂ 19ਵਾਂ ਨੰਬਰ ਦਿੱਤਾ ਗਿਆ ਹੈ।

ਸਾਲ 2016 'ਚ ਪੰਜਾਬ ਦੀ 'ਈਜ਼ ਆਫ ਡੂਇੰਗ ਬਿਜ਼ਨੈਸ' ਵਿਚ ਦਰਜਾਬੰਦੀ 12ਵੀਂ ਸੀ, ਜੋ ਕਿ 2019 ਵਿਚ ਘਟ ਕੇ 19 ਵੇਂ ਸਥਾਨ ਉਤੇ ਆ ਗਈ, ਜਿਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਨਿਵੇਸ਼ਕ ਪੰਜਾਬ ਸਰਕਾਰ ਦੀਆਂ ਨੀਤੀਆਂ ਤੇ ਉਦਯੋਗ ਲਾਉਣ ਲਈ ਪੈਦਾ ਕੀਤੇ ਗਏ ਮਾਹੌਲ ਤੋਂ ਖੁਸ਼ ਨਹੀਂ ਹਨ। ਪੰਜਾਬ ਸਰਕਾਰ ਵੱਲੋਂ ਪਿਛਲੇ 4 ਸਾਲਾਂ ਦੇ ਕਾਰਜਕਾਲ ਵਿਚ ਸਿਰਫ ਦਾਅਵੇ ਹੀ ਕੀਤੇ ਗਏ ਹਨ, ਜਦਕਿ ਸਨਅਤੀ ਸਮੱਸਿਆਵਾਂ ਜਿਉਂ ਦੀਆਂ ਤਿਉਂ ਕਾਰਖਾਨੇਦਾਰਾਂ ਨੂੰ ਸਮੱਸਿਆਵਾਂ 'ਚ ਘੇਰੀ ਬੈਠੀਆਂ ਹਨ। ਸਨਅਤਕਾਰ ਕਾਰੋਬਾਰੀ ਪੰਜਾਬ ਦੇ ਵੱਖ-ਵੱਖ ਫੋਕਲ ਪੁਆਇੰਟਾਂ 'ਚ ਵਾਧੂ ਖਰਚੇ ਵਸੂਲਣ ਸਬੰਧੀ ਮਾਮਲਿਆਂ 'ਚ ਓ.ਟੀ.ਐਸ. ਯੋਜਨਾ ਨੂੰ ਉਡੀਕ ਰਹੇ ਹਨ ਪਰ ਪੀ.ਐਸ.ਆਈ.ਸੀ. ਵੱਲੋਂ ਇਸ ਦਿਸ਼ਾ ਵੱਲ ਕੋਈ ਵਿਸ਼ੇਸ਼ ਯਤਨ ਨਹੀਂ ਕੀਤੇ ਜਾ ਰਹੇ। ਸਨਅਤਕਾਰਾਂ ਦੇ ਪੀ.ਐਸ.ਆਈ.ਈ.ਸੀ. ਤੇ ਹੋਰ ਵੱਖ-ਵੱਖ ਵਿਭਾਗਾਂ ਨਾਲ ਜੋ ਪਿਛਲੇ ਲੰਬੇ ਸਮੇਂ ਤੋਂ ਝਗੜੇ



ਚੱਲ ਰਹੇ ਹਨ, ਉਨ੍ਹਾਂ ਦਾ ਨਿਪਟਾਰਾ ਕਰਨ ਲਈ ਵੀ ਵਿਭਾਗਾਂ ਦੀ ਇਕ ਮੁਸ਼ਤ ਸਕੀਮ (ਓ.ਟੀ.ਐਸ.) ਨਹੀਂ ਲਿਆਂਦੀ ਗਈ। ਪੰਜਾਬ 'ਚ ਸਨਅਤਕਾਰਾਂ ਨੂੰ ਗੁਆਂਢੀ ਸੂਬਿਆਂ ਨਾਲੋਂ ਮਹਿੰਗੀ ਤੇ ਕੱਟ ਲਗਾ ਕੇ ਬਿਜਲੀ ਸਪਲਾਈ ਮਿਲ ਰਹੀ ਹੈ ਅਤੇ ਬਿਜਲੀ ਨਿਗਮ ਨੇ ਵੀ ਸਨਅਤਕਾਰਾਂ ਦੇ ਪੱਖ ਵਿਚ ਖੜ੍ਹੇ ਹੋ ਕੇ ਉਨ੍ਹਾਂ ਦੀ ਭਲਾਈ ਲਈ ਕੋਈ ਵਿਸ਼ੇਸ਼ ਯਤਨ ਕਰਨੇ ਜ਼ਰੂਰੀ ਨਹੀਂ ਸਮਝੇ। ਸਨਅਤਕਾਰਾਂ ਨੂੰ 5 ਰੁਪਏ ਪ੍ਰਤੀ ਯੂਨਿਟ ਬਿਜਲੀ ਦੇਣ ਦੀ ਮੰਗ 4 ਸਾਲ ਬੀਤ ਜਾਣ 'ਤੇ ਵੀ ਪੂਰੀ ਨਹੀਂ ਹੋ ਸਕੀ, ਜਿਸ ਨੇ ਵੀ ਸਨਅਤਕਾਰਾਂ ਤੇ ਨਿਵੇਸ਼ਕਾਂ ਦਾ ਪੰਜਾਬ ਵੱਲੋਂ ਮੋਹ ਭੰਗ ਕੀਤਾ ਹੈ। ਵੈਟ ਤੇ ਜੀ.ਐਸ.ਟੀ. ਰਿਫੰਡ ਪਿਛਲੇ ਲੰਬੇ ਸਮੇਂ ਤੋਂ ਲਟਕਿਆ ਪਿਆ ਹੈ, ਜਿਸ ਨੂੰ ਜਾਰੀ ਕਰਨ ਲਈ ਵੀ ਕੋਈ ਵਿਸ਼ੇਸ਼ ਯਤਨ ਨਹੀਂ ਕੀਤੇ ਗਏ ਤੇ ਅੱਜ ਤੱਕ ਸਨਅਤਕਾਰ ਵੈਟ ਤੇ ਜੀ.ਐਸ.ਟੀ. ਰਿਫੰਡ ਨੂੰ ਤਰਸ ਰਹੇ ਹਨ। ਪੰਜਾਬ ਸਮੁੰਦਰੀ ਬੰਦਰਗਾਹ ਤੋਂ ਦੂਰ ਹੋਣ ਕਰਕੇ ਸਨਅਤਕਾਰਾਂ ਨੂੰ ਭਾੜਾ ਬਹੁਤ ਜ਼ਿਆਦਾ ਪੈਂਦਾ ਹੈ, ਜਿਸ ਕਰਕੇ ਪੰਜਾਬ ਵਿਚ ਬਣੇ ਉਤਪਾਦ ਸਮੁੰਦਰੀ ਬੰਦਰਗਾਹ ਦੇ ਨੇੜੇ ਸਥਿਤ ਸਨਅਤੀ ਇਕਾਈ ਵਿਚ ਬਣੇ ਉਤਪਾਦਾਂ ਨਾਲੋਂ ਮਹਿੰਗੇ ਮਿਲ ਰਹੇ ਹਨ। ਸਰਕਾਰ ਨੂੰ ਭਾੜਿਆਂ 'ਤੇ ਸਬਸਿਡੀ ਦੇਣੀ ਚਾਹੀਦੀ ਹੈ। ਪਰ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ ਗਿਆ।

# ਸਿੱਖਸ ਫਾਰ ਜਸਟਿਸ ਦੇ ਰੇਲ ਰੋਕੋ ਪ੍ਰੋਗਰਾਮ ਨੂੰ ਹੁੰਗਾਰਾ ਨਾ ਮਿਲਿਆ

**ਨਵੀਂ ਦਿੱਲੀ:** ਪਾਬੰਦੀਸ਼ੁਦਾ ਸੰਗਠਨ ਸਿੱਖਸ ਫਾਰ ਜਸਟਿਸ (ਐਸ.ਐਫ.ਜੇ.) ਵਲੋਂ ਸੂਬੇ ਦੇ ਕਿਸਾਨਾਂ ਨੂੰ 'ਰੇਲ ਰੋਕੋ' ਪ੍ਰੋਗਰਾਮ ਤਹਿਤ ਰੇਲਾਂ ਰੋਕਣ ਦਾ ਸੱਦਾ ਦਿੱਤਾ ਗਿਆ ਸੀ, ਜਿਸ ਨੂੰ ਕਿਸਾਨਾਂ ਦਾ ਹੁੰਗਾਰਾ ਨਾ ਮਿਲ ਸਕਿਆ। ਇਸ ਪ੍ਰੋਗਰਾਮ ਨੂੰ ਦੇਖਦੇ ਹੋਏ ਹਾਈ ਅਲਰਟ ਕੀਤਾ ਗਿਆ ਸੀ।

ਫਿਰੋਜ਼ਪੁਰ ਮੰਡਲ ਅਧੀਨ ਪਹਿਲਾਂ ਹੀ ਯਾਤਰੀ ਰੇਲਗੱਡੀਆਂ 30 ਸਤੰਬਰ ਤੱਕ ਬੰਦ ਹਨ। ਨੀਟ ਪ੍ਰੀਖਿਆ ਕਾਰਨ ਹੀ ਦੋ ਵਿਸ਼ੇਸ਼ ਰੇਲ ਗੱਡੀਆਂ ਚਲਾਈਆਂ ਗਈਆਂ ਸਨ। ਮੋਗਾ ਜ਼ਿਲ੍ਹੇ 'ਚ ਖਾਲਿਸਤਾਨ ਦੇ ਝੰਡੇ ਝੁਲਾਉਣ ਦੀ ਲਹਿਰ ਕਾਰਨ ਅਧਿਕਾਰੀਆਂ ਦਾ ਧਿਆਨ ਫਿਰੋਜ਼ਪੁਰ-ਮੋਗਾ-ਲੁਧਿਆਣਾ ਮਾਰਗ ਦੀ ਸੁਰੱਖਿਆ ਉਤੇ ਰਿਹਾ। ਇਥੇ ਰੇਲਵੇ ਪੁਲਿਸ (ਜੀ.ਆਰ.ਪੀ.) ਤੇ ਰੇਲਵੇ ਪ੍ਰੋਟੈਕਸ਼ਨ ਫੋਰਸ ਨੇ ਰੇਲ ਮਾਰਗਾਂ ਉਤੇ ਨਜ਼ਰ ਰੱਖੀ ਹੋਈ ਸੀ। ਪੰਜਾਬ ਪੁਲਿਸ ਦੀਆਂ ਟੀਮਾਂ ਵੀ ਚੌਕਸ ਰਹੀਆਂ।

**ਡਿਫਾਲਟਰ ਕਿਸਾਨਾਂ ਨੂੰ 3500 ਰੁਪਏ ਦੇਣ ਦਾ ਐਲਾਨ:** ਸਿੱਖਸ ਫਾਰ ਜਸਟਿਸ (ਐਸ.ਐਫ.ਜੇ.) ਦੇ ਆਗੂ ਗੁਰਪਤਵੰਤ ਸਿੰਘ ਪੰਨੂ ਤੇ ਹਰਦੀਪ ਸਿੰਘ ਨਿੱਝਰ ਦੀਆਂ ਭਾਰਤ ਵਿਚਲੀਆਂ ਜਾਇਦਾਦਾਂ ਜ਼ਬਤ ਕਰਨ ਦੇ ਕੇਂਦਰ ਸਰਕਾਰ ਦੇ ਹੁਕਮਾਂ ਤੋਂ ਬਾਅਦ ਵੀ ਜਥੇਬੰਦੀ ਵੱਲੋਂ ਦੇਸ਼ ਵਿਰੋਧੀ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ। ਖੁਫੀਆ ਵਿੰਗ ਦੇ ਸੂਤਰ ਦੱਸਦੇ ਹਨ ਕਿ ਹੁਣ ਜਥੇਬੰਦੀ ਨੇ ਪੰਜਾਬ ਦੇ ਕਿਸਾਨਾਂ ਨੂੰ 'ਰਾਇਸ਼ੁਮਾਰੀ-2020' ਦੇ ਪੱਖ ਵਿਚ ਭੁਗਤਾਉਣ ਲਈ ਪ੍ਰਤੀ ਕਿਸਾਨ 3500 ਰੁਪਏ ਗਰਾਂਟ ਵਜੋਂ ਦੇਣ ਦਾ ਐਲਾਨ ਕੀਤਾ ਹੈ।

ਅਮਰੀਕਾ ਆਧਾਰਿਤ ਇਸ ਜਥੇਬੰਦੀ ਨੇ ਐਲਾਨ ਕੀਤਾ ਕਿ ਆਗਾਮੀ ਨਵੰਬਰ ਮਹੀਨੇ ਹੋਣ ਵਾਲੀ 'ਰਾਇਸ਼ੁਮਾਰੀ-2020' ਦੇ ਸਮਰਥਨ ਲਈ ਪੰਜਾਬ ਦੇ ਖੇਤੀ ਕਰਜ਼ੇ ਨਾ ਮੋੜ ਸਕਣ ਵਾਲੇ ਕਿਸਾਨਾਂ ਨੂੰ ਹਰ ਮਹੀਨੇ ਪੈਸੇ ਦਿੱਤੇ ਜਾਣਗੇ।

ਜਾਣਕਾਰੀ ਅਨੁਸਾਰ ਐਸ.ਐਫ.ਜੇ. ਖ਼ਿਲਾਫ ਜਾਂਚ ਕਰ ਰਹੀਆਂ ਖੁਫ਼ੀਆ ਏਜੰਸੀਆਂ ਤੇ ਐਨ.ਆਈ.ਏ. ਨੂੰ ਇਹ ਜਾਣਕਾਰੀ ਪੰਨੂ ਅਤੇ ਨਿੱਝਰ ਦੀਆਂ ਕ੍ਰਮਵਾਰ ਅੰਮ੍ਰਿਤਸਰ ਅਤੇ ਜਲੰਧਰ ਜ਼ਿਲ੍ਹੇ ਵਿਚਲੀਆਂ ਜਾਇਦਾਦਾਂ ਜ਼ਬਤ ਕਰਨ ਦੇ ਕੇਂਦਰ ਸਰਕਾਰ ਦੇ ਹੁਕਮਾਂ ਤੋਂ ਇਕ ਦਿਨ ਬਾਅਦ ਮਿਲੀ ਹੈ। ਐਸ.ਐਫ.ਜੇ. ਨੇ ਇਸ ਤੋਂ ਪਹਿਲਾਂ ਪੰਜਾਬ ਦੇ ਹਰ ਡਿਫਾਲਟਰ ਕਿਸਾਨ ਨੂੰ 3000 ਰੁਪਏ ਦੇਣ ਦਾ ਐਲਾਨ ਕੀਤਾ ਸੀ ਤਾਂ ਜੋ ਉਹ ਆਪਣੇ ਕਰਜ਼ੇ ਦੀਆਂ ਕਿਸ਼ਤਾਂ ਮੋੜ ਸਕਣ। ਐਸ.ਐਫ.ਜੇ. ਵੱਲੋਂ ਪੰਜਾਬ ਨੂੰ ਖਾਲਿਸਤਾਨ ਬਣਾਉਣ ਦਾ ਆਪਣਾ ਵਾਅਦਾ ਦੁਹਰਾਉਂਦਿਆਂ ਜਥੇਬੰਦੀ ਦੇ ਜਨਰਲ ਕੌਂਸਲ ਪੰਨੂ ਨੇ ਆਖਿਆ, "ਭਾਰਤ ਸਰਕਾਰ ਮੇਰੀ ਜਾਇਦਾਦ ਜ਼ਬਤ ਕਰ ਸਕਦੀ ਹੈ ਪਰ 'ਰਾਇਸ਼ੁਮਾਰੀ-2020' ਨਹੀਂ ਰੋਕ ਸਕਦੀ।"

# ਸ਼੍ਰੋਮਣੀ ਕਮੇਟੀ ਵਲੋਂ ਭਾਰਤ ਸਰਕਾਰ ਨੂੰ ਕਰਤਾਰਪੁਰ ਲਾਂਘਾ ਖੋਲ੍ਹਣ ਲਈ ਅਪੀਲ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਗੁਰਦੁਆਰਾ ਕਰਤਾਰਪੁਰ ਸਾਹਿਬ ਲਾਂਘਾ ਮੁੜ ਖੋਲ੍ਹਿਆ ਜਾਵੇ। ਇਸ ਤੋਂ ਇਲਾਵਾ ਐਫ.ਸੀ.ਆਰ.ਏ. ਦਾ ਲਾਇਸੈਂਸ ਦੇਣ ਲਈ ਪ੍ਰਧਾਨ ਮੰਤਰੀ ਤੇ ਹੋਰਾਂ ਦਾ ਧੰਨਵਾਦ ਕੀਤਾ ਗਿਆ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਹੈ ਕਿ ਕਰੋਨਾ ਮਹਾਮਾਰੀ ਕਾਰਨ ਬੰਦ ਕੀਤਾ ਕਰਤਾਰਪੁਰ ਲਾਂਘਾ ਮੁੜ ਖੋਲ੍ਹਿਆ ਜਾਵੇ। ਉਨ੍ਹਾਂ ਆਖਿਆ ਕਿ ਹੁਣ ਜਦੋਂ ਸਰਕਾਰ ਵੱਲੋਂ ਸਾਵਧਾਨੀਆਂ ਤਹਿਤ ਕਈ ਛੋਟਾਂ ਦਿੱਤੀਆਂ ਜਾ ਰਹੀਆਂ ਹਨ ਤਾਂ ਇਹ ਲਾਂਘਾ ਵੀ ਸੰਗਤ ਲਈ ਖੋਲ੍ਹ ਦਿੱਤਾ ਜਾਣਾ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਸੰਗਤਾਂ ਚਾਹੁੰਦੀਆਂ ਹਨ ਕਿ ਗੁਰੂ ਨਾਨਕ ਦੇਵ ਨਾਲ ਸਬੰਧਤ ਇਸ ਧਰਮ ਅਸਥਾਨ ਦਾ ਲਾਂਘਾ ਮੁੜ ਤੋਂ ਬਹਾਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਇਸ ਸਬੰਧੀ ਪਾਕਿਸਤਾਨ ਸਰਕਾਰ ਵੱਲੋਂ ਪਹਿਲਾਂ



ਹੀ ਲਾਂਘਾ ਖੋਲ੍ਹਣ ਦੀ ਪੇਸ਼ਕਸ਼ ਕੀਤੀ ਜਾ ਚੁੱਕੀ ਹੈ ਅਤੇ ਹੁਣ ਇਸ ਬਾਰੇ ਭਾਰਤ ਸਰਕਾਰ ਨੂੰ ਵੀ ਜਲਦੀ ਫੈਸਲਾ ਲੈਣਾ ਚਾਹੀਦਾ ਹੈ।

ਦੱਸਣਯੋਗ ਹੈ ਕਿ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਪੀ.ਜੀ.ਪੀ.ਸੀ.) ਵੱਲੋਂ ਭਾਰਤ ਸਰਕਾਰ ਨੂੰ ਅਪੀਲ ਕੀਤੀ ਗਈ ਹੈ ਕਿ ਗੁਰੂ ਨਾਨਕ ਦੇਵ ਦੇ ਜੋਤੀ ਜੋਤ ਸਮਾਉਣ ਦਿਵਸ ਮੌਕੇ 20 ਤੋਂ 22 ਸਤੰਬਰ ਤੱਕ ਕੁਝ ਦੇਰ ਲਈ ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਿਆ ਜਾਵੇ। ਪੀ.ਜੀ.ਪੀ.ਸੀ. ਵੱਲੋਂ ਇਸ ਸਬੰਧੀ ਲਾਂਘਾ ਖੁੱਲ੍ਹਣ ਤੋਂ ਬਾਅਦ ਪਹਿਲੀ ਵਾਰ ਗੁਰਦੁਆਰਾ ਕਰਤਾਰਪੁਰ ਵਿਖੇ ਜੋਤੀ ਜੋਤ ਸਮਾਉਣ ਦਿਵਸ ਬਾਰੇ ਤਿੰਨ ਦਿਨਾਂ ਸਮਾਗਮ ਰੱਖੇ ਗਏ ਹਨ।

ਇਸ ਦੌਰਾਨ ਸ੍ਰੀ ਲੌਂਗੋਵਾਲ ਨੇ ਭਾਰਤ ਸਰਕਾਰ ਵੱਲੋਂ ਐਫ.ਸੀ.ਆਰ.ਏ.ਸੀ. ਤਹਿਤ ਸ਼੍ਰੋਮਣੀ ਕਮੇਟੀ ਨੂੰ ਰਜਿਸਟਰੇਸ਼ਨ ਦਿੱਤੇ ਜਾਣ ਉਤੇ ਸਵਾਗਤ ਕਰਦਿਆਂ ਆਖਿਆ ਕਿ 1984 ਵਿਚ ਕੇਂਦਰ ਸਰਕਾਰ ਵੱਲੋਂ ਇਸ 'ਤੇ ਰੋਕ ਲਾ ਦਿੱਤੀ ਗਈ ਸੀ। ਹੁਣ ਇਸ ਤੋਂ ਰੋਕ ਹਟਾ ਕੇ ਮੁੜ ਵਿਦੇਸ਼ਾਂ ਤੋਂ ਸਿੱਖ ਸੰਗਤ ਨੂੰ ਦਾਨ ਰੂਪੀ ਮਾਇਆ ਭੇਟ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ, ਜਿਸ ਨਾਲ ਸਿੱਖ ਜਥੇਬੰਦੀ ਦੀ ਚਿਰੋਕਣੀ ਮੰਗ ਪੂਰੀ ਹੋਈ ਹੈ। ਉਨ੍ਹਾਂ ਆਖਿਆ ਕਿ ਸ੍ਰੀ ਹਰਿਮੰਦਰ ਸਾਹਿਬ ਲਈ ਮਾਇਆ ਭੇਟ ਕਰਨ ਵਾਲੀਆਂ ਵਿਦੇਸ਼ ਦੀਆਂ ਸੰਗਤਾਂ ਲਈ ਖਾਤੇ ਸਬੰਧੀ ਜਾਣਕਾਰੀ ਵੈੱਬਸਾਈਟ 'ਤੇ ਉਪਲਬਧ ਹੋਵੇਗੀ, ਜਿਸ ਅਨੁਸਾਰ ਮਾਇਆ ਭੇਜੀ ਜਾ ਸਕਦੀ ਹੈ।

# 36 ਸਾਲਾਂ ਤੋਂ ਲਟਕ ਰਹੇ ਕੇਸ ਤੋਂ ਸੁਪਰੀਮ ਕੋਰਟ ਹੈਰਾਨ

**ਨਵੀਂ ਦਿੱਲੀ:** ਪੰਜਾਬ ਦੇ ਸਿਆਸਤਦਾਨ ਖਿਲਾਫ 36 ਸਾਲ ਤੋਂ ਲਟਕ ਰਹੇ ਅਪਰਾਧਿਕ ਕੇਸ ਤੋਂ ਹੈਰਾਨ ਸੁਪਰੀਮ ਕੋਰਟ ਨੇ ਰਾਜ ਸਰਕਾਰ ਪੁੱਛਿਆ ਕਿ ਇਹ ਕੀ ਹੋ ਰਿਹਾ ਹੈ ਤੇ ਕੇਸ ਐਨੇ ਸਾਲਾਂ ਤੋਂ ਕਿਸੇ ਤਣਪੱਤਣ ਕਿਉਂ ਨਹੀਂ ਲੱਗਿਆ।

ਰਾਜਨੀਤੀ ਦੇ ਅਪਰਾਧੀਕਰਨ ਵਿਰੁੱਧ ਪਟੀਸ਼ਨ ਦੀ ਸੁਣਵਾਈ ਦੌਰਾਨ ਜਸਟਿਸ ਐਨ.ਵੀ. ਰਮਾਨਾ ਦੀ ਅਗਵਾਈ ਵਾਲੇ ਤਿੰਨ ਜੱਜਾਂ ਦੇ ਬੈਂਚ ਰਾਜ ਸਰਕਾਰ ਨੂੰ ਪੁੱਛਿਆ ਉਮਰ ਕੈਦ ਦੀ ਸਜ਼ਾ ਵਾਲਾ ਕੇਸ 36 ਸਾਲ ਤੋਂ ਲਟਕ ਰਿਹਾ ਹੈ ਤੇ ਰਾਜ ਸਰਕਾਰ ਕੁੱਝ ਵੀ ਨਹੀਂ ਕਰ ਰਹੀ। ਜਦੋਂ ਬੈਂਚ ਨੇ ਸੀਨੀਅਰ ਵਕੀਲ ਵਿਜੇ ਹੰਸਰੀਆ ਵੱਲੋਂ ਦਾਇਰ ਹਲਫਨਾਮੇ ਵਿਚ ਪੁੱਛਿਆ ਕਿ ਸਿਆਸਤਦਾਨਾਂ ਖਿਲਾਫ ਕਿਹੜਾ ਕੇਸ ਸਭ ਤੋਂ ਜ਼ਿਆਦਾ ਸਮੇਂ ਤੋਂ ਲਟਕਿਆ ਹੋਇਆ ਹੈ ਤਾਂ ਸ੍ਰੀ ਹੰਸਰੀਆ ਨੇ ਕਿਹਾ ਕਿ ਸਭ ਤੋਂ ਪੁਰਾਣਾ ਕੇਸ 1983 ਦਾ ਹੈ ਤੇ ਇਹ ਪੰਜਾਬ ਦਾ ਹੈ। ਇਸ 'ਤੇ ਬੈਂਚ ਨੇ ਕਿਹਾ ਬੜੀ ਹੈਰਾਨੀ ਦੀ ਗੱਲ ਹੈ ਰਾਜ ਸਰਕਾਰ ਦਾ ਵਕੀਲ ਕੌਣ ਹੈ, ਕੀ ਉਸ ਨੇ ਅੱਖਾਂ ਬੰਦ ਕੀਤੀਆਂ ਹੋਈਆਂ ਹਨ। ਜਦੋਂ ਇਕ ਵਕੀਲ ਆਨਲਾਈਨ ਸੁਣਵਾਈ ਦੌਰਾਨ ਸਕਰੀਨ 'ਤੇ ਆਇਆ ਤਾਂ ਬੈਂਚ ਨੇ ਉਮਰ ਕੈਦ ਦਾ ਮਾਮਲਾ 36 ਸਾਲ ਤੋਂ ਲਟਕੇ ਹੋਣ ਦੇ ਕਾਰਨਾਂ ਬਾਰੇ ਪੁੱਛਿਆ। ਬੈਂਚ ਨੇ ਵਕੀਲ ਨੂੰ ਪੁੱਛਿਆ ਕਿ ਤੁਸੀਂ ਅਪਰਾਧਿਕ ਕੇਸਾਂ ਦੀ ਪੈਰਵੀ ਕਰ ਰਹੇ ਹੋ, ਤਾਂ ਵਕੀਲ ਨੇ ਕਿਹਾ, ਹਾਂ ਮੈਂ ਹੀ ਹਾਂ ਤੇ ਮੈਂ ਇਸ ਕੇਸ ਦੀ ਘੋਖ ਕਰਕੇ ਰਿਪੋਰਟ ਪੇਸ਼ ਕਰਾਂਗਾ।'

# ਵਿਦੇਸ਼ਾਂ ਤੋਂ ਆਉਣ ਵਾਲਿਆਂ ਨੂੰ ਸ਼ਰਤਾਂ ਨਾਲ ਘਰੇਲੂ ਏਕਾਂਤਵਾਸ ਦੀ ਆਗਿਆ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਐਲਾਨ ਕੀਤਾ ਕਿ ਵਿਦੇਸ਼ਾਂ ਤੋਂ ਆਉਣ ਵਾਲੇ ਹੁਣ ਘਰੇਲੂ ਇਕਾਂਤਵਾਸ ਵਿਚ ਰਹਿ ਸਕਦੇ ਹਨ, ਬਸ਼ਰਤੇ ਉਨ੍ਹਾਂ ਕੋਲ 96 ਘੰਟਿਆਂ ਤੱਕ ਦਾ ਕੋਵਿਡ-19 ਨੈਗੇਟਿਵ ਸਰਟੀਫਿਕੇਟ ਹੋਵੇ। ਭਾਰਤ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਕ ਵਿਦੇਸ਼ੀ ਯਾਤਰੀ ਹਵਾਈ ਅੱਡੇ ਉਤੇ ਪੁੱਜਣ ਸਾਰ ਆਪਣਾ ਟੈਸਟ ਕਰਵਾਉਣਗੇ ਅਤੇ ਜੇ ਉਨ੍ਹਾਂ ਦੀ ਰਿਪੋਰਟ ਨੈਗੇਟਿਵ ਆਉਂਦੀ ਹੈ ਤਾਂ ਉਹ ਘਰ ਵਿਚ ਏਕਾਂਤਵਾਸ 'ਤੇ ਜਾ ਕੇ ਸਕਦੇ ਹਨ।

ਉਨ੍ਹਾਂ ਕਿਹਾ ਕਿ ਕੋਵਿਡ ਕੇਸਾਂ ਦੇ ਮਾਮਲੇ ਵਿਚ ਇਸ ਵੇਲੇ ਪੰਜਾਬ ਦੇਸ਼ ਵਿਚ 17ਵੇਂ ਸਥਾਨ ਉਤੇ ਹੈ। ਮੁੱਖ ਮੰਤਰੀ ਨੇ ਕਿਹਾ ਕਿ ਝੂਠੇ ਤੇ ਗੁੰਮਰਾਹਕੁਨ ਪ੍ਰਚਾਰ ਕਾਰਨ ਟੈਸਟਾਂ ਵਿਚ ਆਈ ਗਿਰਾਵਟ ਤੋਂ ਬਾਅਦ ਪੁਲਿਸ ਵੱਲੋਂ ਸੂਬੇ ਵਿਚ ਅਫਵਾਹਾਂ ਫੈਲਾਉਣ ਵਾਲਿਆਂ ਖਿਲਾਫ ਆਰੰਭੀ ਕਾਰਵਾਈ ਕਾਰਨ ਰੋਜ਼ਾਨਾ ਕੋਵਿਡ ਟੈਸਟ ਕਰਵਾਉਣ ਵਾਲਿਆਂ ਦੀ ਗਿਣਤੀ ਮੁੜ 28000 ਦੇ ਕਰੀਬ ਅੱਪੜੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸਮਾਜ ਵਿਰੋਧੀ ਤੱਤ ਪੰਜਾਬ ਨੂੰ ਬਦਨਾਮ ਕਰ ਰਹੇ ਹਨ। ਉਨ੍ਹਾਂ ਅਜਿਹੇ ਅਨਸਰਾਂ ਖਿਲਾਫ ਸਖਤ ਕਾਰਵਾਈ ਦੀ ਚਿਤਾਵਨੀ ਦਿੱਤੀ।

# ਕੈਪਟਨ ਸਰਕਾਰ ਵਲੋਂ ਸਮਾਰਟ ਰਾਸ਼ਨ ਕਾਰਡ ਦੀ ਸ਼ੁਰੂਆਤ




**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਮਾਰਟ ਰਾਸ਼ਨ ਕਾਰਡ ਦੀ ਸ਼ੁਰੂਆਤ ਕੀਤੀ ਜਿਸ ਮਗਰੋਂ ਹੁਣ ਕੌਮੀ ਖੁਰਾਕ ਸੁਰੱਖਿਆ ਐਕਟ ਦਾ ਅਨਾਜ ਪੰਜਾਬ 'ਚੋਂ ਕਿਸੇ ਵੀ ਡਿਪੂ ਤੋਂ ਲੈਣ ਦੀ ਖੁੱਲ੍ਹ ਹੋਵੇਗੀ। ਸੂਬੇ ਵਿਚ ਇਸ ਸਕੀਮ ਦੇ 1.41 ਕਰੋੜ ਲਾਭਪਾਤਰੀ ਹਨ।

ਸਕੀਮ ਤੋਂ ਲਾਂਭੇ ਰਹਿਣ ਵਾਲੇ 9 ਲੱਖ ਲੋੜਵੰਦਾਂ ਨੂੰ ਸਰਕਾਰ ਸਬਸਿਡੀ ਵਾਲਾ ਰਾਸ਼ਨ ਦੇਵੇਗੀ। ਸਮਾਰਟ ਰਾਸ਼ਨ ਕਾਰਡ ਸਕੀਮ ਤਹਿਤ 37.5 ਲੱਖ ਕਾਰਡ ਯੋਗ ਲਾਭਪਾਤਰੀਆਂ ਨੂੰ ਇਸ ਮਹੀਨੇ ਵੰਡੇ ਜਾਣਗੇ। ਸਮਾਰਟ ਕਾਰਡ ਵੰਡ ਦੇ ਸਮਾਰੋਹਾਂ ਦੌਰਾਨ ਮੁੱਖ ਮੰਤਰੀ ਨੇ ਕੇਂਦਰ ਸਰਕਾਰ ਨੂੰ ਨਿਸ਼ਾਨੇ ਉਤੇ ਲਿਆ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਇਸ ਸਕੀਮ ਦੇ ਲਾਭਪਾਤਰੀਆਂ ਦੀ ਹੱਦ 1.41 ਕਰੋੜ ਤੈਅ ਕੀਤੀ ਹੈ ਜਦਕਿ ਪੰਜਾਬ ਸਰਕਾਰ ਨੇ ਜ਼ਿਆਦਾ ਲੋਕਾਂ ਨੂੰ ਇਸ 'ਚ ਸ਼ਾਮਲ ਕਰਨ ਦੀ ਅਪੀਲ ਕੀਤੀ ਸੀ ਪਰ ਕੇਂਦਰ ਨੇ ਉਸ ਨੂੰ ਠੁਕਰਾ ਦਿੱਤਾ। ਹੁਣ 9 ਲੱਖ ਲੋੜਵੰਦਾਂ ਨੂੰ ਸੂਬਾ ਸਰਕਾਰ ਨੇ ਰਾਸ਼ਨ ਦੇਣ ਦਾ ਫੈਸਲਾ ਕੀਤਾ ਹੈ। ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਸੂਬੇ ਵਿਚ 100 ਵੱਖੋ-ਵੱਖ ਥਾਵਾਂ ਉਤੇ ਵਰਚੁਅਲ ਢੰਗ ਨਾਲ ਸਮਾਰਟ ਰਾਸ਼ਨ ਕਾਰਡ ਸਕੀਮ ਦੀ ਸ਼ੁਰੂਆਤ ਕਰਦਿਆਂ ਕਿਹਾ ਕਿ ਇਸ ਨਾਲ ਭ੍ਰਿਸ਼ਟਾਚਾਰ ਨੂੰ ਨੱਥ ਪਵੇਗੀ ਅਤੇ ਲਾਭਪਾਤਰੀ ਨੂੰ ਕਿਸੇ ਵੀ ਡਿਪੂ ਤੋਂ ਰਾਸ਼ਨ ਦੀ ਖਰੀਦ ਕਰਨ ਦੀ ਖੁੱਲ੍ਹ ਹੋਵੇਗੀ। ਉਨ੍ਹਾਂ ਕਿਹਾ ਕਿ ਯੋਜਨਾ ਨਾਲ ਰਾਸ਼ਨ ਡਿਪੂ ਹੋਲਡਰਾਂ ਵੱਲੋਂ ਕੀਤਾ ਜਾਂਦਾ ਸ਼ੋਸ਼ਣ ਬੰਦ ਹੋਵੇਗਾ। ਖੇਤੀ ਆਰਡੀਨੈਂਸਾਂ ਦੇ ਮੁੱਦੇ 'ਤੇ ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਦੀ ਇਹ ਕਾਰਵਾਈ ਪੰਜਾਬ ਦੇ ਕਿਸਾਨਾਂ ਦਾ ਹੌਸਲਾ ਤੋੜਨ ਵਾਲੀ ਹੋਵੇਗੀ। ਉਨ੍ਹਾਂ ਕਿਹਾ ਕਿ ਘੱਟੋ ਘੱਟ ਸਮਰਥਨ ਮੁੱਲ ਦਾ ਖਾਤਮਾ ਕਿਸਾਨੀ ਲਈ ਵਿਨਾਸ਼ਕਾਰੀ ਬਣੇਗਾ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸਤਲੁਜ ਯਮਨਾ ਲਿੰਕ (ਐਸ.ਵਾਈ.ਐਲ.) ਨਹਿਰ ਮੁੱਦਾ ਵੀ ਵੱਡੀ ਸਮੱਸਿਆ ਹੈ। ਕੇਂਦਰੀ ਜਲ ਸਰੋਤ ਮੰਤਰੀ ਅਤੇ ਹਰਿਆਣਾ ਦੇ ਮੁੱਖ ਮੰਤਰੀ ਨਾਲ ਮੀਟਿੰਗ ਮਗਰੋਂ ਵੀ ਇਹ ਸਮੱਸਿਆ ਸੂਬੇ ਦਾ ਪਿੱਛਾ ਨਹੀਂ ਛੱਡ ਰਹੀ ਹੈ। ਪਿਘਲ ਰਹੇ ਗਲੇਸ਼ੀਅਰਾਂ ਅਤੇ ਪਾਣੀ ਦੇ ਡਿੱਗ ਰਹੇ ਪੱਧਰ ਕਰ ਕੇ ਪੰਜਾਬ ਲਈ ਹਾਲਾਤ ਨਾਜ਼ੁਕ ਹਨ।

ਮੁੱਖ ਮੰਤਰੀ ਨੇ ਚਾਰ ਲਾਭਪਾਤਰੀਆਂ ਨੂੰ ਪੰਜਾਬ ਸਿਵਲ ਸਕੱਤਰੇਤ 'ਚ ਸਮਾਰਟ ਰਾਸ਼ਨ ਕਾਰਡ ਵੰਡੇ ਜਿਸ ਮਗਰੋਂ ਸਾਰੇ ਮੰਤਰੀਆਂ ਅਤੇ ਵਿਧਾਇਕਾਂ ਨੇ ਆਪੋ-ਆਪਣੇ ਜ਼ਿਲ੍ਹਿਆਂ ਤੇ ਹਲਕਿਆਂ ਵਿਚ ਇਨ੍ਹਾਂ ਕਾਰਡਾਂ ਦੀ ਵੰਡ ਕੀਤੀ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਸਮਾਰਟ ਕਾਰਡ ਲਾਂਚ ਮੌਕੇ ਕਿਹਾ ਕਿ ਸੂਬਾ ਸਰਕਾਰ ਵਿੱਤੀ ਸੰਕਟ ਦਾ ਸਾਹਮਣਾ ਕਰ ਰਹੀ ਹੈ ਅਤੇ ਪੰਜਾਬ ਨੂੰ ਅੰਦਰੂਨੀ ਅਤੇ ਬਾਹਰੀ ਕਈ ਖਤਰੇ ਦਰਪੇਸ਼ ਹਨ। ਉਨ੍ਹਾਂ ਕਿਹਾ ਕਿ ਸੂਬਾ ਐਸ.ਵਾਈ.ਐਲ. ਤੋਂ ਲੈ ਕੇ ਖੇਤੀ ਆਰਡੀਨੈਂਸਾਂ ਅਤੇ ਜੀ.ਐਸ.ਟੀ. ਦੀਆਂ ਸਮੱਸਿਆਵਾਂ ਨਾਲ ਜੂਝ ਰਿਹਾ ਹੈ।

## ਕੈਪਟਨ ਦੀ ਫੋਟੋ ਲਗਾਉਣ ਦਾ 'ਆਪ' ਵਲੋਂ ਵਿਰੋਧ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਕੈਪਟਨ ਅਮਰਿੰਦਰ ਸਿੰਘ 'ਤੇ ਕੌਮੀ ਖੁਰਾਕ ਸੁਰੱਖਿਆ ਐਕਟ ਅਧੀਨ ਸ਼ੁਰੂ ਕੀਤੀ ਸਮਾਰਟ ਰਾਸ਼ਨ ਕਾਰਡ ਯੋਜਨਾ ਦਾ ਕਾਂਗਰਸੀਕਰਨ ਕਰਨ ਅਤੇ ਲੱਖਾਂ ਲੋੜਵੰਦਾਂ ਨੂੰ ਇਸ ਲਾਭ ਤੋਂ ਵਾਂਝੇ ਰੱਖਣ ਦਾ ਦੋਸ਼ ਲਗਾਇਆ ਹੈ। ਇਸ ਬਾਰੇ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਅਤੇ ਉਪ ਨੇਤਾ ਬੀਬੀ ਸਰਬਜੀਤ ਕੌਰ ਮਾਣੂੰਕੇ ਨੇ ਕਿਹਾ ਕਿ ਕੈਪਟਨ ਸਰਕਾਰ ਗਰੀਬ ਦੀ ਰੋਟੀ ਵਿਚੋਂ ਸਿਆਸੀ ਲਾਹਾ ਲੈਣ 'ਚ ਬਾਦਲਾਂ ਨਾਲੋਂ ਵੀ ਚਾਰ ਕਦਮ ਅੱਗੇ ਲੰਘ ਗਈ ਹੈ। ਬਾਦਲ ਨੇ ਨੀਲੇ ਕਾਰਡਾਂ 'ਤੇ ਆਪਣੀ ਫੋਟੋ ਚਿਪਕਾਈ ਸੀ ਅਤੇ ਹੁਣ ਅਮਰਿੰਦਰ ਸਿੰਘ ਨੇ ਸਮਾਰਟ ਰਾਸ਼ਨ ਕਾਰਡ 'ਤੇ ਆਪਣੀ ਫੋਟੋ ਚਿਪਕਾ ਲਈ ਹੈ।

# ਪਾਣੀਆਂ ਦੀ ਵੰਡ ਲਈ ਨਵੇਂ ਟ੍ਰਿਬਿਊਨਲ ਦੀ ਮੰਗ: ਪੰਜਾਬ ਵਿਰੋਧੀ ਪੈਂਤੜਾ

***ਪੰਜਾਬ ਵਿਚ ਦਰਿਆਵਾਂ ਦੇ ਪਾਣੀਆਂ ਦੀ ਵੰਡ ਦਾ ਮਾਮਲਾ ਗਾਹੇ-ਬਗਾਹੇ ਭਖਦਾ ਰਿਹਾ ਹੈ। ਇਹ ਮਾਮਲਾ ਹੁਣ ਸੁਪਰੀਮ ਕੋਰਟ ਕੋਲ ਹੈ ਅਤੇ ਅਦਾਲਤ ਨੇ ਪੰਜਾਬ ਤੇ ਹਰਿਆਣਾ ਨੂੰ ਆਪਸੀ ਸਹਿਮਤੀ ਨਾਲ ਮਾਮਲਾ ਨਜਿੱਠਣ ਲਈ ਕਿਹਾ ਹੈ। ਇਸ ਸਲਾਹ 'ਤੇ ਦੋਹਾਂ ਰਾਜਾਂ ਦੇ ਮੁੱਖ ਮੰਤਰੀਆਂ ਦੀ ਮੀਟਿੰਗ ਕੇਂਦਰੀ ਜਲ ਮੰਤਰੀ ਦੀ ਮੌਜੂਦਗੀ ਵਿਚ ਆਨਲਾਈਨ ਹੋਈ, ਪਰ ਇਹ ਮੀਟਿੰਗ ਬੇਸਿੱਟਾ ਰਹੀ। ਇਸ ਮਸਲੇ ਬਾਰੇ ਇਨ੍ਹੀਂ ਦਿਨੀਂ ਕੁਝ ਵਿਦਵਾਨਾਂ ਦੀਆਂ ਲਿਖਤਾਂ ਛਪੀਆਂ ਹਨ। ਡਾ. ਨਰਿੰਦਰ ਸਿੰਘ ਸੰਧੂ ਅਤੇ ਡਾ. ਧਰਮਵੀਰ ਗਾਂਧੀ ਦਾ ਇਹ ਲੇਖ ਇਨ੍ਹਾਂ ਵਿਦਵਾਨਾਂ ਦੀਆਂ ਲਿਖਤਾਂ ਦੀ ਪੁਣ-ਛਾਣ ਤਾਂ ਕਰਦਾ ਹੀ ਹੈ, ਇਸ ਲੇਖ ਵਿਚ ਮਸਲੇ ਦੀਆਂ ਅਸਲ ਜੜ੍ਹਾਂ ਬਾਰੇ ਵੀ ਗੌਰ ਕੀਤਾ ਗਿਆ ਹੈ। -ਸੰਪਾਦਕ***




ਸੁਪਰੀਮ ਕੋਰਟ ਦੇ ਹੁਕਮਾਂ ਤਹਿਤ ਪੰਜਾਬ ਤੇ ਹਰਿਆਣਾ ਦੇ ਮੁੱਖ ਮੰਤਰੀਆਂ ਵਲੋਂ ਕੇਂਦਰੀ ਜਲ ਸ਼ਕਤੀ ਮੰਤਰੀ ਦੀ ਅਗਵਾਈ ਵਿਚ ਹੋਈ ਮੀਟਿੰਗ ਬੇਸਿੱਟਾ ਰਹੀ ਹੈ ਪਰ ਇਸ ਨੇ ਪਾਣੀਆਂ ਦਾ ਮੁੱਦਾ ਸਿਆਸੀ ਅਤੇ ਬੁੱਧੀਜੀਵੀ ਹਲਕਿਆਂ ਵਿਚ ਭਖਾ ਦਿੱਤਾ ਹੈ। ਪੰਜਾਬ ਸਰਕਾਰ ਵਲੋਂ ਇੱਕ ਵਾਰ ਫਿਰ ਪਾਣੀਆਂ ਦੀ ਵੰਡ ਬਾਰੇ ਨਵੇਂ ਟ੍ਰਿਬਿਊਨਲ ਦੀ ਮੰਗ ਰੱਖੀ ਹੈ। ਇਸ ਮੰਗ ਦੇ ਸਮਰਥਨ ਵਿਚ ਪੰਜਾਬ ਦੇ ਦੋ ਉਘੇ ਅਰਥ-ਸ਼ਾਸਤਰੀਆਂ ਡਾ. ਸੁੱਚਾ ਸਿੰਘ ਗਿੱਲ ਅਤੇ ਡਾ. ਰਣਜੀਤ ਸਿੰਘ ਘੁੰਮਣ ਨੇ ਲੜੀਵਾਰ ਲੇਖ ਲਿਖੇ ਹਨ। ਡਾ. ਘੁੰਮਣ ਲਿਖਦੇ ਹਨ, "ਪੰਜਾਬ ਦੇ ਮੁੱਖ ਮੰਤਰੀ ਨੇ ਮੌਜੂਦਾ ਉਪਲਬਧ ਪਾਣੀਆਂ ਦਾ ਮੁੜ ਜਾਇਜ਼ਾ ਲੈਣ ਲਈ ਟ੍ਰਿਬਿਊਨਲ ਬਣਾਉਣ ਦੀ ਜੋ ਗੱਲ ਕੀਤੀ ਹੈ ਅਤੇ ਯਮੁਨਾ ਦੇ ਪਾਣੀਆਂ ਉਪਰ ਜੋ ਹੱਕ ਜਤਾਇਆ ਹੈ, ਉਹ ਜਾਇਜ਼ ਅਤੇ ਵਿਹਾਰਕ ਗੱਲ ਹੈ। ਇਸ ਲਈ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਦੀ

**ਡਾ. ਨਰਿੰਦਰ ਸਿੰਘ ਸੰਧੂ**
ਫੋਨ: 91-81968-66476
narinder.sandhu.61@gmail.com
-----------
**ਡਾ. ਧਰਮਵੀਰ ਗਾਂਧੀ**
ਫੋਨ: 91-90138-69336

ਗੱਲ ਮੰਨ ਕੇ ਨਵਾਂ ਟ੍ਰਿਬਿਊਨਲ ਬਣਾਇਆ ਜਾਵੇ ਅਤੇ ਯਮੁਨਾ ਦੇ ਪਾਣੀਆਂ ਦੇ ਮਸਲੇ ਨੂੰ ਵੀ ਉਸ ਵਿਚ ਸ਼ਾਮਲ ਕਰ ਲਿਆ ਜਾਵੇ"। ਆਪਣੇ ਪੁਰਾਣੇ ਲੇਖਾਂ ਦਾ ਹਵਾਲਾ ਦੇ ਕੇ ਉਹਨਾਂ ਇਸ ਨੂੰ ਤਰਕ ਸੰਗਤ ਦਲੀਲ ਦੱਸਿਆ ਹੈ ਪਰ ਇਸ ਦੇ ਉਲਟ ਨਾਲ ਹੀ ਆਪਣੇ ਦੂਜੇ ਲੇਖ ਵਿਚ ਪੰਜਾਬ ਪੁਨਰ ਗਠਨ ਐਕਟ 1966 ਦੀਆਂ ਧਰਾਵਾਂ (78-80) ਨੂੰ ਸੁਪਰੀਮ ਕੋਰਟ ਵਿਚ ਮੁੜ ਚਣੌਤੀ ਦੇਣ ਦਾ ਵਿਚਾਰ ਵੀ ਪੇਸ਼ ਕਰਦੇ ਹਨ ਤੇ ਅਖੀਰ ਵਿਚ ਕੋਈ ਵਿਚ ਵਿਚਾਲੇ ਵਾਲਾ ਰਾਹ ਕੱਢਣ ਦੀ ਸਲਾਹ ਦਿੰਦੇ ਹਨ ਤਾਂ ਕਿ ਸੱਪ ਵੀ ਮਰ ਜਾਵੇ ਤੇ ਲਾਠੀ ਵੀ ਬਚ ਜਾਵੇ।

ਡਾ. ਗਿੱਲ ਇਸ ਤੋਂ ਵੀ ਦੋ ਕਦਮ ਹੋਰ ਅੱਗੇ ਜਾਂਦੇ ਹਨ ਅਤੇ ਉਹ ਰਿਪੇਰੀਅਨ ਸਿਧਾਂਤ ਨੂੰ ਹੀ ਰੱਦ ਕਰਦੇ ਹੋਏ ਲਿਖਦੇ ਹਨ- "ਦੇਸ਼ ਦੀ ਮੌਜੂਦਾ ਕਾਨੂੰਨ ਪ੍ਰਣਾਲੀ ਵਿਚ ਰਿਪੇਰੀਅਨ ਕਾਨੂੰਨ ਨਾਮ ਦਾ ਕੋਈ ਕਾਨੂੰਨ ਨਹੀਂ ਹੈ"। ਉਹਨਾਂ ਅਨੁਸਾਰ, "ਪੰਜਾਬ-ਹਰਿਆਣੇ ਵਿਚ ਦਰਿਆਈ ਪਾਣੀਆਂ ਦੀ ਵੰਡ ਦੇ ਮਸਲੇ ਦੀ ਜੜ੍ਹ ਪੰਜਾਬ ਮੁੜ-ਗਠਨ ਐਕਟ ਦੇ ਸੈਕਸ਼ਨ 78 ਵਿਚ ਪਈ ਹੈ। ਇਸ ਐਕਟ ਦਾ ਸੈਕਸ਼ਨ 79 ਭਾਖੜਾ ਬਿਆਸ ਮੈਨਜਮੈਂਟ ਬੋਰਡ ਦੇ ਗਠਨ ਬਾਰੇ ਹੈ ਜਦੋਂ ਕਿ ਸੈਕਸ਼ਨ 80 ਬਿਆਸ ਪ੍ਰਾਜੈਕਟ ਬਾਰੇ ਹੈ"। ਉਹਨਾਂ ਦਾ ਕਹਿਣਾ ਹੈ ਕਿ 1970 ਵਿਚ ਕੇਂਦਰ ਵਲੋਂ ਕਾਇਮ ਕੀਤੀ ਬੀਪੀ ਪਟੇਲ ਕਮੇਟੀ ਨੇ ਸੈਕਸ਼ਨ 78 ਦੀ ਘੋਰ ਉਲੰਘਣਾ ਕੀਤੀ ਅਤੇ ਮਸਲੇ ਨੂੰ ਗੰਧਲਾ ਕਰਨ ਵਿਚ ਸ਼ੁਰੂਆਤੀ ਰੋਲ ਅਦਾ ਕੀਤਾ। ਉਹ ਸੈਕਸ਼ਨ 78, 79 ਤੇ 80 ਵਿਚ ਕੋਈ ਨੁਕਸ ਨਹੀਂ ਦੇਖਦੇ ਸਗੋਂ ਸੈਕਸ਼ਨ 78 ਨੂੰ ਲਾਗੂ ਕਰਨ ਵਾਲਿਆਂ ਦੀ ਨੀਅਤ ਵਿਚ ਖੋਟ ਦੇਖਦੇ ਹਨ। ਉਹ ਪਾਣੀ ਦੀ ਵੰਡ ਵਿਚ ਰਾਵੀ ਦੇ ਪਾਣੀ ਨੂੰ ਸ਼ਾਮਲ ਕਰਨ ਨੂੰ ਹੀ ਕੇਵਲ ਟਕਰਾਅ ਦਾ ਮੁੱਦਾ ਦੇਖਦੇ ਹਨ ਪਰ ਆਪਣੀ ਇਸ ਪੁਜੀਸ਼ਨ ਦੇ ਉਲਟ ਉਹ ਆਪ ਹੀ ਸਿੰਧ ਪਾਣੀ ਸਮਝੌਤੇ ਤਹਿਤ ਦਰਿਆਈ ਪਾਣੀਆਂ ਤੇ ਪੰਜਾਬ ਦੇ ਹੱਕ ਨੂੰ ਨਕਾਰ ਕੇ ਕੇਂਦਰ ਦੇ ਹੱਕ ਨੂੰ ਤਸਲੀਮ ਕਰਦੇ ਹਨ। ਉਹ ਇਸ ਘਚੋਲੇ ਵਿਚੋਂ ਬਾਹਰ ਨਿਕਲਣ ਵਾਸਤੇ ਭਾਰਤ ਦੇ ਸੰਵਿਧਾਨ ਅਤੇ ਪੰਜਾਬ ਰੀ-ਆਰਗੇਨਾਈਜੇਸ਼ਨ ਐਕਟ 1966 ਤੋਂ ਸੇਧ ਲੈਣ ਦੀ ਸਲਾਹ ਦਿੰਦੇ ਹਨ। ਉਹਨਾਂ ਦੀ ਦਲੀਲ ਹੈ ਕਿ ਧਾਰਾ 78 ਸੰਵਿਧਾਨ ਦੀ ਸੰਘੀ ਸੂਚੀ ਦੀ ਐਂਟਰੀ 56 ਦੇ ਅਨੁਸਾਰ ਹੈ ਅਤੇ ਕੇਂਦਰ ਸਰਕਾਰ ਨੂੰ ਸੰਵਿਧਾਨ ਦੀ ਇਸ ਐਂਟਰੀ 56 ਅਤੇ ਪੰਜਾਬ ਰੀ-ਆਰਗੇਨਾਈਜੇਸ਼ਨ ਐਕਟ 1966 ਦੇ ਸੈਕਸ਼ਨ 78 ਅਨੁਸਾਰ ਬਿਆਸ ਤੇ ਸਤਲੁਜ ਦੇ ਪਾਣੀਆਂ ਦੀ ਵੰਡ ਵਿਚ ਦਖਲ ਦੇਣ ਦਾ ਅਧਿਕਾਰ ਦਿੰਦੀਆਂ ਹਨ। ਰਿਪੇਰੀਅਨ ਹੱਕ ਦਾ ਵਿਰੋਧ ਕਰਦਿਆਂ ਉਹ ਇਥੋਂ ਤੱਕ ਕਹਿ ਦਿੰਦੇ ਹਨ ਕਿ ਪੰਜਾਬ ਦੇ ਕੁਝ ਪਾਤਰਾਂ ਨੇ ਇਸ ਮਸਲੇ ਲਈ ਰਿਪੇਰੀਅਨ ਹੱਕ ਨਾਲ ਜੋੜ ਕੇ ਹੱਲ ਕਰਨ ਦੀ ਦਲੀਲ ਨੇ ਇਸ ਮਸਲੇ ਨੂੰ ਨਾ-ਸੁਲਝਾਉਣ ਯੋਗ ਬਣਾਉਣ ਦੀ ਕੋਸ਼ਿਸ਼ ਕੀਤੀ ਹੈ।

ਸਭ ਤੋਂ ਪਹਿਲਾਂ ਡਾ. ਗਿੱਲ ਦੀ ਸਿਧਾਂਤਕ ਪੁਜੀਸ਼ਨ ਦੀ ਗੱਲ ਕਰੀਏ ਕਿ ਉਹਨਾਂ ਅਨੁਸਾਰ ਦੇਸ਼ ਦੇ ਕਾਨੂੰਨ ਵਿਚ ਰਿਪੇਰੀਅਨ ਕਾਨੂੰਨ ਦੀ ਵਿਵਸਥਾ ਨਹੀਂ। ਕੀ ਇਹ ਸਚਾਈ ਹੈ? ਇਸ ਬਾਰੇ ਚਰਚਾ ਕਰਨ ਤੋਂ ਪਹਿਲਾਂ ਦੇਸ਼ ਵਿਚ ਰਾਜਾਂ ਦੀ ਵੰਡ ਦੌਰਾਨ ਅਪਣਾਏ ਜਾਂਦੇ ਅਸੂਲਾਂ/ਸਿਧਾਤਾਂ ਦੀ ਗੱਲ ਕਰੀਏ। ਵੰਡ ਚਾਹੇ ਰਾਜਾਂ ਦੀ ਹੋਵੇ ਜਾਂ ਪਰਿਵਾਰਾਂ ਦੀ ਜਾਇਦਾਦ ਵੰਡ ਵਿਚ ਅਕਸਰ ਉਤਰਾ-ਅਧਿਕਾਰ ਦਾ ਅਸੂਲ ਹੁੰਦਾ ਹੈ ਜਿਸ ਤਹਿਤ ਜਾਇਦਾਦ ਦੀ ਵੰਡ ਵਾਰਸਾਂ ਦਰਮਿਆਨ ਕੀਤੀ ਜਾਂਦੀ ਹੈ ਪਰ ਇਹ ਅਸੂਲ ਧਰਤੀ ਹੇਠਲੇ ਅਤੇ ਉਪਰਲੇ ਕੁਦਰਤੀ ਸੋਮਿਆਂ ਤੇ ਕਦੇ ਵੀ ਸਹੀ ਢੰਗ ਨਾਲ ਲਾਗੂ ਨਹੀਂ ਕੀਤਾ ਜਾ ਸਕਦਾ, ਕਿਉਂਕਿ ਧਰਤੀ ਹੇਠਲੇ ਅਨੇਕਾਂ ਅਨਮੋਲ ਖਜ਼ਾਨਿਆਂ ਦਾ ਸਹੀ ਮੁਲੰਕਣ ਨਹੀਂ ਕੀਤਾ ਜਾ ਸਕਦਾ, ਕੁਦਰਤੀ ਸਾਧਨਾਂ 'ਤੇ ਮਾਲਕੀ ਜਮੀਨ ਦੇ ਮਾਲਕਾਂ ਦੀ ਤਸਲੀਮ ਕੀਤੀ ਜਾਂਦੀ ਹੈ। ਪਾਣੀ ਵਹਿੰਦਾ ਹੋਇਆ ਕੁਦਰਤੀ ਸੋਮਾ ਹੈ ਜੋ ਵੱਖ ਵੱਖ ਦੇਸ਼ਾਂ ਅਤੇ ਰਾਜਾਂ ਵਿਚੋਂ ਗੁਜਰਦਾ ਹੈ। ਦੁਨੀਆਂ ਭਰ ਵਿਚ ਇਸ ਅਸੂਲ ਨੂੰ ਮਾਨਤਾ ਹੈ ਜਿਸ ਧਰਤੀ ਤੋਂ ਪਾਣੀ ਦਾ ਕੋਈ ਸੋਮਾ ਵਹਿੰਦਾ ਹੈ, ਉਸ ਧਰਤੀ ਦਾ ਮਾਲਕ ਉਸ ਪਾਣੀ ਨੂੰ ਆਪਣੀ ਲੋੜ ਅਨੁਸਾਰ ਵਰਤਣ ਦਾ ਹੱਕਦਾਰ ਹੁੰਦਾ ਹੈ ਪਰ ਉਹ ਫਾਲਤੂ ਪਾਣੀ ਨੂੰ ਹੇਠਲੇ ਇਲਾਕੇ ਵਿਚ ਜਾਣ ਤੋਂ ਨਾ ਤਾਂ ਰੋਕ ਸਕਦਾ ਹੈ ਤੇ ਨਾ ਹੀ ਕਿਧਰੇ ਹੋਰ ਮੋੜ ਸਕਦਾ ਹੈ, ਇਸੇ ਨੂੰ ਹੀ ਰਿਪੇਰੀਅਨ ਸਿਧਾਂਤ ਕਿਹਾ ਜਾਂਦਾ ਹੈ। ਦੁਨੀਆਂ ਭਰ ਵਿਚ ਹੀ ਰਿਪੇਰੀਅਨ ਕਾਨੂੰਨ ਨਾਂ ਦਾ ਕੋਈ ਕਾਨੂੰਨ ਨਹੀਂ ਹੈ ਪਰ ਇਸ ਸਿਧਾਂਤ ਦੇ ਅਧਾਰ 'ਤੇ ਹੀ ਵੱਖ-ਵੱਖ ਦੇਸ਼ਾਂ ਨੇ ਆਪਣੇ ਕਾਨੂੰਨਾਂ ਵਿਚ ਅਜਿਹੀਆਂ ਵਿਵਸਥਾਵਾਂ ਕੀਤੀਆਂ ਹਨ। ਨਰਮਦਾ ਦਰਿਆ ਦੇ ਪਾਣੀ ਦੀ ਵੰਡ ਲਈ ਬਣੇ ਟ੍ਰਿਬਿਊਨਲ ਪਾਸ ਜਦ ਰਾਜਸਥਾਨ ਨੇ 1969 ਵਿਚ ਕੇਂਦਰ ਸਰਕਾਰ ਰਾਹੀਂ ਇਸ ਕੇਸ ਵਿਚ ਪਾਰਟੀ ਬਣਨ ਦੀ ਅਰਜੀ ਦਿੱਤੀ ਸੀ ਤਾਂ ਟ੍ਰਿਬਿਊਨਲ ਨੇ ਰਾਜਸਥਾਨ ਦੀ ਅਰਜ਼ੀ ਇਸ ਆਧਾਰ 'ਤੇ ਹੀ ਰੱਦ ਕੀਤੀ ਸੀ ਕਿ ਰਾਜਸਥਾਨ ਕਿਧਰੋਂ ਵੀ ਨਰਮਦਾ ਦਰਿਆ ਦਾ ਰਿਪੇਰੀਅਨ ਸੂਬਾ ਨਹੀਂ ਬਣਦਾ। 1886 ਸਰਹਿੰਦ ਨਹਿਰ ਵਿਚੋਂ ਪਟਿਆਲਾ, ਨਾਭਾ, ਤੇ ਜੀਂਦ ਰਿਆਸਤਾਂ ਨੂੰ ਰਿਪੇਰੀਅਨ ਸਿਧਾਂਤ ਮੁਤਾਬਕ ਹੀ ਪਾਣੀ ਮੁੱਲ ਦਿੱਤਾ ਗਿਆ ਸੀ ਤੇ 1948 ਵਿਚ ਪੈਪਸੂ ਸੂਬੇ ਨੇ ਮੁੜ ਦੁਬਾਰਾ ਉਸ ਸੰਧੀ 'ਤੇ ਸਹੀ ਪਾ ਕੇ ਪੰਜਾਬ ਨੂੰ ਰਿਪੇਰੀਅਨ ਸਿਧਾਂਤ ਮੁਤਾਬਕ ਮੁੱਲ ਦੇਣਾ ਸਵੀਕਾਰ ਕੀਤਾ ਅਤੇ ਉਦੋਂ ਤੱਕ ਮੁੱਲ ਦਿੰਦਾ ਰਿਹਾ, ਜਦ ਤੱਕ 1956 ਵਿਚ ਪੈਪਸੂ ਸੂਬੇ ਨੂੰ ਪੰਜਾਬ ਵਿਚ ਮਿਲਾ ਨਹੀਂ ਦਿੱਤਾ ਗਿਆ ਸੀ। ਇੰਝ ਹੀ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਹੁਸੈਨੀਵਾਲਾ ਹੈਡ ਵਰਕਸ ਤੋਂ ਜਦ ਬੀਕਾਨੇਰ ਸਟੇਟ ਨੂੰ ਗੰਗ ਨਹਿਰ ਰਾਹੀਂ ਪਾਣੀ ਦਿੱਤਾ ਗਿਆ ਤਾਂ ਤਦ ਵੀ ਰਿਪੇਰੀਅਨ ਸਿਧਾਂਤ ਮੁਤਾਬਕ ਪਾਣੀ ਮੁੱਲ ਦਿੱਤਾ ਗਿਆ ਸੀ।


ਡਾ. ਗਿੱਲ ਦੀ ਪੁਜੀਸ਼ਨ ਬੜੀ ਹਾਸੋ-ਹੀਣੀ ਹੈ ਕਿ ਇੱਕ ਪਾਸੇ ਉਹ ਉਤਰਾ-ਅਧਿਕਾਰ ਦੇ ਸਿਧਾਂਤ ਦੀ ਵਕਾਲਤ ਕਰਦੇ ਹਨ, ਦੂਜੇ ਪਾਸੇ ਰਾਵੀ ਦੇ ਪਾਣੀ ਨੂੰ ਝਗੜੇ ਚੋਂ ਬਾਹਰ ਰੱਖਣ ਦੀ ਸਲਾਹ ਦਿੰਦੇ ਹਨ। ਜੇਕਰ ਉਤਰਾ-ਅਧਿਕਾਰ ਦਾ ਸਿਧਾਂਤ ਲਾਗੂ ਕਰਨਾ ਹੈ ਤਾਂ ਫਿਰ ਵੰਡ ਵਿਚ ਰਾਵੀ ਤੇ ਯਮੁਨਾ ਨੂੰ ਵੀ ਸ਼ਾਮਲ ਕਰਨਾ ਪਵੇਗਾ ਤੇ ਰਾਜਸਥਾਨ ਤੇ ਦਿੱਲੀ ਨੂੰ ਬਾਹਰ ਕਰਨਾ ਪਵੇਗਾ ਪਰ ਇਹ ਕਿਸੇ ਵਿਅਕਤੀ ਦੀ ਇੱਛਾ 'ਤੇ ਨਿਰਭਰ ਨਹੀਂ, ਸਗੋਂ ਸੰਵਿਧਾਨ ਅਤੇ ਕਾਨੂੰਨ ਅਨੁਸਾਰ ਹੀ ਫੈਸਲਾ ਹੋਣਾ ਚਾਹੀਦਾ ਹੈ।

ਭਾਰਤ ਦੇ ਸੰਵਿਧਾਨ ਵਿਚ ਵੀ ਰਿਪੇਰੀਅਨ ਸਿਧਾਂਤ ਦੇ ਆਧਾਰ 'ਤੇ ਸਪਸ਼ਟ ਵਿਵਸਥਾਵਾਂ ਹਨ। ਡਾ. ਗਿੱਲ ਨੇ ਆਪਣੇ ਲੇਖ ਵਿਚ ਸੰਵਿਧਾਨ ਦੀ ਸੰਘੀ ਸੂਚੀ ਅਤੇ ਰਾਜ ਸੂਚੀ ਵਿਚ ਪਾਣੀਆਂ ਦੀ ਮੱਦ ਦਾ ਜ਼ਿਕਰ ਤਾਂ ਕੀਤਾ ਹੈ ਪਰ ਉਸ ਦੇ ਅਰਥਾਂ ਦੇ ਅਨਰਥ ਕੀਤੇ ਹਨ। ਸੰਵਿਧਾਨ ਦੀ ਰਾਜਾਂ ਦੀ ਸੂਚੀ ਵਿਚ 17ਵੀਂ ਮੱਦ ਦਾ ਜ਼ਿਕਰ ਕਰਦੇ ਹੋਏ ਇੰਝ ਪੇਸ਼ ਕੀਤਾ ਗਿਆ ਹੈ ਕਿ ਇਹ ਕੇਂਦਰੀ ਸੂਚੀ ਦੀ 56ਵੀਂ ਮੱਦ ਦੇ ਅਧੀਨ ਹੈ ਅਤੇ ਕੇਂਦਰੀ ਸੂਚੀ ਦੀ ਮੱਦ ਅਧੀਨ ਕੇਂਦਰ ਨੂੰ ਹੀ ਕਾਨੂੰਨ ਬਣਾਉਣ ਦਾ ਅਧਿਕਾਰ ਹੈ। ਭਾਰਤ ਦੇ ਸੰਵਿਧਾਨ ਦੀ ਧਾਰਾ 246 ਦੀ ਕਲਾਜ (3) ਵਿਚ ਦਰਸਾਇਆ ਗਿਆ ਹੈ ਕਿ "ਕਲਾਜ (1) ਅਤੇ (2) ਦੀਆਂ ਬੰਦਸ਼ਾਂ ਅਧੀਨ, ਸਤਵੀਂ ਅਨੂਸੂਚੀ ਦੀ ਦੂਜੀ ਲਿਸਟ (ਰਾਜਾਂ ਦੀ ਸੂਚੀ) ਵਿਚ ਦਰਜ ਕੀਤੇ ਕਿਸੇ ਵੀ ਮੁੱਦੇ ਬਾਰੇ ਉਸ ਰਾਜ ਜਾਂ ਉਸ ਦੇ ਕਿਸੇ ਹਿੱਸੇ ਲਈ ਕਾਨੂੰਨ ਬਣਾਉਣ ਦੀਆਂ ਰਾਜ ਦੀ ਵਿਧਾਨ ਪਾਲਿਕਾ ਕੋਲ ਕੇਵਲ ਮਾਤਰ ਸ਼ਕਤੀਆਂ ਹਨ।" ਰਾਜਾਂ ਦੀ ਇਸ ਸੂਚੀ ਦੀ 17ਵੀਂ ਮੱਦ ਵਿਚ ਪਾਣੀਆਂ ਨੂੰ ਸ਼ਾਮਲ ਕੀਤਾ ਗਿਆ ਹੈ ਪਰ ਉਸ ਨਾਲ ਇਹ ਸ਼ਰਤ ਲਗਾਈ ਗਈ ਹੈ ਕਿ ਪਾਣੀਆਂ ਬਾਰੇ ਰਾਜਾਂ ਦਾ ਇਹ ਅਧਿਕਾਰ ਕੇਂਦਰੀ ਸੂਚੀ ਦੀ 56ਵੀਂ ਮੱਦ ਦੇ ਅਸਰ-ਅੰਦਾਜ਼ ਹੋ ਸਕਦਾ ਹੈ ਜਿਸ ਦੀ ਵਿਦਵਾਨ ਲੇਖਕ ਨੇ ਬਿਲਕੁਲ ਉਲਟੀ ਵਿਆਖਿਆ ਕੀਤੀ ਹੈ। ਰਾਜਾਂ ਦੀ ਸੂਚੀ ਵਿਚਲੀ 17ਵੀਂ ਮੱਦ ਅਤੇ ਕੇਂਦਰ ਦੀ ਸੂਚੀ ਦੀ 56ਵੀਂ ਮੱਦ ਦੋ ਵੱਖ-ਵੱਖ ਹਾਲਤਾਂ ਦੇ ਅਨੁਸਾਰ ਹਨ। ਜੇ ਕੋਈ ਦਰਿਆ ਕਿਸੇ ਇੱਕ ਸੂਬੇ ਵਿਚੋਂ ਗੁਜ਼ਰਦਾ ਹੈ ਤਾਂ ਉਸ ਦਰਿਆ ਸਬੰਧੀ ਰਾਜਾਂ ਦੀ ਸੂਚੀ ਦੀ 17ਵੀਂ ਮੱਦ ਅਨੁਸਾਰ ਕਾਨੂੰਨ ਬਣਾਉਣ ਦਾ ਸੰਪੂਰਨ ਹੱਕ ਉਸ ਸੂਬੇ ਨੂੰ ਹੈ, ਕੇਂਦਰ ਕੋਈ ਦਖਲ ਨਹੀਂ ਦੇ ਸਕਦਾ ਪਰ ਜੇਕਰ ਕੋਈ ਦਰਿਆ ਦੋ ਜਾਂ ਵੱਧ ਸੂਬਿਆਂ ਵਿਚੋਂ ਵਹਿੰਦਾ ਹੈ ਤੇ ਅਜਿਹੇ ਅੰਤਰ-ਰਾਜੀ ਦਰਿਆ ਅਤੇ ਦਰਿਆ ਘਾਟੀ ਦੇ ਕੰਟਰੋਲ ਅਤੇ ਵਿਕਾਸ ਲਈ ਪਾਰਲੀਮੈਂਟ ਦੁਆਰਾ ਕਾਨੂੰਨ ਬਣਾਇਆ ਜਾ ਸਕਦਾ ਹੈ। ਕੇਂਦਰੀ ਸੂਚੀ ਦੀ ਇਹ 56ਵੀਂ ਮੱਦ ਸੰਵਿਧਾਨ ਦੀ ਧਾਰਾ 262 ਦੇ ਅਨੁਸਾਰ ਹੈ, ਜਿਸ ਵਿਚ ਕੇਂਦਰ ਦੀ ਇਸ ਸ਼ਕਤੀ ਦੀ ਸੀਮਾ ਤੈਅ ਕੀਤੀ ਗਈ ਹੈ।

ਸੰਵਿਧਾਨ ਦੀ ਧਾਰਾ 262 ਅਨੁਸਾਰ, "(1) ਪਾਰਲੀਮੈਂਟ ਕਿਸੇ ਅੰਤਰ-ਰਾਜੀ ਦਰਿਆ ਜਾਂ ਦਰਿਆ ਘਾਟੀ ਦੇ ਪਾਣੀਆਂ ਦੀ ਵਰਤੋਂ, ਵੰਡ ਜਾਂ ਕੰਟਰੋਲ ਸਬੰਧੀ ਕਿਸੇ ਝਗੜੇ ਜਾਂ ਸ਼ਿਕਾਇਤ ਦੇ ਨਿਬੇੜੇ ਲਈ ਕਾਨੂੰਨ ਬਣਾ ਕੇ ਬੰਦੋਬਸਤ ਕਰ ਸਕਦੀ ਹੈ। (2) ਇਸ ਸੰਵਿਧਾਨ ਵਿਚ ਹੋਰ ਕੁਝ ਉਲਟ ਹੋਣ ਦੇ ਬਾਵਜੂਦ ਪਾਰਲੀਮੈਂਟ ਕਾਨੂੰਨ ਬਣਾ ਕੇ ਇਹ ਬੰਦੋਬਸਤ ਕਰ ਸਕਦੀ ਹੈ ਕਿ ਨਾ ਤਾਂ ਸਰਵ-ਉਚ ਅਦਾਲਤ ਅਤੇ ਨਾ ਹੀ ਕੋਈ ਹੋਰ ਅਦਾਲਤ ਉਪਰ ਕਲਾਜ (1) ਵਿਚ ਜ਼ਿਕਰ ਕੀਤੇ ਕਿਸੇ ਅਜਿਹੇ ਕਿਸੇ ਝਗੜੇ ਜਾਂ ਸ਼ਿਕਾਇਤ ਦੇ ਸਬੰਧ ਵਿਚ ਅਧਿਕਾਰ ਖੇਤਰ ਨਹੀਂ ਰੱਖੇਗੀ।" ਇਸ ਤੋਂ ਸਪਸ਼ਟ ਹੈ ਕਿ ਪਾਰਲੀਮੈਂਟ ਕੇਵਲ ਅੰਤਰ-ਰਾਜੀ ਦਰਿਆਵਾਂ ਬਾਰੇ ਕਾਨੂੰਨ ਬਣਾ ਸਕਦੀ ਹੈ ਤੇ ਵਿਧਾਨ ਸਭਾ ਅੰਤਰ-ਰਾਜੀ ਦਰਿਆ ਬਾਰੇ ਕਾਨੂੰਨ ਨਹੀਂ ਬਣਾ ਸਕਦੀ ਪਰ ਸੂਬੇ ਵਿਚ ਵਹਿਣ ਵਾਲੇ ਅਜਿਹੇ ਕਿਸੇ ਦਰਿਆ ਬਾਰੇ ਕਾਨੂੰਨ ਬਣਾਉਣ ਦਾ ਉਸ ਨੂੰ ਰਾਜ ਸੂਚੀ ਦੀ ਮੱਦ 17 ਅਨੁਸਾਰ ਕਾਨੂੰਨ/ਨਿਯਮ ਬਣਾਉਣ ਦਾ ਸੰਪੂਰਨ ਹੱਕ ਹੈ ਜੋ ਹੇਠਾਂ ਕਿਸੇ ਹੋਰ ਰਾਜ ਵਿਚ ਨਾ ਵਹਿੰਦਾ ਹੋਵੇ।



ਕੈਪਟਨ ਅਮਰਿੰਦਰ ਸਿੰਘ



ਮਨੋਹਰ ਲਾਲ ਖੱਟਰ

1956 ਵਿਚ ਪਾਰਲੀਮੈਂਟ ਨੇ ਅੰਤਰ-ਰਾਜੀ ਦਰਿਆਈ ਪਾਣੀ ਝਗੜਾ ਕਾਨੂੰਨ ਬਣਾਇਆ ਸੀ ਜਿਸ ਤਹਿਤ ਅੰਤਰ-ਰਾਜੀ ਦਰਿਆਵਾਂ ਦੇ ਪਾਣੀ ਸਬੰਧੀ ਝਗੜਿਆਂ ਦੇ ਨਿਬੇੜੇ ਲਈ ਇਸ ਕਾਨੂੰਨ ਤਹਿਤ ਵੱਖ-ਵੱਖ ਸਮਿਆਂ ਤੇ ਅਨੇਕਾਂ ਟ੍ਰਿਬਿਊਨਲ ਬਣਾਏ ਗਏ। ਪੰਜਾਬ ਦੇ ਤਿੰਨੇ ਦਰਿਆ ਹਰਿਆਣਾ, ਰਾਜਸਥਾਨ ਤੇ ਦਿੱਲੀ ਨਾਲ ਅੰਤਰ-ਰਾਜੀ ਨਾ ਹੋਣ ਕਾਰਨ ਪੰਜਾਬ-ਹਰਿਆਣਾ ਦੇ ਝਗੜੇ ਲਈ ਸੰਵਿਧਾਨਕ ਤੌਰ 'ਤੇ ਟ੍ਰਿਬਿਊਨਲ ਨਹੀਂ ਬਣ ਸਕਦਾ ਸੀ ਪਰ ਸਰਕਾਰ ਨੇ ਰਾਜੀਵ-ਲੌਂਗੋਵਾਲ ਗੈਰ-ਸੰਵਿਧਾਨਕ ਸਮਝੌਤੇ ਦੀ 9ਵੀਂ ਮੱਦ ਦੀ ਆੜ ਹੇਠ ਇਸ ਕਾਨੂੰਨ ਵਿਚ 1986 ਵਿਚ ਸੋਧ ਕਰ ਕੇ ਨਵੀਂ ਧਾਰਾ 14 ਸ਼ਾਮਲ ਕਰ ਦਿੱਤੀ ਜਿਸ ਬਾਰੇ ਜਦ ਦੱਖਣ ਭਾਰਤ ਦੇ ਕੁਝ ਮੈਂਬਰਾਂ ਨੇ ਸਵਾਲ ਉਠਾਇਆ ਤਾਂ ਉਹਨਾਂ ਨੂੰ ਇਹ ਭਰੋਸਾ ਦੇ ਕੇ ਚੁੱਪ ਕਰਵਾਇਆ ਗਿਆ ਕਿ ਤੁਹਾਡੇ ਦਰਿਆਵਾਂ ਬਾਰੇ ਅਜਿਹੀ ਕੋਈ ਵਿਵਸਥਾ ਨਹੀਂ ਕੀਤੀ ਜਾਵੇਗੀ। ਇਸ ਪੰਜਾਬ ਵਿਰੋਧੀ ਧਾਰਾ ਦੇ ਤਹਿਤ ਹੀ ਫਿਰ ਇਰਾਡੀ ਟ੍ਰਿਬਿਊਨਲ ਬਣਾਇਆ ਗਿਆ ਤੇ ਫਿਰ ਪੰਜਾਬ ਵਿਰੋਧੀ ਫੈਸਲੇ ਸੁਣਾਏ ਗਏ। ਉਸ ਤੋਂ ਪਹਿਲਾਂ ਕੇਂਦਰ ਪੰਜਾਬ ਦੇ ਦਰਿਆਵਾਂ ਬਾਰੇ ਕਾਨੂੰਨੀ ਤੌਰ 'ਤੇ ਕੋਈ ਦਖਲ ਦੇ ਹੀ ਨਹੀਂ ਸਕਦਾ ਸੀ। ਜੇ ਇਹ ਕਾਨੂੰਨ ਪਹਿਲਾਂ ਪੰਜਾਬ ਤੇ ਲਾਗੂ ਹੋਣ ਯੋਗ ਹੁੰਦਾ ਤਾਂ ਗੁਲਜ਼ਾਰੀ ਲਾਲ ਨੰਦਾ ਹੋਰਾਂ ਬਹੁਤ ਪਹਿਲਾਂ ਹੀ ਟ੍ਰਿਬਿਊਨਲ ਬਣਾ ਕੇ ਪੰਜਾਬ ਵਿਰੁੱਧ ਫੈਸਲਾ ਸੁਣਾ ਦੇਣਾ ਸੀ। ਫਿਰ 1981 ਵਿਚ ਦਰਬਾਰਾ ਸਿੰਘ 'ਤੇ ਦਬਾਅ ਪਾ ਕੇ ਸੁਪਰੀਮ ਕੋਰਟ ਵਿਚੋਂ ਕੇਸ ਵਾਪਿਸ ਕਰਵਾਉਣ ਦੀ ਵੀ ਲੋੜ ਨਹੀਂ ਪੈਣੀ ਸੀ। ਦਰਅਸਲ ਕੇਸ ਵਾਪਸ ਕਰਵਾਉਣ ਦਾ ਕਾਰਨ ਵੀ ਇਹੀ ਸੀ ਕਿ ਕਾਨੂੰਨੀ ਤੌਰ 'ਤੇ ਹਰਿਆਣਾ ਦਾ ਪੱਖ ਬਹੁਤ ਕਮਜ਼ੋਰ ਸੀ ਅਤੇ ਇੰਦਰਾ ਗਾਂਧੀ ਨੂੰ ਅਦਾਲਤਾਂ 'ਤੇ ਅੱਜ ਦੇ ਪ੍ਰਧਾਨ ਮੰਤਰੀ ਵਾਂਗ ਭਰੋਸਾ ਨਹੀਂ ਸੀ। 'ਅੰਤਰ-ਰਾਜੀ ਦਰਿਆਈ ਪਾਣੀਆਂ ਬਾਰੇ ਝਗੜਾ ਕਾਨੂੰਨ 1956' ਵਿਚ ਕੀਤੀ ਇਸ ਸੋਧ ਰਾਹੀਂ ਸ਼ਾਮਿਲ ਕੀਤੀ ਗਈ ਧਾਰਾ 14 ਅਨੁਸਾਰ: "(1) ਇਸ ਕਾਨੂੰਨ ਦੀਆਂ ਪਹਿਲਾਂ ਦਿੱਤੀਆਂ ਧਾਰਾਵਾਂ ਵਿਚ ਕੁਝ ਵੀ ਇਸ ਦੇ ਉਲਟ ਹੋਣ ਦੇ ਬਾਵਜੂਦ, ਕੇਂਦਰ ਸਰਕਾਰ ਸਰਕਾਰੀ ਗਜ਼ਟ ਵਿਚ ਨੋਟੀਫਿਕੇਸ਼ਨ ਜਾਰੀ ਕਰ ਕੇ ਇਸ ਕਾਨੂੰਨ ਅਧੀਨ ਪੰਜਾਬ ਸੈਟਲਮੈਂਟ ਦੇ ਕ੍ਰਮਵਾਰ ਪੈਰਾ ਨੰਬਰ 9.1 ਅਤੇ 9.2 ਵਿਚ ਜ਼ਿਕਰ ਕੀਤੇ ਮੁੱਦਿਆਂ ਬਾਰੇ ਜਾਂਚ-ਪੜਤਾਲ ਕਰਨ ਅਤੇ ਫੈਸਲਾ ਕਰਨ ਲਈ ਇੱਕ ਟ੍ਰਿਬਿਊਨਲ ਦਾ ਗਠਨ ਕਰ ਸਕਦੀ ਹੈ, ਜੋ ਰਾਵੀ-ਬਿਆਸ ਵਾਟਰ ਟ੍ਰਿਬਿਊਨਲ ਵਜੋਂ ਜਾਣਿਆਂ ਜਾਵੇਗਾ।"

ਇਸ ਤੋਂ ਪਹਿਲਾਂ ਇਸ ਕਾਨੂੰਨ ਦੀਆਂ ਸਿਰਫ 13 ਧਰਾਵਾਂ ਸਨ ਜੋ ਪੰਜਾਬ ਦੇ ਦਰਿਆਵਾਂ ਤੇ ਲਾਗੂ ਨਹੀਂ ਹੁੰਦੀਆਂ ਸਨ। ਇਸ ਸੋਧ ਵਿਚ ਜ਼ਿਕਰ ਕੀਤੀ 'ਪੰਜਾਬ ਸੈਂਟਲਮੈਂਟ' ਦਰਅਸਲ ਰਾਜੀਵ-ਲੌਂਗੋਵਾਲ ਸਮਝੌਤੇ ਦੀਆਂ ਹੀ ਮੱਦਾਂ ਹਨ। ਜ਼ਰੂਰੀ ਨਹੀਂ ਕਿ ਰਿਪੇਰੀਅਨ ਹੱਕ ਬਾਰੇ ਕੋਈ ਵਿਸ਼ੇਸ਼ ਕਾਨੂੰਨ ਹੋਵੇ, ਕਾਨੂੰਨ ਦੀਆਂ ਉਪਰੋਕਤ ਜ਼ਿਕਰ ਕੀਤੀਆਂ ਵਿਵਸਥਾਵਾਂ ਵਿਚੋਂ ਹੀ ਅਦਾਲਤਾਂ ਨੇ ਅਨੇਕਾਂ ਵਾਰ ਰਿਪੇਰੀਅਨ ਹੱਕ ਮੌਜੂਦ ਹੋਣ ਬਾਰੇ ਸਿੱਟੇ ਕੱਢ ਕੇ ਕਈ ਫੈਸਲੇ ਸੁਣਾਏ ਹਨ, ਜਿਹਨਾਂ ਬਾਰੇ ਵੱਖਰੀ ਚਰਚਾ ਕੀਤੀ ਜਾ ਸਕਦੀ ਹੈ।

ਡਾ. ਗਿੱਲ ਮਸਲੇ ਦੀ ਜੜ੍ਹ ਧਾਰਾ 78 ਨੂੰ ਮੰਨਦੇ ਹੋਏ ਮਸਲੇ ਦਾ ਹੱਲ ਵੀ ਇਸੇ ਧਾਰਾ ਵਿਚੋਂ ਹੀ ਲੱਭਦੇ ਹਨ। ਉਹ ਇਸ ਨੂੰ ਮਹਿਜ਼ ਲਾਗੂ ਕਰਨ ਦਾ ਤਕਨੀਕੀ ਮਸਲਾ ਹੀ ਸਮਝਦੇ ਹਨ। ਦਰਅਸਲ ਇਹ ਉਹਨਾਂ ਦੀ ਸਿਧਾਂਤਕ ਸਮਝ ਦਾ ਵਿਗਾੜ ਹੈ। ਉਹ ਵੰਡ ਦੇ ਉਤਰਾ-ਅਧਿਕਾਰ ਸਿਧਾਂਤ ਦੀ ਵਕਾਲਤ ਕਰਦੇ ਹੋਏ ਧਾਰਾ 78, 79, 80 ਵਿਚ ਕੋਈ ਵਿਗਾੜ ਨਹੀਂ ਦੇਖਦੇ। ਧਾਰਾ 79 ਤੇ 80 ਨੂੰ ਤਾਂ ਉਹ ਮਹਿਜ਼ ਭਾਖੜਾ-ਬਿਆਸ ਮੈਨਜਮੈਂਟ ਬੋਰਡ ਅਤੇ ਬਿਆਸ ਪ੍ਰਾਜੈਕਟ ਬਾਰੇ ਹੀ ਕਹਿ ਕੇ ਛੱਡ ਦਿੰਦੇ ਹਨ, ਜਦਕਿ ਹਕੀਕਤ ਵਿਚ ਇਹ ਦੋ ਧਰਾਵਾਂ ਧਾਰਾ 78 ਤੋਂ ਵੀ ਵੱਧ ਖਤਰਨਾਕ ਅਤੇ ਪੰਜਾਬ ਵਿਰੋਧੀ ਹਨ। ਪੰਜਾਬ ਦੇ 1966 ਵਿਚ ਪੰਜਾਬ ਤੇ ਹਰਿਆਣਾ ਦੇ ਰੂਪ ਵਿਚ ਮੁੜ ਗਠਨ ਤੋਂ ਪਹਿਲਾਂ ਤੇ ਬਾਅਦ ਵਿਚ ਵੀ ਅਨੇਕਾਂ ਰਾਜਾਂ ਦੀ ਵੰਡ ਤੇ ਮੁੜ-ਗਠਨ ਹੋਏ ਹਨ, ਪਰ ਪਾਣੀਆਂ ਦੀ ਵੰਡ ਦੇ ਮਾਮਲੇ ਵਿਚ 'ਉਤਰਾ-ਅਧਿਕਾਰੀ ਰਾਜ' ਸ਼ਬਦ ਪਹਿਲੀ ਵਾਰ ਪੰਜਾਬ ਮੁੜ-ਗਠਨ ਕਾਨੂੰਨ 1966 ਵਿਚ ਵਰਤਿਆ ਗਿਆ ਹੈ ਤੇ ਇਸ ਸਿਧਾਂਤ ਨੂੰ ਲਾਗੂ ਕੀਤਾ ਗਿਆ ਹੈ ਤੇ ਦੂਜੀ ਵਾਰ 2014 ਵਿਚ ਇਹ ਸ਼ਬਦ ਆਂਧਰਾ ਪ੍ਰਦੇਸ਼ ਤੇ ਤਿਲੰਗਾਨਾ ਦੀ ਵੰਡ ਵੇਲੇ ਆਂਧਰਾ ਪ੍ਰਦੇਸ਼ ਮੁੜ ਗਠਨ ਐਕਟ 2014 ਵਿਚ ਵਰਤਿਆ ਗਿਆ ਹੈ ਪਰ ਉਥੇ ਪਾਣੀ ਦੀ ਵੰਡ ਸਬੰਧੀ ਰਿਪੇਰੀਅਨ ਸਿਧਾਂਤ ਨੂੰ ਹੀ ਮੰਨਿਆ ਗਿਆ ਹੈ। ਹੋਰ ਕਿਸੇ ਵੀ ਐਕਟ ਵਿਚ ਇਹ ਸਿਧਾਂਤ ਨੂੰ ਲਾਗੂ ਕਰਨਾ ਤਾਂ ਦੂਰ ਦੀ ਗੱਲ, ਜ਼ਿਕਰ ਤੱਕ ਨਹੀਂ ਕੀਤਾ ਗਿਆ।

*(ਬਾਕੀ ਅਗਲੇ ਸਫੇ 'ਤੇ)*

# ਚੋਣਾਂ ਵੱਲ ਨੂੰ ਦੌੜ ਰਹੇ ਦਿਨ ਤੇ ਪੰਜਾਬ ਦੀ ਰਾਜਨੀਤੀ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਬੇਲੋੜਾ ਹੁੰਦਿਆਂ ਵੀ ਇਹ ਜ਼ਿਕਰ ਕਰਨਾ ਪੈਂਦਾ ਹੈ ਕਿ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਨੂੰ ਡੇਢ ਸਾਲ ਹੀ ਬਾਕੀ ਰਹਿੰਦਾ ਹੈ ਤੇ ਅੱਜ ਵਾਲੀ ਸਰਕਾਰ ਕੋਲ ਕੰਮ ਲਈ ਮਸਾਂ ਛੇ ਕੁ ਮਹੀਨੇ ਬਚਦੇ ਹਨ। ਆਖਰੀ ਸਾਲ ਵਿਚ ਅਫਸਰ ਅਗਲੇ ਹਾਕਮਾਂ ਦੇ ਨਕਸ਼ ਪਛਾਣਨ ਲੱਗ ਪੈਂਦੇ ਅਤੇ ਮੌਕੇ ਦੀ ਸਰਕਾਰ ਦਾ ਹੁਕਮ ਮੰਨਣਾ ਬੰਦ ਕਰ ਦਿੰਦੇ ਹਨ। ਪੰਜਾਬ ਵਿਚ ਅੱਜ ਵੀ ਕਈ ਵੱਡੇ ਅਫਸਰ ਆਪਣੇ ਮੰਤਰੀਆਂ ਦੀ ਪਰਵਾਹ ਕਰਨੀ



ਸਾਧੂ ਸਿੰਘ ਧਰਮਸੋਤ ਪ੍ਰਤਾਪ ਸਿੰਘ ਬਾਜਵਾ ਰਾਜਿੰਦਰ ਕੌਰ ਭੱਠਲ

ਛੱਡ ਕੇ ਅੰਦਰ ਦੀਆਂ ਗੱਲਾਂ ਬਾਹਰ ਮੀਡੀਆ ਨੂੰ ਖੁੱਲ੍ਹੀਆਂ ਲੀਕ ਕਰੀ ਜਾਂਦੇ ਹਨ, ਹੋਰ ਛੇ ਮਹੀਨਿਆਂ ਤੱਕ ਇਨ੍ਹਾਂ ਅਫਸਰਾਂ ਨੇ ਕਿਸੇ ਦਾ ਕੁੰਡਾ ਨਹੀਂ ਮੰਨਣਾ। ਕਿਉਂਕਿ ਇਸ ਵੇਲੇ ਦੀ ਸਰਕਾਰ ਦਾ ਦੋਪਹਿਰਾ ਢਲ ਚੁਕਾ ਅਤੇ ਸ਼ਾਮ ਪੈਣ ਦਾ ਸਮਾਂ ਹੋਇਆ ਪਿਆ ਹੈ। ਇਸ ਲਈ ਪੰਜਾਬ ਵਿਚਲੀਆਂ ਬਾਕੀ ਪਾਰਟੀਆਂ ਵੀ ਅੱਜਕੱਲ੍ਹ ਲਗਭਗ ਹਰ ਕਦਮ ਅਗਲੀਆਂ ਚੋਣਾਂ ਦੀ ਲੋੜ ਵਾਲੇ ਮੁੱਦੇ ਲੱਭ ਕੇ ਚੁੱਕਦੀਆਂ ਹਨ। ਸਾਰੇ ਸੰਸਾਰ ਵਿਚ ਜਿਸ ਕਰੋਨਾ ਦੀ ਮਹਾਮਾਰੀ ਨੇ ਸਾਹ ਸੁਕਾਏ ਪਏ ਹਨ, ਉਸ ਬਾਰੇ ਪੰਜਾਬ ਦੇ ਰਾਜਸੀ ਆਗੂ ਨਹੀਂ ਸੋਚਦੇ। ਉਨ੍ਹਾਂ ਦਾ ਧਿਆਨ ਇਸ ਵਕਤ ਆਪਣੀ ਅਗਲੀ ਰਾਜਸੀ ਛਾਲ ਲਈ ਪੜੁੱਲ ਬੰਨ੍ਹਣ ਜਾਂ ਮਿਲੀ ਹੋਈ ਕੁਰਸੀ ਬਚਾਉਣ ਵੱਲ ਹੈ, ਆਮ ਲੋਕਾਂ ਦੀ ਹਾਲਤ ਸਿਰਫ ਸਿਆਸੀ ਭਾਸ਼ਣਾਂ ਦਾ ਮੁੱਦਾ ਬਣ ਕੇ ਰਹਿ ਗਈ ਹੈ।

ਆਜ਼ਾਦੀ ਮਿਲਣ ਪਿੱਛੋਂ ਪਹਿਲੀ ਚੋਣ ਨੂੰ ਛੱਡ ਕੇ ਹਮੇਸ਼ਾ ਵਿਰੋਧ ਦੀ ਮੁੱਖ ਧਿਰ ਰਹੇ ਅਤੇ ਅੱਧੀ ਦਰਜਨ ਤੋਂ ਵੱਧ ਵਾਰ ਸਰਕਾਰਾਂ ਬਣਾ ਚੁਕੇ ਅਕਾਲੀ ਦਲ ਦੀ ਹਾਲਤ ਇਸ ਵਕਤ ਬਾਕੀ ਸਾਰਿਆਂ ਤੋਂ ਮਾੜੀ ਜਾਪਦੀ ਹੈ। ਉਸ ਦੀ ਹਾਲਤ ਵਿਗੜਨ ਦਾ ਕੋਈ ਇੱਕ ਕਾਰਨ ਨਹੀਂ, ਬਰਗਾੜੀ ਕਾਂਡ ਤੋਂ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨਾਲਾਇਕੀ ਕਾਰਨ ਬੀਤੇ ਦਿਨੀਂ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਗੁੰਮ ਹੋਣ ਤੱਕ ਕਈ ਸਾਰੇ ਕਾਰਨ ਹਨ।

ਕੇਂਦਰ ਦੀ ਸਰਕਾਰ ਨੇ ਜਦੋਂ ਕਿਸਾਨੀ ਜਿਨਸਾਂ ਬਾਰੇ ਤਿੰਨ ਆਰਡੀਨੈਂਸ ਇਹੋ ਜਿਹੇ ਲਿਆਂਦੇ, ਜੋ ਇਸ ਰਾਜ ਦੇ ਕਿਸਾਨਾਂ ਨੂੰ ਕਦੇ ਵੀ ਪ੍ਰਵਾਨ ਨਹੀਂ ਹੋ ਸਕਦੇ, ਉਨ੍ਹਾਂ ਆਰਡੀਨੈਂਸਾਂ ਦੀ ਪਹਿਲਾਂ ਛੋਟੇ ਬਾਦਲ ਵੱਲੋਂ ਅਤੇ ਫਿਰ ਵੱਡੇ ਬਾਦਲ ਵੱਲੋਂ ਹਮਾਇਤ ਨੇ ਅਕਾਲੀ ਦਲ ਦੀ ਹਾਲਤ ਹੋਰ ਖਰਾਬ ਕਰ ਦਿੱਤੀ ਹੈ। ਇਸ ਪਾਰਟੀ ਦੇ ਅੰਦਰ, ਅਤੇ ਖਾਸ ਤੌਰ 'ਤੇ ਪਾਰਟੀ ਦੇ ਮੁਖੀ ਪਰਿਵਾਰ ਅੰਦਰ ਸ਼ਖਸੀਅਤਾਂ ਦੀ ਜੋ ਆਪਸੀ ਖਿੱਚੋਤਾਣ ਵਧ ਰਹੀ ਹੈ, ਉਹ ਅਜੇ ਕੁਝ ਹੋਰ ਨੁਕਸਾਨ ਕਰ ਸਕਦੀ ਹੈ। ਇਸ ਕਾਰਨ ਅਕਾਲੀ ਦਲ ਦੀ ਲੀਡਰਸ਼ਿਪ ਬਾਹਰੋਂ ਭਾਵੇਂ ਅਗਲੀਆਂ ਵਿਧਾਨ ਸਭਾ ਚੋਣਾਂ ਲਈ ਬੜੀ ਉਤਾਵਲੀ ਦਿਖਾਈ ਦਿੰਦੀ ਹੈ, ਅੰਦਰੋਂ ਉਸ ਦੇ ਆਗੂਆਂ ਨੂੰ ਆਪੋ ਆਪਣੇ ਹਲਕੇ ਬਾਰੇ ਵੀ ਚਿੰਤਾ ਸਤਾਉਂਦੀ ਸੁਣੀ ਜਾ ਰਹੀ ਹੈ।

ਦੂਜੀ ਗਿਣਨ ਜੋਗੀ ਆਮ ਆਦਮੀ ਪਾਰਟੀ ਹੈ, ਜੋ ਪਿਛਲੀ ਵਾਰੀ ਰਾਜ ਸਰਕਾਰ ਬਣਾਉਣ ਦੇ ਸੁਫਨੇ ਨਾਲ ਤੁਰੀ ਸੀ ਤੇ ਮਸਾਂ ਵੀਹ ਸੀਟਾਂ ਤੱਕ ਸਿਮਟ ਕੇ ਰਹਿ ਗਈ ਸੀ। ਪਿਛਲੇ ਸਾਢੇ ਤਿੰਨ ਸਾਲਾਂ ਵਿਚ ਇਸ ਪਾਰਟੀ ਦੇ ਅੰਦਰਲੇ ਹਾਲਾਤ ਨੇ ਇਸ ਨੂੰ ਢਾਹ ਵੀ ਲਾਈ ਹੈ ਤੇ ਕੰਮ ਦਾ ਕੋਈ ਤਜਰਬਾ ਨਾ ਹੋਣ ਕਾਰਨ ਇਸ ਦੇ ਕਈ ਵਿਧਾਇਕਾਂ ਨੇ ਆਪਣੇ ਹਲਕਿਆਂ ਵਿਚ ਪੈਰ ਜਮਾਉਣ ਜੋਗੀ ਸਰਗਰਮੀ ਵੀ ਨਹੀਂ ਸੀ ਕੀਤੀ। ਉਹ ਪਿਛਲੀ ਵਾਰ ਦੀ ਲਹਿਰ ਦੀ ਝਾਕ ਛੱਡਣ ਨੂੰ ਤਿਆਰ ਨਹੀਂ ਤੇ ਇਹ ਵੀ ਨਹੀਂ ਸੋਚਣਾ ਚਾਹੁੰਦੇ ਕਿ ਪਹਿਲੀ ਵਾਰ ਪਾਰਲੀਮੈਂਟ ਦੀਆਂ ਚਾਰ ਸੀਟਾਂ ਜਿੱਤ ਚੁਕੀ ਇਹ ਹੀ ਪਾਰਟੀ ਜੇ ਦੂਜੀ ਵਾਰੀ ਸਿਰਫ ਇੱਕ ਸੀਟ ਅਤੇ ਉਹ ਵੀ ਉਮੀਦਵਾਰ ਦੇ ਨਿੱਜੀ ਅਕਸ ਸਦਕਾ ਜਿੱਤ ਸਕੀ ਹੈ ਤਾਂ ਜਦੋਂ ਵਿਧਾਨ ਸਭਾ ਚੋਣਾਂ ਹੋਈਆਂ, ਉਦੋਂ ਪਿਛਲੀ ਵਾਰ ਦੀਆਂ ਵੀਹਾਂ ਵਿਚੋਂ ਅੱਧੀਆਂ ਸੀਟਾਂ ਵੀ ਨਹੀਂ ਮਿਲਣੀਆਂ। ਸਿਰਫ ਤਿੰਨ ਜਾਂ ਚਾਰ ਵਿਧਾਇਕਾਂ ਨੇ ਏਨਾ ਕੁ ਕੰਮ ਕੀਤਾ ਹੈ ਕਿ ਉਹ ਅਗਲੀ ਵਾਰੀ ਸਿਰ ਉੱਚਾ ਕਰ ਕੇ ਲੋਕਾਂ ਵਿਚ ਜਾਣ ਜੋਗੇ ਕਹੇ ਜਾ ਸਕਦੇ ਹਨ, ਬਾਕੀਆਂ ਨੂੰ ਰਹਿੰਦੇ ਡੇਢ ਸਾਲ ਵਿਚ ਕੰਮ ਕਰਨਾ ਜਾਂ ਆਪਣੇ ਨਾਂ ਨਾਲ ਸਾਬਕਾ ਲਿਖਾਉਣ ਲਈ ਅੱਜ ਤੋਂ ਹੀ ਤਿਆਰ ਹੋਣਾ ਚਾਹੀਦਾ ਹੈ। ਉਹ ਇਸ ਸੱਚਾਈ ਨੂੰ ਅਜੇ ਵੀ ਮੰਨਣ ਨੂੰ ਤਿਆਰ ਨਹੀਂ।

ਰਹਿ ਗਈ ਗੱਲ ਉਸ ਕਾਂਗਰਸ ਪਾਰਟੀ ਦੀ, ਜਿਸ ਦੇ ਲੀਡਰ ਇਹ ਸੋਚ ਕੇ ਅਗਲੀ ਚੋਣ ਜਿੱਤਣ ਦਾ ਸੁਫਨਾ ਲੈ ਰਹੇ ਹਨ ਕਿ ਅਕਾਲੀ ਜਦੋਂ ਪਿਛਲੀ ਮਾਰ ਤੋਂ ਉੱਠਣ ਜੋਗੇ ਨਹੀਂ ਹੋ ਸਕੇ ਤੇ ਆਮ ਆਦਮੀ ਪਾਰਟੀ ਅੱਗੇ ਨਹੀਂ ਵਧ ਸਕੀ ਤਾਂ ਲੋਕਾਂ ਕੋਲ ਸਾਡਾ ਕੋਈ ਬਦਲ ਹੀ ਨਹੀਂ, ਇਸ ਲਈ ਅਸੀਂ ਫਿਰ ਜਿੱਤ ਜਾਣਾ ਹੈ। ਲੋਕ ਕਿਸੇ ਦੇ ਪਿਓ ਦੇ ਖਰੀਦੇ ਹੋਏ ਨਹੀਂ ਕਿ ਸੌ ਐਬਾਂ ਦੇ ਬਾਵਜੂਦ ਉਨ੍ਹਾਂ ਨੂੰ ਬਿਨਾ ਸੋਚਿਆਂ ਵੋਟਾਂ ਪਾਈ ਜਾਣਗੇ। ਇਸ ਪਾਰਟੀ ਦਾ ਸਭ ਤੋਂ ਵੱਡਾ ਦੁਸ਼ਮਣ ਤਾਂ ਇਸ ਪਾਰਟੀ ਦੇ ਆਪਣੇ ਲੀਡਰ ਹਨ। ਇਹ ਆਪੋ ਵਿਚ ਮਿਲ ਕੇ ਢਾਈ ਕਦਮ ਨਹੀਂ ਚੱਲ ਸਕਦੇ। ਬਾਦਲ ਰਾਜ ਵਿਚ ਇੱਕ ਵਾਰੀ ਵਿਧਾਨ ਸਭਾ ਵਿਚ ਪਹਿਲੇ ਦਿਨ ਅਕਾਲੀਆਂ ਨੇ ਕੈਪਟਨ ਅਮਰਿੰਦਰ ਸਿੰਘ ਤੇ ਉਨ੍ਹਾਂ ਦੇ ਧੜੇ ਨੂੰ ਚੋਖਾ ਰਗੜਾ ਲਾਇਆ ਅਤੇ ਭੱਠਲ ਤੇ ਬਾਜਵਾ ਧੜੇ ਚੁੱਪ ਰਹੇ ਸਨ। ਅਗਲੇ ਦਿਨ ਸਵੇਰੇ ਭੱਠਲ ਧੜੇ ਦੇ ਖਿਲਾਫ ਜਦੋਂ ਸਿੱਧਾ ਫਾਇਰ ਖੋਲ੍ਹ ਦਿੱਤਾ ਤੇ ਇਸ ਵਿਚ ਖੁਦ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੀ ਸ਼ਾਮਲ ਹੋ ਗਏ ਤਾਂ ਪਿਛਲੇ ਦਿਨਾਂ ਦੇ ਕੌੜ ਖਾਈ ਫਿਰਦੇ ਕੈਪਟਨ ਧੜੇ ਦੇ ਵਿਧਾਇਕ ਚੁੱਪ ਕੀਤੇ ਰਹੇ ਸਨ। ਤੀਜਾ ਮੌਕਾ ਚੁਣ ਕੇ ਅਕਾਲੀਆਂ ਨੇ ਬਾਜਵਾ ਧੜੇ ਦੇ ਖਿਲਾਫ ਚਾਂਦਮਾਰੀ ਛੋਹ ਲਈ ਅਤੇ ਇਸ ਵਾਰੀ ਕੈਪਟਨ ਤੇ ਭੱਠਲ ਧੜੇ ਇਸ ਲਈ ਚੁੱਪ ਕੀਤੇ ਰਹੇ ਸਨ ਕਿ ਉਨ੍ਹਾਂ ਦੇ ਖਿਲਾਫ ਇਹੋ ਕੁਝ ਹੋਣ ਵੇਲੇ ਬਾਜਵਾ ਧੜਾ ਚੁੱਪ ਕੀਤਾ ਰਿਹਾ ਸੀ। ਉਹ ਧੜੇਬੰਦੀ ਇਸ ਵੇਲੇ ਵੀ ਰੰਗ ਵਿਖਾਈ ਜਾਂਦੀ ਹੈ।

ਦੂਜਾ ਪੱਖ ਇਹ ਹੈ ਕਿ ਇਸ ਪਾਰਟੀ ਦੇ ਕੁਝ ਵਿਧਾਇਕ ਇਸ ਪਾਰਟੀ ਦੀ ਬੇੜੀ ਦੇ ਪੱਥਰ ਬਣੀ ਜਾ ਰਹੇ ਹਨ, ਪਰ ਉਨ੍ਹਾਂ ਬਾਰੇ ਕਿਸੇ ਤਰ੍ਹਾਂ ਦੀ ਕੋਈ ਕਾਰਵਾਈ ਕਿਸੇ ਪੱਧਰ ਉੱਤੇ ਨਹੀਂ ਕੀਤੀ ਗਈ। ਪਹਿਲਾਂ ਸ਼ੰਭੂ ਬੈਰੀਅਰ ਨੇੜੇ ਨਕਲੀ ਸ਼ਰਾਬ ਵਾਲੇ ਗੋਦਾਮਾਂ ਦੇ ਕੇਸ ਵਿਚ ਦੋ ਵਿਧਾਇਕਾਂ ਦਾ ਨਾਂ ਆਇਆ ਤਾਂ ਹਾਕਮ ਪਾਰਟੀ ਚੁੱਪ ਰਹੀ ਤੇ ਫਿਰ ਮਾਝੇ ਵਿਚ ਜਦੋਂ ਨਕਲੀ ਸ਼ਰਾਬ ਨਾਲ ਮੌਤਾਂ ਹੋਣ ਲੱਗ ਪਈਆਂ, ਉਦੋਂ ਵੀ ਪਾਰਟੀ ਜਾਂ ਸਰਕਾਰ ਨੇ ਕਾਰਵਾਈ ਨਹੀਂ ਸੀ ਕੀਤੀ। ਇਸ ਪਿਛੋਂ ਦਲਿਤ ਵਿਦਿਆਰਥੀਆਂ ਦੇ ਵਜ਼ੀਫਿਆਂ ਦਾ ਮੁੱਦਾ ਉੱਭਰ ਪਿਆ ਹੈ। ਇੱਕ ਮੰਤਰੀ ਇਸ ਲਈ ਚਰਚਾ ਵਿਚ ਹੈ, ਹਰ ਪਾਸੇ ਉਸ ਇੱਕੋ ਮੰਤਰੀ ਕਾਰਨ ਸਰਕਾਰ ਦੀ ਬਦਨਾਮੀ ਹੋ ਰਹੀ ਹੈ, ਪਰ ਨਾ ਉਹ ਆਪ ਅਸਤੀਫਾ ਦੇਣ ਵਾਸਤੇ ਤਿਆਰ ਹੈ ਤੇ ਨਾ ਉਸ ਨੂੰ ਕਾਂਗਰਸ ਪਾਰਟੀ ਜਾਂ ਮੁੱਖ ਮੰਤਰੀ ਨੇ ਕੁਰਸੀ ਛੱਡਣ ਲਈ ਕਿਹਾ ਹੈ।

ਰਾਜ ਸਰਕਾਰ ਦੇ ਤਰਫਦਾਰੀ ਕਰਨ ਵਾਲੇ ਇਹ ਕਹਿੰਦੇ ਹਨ ਕਿ ਜਦੋਂ ਅਕਾਲੀ ਦਲ ਅਜੇ ਆਪਣੇ ਪਾਪਾਂ ਦੇ ਬੋਝ ਤੋਂ ਖਹਿੜਾ ਨਹੀਂ ਛੁਡਾ ਸਕਿਆ, ਆਮ ਆਦਮੀ ਪਾਰਟੀ ਅੱਗੇ ਵਧਣ ਦੀ ਥਾਂ ਪਿੱਛੇ ਸਰਕਦੀ ਦਿੱਸਦੀ ਹੈ ਤਾਂ ਕਾਂਗਰਸ ਦਾ ਬਦਲ ਹੀ ਕੋਈ ਨਹੀਂ। ਕਹਿਣ ਤੋਂ ਭਾਵ ਇਹ ਕਿ ਲੋਕਾਂ ਨੂੰ ਮਜਬੂਰੀ ਵਿਚ ਇਸ ਨੂੰ ਜਿਤਾਉਣਾ ਪੈਣਾ ਹੈ।

ਸਰਕਾਰ ਚਲਾ ਰਹੀ ਪਾਰਟੀ ਦੇ ਇਹੋ ਜਿਹੇ ਸਮੱਰਥਕ ਇਸ ਪਾਰਟੀ ਨੂੰ ਸੁਫਨੇ ਦੀ ਦੁਨੀਆਂ ਵਿਚੋਂ ਬਾਹਰ ਨਹੀਂ ਆਉਣ ਦੇਣਾ ਚਾਹੁੰਦੇ ਤੇ ਇਹ ਹਕੀਕਤ ਭੁਲਾਈ ਫਿਰਦੇ ਹਨ ਕਿ ਅੱਕੇ ਹੋਏ ਲੋਕ ਕਈ ਵਾਰੀ ਇਹ ਸੋਚ ਕੇ ਵੀ ਵੋਟਾਂ ਪਾਉਣ ਤੁਰ ਪੈਂਦੇ ਹੁੰਦੇ ਹਨ ਕਿ ਮੌਕੇ ਦਾ ਮਾਲਕ ਬਦਲੀਏ, ਹੋਰ ਭਾਵੇਂ ਕਾਲਾ ਚੋਰ ਵੀ ਆ ਜਾਏ। ਕਈ ਵਾਰ ਇਹੋ ਜਿਹੇ ਹਾਲਤ ਵਿਚ ਆਮ ਲੋਕ ਵੋਟ ਪਾ ਕੇ ਸਚਮੁੱਚ ਕਾਲੇ ਚੋਰ ਵਰਗੇ ਆਗੂ ਵੀ ਜਿਤਾ ਦਿੰਦੇ ਰਹੇ ਹਨ, ਪਰ ਲੋਕਾਂ ਨੂੰ ਭੁਲਾ ਬੈਠੀ ਸਰਕਾਰ ਨੂੰ ਠਿੱਬੀ ਲਾਉਣ ਦਾ ਉਨ੍ਹਾਂ ਨੂੰ ਕੋਈ ਦੁੱਖ ਨਹੀਂ ਹੁੰਦਾ। ਕਾਂਗਰਸ ਪਾਰਟੀ ਪਹਿਲਾਂ ਵੀ ਏਦਾਂ ਦੀਆਂ ਠਿੱਬੀਆਂ ਖਾ ਚੁਕੀ ਹੈ।

ਦਿਨ ਭਾਵੇਂ ਪੰਜਵੇਂ ਗੇਅਰ ਵਿਚ ਪਈ ਗੱਡੀ ਵਾਂਗ ਦੌੜਦੇ ਜਾਂਦੇ ਹਨ, ਪਰ ਇਨ੍ਹਾਂ ਦੇ ਨਾਲ ਕਦਮ ਮਿਲਾ ਕੇ ਚੱਲਣ ਲਈ ਜਿਨ੍ਹਾਂ ਪਾਰਟੀਆਂ ਨੂੰ ਗੇਅਰ ਬਦਲਣੇ ਚਾਹੀਦੇ ਹਨ, ਉਹ ਅਜੇ ਤੱਕ ਇਸ ਗੇਅਰ ਵਿਚ ਨਹੀਂ ਪੈ ਸਕੀਆਂ।

# ਪਾਣੀਆਂ ਦੀ ਵੰਡ ਲਈ ਨਵੇਂ ਟ੍ਰਿਬਿਊਨਲ ਦੀ ਮੰਗ: ਪੰਜਾਬ ਵਿਰੋਧੀ ਪੈਂਤੜਾ

(ਪਿਛਲੇ ਸਫੇ ਦੀ ਬਾਕੀ)

'ਅੰਤਰ-ਰਾਜੀ ਦਰਿਆਈ ਪਾਣੀਆਂ ਬਾਰੇ ਝਗੜਾ ਕਾਨੂੰਨ 1956' ਵਿਚ 1986 ਵਿਚ ਕੀਤੀ ਸੋਧ ਰਾਹੀਂ ਸ਼ਾਮਿਲ ਕੀਤੀ ਧਾਰਾ 14 ਨਾਲ ਤਾਂ ਰਹਿੰਦੀ ਕਸਰ ਵੀ ਪੂਰੀ ਕਰ ਦਿੱਤੀ ਗਈ ਹੈ।

ਪੰਜਾਬ ਮੁੜ-ਗਠਨ ਕਾਨੂੰਨ 1966 ਦੀ ਧਾਰਾ 78 ਭਾਖੜਾ ਨੰਗਲ ਪ੍ਰਾਜੈਕਟ ਅਤੇ ਬਿਆਸ ਪ੍ਰਾਜੈਕਟ ਦੇ ਹੱਕ ਤੇ ਦੇਣਦਾਰੀਆਂ ਉਤਰਾ-ਅਧਿਕਾਰੀ ਰਾਜਾਂ ਵਿਚ ਵੰਡਣ ਵਿਵਸਥਾ ਕਰਦਿਆਂ ਧਾਰਾ 79 ਅਤੇ 80 ਦੀਆਂ ਬੰਦਸ਼ਾਂ ਵੀ ਲਗਾਉਂਦੀ ਹੈ। ਇਸ ਧਾਰਾ 78 ਦੇ ਸਬ-ਸੈਕਸ਼ਨ 3 ਵਿਚ ਇਹਨਾਂ ਪ੍ਰਾਜੈਕਟਾਂ ਦੇ ਪਾਣੀ ਅਤੇ ਬਿਜਲੀ ਦੀ ਵੰਡ ਦੀ ਵਿਵਸਥਾ ਕੀਤੀ ਗਈ ਹੈ ਜਦ ਕਿ ਧਾਰਾ 79 ਤੇ 80 ਜਿਹਨਾਂ ਨੂੰ ਡਾ. ਗਿੱਲ ਮਹਿਜ਼ ਪ੍ਰਾਜੈਕਟਾਂ ਬਾਰੇ ਕਹਿ ਕੇ ਛੱਡ ਦਿੰਦੇ ਹਨ, ਉਹ ਤਾਂ ਦੋਹਾਂ ਸਿਧਾਂਤਾਂ ਵਿਚੋਂ ਕਿਸੇ ਵੀ ਸਿਧਾਂਤ ਅਨੁਸਾਰ ਸਹੀ ਨਹੀਂ ਹਨ। ਧਾਰਾ 79 ਵਿਚ ਸਿਰਫ਼ ਭਾਖੜਾ ਬਿਆਸ ਪ੍ਰਾਜੈਕਟਾਂ ਨੂੰ ਹੀ ਸ਼ਾਮਲ ਨਹੀਂ ਕੀਤਾ ਗਿਆ ਸਗੋਂ ਰੋਪੜ, ਹਰੀਕੇ ਅਤੇ ਫਿਰੋਜ਼ਪੁਰ ਹੈਡ ਵਰਕਸ, ਅੰਬਾਲਾ, ਪਾਣੀਪਤ, ਦਿੱਲੀ, ਲੁਧਿਆਣਾ, ਸੰਗਰੂਰ ਅਤੇ ਹਿਸਾਰ ਦੇ ਸਬ-ਸਟੇਸ਼ਨ ਵੀ ਸ਼ਾਮਲ ਕੀਤੇ ਗਏ ਹਨ ਅਤੇ ਪੰਜਾਬ ਤੇ ਹਰਿਆਣਾ ਦੇ ਨਾਲ ਹੀ ਬਕਾਇਦਾ ਰਾਜਸਥਾਨ ਨੂੰ ਵੀ ਹਿੱਸੇਦਾਰ ਬਣਾਇਆ ਗਿਆ ਹੈ, ਉਹ ਤਾਂ ਕਿਸੇ ਪੱਖੋਂ 'ਉਤਰਾ-ਅਧਿਕਾਰੀ ਰਾਜ' ਵੀ ਨਹੀਂ ਬਣਦਾ ਸੀ। ਧਾਰਾ 79 ਦੇ ਸਬ-ਸੈਕਸ਼ਨ (2) ਰਾਹੀਂ ਭਾਖੜਾ ਬਿਆਸ ਮੈਨਜਮੈਂਟ ਬੋਰਡ ਵਿਚ ਇਕ ਚੇਅਰਮੈਨ ਅਤੇ ਦੋ ਮੈਂਬਰ ਕੇਂਦਰ ਸਰਕਾਰ ਦੇ ਅਤੇ ਪੰਜਾਬ, ਹਰਿਆਣਾ, ਰਾਜਸਥਾਨ ਤੇ ਹਿਮਾਚਲ ਪ੍ਰਦੇਸ਼ ਦਾ ਇੱਕ-ਇੱਕ ਮੈਂਬਰ ਪਾਉਣ ਦੀ ਵਿਵਸਥਾ ਕੀਤੀ ਗਈ ਹੈ। ਕੇਂਦਰ ਨੇ ਸਾਰੀਆਂ ਤਾਕਤਾਂ ਚੇਅਰਮੈਨ ਕੋਲ ਸੀਮਤ ਕੀਤੀਆਂ ਹਨ। ਇੰਝ ਪੰਜਾਬ ਨੂੰ ਤਰਸ ਦਾ ਪਾਤਰ ਬਣਾਇਆ ਗਿਆ ਹੈ। ਇੰਨਾ ਹੀ ਨਹੀਂ, ਸਬ-ਸੈਕਸ਼ਨ (3) ਰਾਹੀਂ ਪੰਜਾਬ ਦੇ ਰਾਜਸਥਾਨ ਨਾਲ ਹੋਏ ਕਿਸੇ ਪਹਿਲੇ ਸਮਝੌਤੇ ਜਾਂ ਜੁਗਾੜ ਨੂੰ ਵੀ ਕਾਨੂੰਨੀ ਮਾਨਤਾ ਦਿੱਤੀ ਗਈ ਹੈ ਤੇ ਰਾਜਸਥਾਨ ਨੂੰ ਵੀ ਹੱਕਦਾਰ ਮੰਨਿਆ ਗਿਆ ਹੈ, ਭਾਵ ਚੋਰ ਮੋਰੀ ਰਾਹੀਂ 1955 ਦੇ ਨਾਮ-ਨਿਹਾਦ ਜੁਗਾੜ ਤੇ ਵੀ ਪਾਰਲੀਮੈਂਟ ਦੀ ਮੋਹਰ ਲਗਾ ਦਿੱਤੀ ਗਈ ਹੈ। ਧਾਰਾ 80 ਵਿਚ ਬਿਆਸ ਪ੍ਰਾਜੈਕਟ ਵਿਚ ਵੀ ਰਾਜਸਥਾਨ ਦੇ ਹੱਕ ਨੂੰ ਮਾਨਤਾ ਦਿੱਤੀ ਗਈ ਹੈ। ਇੰਝ ਧਾਰਾ 79-80 ਧਾਰਾ 78 ਤੋਂ ਵੀ ਵੱਧ ਖਤਰਨਾਕ ਹਨ।

ਡਾ. ਗਿੱਲ ਦੀ ਇਹ ਦਲੀਲ ਬਹੁਤ ਹਲਕੀ ਅਤੇ ਗੈਰ-ਵਿਗਿਆਨਕ ਪਹੁੰਚ ਹੈ ਕਿ ਸਿੰਧ ਜਲ ਸੰਧੀ ਵਿਚ ਪੰਜਾਬ ਸ਼ਬਦ ਕਿਧਰੇ ਵਰਤਿਆ ਹੀ ਨਹੀਂ ਗਿਆ ਤੇ ਪਾਣੀ ਦੀ ਵੰਡ ਭਾਰਤ ਅਤੇ ਪਾਕਿਸਤਾਨ ਵਿਚਕਾਰ ਹੋਈ ਸੀ। ਜੇਕਰ ਡਾ. ਗਿੱਲ ਨੇ ਖੋਜੀ ਮਨ ਨਾਲ ਇਸ ਸੰਧੀ ਨੂੰ ਪੜ੍ਹਿਆ ਹੁੰਦਾ ਤਾਂ ਉਹ ਇਹ ਦਲੀਲ ਨਾ ਦਿੰਦੇ। ਇਸ ਵਰਤਾਰੇ ਨੂੰ ਸਮਝਣ ਲਈ ਇਹ ਸਮਝਣਾ ਬੇਹੱਦ ਜ਼ਰੂਰੀ ਹੈ ਕਿ ਇਹ ਸੰਧੀ ਕਿਹੜੇ-ਕਿਹੜੇ ਪੜਾਵਾਂ ਵਿਚੋਂ ਗੁਜ਼ਰੀ, ਦੋਹਾਂ ਦੇਸ਼ਾਂ ਤੇ ਵਿਚੋਲਿਆਂ ਨੇ ਕੀ-ਕੀ ਦਾਅਪੇਚ ਵਰਤੇ, ਪੰਜਾਬ ਦਾ ਇਸ ਵਿਚ ਕੀ ਰੋਲ ਸੀ, ਪੰਜਾਬ ਦੀਆਂ ਸੰਵਿਧਾਨਕ ਸੀਮਾਵਾਂ ਕੀ ਸਨ, ਆਦਿ ਅਨੇਕਾਂ ਮਸਲੇ ਹਨ। ਡਾ. ਗਿੱਲ ਨੂੰ ਸਾਡੀ ਸਲਾਹ ਹੈ ਕਿ ਉਹ ਇਸ ਸੰਧੀ ਦੇ ਅਨੈਕਚਰ ਜ਼ਰੂਰ ਪੜ੍ਹਨ। ਇਸ ਸੰਧੀ ਵਿਚ ਹੀ ਇਸ ਤੋਂ ਪਹਿਲਾਂ 1948 ਦੀ ਸੰਧੀ ਨੱਥੀ ਹੈ ਜਿਸ ਵਿਚ ਨਾ ਕੇਵਲ ਭਾਰਤੀ ਅਤੇ ਪਾਕਿਸਤਾਨੀ ਪੰਜਾਬ ਦੇ ਮੁੱਖ ਮੰਤਰੀਆਂ ਦੇ ਦਸਤਖਤ ਸਨ, ਸਗੋਂ ਦੋਹਾਂ ਦੇਸ਼ਾਂ ਦੇ ਵਜ਼ੀਰੇ-ਆਲਮਾਂ ਦੇ ਵੀ ਦਸਤਖਤ ਹਨ ਤੇ ਇਸ ਸੰਧੀ ਰਾਹੀਂ ਪਾਕਿਸਤਾਨੀ ਪੰਜਾਬ ਹੁਸੈਨੀਵਾਲਾ ਹੈਡ ਵਰਕਸ ਤੋਂ ਦੁਪਾਲਪੁਰ ਨਹਿਰ ਰਾਹੀਂ ਲਾਹੌਰ ਤੇ ਕਸੂਰ ਲਈ ਪਾਣੀ ਲੈਣ ਲਈ ਮੁੱਲ ਦੇਣਾ ਵੀ ਮੰਨ ਗਿਆ ਸੀ, ਭਾਵੇਂ ਰਿਪੇਰੀਅਨ ਸਿਧਾਂਤ ਅਨੁਸਾਰ ਇਹ ਗਲਤ ਸੀ। 1948 ਵਾਲੀ ਇਸ ਸੰਧੀ ਦੇ ਜੇਕਰ ਪਿਛੋਕੜ 'ਤੇ ਨਿਗ੍ਹਾ ਮਾਰੀਏ ਤਾਂ ਇਹ ਹੋਰ ਸਾਫ਼ ਹੋ ਜਾਂਦਾ ਹੈ ਕਿ ਸਿੰਧ ਜਲ ਸੰਧੀ ਵਿਚ ਪਾਣੀ ਦੀ ਵੰਡ ਭਾਰਤ ਪਾਕਿਸਤਾਨ ਵਿਚ ਕਿਉਂ ਦਿਖਾਈ ਗਈ ਹੈ। ਦਰਅਸਲ, 1947 ਦੀ ਵੰਡ ਵੇਲੇ ਪਾਣੀਆਂ ਦੀ ਵੰਡ ਦਾ ਮਸਲਾ ਲਟਕਦਾ ਛੱਡ ਦਿੱਤਾ ਗਿਆ ਸੀ। ਪੰਜਾਬ ਸਰਕਾਰ ਨੇ ਪਾਕਿਸਤਾਨੀ ਪੰਜਾਬ ਨੂੰ ਇਸ ਮਸਲੇ 'ਤੇ



ਗੱਲਬਾਤ ਕਰਨ ਲਈ ਕਈ ਚਿੱਠੀਆਂ ਲਿਖੀਆਂ ਅਤੇ ਆਖੀਰ ਵਿਚ ਪੰਜਾਬ ਸਰਕਾਰ ਨੇ 31 ਮਾਰਚ 1948 ਤੋਂ ਬਾਅਦ ਪਾਕਿਸਤਾਨੀ ਪੰਜਾਬ ਦਾ ਪਾਣੀ ਬੰਦ ਕਰਨ ਦੀ ਧਮਕੀ ਦੇ ਦਿੱਤੀ। ਜਦ ਉਧਰੋਂ ਕੋਈ ਹੁੰਗਾਰਾ ਨਾ ਮਿਲਿਆ ਤਾਂ 31 ਮਾਰਚ 1948 ਦੀ ਨੂੰ ਪੰਜਾਬ ਸਰਕਾਰ ਨੇ ਅੱਧੀ ਰਾਤ ਨੂੰ ਹੁਸੈਨੀਵਾਲਾ ਹੈਡ ਵਰਕਸ ਤੋਂ ਪਾਣੀ ਬੰਦ ਕਰ ਦਿੱਤਾ। ਜਦ ਲਾਹੌਰ ਸ਼ਹਿਰ ਦੀ ਪਾਣੀ ਦੀ ਸਪਲਾਈ ਬੰਦ ਹੋ ਗਈ ਤਾਂ ਉਧਰ ਹਾਹਾਕਾਰ ਮੱਚ ਗਈ। ਫਿਰ ਅਪਰੈਲ ਦੇ ਪਹਿਲੇ ਹਫਤੇ ਦੋਹਾਂ ਪਾਸਿਆਂ ਦੇ ਪੰਜਾਬ ਦੇ ਮੁੱਖ ਮੰਤਰੀਆਂ ਦਰਮਿਆਨ ਸਮਝੌਤਾ ਹੋਇਆ ਕਿ ਪਾਕਿਸਤਾਨੀ ਪੰਜਾਬ ਭਾਰਤੀ ਪੰਜਾਬ ਨੂੰ ਪਾਣੀ ਦਾ ਮੁੱਲ ਦੇਵੇਗਾ। ਫਿਰ ਕੁਝ ਦਿਨਾਂ ਬਾਅਦ ਪਾਕਿਸਤਾਨ ਨੇ ਹੈਡ ਵਰਕਸ ਤੋਂ ਕੋਈ ਪੰਜ ਮੀਲ ਉਤਾਂਹ ਆਪਣੇ ਇਲਾਕੇ ਵਿਚ ਬੰਨ੍ਹ ਮਾਰਨ ਦੀ ਕੋਸ਼ਿਸ਼ ਕੀਤੀ ਤਾਂ ਪੰਜਾਬ ਨੇ ਫਿਰ ਤੁਰੰਤ ਪਾਕਿਸਤਾਨ ਨੂੰ ਪਾਣੀ ਬੰਦ ਕਰਨ ਦੀ ਧਮਕੀ ਦਿੱਤੀ। ਪਾਕਿਸਤਾਨ ਬੰਨ੍ਹ ਮਾਰਨ ਤੋਂ ਤਾਂ ਰੁਕ ਗਿਆ ਪਰ ਬਾਰਡਰ 'ਤੇ ਬਹੁਤ ਤਣਾਅ ਪੈਦਾ ਹੋ ਗਿਆ। ਕੇਂਦਰ ਸਰਕਾਰ ਉਸ ਵਕਤ ਜੰਗ ਦੇ ਹੱਕ ਵਿਚ ਨਹੀਂ ਸੀ ਤੇ ਤੁਰੰਤ ਹਰਕਤ ਵਿਚ ਆਉਂਦਿਆਂ ਉਸ ਨੇ ਪੰਜਾਬ ਸਰਕਾਰ ਨੂੰ ਕਿਹਾ ਕਿ ਕਿਸੇ ਦੂਜੇ ਦੇਸ਼ ਨਾਲ ਕੋਈ ਕੌਮਾਂਤਰੀ ਸੰਧੀ ਕਰਨ ਦਾ ਤੁਹਾਨੂੰ ਸੰਵਿਧਾਨਕ ਹੱਕ ਹੀ ਨਹੀਂ ਹੈ, ਕੇਵਲ ਕੇਂਦਰ ਸਰਕਾਰ ਹੀ ਕੋਈ ਸੰਧੀ ਕਰ ਸਕਦੀ ਹੈ। ਫਿਰ 1948 ਵਿਚ ਭਾਰਤ ਸਰਕਾਰ ਅਤੇ ਪਾਕਿਸਤਾਨ ਸਰਕਾਰ ਵਿਚ ਨਵੀਂ ਸੰਧੀ ਹੋਈ ਜਿਸ ਦਾ ਸਿੰਧ ਜਲ ਸੰਧੀ ਵਿਚ ਜ਼ਿਕਰ ਹੀ ਨਹੀਂ ਕੀਤਾ ਗਿਆ ਸਗੋਂ ਇਹ ਪੂਰੀ ਸੰਧੀ ਅਨੈਕਚਰ ਦੇ ਤੌਰ 'ਤੇ ਜਲ ਸੰਧੀ ਨਾਲ ਨੱਥੀ ਹੈ। ਇਸ ਪ੍ਰਸੰਗ ਵਿਚ ਹੀ ਬਾਅਦ ਵਿਚ ਪੰਜਾਬ ਦੀ ਜਗ੍ਹਾ ਭਾਰਤ ਸ਼ਬਦ ਵਰਤਿਆ ਗਿਆ ਹੈ। ਇਸ ਤੋਂ ਬਾਅਦ ਹੀ ਯੁੱਧਨੀਤਕ ਦਾਅਪੇਚ ਵਜੋਂ ਹੁਸੈਨੀਵਾਲਾ ਹੈਡ ਵਰਕਸ ਦੀ ਥਾਂ 'ਤੇ ਬਾਰਡਰ ਤੋਂ ਪਿਛਾਂਹ ਹਟ ਕੇ ਹਰੀਕੇ ਹੈਡ ਵਰਕਸ ਦੀ ਯੋਜਨਾ ਬਣਾਈ ਗਈ। ਇਸ ਯੁੱਧਨੀਤੀ ਦੇ ਹੀ ਇਕ ਹਿੱਸੇ ਵਜੋਂ ਰਾਜਸਥਾਨ ਨੂੰ ਮੁਫਤ ਵਿਚ ਪਾਣੀ ਦੇਣ ਲਈ ਪੰਜਾਬ ਦੀ ਲੀਡਰਸ਼ਿਪ ਨੂੰ ਉਸ ਵੇਲੇ ਇਹ ਕਹਿ ਕੇ ਭਾਵਨਾਤਮਕ ਤੌਰ 'ਤੇ ਬਲੈਕਮੇਲ ਕੀਤਾ ਗਿਆ ਕਿ ਵਿਸ਼ਵ ਬੈਂਕ ਦੀ ਟੀਮ ਪੰਜਾਬ ਦੇ ਪਾਣੀ ਦੀ ਮੰਗ ਦਾ ਜਾਇਜ਼ਾ ਲੈਣ ਅਗਲੇ ਹਫਤੇ ਹੀ ਭਾਰਤ ਆ ਰਹੀ ਹੈ, ਜੇਕਰ ਪਾਣੀ ਦੀ ਮੰਗ ਨਾ ਦਿਖਾ ਸਕੇ ਤਾਂ ਵਾਧੂ ਪਾਣੀ ਪਾਕਿਸਤਾਨੀ ਪੰਜਾਬ ਨੂੰ ਚਲਾ ਜਾਵੇਗਾ, ਇਸ ਲਈ ਹਰੀਕੇ ਤੋਂ ਇਕ ਨਹਿਰ ਰਾਹੀਂ ਸਾਰਾ ਅਣਵਰਤਿਆ ਪਾਣੀ ਰਾਜਸਥਾਨ ਵਿਚ ਵਰਤਣ ਦੀ ਲੋੜ ਦਿਖਾ ਦਿੱਤੀ ਜਾਵੇ। ਇਸ ਧੋਖੇ ਰਾਹੀਂ 29 ਜਨਵਰੀ 1955 ਦੀ ਨਾਮ-ਨਿਹਾਦ ਸੰਧੀ 'ਤੇ ਦਸਤਖਤ ਕਰਵਾ ਲਏ ਗਏ ਅਤੇ ਰਾਜਸਥਾਨ ਨੂੰ 80 ਲੱਖ ਏਕੜ ਫੁੱਟ ਪਾਣੀ ਦੇਣ ਦਾ ਗੁਪਤ ਸਮਝੌਤਾ ਜੋ ਸੰਵਿਧਾਨਕ ਪੱਖੋਂ ਗੈਰ ਕਾਨੂੰਨੀ ਸੀ, ਪੰਜਾਬ ਸਿਰ ਮੜ੍ਹ ਦਿੱਤਾ। ਬੜੀ ਹੈਰਾਨੀ ਦੀ ਗੱਲ ਹੈ ਕਿ ਡਾ. ਗਿੱਲ ਆਪਣੇ ਲੇਖ ਵਿਚ ਰਾਜਸਥਾਨ ਬਾਰੇ ਇੱਕ ਸ਼ਬਦ ਵੀ ਨਹੀਂ ਬੋਲਦੇ।

ਲੋੜ ਹੈ ਕਿ ਸਾਰੇ ਪੰਜਾਬੀ ਧਰਮ, ਜਾਤ, ਕਿੱਤੇ ਤੋਂ ਉਪਰ ਉਠ ਕੇ ਪੰਜਾਬ ਦੇ ਰਿਪੇਰੀਅਨ ਹੱਕਾਂ ਲਈ ਇਕਮੁੱਠ ਹੋ ਕੇ ਆਵਾਜ਼ ਉਠਾਉਣ ਅਤੇ ਪੰਜਾਬ ਦੇ ਲੁੱਟੇ ਗਏ ਤੇ ਲੁੱਟੇ ਜਾ ਰਹੇ ਪਾਣੀਆਂ ਤੇ ਬਿਜਲੀ ਦਾ ਮੁਆਵਜ਼ਾ ਮੰਗਣ। ਇਸ ਨਾਲ ਹੀ ਪੰਜਾਬ ਦੀ ਸਮੁੱਚੀ ਪੇਂਡੂ ਅਤੇ ਸ਼ਹਿਰੀ ਆਰਥਿਕਤਾ ਪੈਰਾਂ ਸਿਰ ਹੋ ਸਕਦੇ ਹੈ। ਪੰਜਾਬ ਨਾਲ ਕੇਂਦਰ ਨੇ ਪਾਣੀਆਂ ਦੇ ਮਸਲੇ ਤੇ ਹਮੇਸ਼ਾਂ ਧੋਖਾ ਅਤੇ ਧੱਕਾ ਕੀਤਾ ਹੈ ਤੇ ਹੁਣ ਮੌਜੂਦਾ ਸਰਕਾਰ ਦੇ ਘੱਟ-ਗਿਣਤੀਆਂ ਤੇ ਗਰੀਬਾਂ ਪ੍ਰਤੀ ਰਵਈਏ ਤੇ ਸਰਕਾਰ ਦੀ ਕੇਂਦਰੀਕਰਨ ਦੀ ਪਹੁੰਚ ਤਹਿਤ ਕਿਸੇ ਟ੍ਰਿਬਿਊਨਲ ਦੀ ਮੰਗ ਕਰਨਾ ਨਾ ਤਾਂ ਸੰਵਿਧਾਨਕ ਤੌਰ 'ਤੇ ਸਹੀ ਹੈ ਤੇ ਨਾ ਹੀ ਸਿਆਸੀ ਪੱਖੋਂ ਸਿਆਣਪ ਹੈ। ਪੰਜਾਬ ਨੂੰ ਕੇਂਦਰ ਦੁਆਰਾ ਥਾਪੇ ਕਿਸੇ ਵੀ ਟ੍ਰਿਬਿਊਨਲ ਤੋਂ ਇਨਸਾਫ਼ ਦੀ ਉਮੀਦ ਰੱਖਣੀ ਸਿਰੇ ਦੀ ਮੂਰਖਤਾ ਹੋਵੇਗੀ। ਇਸ ਮੁੱਦੇ 'ਤੇ ਵੱਡਾ ਲੋਕ ਸੰਘਰਸ਼ ਵਿੱਢਣ ਦੀ ਲੋੜ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 19 ਸਤੰਬਰ 2020*

## ਪੰਜਾਬ ਦਾ ਗੜ੍ਹਕਾ

ਮੋਦੀ ਸਰਕਾਰ ਨੇ ਤਿੰਨ ਖੇਤੀ ਆਰਡੀਨੈਂਸਾਂ ਵਿਚੋਂ ਇਕ ਆਰਡੀਨੈਂਸ ਨਾਲ ਸਬੰਧਤ ਜ਼ਰੂਰੀ ਵਸਤਾਂ ਸੋਧ ਬਿੱਲ ਪਾਸ ਕਰਵਾ ਲਿਆ ਹੈ। ਲੋਕ ਸਭਾ ਵਿਚ ਇਸ ਬਿਲ ਦਾ ਬਹੁਤ ਤਿੱਖਾ ਵਿਰੋਧ ਦਰਜ ਹੋਇਆ, ਪਰ ਸਦਨ ਵਿਚ ਕਿਉਂਕਿ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਦੀ ਬਹੁ ਗਿਣਤੀ ਹੈ, ਇਸ ਲਈ ਆਖਰਕਾਰ ਇਹ ਬਿਲ ਜ਼ੁਬਾਨੀ ਮਤੇ ਨਾਲ ਪਾਸ ਹੋ ਗਿਆ। ਇਸੇ ਦੌਰਾਨ ਕੇਂਦਰ ਦੇ ਇਨ੍ਹਾਂ ਮਾਰੂ ਆਰਡੀਨੈਂਸਾਂ ਖਿਲਾਫ ਪੰਜਾਬ ਭਰ ਵਿਚ ਰੋਸ ਵਿਖਾਵੇ ਹੋਏ ਅਤੇ ਵੱਖ-ਵੱਖ ਕਿਸਾਨ ਜਥੇਬੰਦੀਆਂ ਨੇ ਇਨ੍ਹਾਂ ਆਰਡੀਨੈਂਸਾਂ ਖਿਲਾਫ ਆਪੋ-ਆਪਣੇ ਸੰਘਰਸ਼ ਉਲੀਕ ਲਏ ਹਨ; ਨਾਲ ਹੀ ਐਲਾਨ ਕੀਤਾ ਹੈ ਕਿ ਉਹ ਆਰ-ਪਾਰ ਦੀ ਲੜਾਈ ਕਰਨਗੇ। ਦੱਸਣ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਆਰਡੀਨੈਂਸਾਂ ਨੂੰ ਰਾਜਾਂ ਦੀ ਖੁਦਮੁਖਤਾਰੀ ਉਤੇ ਸਿੱਧਾ ਡਾਕਾ ਮੰਨਿਆ ਜਾ ਰਿਹਾ ਹੈ ਅਤੇ ਇਨ੍ਹਾਂ ਆਰਡੀਨੈਂਸਾਂ ਖਿਲਾਫ ਪਿਛਲੇ ਦਿਨੀਂ ਹਰਿਆਣਾ ਦੇ ਕਿਸਾਨ ਵੀ ਸੜਕਾਂ ਉਤੇ ਉਤਰ ਆਏ ਸਨ। ਹਰਿਆਣਾ ਵਿਚ ਅੱਜ ਕੱਲ੍ਹ ਭਾਰਤੀ ਜਨਤਾ ਪਾਰਟੀ ਦੀ ਹੀ ਸਰਕਾਰ ਹੈ। ਲੋਕ ਸਭਾ ਵਿਚ ਇਸ ਬਿਲ ਬਾਰੇ ਬਹਿਸ ਦੌਰਾਨ ਵਿਰੋਧੀ ਧਿਰ ਨਾਲ ਜੁੜੀਆਂ ਪਾਰਟੀਆਂ ਨੇ ਤਾਂ ਭਾਰਤੀ ਜਨਤਾ ਪਾਰਟੀ ਨੂੰ ਘੇਰਨ ਦਾ ਯਤਨ ਕੀਤਾ ਹੀ, ਇਸ ਪਾਰਟੀ ਦੀ ਪੰਜਾਬ ਅੰਦਰ ਭਾਈਵਾਲ ਧਿਰ- ਸ਼੍ਰੋਮਣੀ ਅਕਾਲੀ ਦਲ ਨੇ ਵੀ ਬਿਲ ਖਿਲਾਫ ਪੈਂਤੜਾ ਮੱਲਿਆ। ਅਕਾਲੀ ਦਲ ਦੇ ਲੋਕ ਸਭਾ ਮੈਂਬਰ ਅਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਖੇਤੀ ਆਰਡੀਨੈਂਸਾਂ ਦੇ ਮਾਮਲੇ 'ਤੇ ਕੇਂਦਰ ਸਰਕਾਰ ਨੇ ਉਨ੍ਹਾਂ ਦੀ ਪਾਰਟੀ ਨਾਲ ਸਲਾਹ ਮਸ਼ਵਰਾ ਨਹੀਂ ਕੀਤਾ, ਹਾਲਾਂਕਿ ਸੱਚਾਈ ਇਹ ਹੈ ਕਿ ਕੇਂਦਰੀ ਵਜ਼ਾਰਤ ਵਿਚ ਅਕਾਲੀ ਲੋਕ ਸਭਾ ਮੈਂਬਰ ਹਰਸਿਮਰਤ ਕੌਰ ਬਾਦਲ ਹਨ ਅਤੇ ਇਹ ਮਸਲਾ ਵਜ਼ਾਰਤ ਵਿਚ ਵਿਚਾਰਿਆ ਗਿਆ ਸੀ। ਸੁਖਬੀਰ ਸਿੰਘ ਬਾਦਲ ਨੇ ਇਕ ਹੋਰ ਦਾਅਵਾ ਕਰ ਮਾਰਿਆ ਹੈ ਕਿ ਵਜ਼ਾਰਤ ਦੀ ਮੀਟਿੰਗ ਵਿਚ ਹਰਸਿਮਰਤ ਕੌਰ ਬਾਦਲ ਨੇ ਆਰਡੀਨੈਂਸਾਂ ਬਾਰੇ ਕੁਝ ਇਤਰਾਜ਼ ਉਠਾਏ ਸਨ, ਪਰ ਭਾਰਤੀ ਜਨਤਾ ਪਾਰਟੀ ਨੇ ਇਨ੍ਹਾਂ ਇਤਰਾਜ਼ਾਂ ਵਲ ਕੋਈ ਧਿਆਨ ਨਹੀਂ ਦਿੱਤਾ। ਇਸੇ ਕਰ ਕੇ ਹੁਣ ਉਨ੍ਹਾਂ ਤੋਂ ਪੁੱਛਿਆ ਜਾ ਰਿਹਾ ਹੈ ਕਿ ਜੇ ਕੇਂਦਰ ਸਰਕਾਰ ਨੇ ਉਨ੍ਹਾਂ ਨਾਲ ਕੋਈ ਸਲਾਹ-ਮਸ਼ਵਰਾ ਨਹੀਂ ਕੀਤਾ ਅਤੇ ਇਤਰਾਜ਼ ਵੀ ਨਹੀਂ ਗੌਲੇ ਤਾਂ ਹਰਸਿਮਰਤ ਕੌਰ ਬਾਦਲ ਨੇ ਵਜ਼ਾਰਤ ਤੋਂ ਅਸਤੀਫਾ ਕਿਉਂ ਨਹੀਂ ਦਿੱਤਾ? ਚਲੋ ਅਸਤੀਫਾ ਤਾਂ ਛੱਡੋ, ਵਿਰੋਧ ਤੱਕ ਦਰਜ ਨਹੀਂ ਕਰਵਾਇਆ ਗਿਆ। ਹੁਣ ਜਦੋਂ ਕਿਸਾਨਾਂ ਨੇ ਆਰ-ਪਾਰ ਦੀ ਲੜਾਈ ਦਾ ਐਲਾਨ ਕਰ ਦਿੱਤਾ ਹੈ ਤਾਂ ਅਕਾਲੀ ਦਲ ਨੇ ਪੈਂਤੜਾ ਬਦਲ ਲਿਆ ਹੈ, ਜਦਕਿ ਅਕਾਲੀ ਦਲ ਨੂੰ ਇਹ ਪੈਂਤੜਾ ਸ਼ੁਰੂ ਵਿਚ ਹੀ ਮੱਲਣਾ ਚਾਹੀਦਾ ਸੀ। ਇਸ ਨਾਲ ਮੋਦੀ ਸਰਕਾਰ ਨੂੰ ਖਬਰਦਾਰ ਹੋਣਾ ਪੈ ਸਕਦਾ ਸੀ। ਅਸਲ ਵਿਚ ਖੇਤੀ ਆਰਡੀਨੈਂਸਾਂ ਨੂੰ ਲੈ ਕੇ ਪੰਜਾਬ ਦੀ ਸਿਆਸਤ ਅੰਦਰ ਜਿਸ ਤਰ੍ਹਾਂ ਦਾ ਮਾਹੌਲ ਬਣ ਗਿਆ ਹੈ, ਉਸ ਸੂਰਤ ਵਿਚ ਅਕਾਲੀ ਲੀਡਰਸ਼ਿਪ ਨੂੰ ਮਜਬੂਰ ਹੋ ਕੇ ਨਵਾਂ ਪੈਂਤੜਾ ਮੱਲਣਾ ਪਿਆ ਹੈ; ਨਹੀਂ ਤਾਂ ਅਕਾਲੀ ਲੀਡਰਸ਼ਿਪ ਹੁਣ ਤਕ ਇਹੀ ਕਹਿੰਦੀ ਰਹੀ ਹੈ ਕਿ ਖੇਤੀ ਆਰਡੀਨੈਂਸਾਂ ਦਾ ਕਣਕ-ਝੋਨੇ ਦੇ ਖਰੀਦ ਪ੍ਰਬੰਧਾਂ ਉਤੇ ਕੋਈ ਅਸਰ ਨਹੀਂ ਪਵੇਗਾ।

ਉਧਰ, ਖੇਤੀ ਆਰਡੀਨੈਂਸਾਂ ਖਿਲਾਫ ਵੱਖ-ਵੱਖ ਕਿਸਾਨ ਜਥੇਬੰਦੀਆਂ ਭਾਵੇਂ ਅਜੇ ਪੂਰੀ ਤਰ੍ਹਾਂ ਇਕਜੁੱਟ ਤਾਂ ਨਹੀਂ ਹੋਈਆਂ, ਪਰ ਪੰਜਾਬ ਅੰਦਰੋਂ ਕਿਸਾਨ ਜਥੇਬੰਦੀਆਂ ਵਲੋਂ ਇਹ ਸੁਨੇਹਾ ਜ਼ਰੂਰ ਗਿਆ ਹੈ ਕਿ ਇਸ ਮਾਮਲੇ 'ਤੇ ਕੋਈ ਵੀ ਧਿਰ ਪਿਛੇ ਹਟਣ ਲਈ ਤਿਆਰ ਨਹੀਂ। ਪੰਜਾਬ ਦੀ ਕਾਂਗਰਸ ਸਰਕਾਰ ਭਾਵੇਂ ਖੇਤੀ ਆਰਡੀਨੈਂਸਾਂ ਦਾ ਵਿਰੋਧ ਕਰ ਰਹੀ ਹੈ ਪਰ ਇਹ ਕਿਸਾਨ ਅੰਦੋਲਨ ਨੂੰ ਨੱਪ ਕੇ ਰੱਖਣ ਲਈ ਪੂਰਾ ਜ਼ੋਰ ਲਾ ਰਹੀ ਹੈ। ਹੁਣ ਤਾਂ ਇਹ ਕਿਸਾਨ ਜਥੇਬੰਦੀਆਂ ਦੇ ਰੋਸ ਪ੍ਰਦਰਸ਼ਨਾਂ ਕਾਰਨ ਕਰੋਨਾ ਖਿਲਾਫ ਮੁਹਿੰਮ ਵਿਚ ਵਿਘਨ ਪੈਣ ਦਾ ਬਹਾਨਾ ਲਾ ਕੇ ਕੈਪਟਨ ਸਰਕਾਰ ਹਾਈ ਕੋਰਟ ਵੀ ਪੁੱਜ ਗਈ ਹੈ। ਇਸ ਸਬੰਧ ਵਿਚ ਇਕ ਹੋਰ ਨੁਕਤਾ ਵੀ ਨੋਟ ਕਰਨ ਵਾਲਾ ਹੈ। ਪਿਛਲੇ ਕੁਝ ਸਮੇਂ ਦੌਰਾਨ ਪੰਜਾਬ ਦੇ ਮਸਲਿਆਂ ਬਾਰੇ ਪਹੁੰਚ ਦੇ ਮਾਮਲੇ 'ਤੇ ਕੁਝ ਸਿੱਖ ਵਿਦਵਾਨਾਂ ਅਤੇ ਜਥੇਬੰਦੀਆਂ/ਸੰਸਥਾਵਾਂ ਵਲੋਂ ਖੱਬੇ-ਪੱਖੀਆਂ ਦੀ ਨੁਕਤਾਚੀਨੀ ਕੀਤੀ ਜਾਂਦੀ ਰਹੀ ਹੈ, ਪਰ ਦਿਲਚਸਪ ਗੱਲ ਇਹ ਹੈ ਕਿ ਅੱਜ ਖੇਤੀ ਆਰਡੀਨੈਂਸਾਂ ਖਿਲਾਫ ਜਿੰਨੀਆਂ ਵੀ ਕਿਸਾਨ ਜਥੇਬੰਦੀਆਂ ਜੂਝ ਰਹੀਆਂ ਹਨ, ਉਨ੍ਹਾਂ ਦਾ ਸਬੰਧ ਖੱਬੇ-ਪੱਖੀ ਸਿਆਸਤ ਨਾਲ ਹੀ ਹੈ। ਇਕ ਤੱਥ ਹੋਰ ਵੀ ਹੈ। ਕਿਸਾਨ ਜਥੇਬੰਦੀਆਂ ਦੇ ਇਸ ਸੰਘਰਸ਼ ਦੇ ਨਾਲ-ਨਾਲ ਖੇਤ ਮਜ਼ਦੂਰੀ ਨਾਲ ਜੁੜੀਆਂ ਧਿਰਾਂ ਦੇ ਸੰਘਰਸ਼ ਵੀ ਇਨ੍ਹੀਂ ਦਿਨੀਂ ਮੌਲ ਰਹੇ ਹਨ; ਇਨ੍ਹਾਂ ਖੇਤ ਮਜ਼ਦੂਰ ਜਥੇਬੰਦੀਆਂ ਦਾ ਸਿੱਧਾ ਸਬੰਧ ਵੀ ਖੱਬੇ-ਪੱਖੀ ਸਿਆਸਤ ਨਾਲ ਹੀ ਹੈ। ਕਿਸਾਨ ਅਤੇ ਖੇਤ ਮਜ਼ਦੂਰ ਭਾਵੇਂ ਕਈ ਮਾਮਲਿਆਂ ਵਿਚ ਇਕ-ਦੂਜੇ ਦੇ ਵਿਰੋਧ ਵਿਚ ਵੀ ਖਲੋ ਰਹੇ ਹਨ ਪਰ ਮੋਟੇ ਰੂਪ ਵਿਚ ਇਹ ਜਥੇਬੰਦੀਆਂ ਇਕ ਤਰ੍ਹਾਂ ਨਾਲ ਸਥਾਪਿਤ ਧਿਰਾਂ ਲਈ ਚੁਣੌਤੀ ਬਣ ਰਹੀਆਂ ਹਨ। ਅਜਿਹਾ ਉਭਾਰ ਉਸ ਦੌਰ ਕਰ ਕੇ ਵੀ ਵੱਧ ਅਹਿਮੀਅਤ ਰੱਖਦਾ ਹੈ ਜਦੋਂ ਕੁਝ ਲੋਕ ਸਿੱਖ ਮਸਲਿਆਂ ਨੂੰ ਲੈ ਕੇ ਰੈਫਰੈਂਡਮ ਦੇ ਨਾਂ ਹੇਠ ਆਪਣੀ ਮੁਹਿੰਮ ਚਲਾ ਰਹੇ ਹਨ। ਅਸਲ ਵਿਚ ਕਿਸਾਨ ਸੰਘਰਸ਼ ਦੇ ਉਭਾਰ ਨੇ ਇਹ ਦਰਸਾ ਦਿੱਤਾ ਹੈ ਕਿ ਹਨੇਰੀ ਵਾਂਗ ਸਿਰ 'ਤੇ ਚੜ੍ਹੀ ਆ ਮੋਦੀ ਸਰਕਾਰ ਨੂੰ ਕਿਸ ਤਰ੍ਹਾਂ ਟੱਕਰਿਆ ਜਾ ਸਕਦਾ ਹੈ। ਸਾਫ ਜ਼ਾਹਿਰ ਹੈ ਕਿ ਅਜਿਹੀ ਹਨੇਰੀ ਦਾ ਮੂੰਹ, ਜਥੇਬੰਦ ਹੋ ਕੇ ਮੋੜਿਆ ਜਾ ਸਕਦਾ ਹੈ। ਮੋਦੀ ਸਰਕਾਰ ਨੇ ਭਾਵੇਂ ਜ਼ਰੂਰੀ ਵਸਤਾਂ ਸੋਧ ਬਿਲ ਲੋਕ ਸਭਾ ਵਿਚ ਪਾਸ ਕਰਵਾ ਲਿਆ ਹੈ ਅਤੇ ਸੰਭਵ ਹੈ ਕਿ ਇਹ ਦੂਜੇ ਦੋ ਖੇਤੀ ਆਰਡੀਨੈਂਸਾਂ ਵਾਲੇ ਬਿਲ ਵੀ ਪਾਸ ਕਰਵਾ ਲਵੇ ਪਰ ਕਿਸਾਨਾਂ ਦੇ ਸੰਘਰਸ਼ ਨੇ ਦਰਸਾ ਦਿੱਤਾ ਹੈ ਕਿ ਸੱਤਾ ਨੂੰ ਮਨਮਾਨੀਆਂ ਤੋਂ ਡੱਕਣ ਲਈ ਚਾਰਾਜੋਈ ਕੀਤੀ ਜਾ ਸਕਦੀ ਹੈ। ਇਸ ਨਾਲ ਉਨ੍ਹਾਂ ਬੁੱਧੀਜੀਵੀਆਂ ਦੇ ਹੱਕ 'ਚ ਨਾਅਰਾ ਹੋਰ ਬੁਲੰਦ ਹੋਣ ਦੀ ਆਸ ਬੱਝ ਗਈ ਹੈ, ਜਿਨ੍ਹਾਂ ਨੂੰ ਸਿਰਫ ਇਸ ਕਰ ਕੇ ਜੇਲ੍ਹੀਂ ਡੱਕਿਆ ਜਾ ਰਿਹਾ ਹੈ ਕਿ ਉਹ ਮੋਦੀ ਦੀਆਂ ਤਾਨਾਸ਼ਾਹ ਨੀਤੀਆਂ ਦਾ ਵਿਰੋਧ ਕਰਦੇ ਹਨ। ਇਸ ਕਰ ਕੇ ਆਉਣ ਵਾਲਾ ਸਮਾਂ ਬੜਾ ਅਹਿਮ ਹੋਵੇਗਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਸ਼੍ਰੋਮਣੀ ਸਟੰਟ?*

ਘਾਲੇ-ਮਾਲੇ ਸੁਣੇ ਤਾਂ ਸੀ ਲੰਗਰਾਂ-ਇਮਾਰਤਾਂ ਦੇ, ਖੋਟਿਆ ਕਲੰਕ ਗੁਰੂ ਬਾਣੀ ਛਪਵਾਣੇ ਵਿਚ।
ਜਾਂਚ-ਪੜਤਾਲ ਕਰਵਾ ਕੇ 'ਦਮਗਜੇ' ਮਾਰੇ, ਕਰਾਂਗੇ ਕਾਨੂੰਨ ਦੇ ਹਵਾਲੇ ਦੋਸ਼ੀ ਠਾਣੇ ਵਿਚ।
ਆ ਗਿਆ ਹੁਕਮ 'ਉਤੋਂ' ਬਦਲੋ ਬਿਆਨ ਛੇਤੀ, ਇਹ ਵੀ ਲੇਖੇ ਲਾ ਦਿਉ ਗੁਰੂ ਦੇ ਹੀ ਭਾਣੇ ਵਿਚ।
ਨਾਨਕ ਨਾਮ ਲੇਵਾ ਚਾਹੁੰਦੇ ਸੱਚ ਬਾਹਰ ਆਵੇ, ਭੇਤ ਕੋਈ ਖੋਲ੍ਹੇ ਨਾ 'ਮਸੰਦਾਂ' ਵਾਲੇ ਲਾਣੇ ਵਿਚ।
ਅੱਖੀਂ ਘੱਟਾ ਪਾਉਣਾ ਐ ਕਰਕੇ ਪਖੰਡ ਹੁਣ, ਭਰਿਆ ਕਪਟ ਹੁੰਦਾ ਬੰਦੇ ਦਿੱਤੋ ਕਾਣੇ ਵਿਚ।
ਕਰਨਗੇ 'ਸ਼੍ਰੋਮਣੀ ਸਟੰਟ' ਮੁਆਫੀ ਮੰਗਣੇ ਦਾ, ਹੋਈ ਐ ਜੇ ਭੁੱਲ ਕੋਈ 'ਜਾਣੇ ਅਣਜਾਣੇ' ਵਿਚ!

# ਜਾਤੀ-ਜਮਾਤੀ ਪਾੜਾ ਅਤੇ ਖੇਤ ਮਜ਼ਦੂਰਾਂ ਦੀ ਹੋਣੀ

**ਕਰੋਨਾ ਵਾਇਰਸ ਨੇ ਸੰਸਾਰ ਨੂੰ ਸੰਕਟ ਵਿਚ ਪਾਇਆ ਹੋਇਆ ਹੈ, ਪਰ ਵਸੀਲੇਹੀਣ ਲੋਕਾਂ ਲਈ ਇਹ ਸੰਕਟ ਕਹਿਰ ਬਣ ਕੇ ਟੱਕਰਿਆ ਹੈ। ਬਹਾਲ ਸਿੰਘ ਜਿਹੜਾ ਖੁਦ ਵਸੀਲੇਹੀਣ ਖੇਤ ਮਜ਼ਦੂਰਾਂ ਦੇ ਹੱਕਾਂ ਲਈ ਜੂਝ ਰਿਹਾ ਹੈ, ਨੇ ਆਪਣੇ ਇਸ ਲੇਖ ਵਿਚ ਖੇਤ ਮਜ਼ਦੂਰਾਂ ਦੀ ਹਕੀਕਤ ਬਿਆਨ ਕੀਤੀ ਹੈ। ਉਸ ਦੇ ਕਈ ਉਲਾਂਭੇ ਵੀ ਹਨ ਜੋ ਸਿੱਧੇ ਤੌਰ 'ਤੇ ਉਸ ਕਿਸਾਨ ਵਰਗ ਨਾਲ ਜੁੜੇ ਹੋਏ ਹਨ, ਜੋ ਅਗਾਂਹ ਸਿੱਖ ਗੁਰੂ ਸਾਹਿਬਾਨ ਨਾਲ ਜੁੜੀਆਂ ਸੰਸਥਾਵਾਂ ਨਾਲ ਜੁੜੇ ਹੋਏ ਹੋਏ ਹਨ। ਸੱਚਮੁੱਚ ਇਹ ਲੇਖ ਸੋਚਣ ਲਈ ਮਜਬੂਰ ਕਰਨ ਵਾਲਾ ਹੈ। -ਸੰਪਾਦਕ**

22 ਮਾਰਚ ਨੂੰ ਤਾਲਾਬੰਦੀ ਲੱਗਣ ਨਾਲ ਪੰਜਾਬ ਵਿਚੋਂ ਪਰਵਾਸੀ ਮਜ਼ਦੂਰਾਂ ਦਾ ਉਜਾੜਾ ਹੋ ਗਿਆ। ਉਹ ਅਨੇਕਾਂ ਸੰਤਾਪ ਸਹਿੰਦੇ ਹੋਏ ਆਪਣੇ ਜੱਦੀ ਨਿਵਾਸਾਂ 'ਤੇ ਪਹੁੰਚੇ ਪਰ ਕੁਝ ਰਾਹਾਂ ਵਿਚ ਹੀ ਸਦਾ ਲਈ ਸੌਂ ਗਏ। ਪੰਜਾਬ ਵਿਚ ਜੀਰੀ ਲਗਾਉਣ ਲਈ ਕਰੋਨਾ ਕਾਰਨ ਯੂ.ਪੀ. ਬਿਹਾਰ ਤੋਂ ਸਸਤੀ ਲੇਬਰ ਨਾ ਪਹੁੰਚ ਸਕੀ। ਇਸ ਲਈ ਕਿਸਾਨਾਂ ਨੂੰ ਲੋਕਲ ਲੇਬਰ .ਤੇ ਨਿਰਭਰ ਹੋਣਾ ਪਿਆ। ਪਹਿਲਾਂ ਮੁਕਾਬਲੇ ਕਾਰਨ ਲੋਕਲ ਮਜ਼ਦੂਰਾਂ ਨੂੰ ਘੱਟ ਵੇਤਨ .ਤੇ ਸਬਰ ਕਰਨਾ ਪੈਂਦਾ ਸੀ, ਹੁਣ ਲੋਕਲ ਮਜ਼ਦੂਰ ਇਸ ਵਰਤਾਰੇ ਨੂੰ ਸਹਿਣ ਕਰਨ ਲਈ ਤਿਆਰ ਨਹੀਂ ਸਨ।

ਝੋਨੇ ਦੀ ਲਵਾਈ ਸ਼ੁਰੂ ਹੋਣ ਤੋਂ ਪਹਿਲਾਂ ਕੁਝ ਘਟਨਾਵਾਂ ਵਾਪਰੀਆਂ ਜੋ ਅਕਸਰ ਵਿਤਕਰੇ ਵਾਲੇ ਸਮਾਜਿਕ ਪ੍ਰਬੰਧ ਵਿਚ ਵਾਪਰਦੀਆਂ ਹਨ। ਕਈ ਪਿੰਡਾਂ ਵਿਚ ਪੰਚਾਇਤਾਂ ਨੇ ਮਤੇ ਪਾ ਕੇ ਝੋਨਾ ਲਵਾਈ ਦੇ ਰੇਟ ਤੈਅ ਕਰ ਕੇ ਧਾਰਮਿਕ

ਬਹਾਲ ਸਿੰਘ
ਫੋਨ: +91-76962-96937

ਸਥਾਨਾਂ ਤੋਂ ਹੋਕੇ ਦਿਵਾਏ ਕਿ ਜੋ ਇਨ੍ਹਾਂ ਮਤਿਆਂ ਨੂੰ ਨਹੀਂ ਮੰਨੇਗਾ, ਉਸ ਦਾ ਬਾਈਕਾਟ ਹੋਵੇਗਾ ਅਤੇ ਜੁਰਮਾਨਾ ਵੀ ਕੀਤਾ ਜਾਵੇਗਾ। ਸੋਸ਼ਲ ਮੀਡੀਆ 'ਤੇ ਤਾਲਾਬੰਦੀ ਸਮੇਂ ਵੰਡੇ ਰਾਸ਼ਨ ਦੇ ਮਿਹਣੇ ਤਕ ਮਾਰੇ ਗਏ।

ਜਦੋਂ ਕਈ ਪਿੰਡਾਂ ਵਿਚ ਜੀਰੀ ਲਗਾਉਣ ਦੇ ਕੰਮ ਦਾ ਸਰਵੇਖਣ ਕੀਤਾ ਤਾਂ ਕਈ ਤੱਥ ਸਾਹਮਣੇ ਆਏ। ਇਨ੍ਹਾਂ ਪਿੰਡਾਂ ਵਿਚ ਰੇਟ ਪ੍ਰਤੀ ਏਕੜ 3 ਤੋਂ 4 ਹਜ਼ਾਰ ਦੇ ਵਿਚਕਾਰ ਸੀ। ਕੁਝ ਪਿੰਡਾਂ ਵਿਚ ਪੰਜ ਵਿਘਿਆਂ ਦਾ ਏਕੜ ਸੀ ਅਤੇ ਕਈ ਵਿਚ ਸਵਾ ਛੇ ਵਿਘਿਆਂ ਦਾ। ਮਜ਼ਦੂਰਾਂ ਨੇ ਰੋਜ਼ਾਨਾ 12 ਤੋਂ 14 ਘੰਟੇ ਕੰਮ ਕੀਤਾ। ਇਕ ਏਕੜ ਲਈ 7 ਤੋਂ 10 ਦਿਹਾੜੀਆਂ ਲੱਗੀਆਂ। ਇਕ ਮਜ਼ਦੂਰ ਨੂੰ ਅੱਠ ਘੰਟਿਆਂ ਦੇ ਔਸਤ 365 ਰੁਪਏ ਮਿਲੇ ਜੋ ਬਹੁਤ ਘੱਟ ਹਨ। ਜਿੱਥੇ ਮਜ਼ਦੂਰ ਦਾ ਤੈਅ ਕੀਤਾ 5000 ਰੁਪਏ ਪ੍ਰਤੀ ਏਕੜ ਰੇਟ ਮਿਲਿਆ, ਉਥੇ ਅੱਠ ਘੰਟਿਆਂ ਦੇ 570 ਰੁਪਏ ਬਣੇ। ਇਹ ਰੇਟ ਉਨ੍ਹਾਂ ਦੀ ਮਿਹਨਤ ਦੇਖਦੇ ਹੋਏ ਕੋਈ ਜ਼ਿਆਦਾ ਨਹੀਂ ਸਨ। ਇਸ ਵਾਧੇ ਨੂੰ ਕੋਈ ਵੀ ਮੰਨਣ ਨੂੰ ਤਿਆਰ ਨਹੀਂ ਹੋਇਆ। ਕਰਮਚਾਰੀ ਵੇਤਨ ਵਿਚ ਵਾਧੇ ਦੀ ਮੰਗ ਕਰਦੇ ਅਤੇ ਖੇਤੀ ਲਾਗਤਾਂ ਤੇ 50 ਫੀਸਦੀ ਉਪਰ ਫਸਲਾਂ ਦੇ ਭਾਅ ਦੀ ਮੰਗ ਕੀਤੀ ਜਾਂਦੀ ਹੈ ਪਰ ਜਦੋਂ ਖੇਤ ਮਜ਼ਦੂਰ ਆਪਣੀ ਮੁਸ਼ੱਕਤ ਦਾ ਪੂਰਾ ਹੱਕ ਮੰਗਦੇ ਹਨ ਤਾਂ ਰੌਲਾ ਕਿਉਂ?

ਸੰਗਰੂਰ ਜ਼ਿਲ੍ਹੇ ਦੇ ਪਿੰਡਾਂ ਦਾ ਸਰਵੇਖਣ ਦਰਸਾਉਂਦਾ ਹੈ ਕਿ ਜੀਰੀ ਦੇ ਰੇਟ ਦਾ ਕਿਸਾਨਾਂ ਵਲੋਂ ਉਠਾਇਆ ਮਸਲਾ ਕਿੰਨਾ ਦਾਬਾ ਪਾਉਣ ਵਾਲਾ ਸੀ। ਅਸਲ ਵਿਚ ਇਸ ਵਿਰੋਧ ਦਾ ਮੁੱਖ ਆਧਾਰ ਰੇਟ ਨਹੀਂ ਸਗੋਂ ਜਾਤੀ ਅਤੇ ਜਮਾਤੀ ਹੰਕਾਰ ਸੀ। ਉਹ ਇਨ੍ਹਾਂ ਗਰੀਬ ਕਿਰਤੀਆਂ ਲਈ ਤਾਲਾਬੰਦੀ ਵਿਚ ਰਾਸ਼ਨ ਤਾਂ ਵੰਡ ਸਕਦੇ ਹਨ ਪਰ ਜੇ ਪਿੰਡ ਦੇ ਛਿਪਦੇ ਪਾਸੇ ਰਹਿਣ ਵਾਲੇ ਇਹ ਲੋਕ ਆਪਣੀ ਮਿਹਨਤ ਦਾ ਪੂਰਾ ਮੁੱਲ ਮੰਗਣ ਦੀ 'ਗੁਸਤਾਖੀ' ਕਰਨ ਤਾਂ ਇਹ ਮਨਜ਼ੂਰ ਨਹੀਂ। ਜੇ ਉਹ ਆਪਣੇ ਫੈਸਲੇ ਆਪ ਕਰਨ ਲੱਗਣ ਤਾਂ ਉਨ੍ਹਾਂ ਉਤੇ ਪਿੰਡ ਦਾ ਮਾਹੌਲ ਖਰਾਬ ਕਰਨ ਦਾ ਦੋਸ਼ ਲਗਾਇਆ ਜਾਂਦਾ ਹੈ ਅਤੇ ਫਤਵੇ ਜਾਰੀ ਕੀਤੇ ਜਾਂਦੇ ਹਨ; ਕਿਉਂਕਿ ਮਾਹੌਲ ਉਹੀ ਚੰਗਾ ਹੈ ਜਿਸ ਵਿਚ ਕਿਰਤੀ ਬਿਨਾ ਉਜ਼ਰ ਕਾਲੇ ਬਲਦ ਵਾਂਗ ਮਾਲਕ ਦੀ ਰਜ਼ਾ ਵਿਚ ਕੰਮ ਕਰਦੇ ਰਹਿਣ। ਇਹ ਫਤਵੇ ਮਹਿੰਗੇ ਭਾਅ ਠੇਕੇ 'ਤੇ ਜ਼ਮੀਨਾਂ ਦੇਣ ਵਾਲੇ ਮਾਲਕਾਂ, ਮਹਿੰਗੀਆਂ ਖਾਦਾਂ ਤੇ ਦਵਾਈਆਂ, ਡੀਜ਼ਲ ਤੇ ਪੈਟਰੋਲ ਵੇਚਣ ਵਾਲੀਆਂ ਕੰਪਨੀਆਂ ਅਤੇ ਵੱਧ ਵਿਆਜ ਲਗਾ ਕੇ ਕਿਸਾਨਾਂ ਦਾ ਸ਼ੋਸ਼ਣ ਕਰਨ ਵਾਲੇ ਆੜ੍ਹਤੀਆਂ ਖਿਲਾਫ ਕਦੇ ਵੀ ਜਾਰੀ ਨਹੀਂ ਕੀਤੇ ਜਾਂਦੇ। ਇਨ੍ਹਾਂ ਫਤਵਿਆਂ ਨੂੰ ਝੱਲਣ ਲਈ ਸਿਰਫ ਮਿਹਨਤੀ ਖੇਤ ਮਜ਼ਦੂਰ ਹੀ ਸਰਾਪੇ ਹੋਏ ਹਨ।

ਝੋਨਾ ਲਗਾਉਣ ਲਈ ਇਨ੍ਹਾਂ ਨੂੰ ਸਵੇਰੇ 3-4 ਵਜੇ ਉਠਣਾ ਪੈਂਦਾ ਹੈ। ਔਰਤਾਂ ਘਰ ਦੇ ਸਾਰੇ ਕੰਮ-ਕਾਰ ਕਰ ਕੇ ਆਪਣੀ ਸਵੇਰ ਅਤੇ ਦੁਪਹਿਰ ਦੀ ਰੋਟੀ ਬਣਾ ਲੈਂਦੀਆਂ ਹਨ, ਤੇ ਮਰਦ



ਘਰ ਵਿਚ ਰੱਖੇ ਇਕ-ਅੱਧ ਪਸ਼ੂ ਦੀ ਸਾਂਭ ਸੰਭਾਲ ਕਰ ਕੇ ਪੰਜ ਵੱਜਦੇ ਨਾਲ ਖੇਤਾਂ ਵਿਚ ਪਹੁੰਚ ਜਾਂਦੇ ਹਨ। ਕਈਆਂ ਔਰਤਾਂ ਨੂੰ ਕਿਸਾਨਾਂ ਦੇ ਘਰਾਂ ਵਿਚ ਗੋਹੇ-ਕੂੜੇ ਦਾ ਕੰਮ ਕਰ ਕੇ ਵੀ ਆਉਣਾ ਪੈਂਦਾ ਸੀ। ਜਦੋਂ ਉਹ ਰਾਤ ਨੂੰ ਅੱਠ ਵਜੇ ਵਾਪਸ ਆਉਂਦੇ, ਫਿਰ ਉਨ੍ਹਾਂ ਨੂੰ ਘਰ ਦੇ ਕੰਮ ਕਰਨੇ ਪੈਂਦੇ। ਇਨ੍ਹਾਂ ਥੱਕਿਆਂ-ਟੁੱਟਿਆਂ ਨੂੰ ਮਸਾਂ ਦਸ ਗਿਆਰਾਂ ਵਜੇ ਮੰਜਾ ਨਸੀਬ ਹੁੰਦਾ। ਜਿਨ੍ਹਾਂ ਦੇ ਛੋਟੇ ਬੱਚਿਆਂ ਨੂੰ ਘਰ ਸਾਂਭਣ ਵਾਲਾ ਨਹੀਂ ਸੀ, ਉਨ੍ਹਾਂ ਨੂੰ ਖੇਤਾਂ ਵਿਚ ਨਾਲ ਲੈ ਕੇ ਜਾਣਾ ਪੈਂਦਾ। ਬੱਚੇ ਸਾਰਾ ਦਿਨ ਬੇਆਰਾਮ ਕੱਟਦੇ। ਵੱਟਾਂ 'ਤੇ ਹੀ ਸੌਂ ਜਾਂਦੇ। ਪਾਣੀ ਵਿਚ ਡਿੱਗਣ, ਸੱਪ ਲੜਨ, ਉਰ੍ਹਾਂ-ਪਰ੍ਹਾਂ ਚਲੇ ਜਾਣ ਦੇ ਖਤਰੇ ਹਮੇਸ਼ਾ ਰਹਿੰਦੇ।

ਝੋਨੇ ਦੀ ਲੁਆਈ ਦੌਰਾਨ ਪਹਿਲੇ ਹਫਤੇ ਵਿਚ ਹੀ ਪਾਣੀ ਵਿਚ ਲਗਾਤਾਰ ਰਹਿਣ ਕਰ ਕੇ ਹੱਥ-ਪੈਰ ਖਰਾਬ ਹੋ ਜਾਂਦੇ ਅਤੇ ਸੜਨ ਲੱਗਦੇ ਹਨ। ਵਾਹਣ ਵਿਚ ਪਾਏ ਕਈ ਤਰ੍ਹਾਂ ਦੇ ਕੈਮੀਕਲ ਹੱਥ-ਪੈਰਾਂ ਦਾ ਹੋਰ ਵੀ ਬੁਰਾ ਹਾਲ ਕਰ ਦਿੰਦੇ ਹਨ ਅਤੇ ਹੋਰ ਚਮੜੀ ਰੋਗ ਲੱਗ ਜਾਂਦੇ ਹਨ ਜਿਸ ਕਾਰਨ ਮਗਰੋਂ ਕਈ ਮਹੀਨੇ ਡਾਕਟਰਾਂ ਦੇ ਚੱਕਰ ਕੱਟਣੇ ਪੈਂਦੇ ਹਨ। ਗਰਮ ਪਾਣੀ ਵਿਚ ਜੀਰੀ ਲਗਾਉਂਦਿਆਂ ਉਪਰੋਂ ਪੈਂਦੀ ਤਿੱਖੜ ਧੁੱਪ ਵਿਚ ਪਿਆਸ ਬਹੁਤ ਲਗਦੀ ਹੈ। ਪਾਣੀ ਪੀਣ ਲਈ ਕੱਦੂ ਕੀਤਾ ਪੂਰਾ ਵਾਹਣ ਪਾਰ ਕਰ ਕੇ ਮੋਟਰ 'ਤੇ ਜਾਣਾ ਪਵੇਗਾ, ਇਹ ਸੋਚ ਕੇ ਕਾਮੇ ਆਪਣੀ ਟੀਮ ਵਿਚ ਪਿਆਸ-ਭੁੱਖ ਕੱਟਦਿਆਂ ਹੀ ਕੰਮ ਕਰਦੇ ਰਹਿੰਦੇ ਹਨ। ਔਰਤਾਂ ਅਤੇ ਕੁੜੀਆਂ ਨੇ ਜਦੋਂ ਪਖਾਨਾ ਜਾਣਾ ਹੁੰਦਾ ਹੈ ਤਾਂ ਉਹ ਸੰਗ ਅਤੇ ਪਰੇਸ਼ਾਨੀ ਨਾਲ ਸੁੰਘੜਨ ਲਗਦੀਆਂ ਹਨ। ਬਹੁਤੀ ਵਾਰ ਉਹ ਜਾਂਦੀਆਂ ਹੀ ਨਹੀਂ ਜਿਸ ਕਰ ਕੇ ਸਰੀਰ 'ਤੇ ਮਾੜਾ ਅਸਰ ਪੈਣ ਦੇ ਖਤਰੇ ਵਧ ਜਾਂਦੇ ਹਨ।

ਅਸਲ ਵਿਚ ਕਿਸਾਨਾਂ ਵਲੋਂ ਵੀ ਪੂੰਜੀਪਤੀਆਂ ਵਾਂਗ ਮਜ਼ਦੂਰਾਂ ਦਾ ਸ਼ੋਸ਼ਣ ਕਰਨ ਦੀ ਹਰ ਸੰਭਵ ਕੋਸ਼ਿਸ਼ ਕੀਤੀ ਜਾਂਦੀ ਹੈ, ਜਿਵੇਂ ਝੋਨੇ ਦੀ ਲਵਾਈ ਦੇ ਤੈਅ ਰੇਟ ਤੋਂ ਘੱਟ ਪੈਸੇ ਦੇ ਕੇ, ਜ਼ਮੀਨ ਪੂਰੀ ਨਾ ਦੱਸ ਕੇ, ਆਨੀ-ਬਹਾਨੀ ਰੁਪਏ ਦੱਬ ਕੇ ਆਦਿ। ਕੋਈ ਸਮਾਂ ਸੀ ਜਦ ਬਾਬਾ ਨਾਨਕ ਨੇ ਲੁੱਟ ਦੀ ਕਮਾਈ ਖਾਣ ਵਾਲੇ ਮਲਿਕ ਭਾਗੋ ਦੇ ਘਰ ਭੋਜਨ ਤੱਕ ਨਹੀਂ ਕੀਤਾ ਸੀ ਅਤੇ ਉਹ ਮਿਹਨਤ ਦੀ ਕਮਾਈ ਕਰ ਕੇ ਖਾਣ ਵਾਲੇ ਭਾਈ ਲਾਲੋ ਦੇ ਮੋਢੇ ਨਾਲ ਮੋਢਾ ਲਾ ਕੇ ਖੜ੍ਹੇ ਸਨ। ਹੁਣ ਉਸੇ ਬਾਬੇ ਨਾਲ ਜੁੜੇ ਧਾਰਮਿਕ ਸਥਾਨਾਂ ਤੋਂ ਭਾਈ ਲਾਲੋਆਂ ਦੇ ਸਮਾਜਿਕ ਬਾਈਕਾਟ ਕਰਨ ਦੇ ਹੋਕੇ ਦਿੱਤੇ ਜਾਂਦੇ ਹਨ। ਇਹ ਲੋਕ ਭੁੱਲ ਗਏ ਕਿ ਗੁਰੂਆਂ ਨੇ ਕਿਰਤੀ ਨੂੰ ਮਾਣ ਦਿੱਤਾ ਸੀ।

ਸਦੀਆਂ ਦੇ ਜਾਤੀ-ਜਮਾਤੀ ਪੇਂਡੂ ਸਮਾਜ ਦਾ ਇਤਿਹਾਸ ਵੀ ਇਹੀ ਦਰਸਾਉਂਦਾ ਹੈ ਕਿ ਕਿਸਾਨ ਭਾਵੇਂ ਧਨੀ ਹੈ, ਭਾਵੇਂ ਦੋ ਏਕੜ ਵਾਲਾ ਹੈ, ਉਸ ਨੇ ਮਜ਼ਦੂਰ ਨੂੰ ਕਦੇ ਮਨੁੱਖ ਦੇ ਤੌਰ 'ਤੇ ਸਤਿਕਾਰ ਨਹੀਂ ਦਿੱਤਾ। ਇਸ ਕਰ ਕੇ ਦੋਹਾਂ ਦਾ ਰਿਸ਼ਤਾ ਨਹੁੰ-ਮਾਸ ਵਾਲਾ ਨਹੀਂ ਬਣ ਸਕਿਆ। ਜ਼ਮੀਨ ਤੋਂ ਵਿਰਵਾ ਹੋਇਆ ਕਿਸਾਨ ਹੁਣ ਭੱਠਿਆਂ, ਫੈਕਟਰੀਆਂ, ਪੰਪਾਂ 'ਤੇ ਕੰਮ ਕਰਨ ਲੱਗ ਪਿਆ ਹੈ ਪਰ ਉਹ ਅਜੇ ਵੀ ਖੇਤ ਮਜ਼ਦੂਰ ਦਾ ਸਤਿਕਾਰ ਨਹੀਂ ਕਰਨ ਲੱਗਿਆ। ਜਾਤੀ ਹੰਕਾਰ ਹੀ ਉਸ ਨੂੰ ਵੱਡਾ ਹੋਣ ਦਾ ਮਾਣ 'ਬਖਸ਼ਦਾ' ਹੈ।

ਖੇਤ ਮਜ਼ਦੂਰਾਂ ਬਾਰੇ ਜਾਰੀ ਕੀਤੇ ਫਤਵਿਆਂ ਲਈ ਉਹ ਪੰਚਾਇਤਾਂ ਹੀ ਦੋਸ਼ੀ ਨਹੀਂ ਜਿਨ੍ਹਾਂ ਨੇ ਮਤੇ ਪਾਏ ਜਾਂ ਜਿਨ੍ਹਾਂ ਨੇ ਹੋਕੇ ਦਿੱਤੇ; ਅਸਲ ਵਿਚ ਉਹ ਵੀ ਦੋਸ਼ੀ ਹਨ ਜਿਨ੍ਹਾਂ ਨੇ ਮਜ਼ਦੂਰਾਂ ਦੇ ਤੈਅ ਕੀਤੇ ਰੇਟ ਦਾ ਸਮਰਥਨ ਨਹੀਂ ਕੀਤਾ। ਫਤਵੇ ਜਾਰੀ ਕਰਨ ਵਾਲਿਆਂ ਦੀ ਮਾਨਸਿਕਤਾ ਦੀਆਂ ਤੰਦਾਂ ਜਾਤ-ਪਾਤੀ ਪ੍ਰਬੰਧ ਨਾਲ ਇੰਨੀ ਮਜ਼ਬੂਤੀ ਨਾਲ ਜੁੜੀਆਂ ਹਨ ਕਿ ਬੰਦੇ ਦੇ ਖੱਬੇ-ਪੱਖੀ ਜਥੇਬੰਦੀਆਂ ਅਤੇ ਗੁਰੂਆਂ ਦੀ ਵਿਚਾਰਧਾਰਾ ਨਾਲ ਜੁੜਨ ਦੇ ਬਾਵਜੂਦ ਨਹੀਂ ਟੁੱਟਦੀਆਂ। ਇਸ ਵਾਰ ਮਜ਼ਦੂਰਾਂ ਵਲੋਂ ਤੈਅ ਰੇਟ ਦਾ ਪੰਜਾਬ ਦੀ ਕਿਸੇ ਵੀ ਜਥੇਬੰਦੀ ਨੇ ਸਮਰਥਨ ਨਹੀਂ ਕੀਤਾ। ਹਾਂ, ਖੱਬੇ-ਪੱਖੀਆਂ ਦਾ ਸੁਝਾਅ ਜ਼ਰੂਰ ਆਇਆ ਕਿ ਕਿਸਾਨ ਅਤੇ ਮਜ਼ਦੂਰ ਨੂੰ ਬੈਠ ਕੇ ਸਹਿਮਤੀ ਕਰ ਲੈਣੀ ਚਾਹੀਦੀ ਹੈ। ਮਾਲਕ ਅਤੇ ਮਜ਼ਦੂਰ ਵਿਚ ਸਹਿਮਤੀ ਕਿਵੇਂ ਹੋ ਸਕਦੀ ਹੈ, ਜਦੋਂ ਮਾਲਕ ਵੱਧ ਤੋਂ ਵੱਧ ਮੁਨਾਫਾ ਪ੍ਰਾਪਤ ਕਰਨਾ ਚਾਹੁੰਦਾ ਹੈ ਅਤੇ ਕਿਰਤੀ ਆਪਣੀ ਕਿਰਤ ਦਾ ਪੂਰਾ ਮੁੱਲ। ਅਸਲ ਵਿਚ, ਸੁਝਾਅ ਦੇਣ ਵਾਲੇ ਖੇਤੀ ਵਿਚੋਂ ਸਿਰਫ ਕਿਸਾਨ ਦੇ ਘਾਟੇ ਦੀ ਗੱਲ ਹੀ ਕਰਦੇ ਹਨ ਅਤੇ ਅੰਨਦਾਤੇ ਦੇ ਤੌਰ 'ਤੇ ਵੀ ਕੇਵਲ ਕਿਸਾਨ ਨੂੰ ਹੀ ਉਭਾਰਦੇ ਹਨ।

ਇਹੀ ਘਾਟ ਪੰਜਾਬ ਦੇ ਜ਼ਿਆਦਾਤਰ ਬੁੱਧੀਜੀਵੀਆਂ ਅਤੇ ਯੂਨੀਵਰਸਿਟੀਆਂ ਦੀ ਹੈ। ਉਨ੍ਹਾਂ ਨੇ ਹੁਣ ਤੱਕ ਖੇਤ ਮਜ਼ਦੂਰ ਦੇ ਖੇਤੀ ਵਿਚ ਪਾਏ ਵੱਡੇ ਯੋਗਦਾਨ ਦਾ ਸਹੀ ਮੁਲੰਕਣ ਨਹੀਂ ਕੀਤਾ ਸਗੋਂ ਖੇਤੀ ਲਾਗਤਾਂ ਵਿਚ ਇੱਕ ਸੰਦ ਵਾਂਗ ਉਸ 'ਤੇ ਹੋਣ ਵਾਲੇ ਖਰਚੇ ਨੂੰ ਹੀ ਵਿਚਾਰਿਆ ਹੈ। ਮਜ਼ਦੂਰ ਜੀਵੰਤ ਪ੍ਰਾਣੀ ਹੈ। ਉਸ ਦੀਆਂ ਲੋੜਾਂ, ਭਾਵਨਾਵਾਂ ਅਤੇ ਵਿਚਾਰਾਂ ਨੂੰ ਅਧਿਐਨ ਦਾ ਵਿਸ਼ਾ ਹੀ ਨਹੀਂ ਬਣਾਇਆ ਗਿਆ। ਸਮਾਜ ਅਤੇ ਸਰਕਾਰਾਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਖੇਤ ਮਜ਼ਦੂਰਾਂ ਨੂੰ ਖੇਤੀ ਵਿਚ ਮਹੱਤਵਪੂਰਨ ਧਿਰ ਮੰਨ ਕੇ ਉਨ੍ਹਾਂ ਦੇ ਸਨਮਾਨਜਨਕ ਵੇਤਨ ਅਤੇ ਭੱਤੇ ਤੈਅ ਕਰਨ ਤਾਂ ਕਿ ਖੇਤ ਮਜ਼ਦੂਰ ਆਪਣੇ ਪਰਿਵਾਰਾਂ ਦੀਆਂ ਲੋੜਾਂ ਪੂਰੀਆਂ ਕਰਦੇ ਹੋਏ ਇੱਜ਼ਤ ਵਾਲੀ ਜ਼ਿੰਦਗੀ ਜੀਅ ਸਕਣ।

# ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਂ ਖੁੱਲ੍ਹੀ ਚਿੱਠੀ

**ਨਰਿੰਦਰ ਮੋਦੀ ਦੇ ਰਾਜ ਅੰਦਰ ਭਾਰਤ ਤੇਜ਼ੀ ਨਾਲ ਬਦਲ ਰਿਹਾ ਹੈ। ਜਮਹੂਰੀਅਤ ਨੂੰ ਲੱਗਿਆ ਖੋਰਾ ਰੁਕਣ ਦਾ ਨਾਂ ਨਹੀਂ ਲੈ ਰਿਹਾ। ਤਕਰੀਬਨ ਹਰ ਸੰਸਥਾ ਹਿੰਦੂਤਵੀ ਸੱਤਾ ਅੱਗੇ ਗੋਡਿਆਂ ਪਰਨੇ ਹੋਈ ਹੈ। ਇਸ ਹਾਲਾਤ ਵਿਚ ਕੈਨੇਡਾ ਵੱਸਦੇ ਪੱਤਰਕਾਰ ਅਤੇ ਕਾਰਕੁਨ ਗੁਰਪ੍ਰੀਤ ਸਿੰਘ ਨੇ ਪ੍ਰਧਾਨ ਮੰਤਰੀ ਦੇ ਨਾਂ ਖੁੱਲ੍ਹੀ ਚਿੱਠੀ ਲਿਖੀ ਹੈ। ਇਸ ਚਿੱਠੀ ਵਿਚ ਉਨ੍ਹਾਂ ਮੋਦੀ ਦੀ ਸਿਆਸਤ ਦੀ ਨਿਸ਼ਾਨਦੇਹੀ ਕੀਤੀ ਹੈ। 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਇਸ ਚਿੱਠੀ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ**

*ਵਿਸ਼ਾ: ਤੁਹਾਡੀ ਲੰਮੀ ਉਮਰ ਲਈ ਸ਼ੁਭ ਇਛਾਵਾਂ ਤਾਂ ਜੋ ਤੁਸੀਂ ਆਪਣੀਆਂ ਕਾਰਵਾਈਆਂ ਦੇ ਨਤੀਜੇ ਦੇਖਣ ਲਈ ਜ਼ਿੰਦਾ ਰਹਿ ਸਕੋ।*

ਸ੍ਰੀਮਾਨ ਮੋਦੀ ਜੀ,

ਆਸ ਹੈ ਕਿ ਤੁਸੀਂ ਕਾਮਯਾਬੀ ਨਾਲ ਆਪਣੇ ਕੰਮਾਂ ਨੂੰ ਅੰਜਾਮ ਦੇ ਰਹੇ ਹੋ। ਇਹਨਾਂ ਮੁਸ਼ਕਿਲ ਹਾਲਾਤ 'ਚ ਵੀ ਜਦ ਤੁਹਾਡਾ ਮੁਲਕ ਇਸ ਵਕਤ ਦੁਨੀਆ ਦਾ ਕੋਵਿਡ-19 ਤੋਂ ਪੀੜਤ ਦੂਜਾ ਸਭ ਤੋਂ ਵੱਡਾ ਪੀੜਤ ਮੁਲਕ ਹੈ। ਅਫਸੋਸ ਕਿ ਲੰਮੇ-ਚੌੜੇ ਦਾਅਵਿਆਂ ਦੇ ਬਾਵਜੂਦ ਤੁਹਾਡੇ ਥੋਪੇ ਲੌਕਡਾਊਨ ਦਾ ਕੋਈ ਫਾਇਦਾ ਨਹੀਂ ਹੋਇਆ ਅਤੇ ਗਰੀਬਾਂ ਤੇ ਹਾਸ਼ੀਏ 'ਤੇ ਵਿਚਰਦੇ ਹਿੱਸੇ ਸਗੋਂ ਸਭ ਤੋਂ ਇਸ ਦੇ ਨਤੀਜੇ ਭੁਗਤਣ ਲਈ ਇਸ ਦੇ ਹਵਾਲੇ ਕਰ ਦਿੱਤੇ ਗਏ; ਲੇਕਿਨ ਉਹਨਾਂ ਵਲ ਕਦੇ ਵੀ ਤੁਹਾਡੀ ਨਜ਼ਰ ਨਹੀਂ ਗਈ।

ਅਗਾਂਹ ਵਧਣ ਤੋਂ ਪਹਿਲਾਂ ਮੈਂ ਆਪਣੇ ਬਾਰੇ ਸੰਖੇਪ 'ਚ ਦੱਸ ਦਿਆਂ...

ਮੈਂ ਭਾਰਤੀ ਪਿਛੋਕੜ ਵਾਲਾ ਕੈਨੇਡੀਅਨ ਨਾਗਰਿਕ ਹਾਂ ਅਤੇ ਮੈਂ ਆਪਣੇ ਵਤਨ ਦੀ ਬਿਹਤਰੀ ਬਾਰੇ ਡੂੰਘਾ ਸਰੋਕਾਰ ਰੱਖਦਾ ਹਾਂ। ਕੈਨੇਡਾ ਵਿਚ ਕਿਉਂਕਿ ਤੁਹਾਡੇ ਬਹੁਤ ਸਾਰੇ ਸ਼ਰਧਾਲੂ ਹਨ ਜੋ ਲਗਾਤਾਰ ਤੁਹਾਡੀ ਅਤੇ ਤੁਹਾਡੀ ਪਾਰਟੀ ਦੀ ਹਮਾਇਤ ਕਰ ਰਹੇ ਹਨ,



**ਗੁਰਪ੍ਰੀਤ ਸਿੰਘ**
**ਅਨੁਵਾਦ: ਬੂਟਾ ਸਿੰਘ**

ਇਸ ਕਰ ਕੇ ਮੈਨੂੰ ਵੀ ਉਸ ਬਾਰੇ ਘੱਟੋ-ਘੱਟ ਕੁਝ ਕਹਿਣ ਦਾ ਹੱਕ ਹੈ ਜੋ ਮੈਨੂੰ ਪ੍ਰੇਸ਼ਾਨ ਕਰ ਰਿਹਾ ਹੈ। ਠੀਕ ਹੈ ਨਾ?

ਮੈਂ ਮੀਡੀਆ ਵਿਚ ਜੋ ਦੇਖ ਰਿਹਾ ਹਾਂ, ਉਸ ਤੋਂ ਪਤਾ ਲੱਗਦਾ ਹੈ ਕਿ ਕੁਲ ਆਲਮ ਵਿਚ ਤੁਹਾਡੇ ਕਦਰਦਾਨ 17 ਸਤੰਬਰ ਨੂੰ ਤੁਹਾਡਾ 70ਵਾਂ ਜਨਮ ਦਿਨ ਬਹੁਤ ਹੀ ਜੋਸ਼-ਖਰੋਸ਼ ਨਾਲ ਮਨਾਉਣਗੇ। ਭਾਰਤ ਵਿਚ, ਉਹ ਕੁਝ ਦਿਆਲੂ ਕੰਮ ਕਰ ਰਹੇ ਹਨ ਅਤੇ ਉਹਨਾਂ ਨੇ ਲੋੜਵੰਦਾਂ ਨੂੰ ਬਨਾਉਟੀ ਅੰਗ ਦੇਣ ਦਾ ਫੈਸਲਾ ਕੀਤਾ ਹੈ, ਉਹਨਾਂ ਦੀ ਭਲਾਈ



*ਸਾਲ 2002 ਦਾ ਗੁਜਰਾਤ ਜਦੋਂ ਨਰਿੰਦਰ ਮੋਦੀ ਉਥੇ ਮੁੱਖ ਮੰਤਰੀ ਸੀ।*

ਖਾਤਰ। ਕਰਨ ਵੀ ਕਿਉਂ ਨਾ? ਆਖਿਰਕਾਰ, ਤੁਸੀਂ ਆਪਣੇ ਵੋਟਰਾਂ ਨਾਲ ਕੀਤਾ 'ਸਭ ਕਾ ਵਿਕਾਸ' ਦਾ ਵਾਅਦਾ ਨਿਭਾ ਰਹੇ ਹੋ; ਜਦਕਿ, ਹੁਣ ਤੱਕ ਇਹ ਜ਼ਿਆਦਾਤਰ ਤੁਹਾਡੀ ਪਾਰਟੀ ਦੇ ਹਮਾਇਤੀ ਹੀ ਹਨ ਜਿਹਨਾਂ ਨੂੰ ਸਭ ਤੋਂ ਜ਼ਿਆਦਾ ਲਾਭ ਮਿਲਿਆ ਹੈ। ਚਾਹੇ ਇਹ ਇਕੋ-ਇਕ ਮੁਸਲਿਮ ਬਹੁਗਿਣਤੀ ਵਾਲੇ ਰਾਜ ਕਸ਼ਮੀਰ ਨੂੰ ਦਿੱਤਾ ਵਿਸ਼ੇਸ਼ ਦਰਜਾ ਖਤਮ ਕਰਨ ਦਾ ਸਵਾਲ ਸੀ, ਜਾਂ ਪੁਰਾਤਨ ਮਸਜਿਦ ਦੇ ਸਥਾਨ 'ਤੇ ਮੰਦਰ ਬਣਾਉਣ ਦਾ ਸਵਾਲ ਜਿਸ ਨੂੰ ਤੁਹਾਡੀ ਪਾਰਟੀ ਦੇ ਹਮਾਇਤੀਆਂ ਨੇ 1992 'ਚ ਢਾਹ ਦਿੱਤਾ ਸੀ, ਤੁਸੀਂ ਆਪਣੇ ਮੂਲ ਵਾਅਦੇ ਪੂਰੇ ਕਰ ਦਿਖਾਏ ਹਨ। ਜਦ 2019 'ਚ ਤੁਸੀਂ ਅੰਨ੍ਹੀ ਬਹੁਮਤ ਨਾਲ ਦੁਬਾਰਾ ਚੁਣੇ ਜਾ ਚੁੱਕੇ ਹੋ ਤਾਂ ਤੁਹਾਨੂੰ ਐਸਾ ਕਰਨ ਤੋਂ ਕੌਣ ਰੋਕ ਸਕਦਾ ਹੈ?

ਤੁਸੀਂ ਭਾਰਤ ਨੂੰ ਪਹਿਲਾਂ ਹੀ ਹਿੰਦੂ ਰਾਸ਼ਟਰ ਵਿਚ ਬਦਲ ਦਿੱਤਾ ਹੈ। ਲਿਹਾਜ਼ਾ ਉਹ ਕੀ ਹੈ ਜੋ ਤੁਹਾਨੂੰ ਇਸ ਮੁਲਕ ਨੂੰ ਅਧਿਕਾਰਕ ਤੌਰ 'ਤੇ ਹਿੰਦੂ ਰਾਜ ਐਲਾਨਣ ਤੋਂ ਰੋਕ ਰਿਹਾ ਹੈ? ਸ਼ਾਇਦ ਤੁਸੀਂ ਆਪਣੇ ਉਸ ਬਹੁਤ ਹੀ ਗੰਭੀਰ ਸਮੱਸਿਆਵਾਂ ਪੈਦਾ ਕਰਨ ਵਾਲੇ ਨਾਗਰਿਕਤਾ ਕਾਨੂੰਨ ਵਿਰੁਧ ਇੰਨੀ ਵੱਡੀ ਤਾਦਾਦ 'ਚ ਸੜਕਾਂ ਉਪਰ ਲੋਕਾਂ ਨੂੰ ਦੇਖ ਕੇ ਥੋੜ੍ਹਾ ਡਰੇ ਹੋਏ ਹੋ ਜੋ ਗੁਆਂਢੀ ਮੁਲਕਾਂ ਤੋਂ ਆਉਣ ਵਾਲੇ ਮੁਸਲਿਮ ਸ਼ਰਨਾਰਥੀਆਂ ਨਾਲ ਸ਼ਰੇਆਮ ਵਿਤਕਰਾ ਕਰਦਾ ਹੈ। ਲਿਹਾਜ਼ਾ ਤੁਸੀਂ ਪਹਿਲਾਂ ਹੀ ਦੇਖ ਲਿਆ ਹੈ ਕਿ ਲੋਕ ਇਸ ਨੂੰ ਸੌਖਿਆਂ ਨੂੰ ਸਵੀਕਾਰ ਨਹੀਂ ਕਰਨਗੇ।

ਲੇਕਿਨ ਇਸ ਵਿਰੋਧ ਨੂੰ ਦਬਾਉਣ ਲਈ ਤੁਹਾਨੂੰ ਗੈਰਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ (ਯੂ.ਏ.ਪੀ.ਏ.) ਵਰਗੇ ਕਾਲੇ ਕਾਨੂੰਨਾਂ ਦੀ ਵਰਤੋਂ ਕਰਨ ਤੋਂ ਕੌਣ ਰੋਕ ਸਕਦਾ ਹੈ ਜੋ ਸੌਖਿਆਂ ਹੀ ਪ੍ਰਦਰਸ਼ਨਕਾਰੀਆਂ ਵਿਰੁਧ ਵਰਤੇ ਜਾ ਸਕਦੇ ਹਨ?

ਹਾਂ ਸੱਚ, ਤੁਹਾਡੇ ਜਨਮ ਦਿਨ ਬਾਰੇ ਗੱਲ ਕਰੀਏ। ਮੇਰੀ ਇੱਛਾ ਹੈ ਕਿ ਤੁਹਾਡੀ ਤੰਦਰੁਸਤ ਲੰਮੀ ਉਮਰ ਹੋਵੇ ਅਤੇ ਇਸ ਦੀ ਇਕ ਵਜ੍ਹਾ ਹੈ।

ਸਭ ਤੋਂ ਪਹਿਲਾਂ ਤਾਂ ਮੇਰਾ ਵਿਸ਼ਵਾਸ ਹੈ ਕਿ ਕਿਸੇ ਦੇ ਦੁਸ਼ਮਣ ਦੀ ਉਮਰ ਉਦੋਂ ਤਕ ਲੰਮੀ ਹੋਣੀ ਚਾਹੀਦੀ ਹੈ, ਜਦ ਤੱਕ ਤੁਸੀਂ ਆਪਣੇ ਵਿਰੋਧੀ ਦੇ ਦਿਲ ਅਤੇ ਆਤਮਾ ਨੂੰ ਜਿੱਤ ਨਹੀਂ ਲੈਂਦੇ। ਸੱਚੀ ਜਿੱਤ ਇਹੀ ਹੁੰਦੀ ਹੈ। ਮੈਨੂੰ ਉਮੀਦ ਹੈ ਕਿ ਤੁਸੀਂ ਇਸ ਨਾਲ ਸਹਿਮਤ ਹੋਵੋਗੇ।

ਮੈਂ ਚਾਹੁੰਦਾ ਹਾਂ ਕਿ ਤੁਹਾਡੇ ਸੱਚੇ ਆਲੋਚਕ, ਨਾ ਕਿ ਜਾਅਲੀ, ਆਪਣੇ ਵਿਚਾਰਾਂ ਦੀ ਤਾਕਤ ਨਾਲ ਤੁਹਾਡੇ ਦਿਲ ਅਤੇ ਆਤਮਾ ਨੂੰ ਜਿੱਤ ਲੈਣ। ਜਾਅਲੀ ਆਲੋਚਕਾਂ ਤੋਂ ਮੇਰੀ ਮੁਰਾਦ ਉਹਨਾਂ ਤੋਂ ਹੈ ਜਿਹਨਾਂ ਬਾਰੇ ਤੁਸੀਂ ਆਪਣੇ ਤਾਜ਼ਾ ਜੇਤੂ ਭਾਸ਼ਨ ਵਿਚ ਠੀਕ ਹੀ ਕਿਹਾ ਸੀ ਕਿ ਜਿਹਨਾਂ ਨੇ ਝੂਠੀ ਧਰਮ-ਨਿਰਪੱਖਤਾ ਦੇ ਬਿੱਲੇ ਲਗਾਏ ਹੋ ਹਨ।

ਲਿਹਾਜ਼ਾ, ਤਸੱਲੀ ਰੱਖੋ, ਮੈਂ ਉਹਨਾਂ ਬਾਰੇ ਗੱਲ ਨਹੀਂ ਕਰਾਂਗਾ। ਬਹੁਤ ਸਾਰੀਆਂ ਚੀਜ਼ਾਂ ਬਾਰੇ ਮੇਰੀ ਤੁਹਾਡੇ ਨਾਲ ਸਹਿਮਤੀ ਬਿਲਕੁਲ ਨਹੀਂ, ਲੇਕਿਨ ਵਿਰੋਧੀ-ਧਿਰ ਕਾਂਗਰਸ ਪਾਰਟੀ ਬਾਰੇ ਤੁਹਾਡੀ ਰਾਇ ਨਾਲ ਮੈਂ ਪੂਰੀ ਤਰ੍ਹਾਂ ਸਹਿਮਤ ਹਾਂ ਜਿਸ ਉਪਰ ਤੁਸੀਂ ਬੇਕਸੂਰ ਸਿੱਖਾਂ ਵਿਰੁਧ ਦਹਿਸ਼ਤਵਾਦ ਦਾ ਦੋਸ਼ ਲਗਾਇਆ ਹੈ। ਜਿਹਨਾਂ ਦਾ 1984 'ਚ ਤੱਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਮੁਲਕ ਵਿਚ ਬੇਰਹਿਮੀ ਨਾਲ ਕਤਲੇਆਮ ਕੀਤਾ ਗਿਆ।

ਲੇਕਿਨ ਸਮੱਸਿਆ ਇਹ ਹੈ ਕਿ ਇਹੀ ਤਾਂ ਤੁਸੀਂ ਗੁਜਰਾਤ ਦੇ ਮੁੱਖ ਮੰਤਰੀ ਹੁੰਦਿਆਂ ਖੁਦ ਕੀਤਾ ਸੀ। ਜਿਸ ਰੇਲ ਗੱਡੀ ਵਿਚ ਹਿੰਦੂ ਤੀਰਥ ਯਾਤਰੀ ਸਵਾਰ ਸਨ, ਉਸ ਵਿਚ ਵਾਪਰੇ ਅਗਨੀਕਾਂਡ ਵਿਚ 50 ਤੋਂ ਵਧੇਰੇ ਲੋਕਾਂ ਦੇ ਮਾਰੇ ਜਾਣ ਤੋਂ ਬਾਅਦ ਇਹੀ ਤਾਂ ਵਾਪਰਿਆ ਸੀ।

ਹਾਲਾਂਕਿ ਇਕ ਜਾਂਚ ਕਮਿਸ਼ਨ ਇਸ ਨਤੀਜੇ 'ਤੇ ਪਹੁੰਚਿਆ ਸੀ ਕਿ ਇਹ ਹਾਦਸਾ ਸੀ, ਫਿਰ ਵੀ ਤੁਸੀਂ ਇਸ ਲਈ ਮੁਸਲਮਾਨਾਂ ਨੂੰ ਜ਼ਿੰਮੇਵਾਰ ਠਹਿਰਾਇਆ ਅਤੇ ਆਪਣੇ ਲੋਕਾਂ ਨੂੰ ਆਮ



ਨਾਗਰਿਕਾਂ ਨੂੰ ਨਿਸ਼ਾਨਾ ਬਣਾ ਕੇ ਇਸ ਦਾ ਬਦਲਾ ਲੈਣ ਦੀ ਇਜਾਜ਼ਤ ਦਿੱਤੀ। ਤੁਹਾਡੀ ਹੀ ਦਹਿਸ਼ਤਵਾਦ ਦੀ ਪ੍ਰੀਭਾਸ਼ਾ ਇਸਤੇਮਾਲ ਕਰਦੇ ਹੋਏ ਮੈਂ ਇਸ ਨੂੰ ਕੀ ਨਾਂ ਦੇਵਾਂ?

ਤੁਸੀਂ ਇਹ ਦਲੀਲ ਦੇ ਸਕਦੇ ਹੋ ਕਿ ਤੁਹਾਨੂੰ ਕਿਸੇ ਜੁਰਮ ਲਈ ਕਦੇ ਵੀ ਦੋਸ਼ੀ ਕਰਾਰ ਨਹੀਂ ਦਿੱਤਾ ਗਿਆ; ਲੇਕਿਨ ਸ੍ਰੀਮਾਨ ਮੋਦੀ, ਭਾਰਤੀ ਕਾਨੂੰਨ ਪ੍ਰਣਾਲੀ ਕਿਵੇਂ ਕੰਮ ਕਰਦੀ ਹੈ, ਇਹ ਤੁਸੀਂ ਹੋਰ ਕਿਸੇ ਨਾਲੋਂ ਬਿਹਤਰ ਸਮਝਦੇ ਹੋ। ਇਹੀ ਦਲੀਲ ਕਾਂਗਰਸ ਵੀ ਦੇ ਸਕਦੀ ਹੈ, ਕਿਉਂਕਿ ਤੱਤਕਾਲੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਸਿੱਖ ਕਤਲੇਆਮ ਵਿਚ ਮਿਲੀਭੁਗਤ ਦੇ ਬਾਵਜੂਦ ਕਦੇ ਵੀ ਉਸ ਨੂੰ ਦੋਸ਼ੀ ਕਰਾਰ ਨਹੀਂ ਦਿੱਤਾ ਗਿਆ।

ਆਪਾਂ ਇਹ ਗੱਲ ਨਾ ਕਰੀਏ ਕਿ ਕਾਂਗਰਸ ਤੁਹਾਡੇ ਬਾਰੇ ਕੀ ਕਹਿੰਦੀ ਹੈ। ਉਹ ਤਾਂ ਪਹਿਲਾਂ ਹੀ ਆਪਣੀ ਪ੍ਰਤੀਤ ਬਥੇਰੀ ਗੁਆ ਚੁੱਕੀ ਹੈ। ਦਰਅਸਲ ਮੈਂ ਤਾਂ ਉਹਨਾਂ ਲੋਕਾਂ ਵਲੋਂ ਤੁਹਾਡੇ ਨਾਲ ਦੋ ਗੱਲਾਂ ਕਰ ਰਿਹਾ ਹਾਂ ਜਿਹਨਾਂ ਨੂੰ ਤੁਹਾਡੀ ਪਾਰਟੀ ਅਤੇ ਤੁਹਾਡੀ ਸਰਕਾਰ ਬੁਰੀ ਤਰ੍ਹਾਂ ਸਤਾ ਰਹੀ ਹੈ।

ਮੁਸਲਮਾਨ ਸਭ ਤੋਂ ਜ਼ਿਆਦਾ ਸਤਾਏ ਜਾ ਰਹੇ ਸਮੂਹਾਂ ਵਿਚੋਂ ਇਕ ਹਨ। ਇਸ ਗੱਲ ਦੀ ਕੋਈ ਵੁਕਅਤ ਨਹੀਂ ਕਿ ਮੁੱਠੀ ਭਰ ਮੁਸਲਮਾਨ ਤੁਹਾਡੇ ਨਾਲ ਹਨ, ਬਹੁਤ ਸਾਰੇ ਸਿੱਖ ਵੀ ਇਸੇ ਤਰ੍ਹਾਂ ਕਾਂਗਰਸ ਦੇ ਨਾਲ ਸਨ; ਲੇਕਿਨ ਜਦ ਭਾਰਤ ਵਰਗੇ ਲੋਕਤੰਤਰ ਵਿਚ ਆਖਿਰਕਾਰ ਬਹੁਗਿਣਤੀ ਹੀ ਮਹੱਤਵਪੂਰਨ ਗਿਣੀ ਜਾਂਦੀ ਹੈ ਤਾਂ ਐਸੇ ਦਰਕੰਜ ਜਾਂ ਚਿੰਨ੍ਹਾਤਮਕ ਗੱਲਾਂ ਦੀ ਕੌਣ ਪ੍ਰਵਾਹ ਕਰਦਾ ਹੈ?

ਤੁਸੀਂ ਸੰਨ 2002 'ਚ ਮੁਸਲਮਾਨਾਂ ਉਪਰ ਜ਼ੁਲਮ ਕੀਤੇ। ਉਸ ਤੋਂ ਵੀ ਪਹਿਲਾਂ, ਤੁਹਾਡੀ ਪਾਰਟੀ ਦੇ ਹਮਾਇਤੀਆਂ ਨੇ 1992 'ਚ ਉਹਨਾਂ ਦੀ ਮਸਜਿਦ ਢਾਹ ਦਿੱਤੀ ਸੀ। 2019 'ਚ, ਤੁਸੀਂ ਇਕੋ-ਇਕ ਮੁਸਲਿਮ ਬਹੁਗਿਣਤੀ ਵਾਲੇ ਰਾਜ ਕਸ਼ਮੀਰ ਦਾ ਵਿਸ਼ੇਸ਼ ਦਰਜਾ ਖਤਮ ਕਰ ਦਿੱਤਾ, ਜਦਕਿ ਇਸ ਦੌਰਾਨ ਤੁਹਾਡੇ ਬੰਦੇ ਬੇਖੌਫ ਹੋ ਕੇ ਮੁਸਲਮਾਨਾਂ ਦੇ ਹਜੂਮੀ ਕਤਲ ਕਰਦੇ ਰਹੇ। ਕੁਝ ਲੋਕਾਂ ਨੇ ਉਹਨਾਂ ਦੇ ਹਿੰਸਕ ਕਾਰਿਆਂ ਦੀਆਂ ਵੀਡੀਓ ਬਣਾ ਕੇ ਸੋਸ਼ਲ ਮੀਡੀਆ ਉਪਰ ਪਾਈਆਂ।

ਹਾਂ ਸ੍ਰੀਮਾਨ ਮੋਦੀ, ਜਿਹਨਾਂ ਨੂੰ ਤੁਸੀਂ ਟਵਿੱਟਰ ਉਪਰ ਫਾਲੋ ਕਰਦੇ ਹੋ, ਉਹਨਾਂ 'ਚੋਂ ਕੁਝ ਸੱਚੀਮੁੱਚੀ ਬਹੁਤ ਹੀ ਦਿਲਚਸਪ ਲੋਕ ਹਨ। ਉਹਨਾਂ ਵਿਚੋਂ ਇਕ ਸ਼ਖਸ ਨੇ ਤਾਂ ਪੱਤਰਕਾਰ ਗੌਰੀ ਲੰਕੇਸ਼ ਦੇ ਕਤਲ ਦੀ ਤਾਰੀਫ ਵੀ ਕੀਤੀ ਜਿਸ ਦੀ ਤੁਹਾਡੀ ਵਿਚਾਰਧਾਰਾ ਦੇ ਹਮਾਇਤੀਆਂ ਨੇ 2017 'ਚ ਹੱਤਿਆ ਕਰ ਦਿੱਤੀ ਸੀ।

ਮੇਰੀ ਸਮਝ ਤੋਂ ਬਾਹਰ ਹੈ ਕਿ ਤੁਸੀਂ ਕਿਸ ਆਧਾਰ 'ਤੇ ਇਸਲਾਮਿਕ ਦਹਿਸ਼ਤਵਾਦ ਬਾਰੇ ਇੰਨੀ ਬਿਆਨਬਾਜ਼ੀ ਕਰਦੇ ਹੋ, ਜਦ ਤੁਹਾਡੇ ਆਪਣੇ ਹੀ ਫਿਰਕੇ ਦੇ ਲੋਕ ਐਸੀਆਂ ਕਾਰਵਾਈਆਂ ਵਿਚ ਸ਼ਾਮਲ ਹਨ? ਇਕ ਪਾਸੇ, ਤੁਸੀਂ ਮੋਹਨਦਾਸ ਕਰਮਚੰਦ ਗਾਂਧੀ ਦੀਆਂ ਤਾਰੀਫਾਂ ਕਰਦੇ ਹੋ, ਜਦਕਿ ਦੂਜੇ ਪਾਸੇ ਤੁਹਾਡੀ ਹੀ ਪਾਰਟੀ ਦੇ ਮੈਂਬਰ ਉਸ ਦੇ ਕਾਤਲ ਨੱਥੂਰਾਮ ਗੌਡਸੇ ਦੇ ਸੋਹਲੇ ਗਾਉਂਦੇ ਹਨ। ਇਕ ਸੰਸਦ ਮੈਂਬਰ ਸਾਧਵੀ ਪ੍ਰਗਿਆ ਸਿੰਘ ਠਾਕੁਰ, ਜੋ 2008 'ਚ ਮੁਸਲਿਮ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਲਈ ਕੀਤੇ ਬੰਬ ਧਮਾਕਿਆਂ ਦੀ ਦੋਸ਼ੀ ਸੀ, ਗੌਡਸੇ ਨੂੰ ਦੇਸ਼ਭਗਤ ਕਹਿੰਦੀ ਹੈ। ਤੁਸੀਂ ਖੁਦ ਉਸ ਨੂੰ ਸਿਆਸਤ ਵਿਚ ਲੈ ਕੇ ਆਏ ਅਤੇ ਲੰਘੀਆਂ ਆਮ ਚੋਣਾਂ ਵਿਚ ਉਸ ਦੀ ਜਿੱਤ ਯਕੀਨੀ ਬਣਾਈ। ਇਉਂ ਲੱਗਦਾ ਹੈ ਕਿ ਦਹਿਸ਼ਤਵਾਦ ਬਾਰੇ ਤੁਹਾਡੇ ਦੋ ਵੱਖੋ-ਵੱਖਰੇ ਪੈਮਾਨੇ ਹਨ। ਸ਼ਾਇਦ ਹਿੰਦੂ ਦਹਿਸ਼ਤਗਰਦ ਹੋਣਾ ਬਹੁਤ ਵਧੀਆ ਗੱਲ ਹੈ, ਜੋ ਮੁਸਲਮਾਨਾਂ ਦੀਆਂ ਹੱਤਿਆਵਾਂ ਕਰ ਸਕਦਾ ਹੈ, ਉਹਨਾਂ ਦੇ ਪੂਜਾ ਸਥਾਨਾਂ ਨੂੰ ਨਸ਼ਟ ਕਰ ਸਕਦਾ ਹੈ ਅਤੇ ਫਿਰ ਤੁਹਾਡੇ ਆਸ਼ੀਰਵਾਦ ਨਾਲ ਚੋਣਾਂ ਵਿਚ ਖੜ੍ਹਾ ਹੋ ਕੇ ਚੁਣਿਆ ਜਾ ਸਕਦਾ ਹੈ; ਲੇਕਿਨ ਜੇ ਦਹਿਸ਼ਤਗਰਦ ਮੁਸਲਮਾਨ ਜਾਂ ਸਿੱਖ ਹੈ ਤਾਂ ਪੁਲਿਸ ਬਿਨਾ ਮੁਕੱਦਮਾ ਚਲਾਏ ਉਸ ਦੀ ਹੱਤਿਆ ਕਰ ਦੇਵੇਗੀ ਜਾਂ ਉਸ ਉਪਰ ਯੂ.ਏ.ਪੀ.ਏ. ਲਗਾ ਦਿੱਤਾ ਜਾਵੇਗਾ ਜਿਸ ਨੂੰ ਹਿੰਦੂ ਅਤਿਵਾਦੀਆਂ ਉਪਰ ਕਦੇ ਨਹੀਂ ਲਗਾਇਆ ਜਾਂਦਾ। ਵਾਹ!

1992 ਤੋਂ ਲੈ ਕੇ ਹਿੰਸਾ ਦੀਆਂ ਇਹਨਾਂ ਤਮਾਮ ਕਾਰਵਾਈਆਂ ਨੂੰ ਤੁਸੀਂ ਜਿਸ ਤਰ੍ਹਾਂ ਵਾਜਬ ਠਹਿਰਾਉਂਦੇ ਹੋ, ਇਸ ਦਾ ਨਤੀਜਾ ਆਖਿਰਕਾਰ ਹੋਰ ਜ਼ਿਆਦਾ ਖੂਨ-ਖਰਾਬੇ ਵਿਚ ਨਿਕਲੇਗਾ। ਅਸੀਂ ਕੁਲ ਆਲਮ ਵਿਚ ਬਦਲਾਖੋਰੀ ਅਤੇ ਦਹਿਸ਼ਤਵਾਦ ਦੇ ਇਤਿਹਾਸ ਦਾ ਵਾਰ-ਵਾਰ ਦੁਹਰਾਓ ਹੁੰਦਾ ਦੇਖਿਆ ਹੈ ਅਤੇ ਭਾਰਤ ਇਸ ਤੋਂ ਵੱਖਰਾ ਨਹੀਂ ਹੈ। ਆਖਿਰਕਾਰ, ਭਾਰਤ ਖੁਦ ਇਸ ਦਾ ਗਵਾਹ ਹੈ ਕਿਵੇਂ 1984 ਦੀਆਂ ਘਿਨਾਉਣੀਆਂ ਘਟਨਾਵਾਂ ਨੇ ਸਿੱਖ ਵੱਖਵਾਦ ਨੂੰ ਹਵਾ ਦਿੱਤੀ, ਜਿਸ ਨੂੰ ਤੁਸੀਂ ਇੰਨਾ ਜ਼ਿਆਦਾ ਭੰਡਦੇ ਹੋ। ਇਹਨਾਂ ਸਾਲਾਂ 'ਚ ਤੁਹਾਡੇ ਕਰ ਕੇ ਜਿਹਨਾਂ ਲੋਕਾਂ ਨੂੰ ਇੰਨਾ ਕੁਝ ਝੱਲਣਾ ਪਿਆ, ਜਦ ਤੁਹਾਡੇ ਰਾਜ ਵਿਚ ਅਦਾਲਤਾਂ ਵਿਚ ਉਹਨਾਂ ਪੀੜਤਾਂ ਨੂੰ ਨਿਆਂ ਦੇਣ ਦੀ ਇੱਛਾ ਸ਼ਕਤੀ ਹੀ ਨਹੀਂ, ਤਾਂ ਉਹ ਨਿਆਂ ਲੈਣ ਦੀ ਖਾਤਰ ਕਾਨੂੰਨ ਨੂੰ ਆਪਣੇ ਹੱਥ ਵਿਚ ਲੈਣ ਤੋਂ ਸਿਵਾਏ ਹੋਰ ਕਰ ਵੀ ਕੀ ਸਕਦੇ ਹਨ?

ਇਹ ਨਾ ਸੋਚੋ ਕਿ ਤੁਹਾਡੇ ਨੱਕ ਹੇਠ ਜੋ ਵਾਪਰ ਰਿਹਾ ਹੈ, ਉਸ ਦੇ ਕੋਈ ਮਾੜੇ ਨਤੀਜੇ ਨਹੀਂ ਹੋਣਗੇ। ਤੁਹਾਡੇ ਪਵਿੱਤਰ ਗ੍ਰੰਥ ਭਾਗਵਦ ਗੀਤਾ ਦੇ ਹਵਾਲੇ ਨਾਲ ਮੈਂ ਇਹ ਕਹਿਣਾ ਚਾਹਾਂਗਾ ਕਿ ਤੁਹਾਨੂੰ ਆਪਣੇ ਕੀਤੇ ਦਾ ਫਲ ਭੁਗਤਣਾ ਹੀ ਪੈਂਦਾ ਹੈ। ਇਹ ਨਾ ਭੁੱਲੋ ਕਿ ਤੁਸੀਂ ਖੁਦ ਨਿਊਟਨ ਦੇ ਗਤੀ ਦੇ ਨਿਯਮ ਦਾ ਹਵਾਲਾ ਦੇ ਕੇ ਰੇਲ ਅੱਗਜ਼ਨੀ ਕਾਂਡ ਦੇ ਹਵਾਲੇ ਨਾਲ 2002 ਦੇ ਮੁਸਲਿਮ ਵਿਰੋਧੀ ਕਤਲੇਆਮ ਨੂੰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕੀਤੀ ਸੀ, ਜੋ ਕਹਿੰਦਾ ਹੈ ਕਿ ਹਰ ਕਿਰਿਆ ਦੀ ਬਰਾਬਰ ਪ੍ਰਤੀਕਿਰਿਆ ਹੁੰਦੀ ਹੈ ਅਤੇ ਇਹ ਉਲਟ ਦਿਸ਼ਾ ਵਿਚ ਹੁੰਦੀ ਹੈ। ਬਦਕਿਸਮਤੀ ਨਾਲ, ਤੁਹਾਡੇ ਕੋਲ ਨਿਊਟਨ ਦੇ ਨਿਯਮ ਦਾ ਕਾਪੀਰਾਈਟ ਨਹੀਂ ਹੈ। ਤੁਹਾਡੀਆਂ ਕਾਰਵਾਈਆਂ ਦੇ ਬਦਲਾਊ ਪ੍ਰਤੀਕਰਮ ਵਜੋਂ ਕੋਈ ਵੀ ਇਸ ਨਿਯਮ ਦਾ ਹਵਾਲਾ ਦੇ ਕੇ ਇਉਂ ਕਹਿ ਸਕਦਾ ਹੈ। ਛੇਤੀ ਹੀ ਤੁਸੀਂ ਆਪਣੀਆਂ ਕਾਰਵਾਈਆਂ ਦੇ ਨਤੀਜੇ ਵਜੋਂ ਇਹ ਕੁਝ ਵਾਪਰਦਾ ਖੁਦ ਦੇਖੋਗੇ। ਲਿਹਾਜ਼ਾ, ਇਹ ਮਹੱਤਵਪੂਰਨ ਹੈ ਕਿ ਤੁਸੀਂ ਜ਼ਿੰਦਾ ਰਹੋ ਅਤੇ ਤੁਹਾਨੂੰ ਆਪਣੇ ਕੀਤੇ ਦਾ ਪਛਤਾਵਾ ਹੋਵੇ।

ਮੈਂ ਪਹਿਲਾਂ ਹੀ ਜਾਣਦਾ ਹਾਂ ਕਿ ਤੁਸੀਂ ਅੱਤਿਆਚਾਰੀ ਤਾਨਾਸ਼ਾਹ ਹੋ। ਧਾਰਮਿਕ ਘੱਟਗਿਣਤੀਆਂ ਅਤੇ ਆਪਣੇ ਵਿਰੋਧੀਆਂ ਪ੍ਰਤੀ ਦਿਆਲੂ ਹੋ ਕੇ ਮੈਨੂੰ ਗਲਤ ਸਿੱਧ ਕਰਨਾ ਤੁਹਾਡਾ ਕੰਮ ਹੈ। ਆਪਣੇ ਜਨਮ ਦਿਨ 'ਤੇ ਘੱਟੋ-ਘੱਟ ਇਹ ਸ਼ੁਰੂਆਤ ਤੁਸੀਂ ਦਿੱਲੀ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਜੀ.ਐਨ. ਸਾਈਬਾਬਾ ਨੂੰ ਰਿਹਾਅ ਕਰ ਕੇ ਕਰ ਸਕਦੇ ਹੋ। ਵ੍ਹੀਲਚੇਅਰ ਦੇ ਮੁਹਤਾਜ ਇਸ ਪ੍ਰੋਫੈਸਰ ਦਾ ਕਮਰ ਤੋਂ ਹੇਠਲਾ ਹਿੱਸਾ ਪੂਰੀ ਤਰ੍ਹਾਂ ਨਕਾਰਾ ਹੈ ਅਤੇ ਉਸ ਤੋਂ ਕਿਸੇ ਨੂੰ ਕੋਈ ਖਤਰਾ ਨਹੀਂ ਹੈ। ਉਸ ਨੂੰ ਕਾਂਗਰਸ ਦੇ ਰਾਜ ਦੇ ਸਮੇਂ ਤੋਂ ਹੀ ਜੇਲ੍ਹ ਵਿਚ ਡੱਕਿਆ ਹੋਇਆ ਹੈ, ਸਿਰਫ ਇਸ ਕਾਰਨ ਕਿ ਉਹ ਆਦਿਵਾਸੀਆਂ ਦੇ ਹੱਕ ਵਿਚ ਖੜ੍ਹਦਾ ਸੀ ਜਿਹਨਾਂ ਨੂੰ ਖਣਨ ਕਾਰੋਬਾਰੀਆਂ ਵਲੋਂ ਵਿਕਾਸ ਦੇ ਨਾਂ ਹੇਠ ਜ਼ਮੀਨਾਂ ਤੋਂ ਬੇਦਖਲ ਕੀਤਾ ਜਾ ਰਿਹਾ ਹੈ। ਜਿੱਥੋਂ ਤੱਕ ਜਮਹੂਰੀ ਵਿਰੋਧ ਦੇ ਹੱਕ ਨੂੰ ਕੁਚਲਣ ਦਾ ਸਵਾਲ ਹੈ, ਕਾਂਗਰਸ ਦੀ ਕੁਲ ਆਲੋਚਨਾ ਦੇ ਬਾਵਜੂਦ ਤੁਸੀਂ ਦੋਨੋਂ ਇਸ ਜੁਰਮ ਦੇ ਭਾਗੀਦਾਰ ਹੋ।

ਜਦ ਕੋਵਿਡ-19 ਮਹਾਮਾਰੀ ਫੈਲੀ ਤਾਂ ਤੁਸੀਂ ਕਰੋਨਾ ਨਾਲ ਕਰੁਣਾ (ਹਮਦਰਦੀ) ਨਾਲ ਲੜਨ ਦਾ ਸੱਦਾ ਦਿੱਤਾ; ਲੇਕਿਨ ਜੇਲ੍ਹ ਅਧਿਕਾਰੀਆਂ ਨੇ ਹੱਦੋਂ ਵੱਧ ਭੀੜ-ਭੜੱਕੇ ਵਾਲੀਆਂ ਜੇਲ੍ਹਾਂ ਵਿਚ ਮਹਾਮਾਰੀ ਫੈਲਣ ਦੇ ਖਤਰੇ ਦੇ ਮੱਦੇਨਜ਼ਰ ਕੋਈ ਹਮਦਰਦੀ ਨਹੀਂ ਦਿਖਾਈ, ਉਹਨਾਂ ਨੇ ਤਾਂ ਪ੍ਰੋਫੈਸਰ ਸਾਈਬਾਬਾ ਨੂੰ ਆਪਣੀ ਮਰਨ-ਬਿਸਤਰ 'ਤੇ ਪਈ ਮਾਂ ਨੂੰ ਮਿਲਣ ਦੀ ਇਜਾਜ਼ਤ ਵੀ ਨਹੀਂ ਦਿੱਤੀ, ਆਮ ਸਜ਼ਾ ਮਾਫੀ ਦੇਣ ਦੀ ਤਾਂ ਗੱਲ ਛੱਡੋ।

ਤੁਹਾਨੂੰ ਲੋਕਾਂ ਨੂੰ ਆਪਣੇ ਜਨਮ ਦਿਨ ਉਪਰ ਕਿਸੇ ਨੂੰ ਬਨਾਉਟੀ ਅੰਗ ਦਾਨ ਕਰਨ ਦੀ ਲੋੜ ਨਹੀਂ ਹੈ। ਬਸ ਸਾਈ ਬਾਬਾ ਨੂੰ ਰਿਹਾਅ ਕਰ ਦਿਓ, ਅਸੀਂ ਤੁਹਾਡੇ ਸ਼ੁਕਰਗੁਜ਼ਾਰ ਹੋਵਾਂਗੇ। ਤੁਹਾਡੇ ਬਾਕੀ ਰਿਪੋਰਟ ਕਾਰਡ ਲਈ ਅਸੀਂ ਅਗਲੀ ਵਾਰ ਦੀ ਇੰਤਜ਼ਾਰ ਕਰ ਸਕਦੇ ਹਾਂ। ਚਾਹੇ ਮੈਨੂੰ ਤੁਹਾਡੇ ਜਾਂ ਤੁਹਾਡੇ ਪ੍ਰਸ਼ਾਸਕਾਂ ਤੋਂ ਕੋਈ ਉਮੀਦ ਨਹੀਂ ਹੈ, ਫਿਰ ਵੀ ਮੈਨੂੰ ਤੁਹਾਡੀ ਕਾਰਵਾਈ ਦੀ ਉਤਸੁਕਤਾ ਨਾਲ ਉਡੀਕ ਰਹੇਗੀ।

ਤੁਹਾਨੂੰ ਜਨਮ ਦਿਨ ਦੀ ਪੇਸ਼ਗੀ ਮੁਬਾਰਕਬਾਦ।

*-ਗੁਰਪ੍ਰੀਤ ਸਿੰਘ*

***ਕੋਵਿਡ-19 ਮਹਾਮਾਰੀ ਫੈਲੀ ਤਾਂ ਤੁਸੀਂ ਕਰੋਨਾ ਨਾਲ ਕਰੁਣਾ (ਹਮਦਰਦੀ) ਨਾਲ ਲੜਨ ਦਾ ਸੱਦਾ ਦਿੱਤਾ; ਲੇਕਿਨ ਜੇਲ੍ਹ ਅਫਸਰਾਂ ਨੇ ਭੀੜ-ਭੜੱਕੇ ਵਾਲੀਆਂ ਜੇਲ੍ਹਾਂ 'ਚ ਮਹਾਮਾਰੀ ਫੈਲਣ ਦੇ ਖਤਰੇ ਦੇ ਮੱਦੇਨਜ਼ਰ ਕੋਈ ਹਮਦਰਦੀ ਨਹੀਂ ਦਿਖਾਈ, ਉਹਨਾਂ ਨੇ ਤਾਂ ਪ੍ਰੋ. ਸਾਈਬਾਬਾ ਨੂੰ ਮਰਨ ਕਿਨਾਰੇ ਪਈ ਮਾਂ ਨੂੰ ਮਿਲਣ ਦੀ ਇਜਾਜ਼ਤ ਵੀ ਨਹੀਂ ਦਿੱਤੀ, ਆਮ ਸਜ਼ਾ ਮੁਆਫੀ ਦੇਣ ਦੀ ਤਾਂ ਗੱਲ ਛੱਡੋ।***



# ਭਾਰਤੀ ਅਰਥਚਾਰੇ ਦਾ ਗੰਭੀਰ ਸੰਕਟ ਅਤੇ ਸਿਆਸੀ ਖਲਾਅ

ਮੋਹਨ ਸਿੰਘ (ਡਾ.)
ਫੋਨ: +91-78883-27695

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਭਾਰਤ ਦੇ 'ਅੱਛੇ ਦਿਨ ਆਉਣ' ਦੇ ਸੁਪਨੇ ਵੇਚਣ ਦੇ ਬਾਵਜੂਦ ਭਾਰਤ ਦੀ ਆਰਥਿਕ ਹਾਲਤ ਲਗਾਤਾਰ ਵਿਗੜ ਰਹੀ ਹੈ। 2020-21 ਦੀ ਪਹਿਲੀ ਤਿਮਾਹੀ ਦੇ ਅੰਕੜੇ ਭਾਰਤੀ ਅਰਥਚਾਰੇ ਦੀ ਨਿਰਸ਼ਾਜਨਕ ਹਾਲਤ ਪੇਸ਼ ਕਰਨ ਵਾਲੇ ਹਨ। ਇਨ੍ਹਾਂ ਅਨੁਸਾਰ ਭਾਰਤ ਦੀ ਕੁੱਲ ਘਰੇਲੂ ਪੈਦਾਵਾਰ ਪਿਛਲੇ ਸਾਲ ਨਾਲੋਂ 23.9 ਫ਼ੀਸਦ ਘਟ ਗਈ ਹੈ। ਭਾਰਤ ਦੀ ਇਹ ਹਾਲਤ ਦੁਨੀਆ ਭਰ ਦੇ ਸਾਰੇ ਦੇਸ਼ਾਂ ਨਾਲੋਂ ਮਾੜੀ ਹੈ। ਅਰਥਚਾਰੇ ਦੀ ਇਹ ਦੁਰਦਸ਼ਾ ਕਰੋਨਾ ਮਹਾਮਾਰੀ ਕਾਰਨ ਨਹੀਂ ਹੋਈ ਕਿਉਂਕਿ ਕਰੋਨਾ ਮਹਾਮਾਰੀ ਨੇ ਤਾਂ ਸਾਰੇ ਦੇਸ਼ਾਂ ਨੂੰ ਲਪੇਟ ਵਿਚ ਲਿਆ ਹੋਇਆ ਹੈ। ਭਾਰਤ ਦਾ ਮੈਨੂਫੈਕਚਰਿੰਗ ਖੇਤਰ 39 ਫ਼ੀਸਦ; ਵਪਾਰ, ਹੋਟਲ ਤੇ ਹੋਰ ਸੇਵਾਵਾਂ 47 ਫ਼ੀਸਦ; ਮਾਈਨਿੰਗ 23 ਫ਼ੀਸਦ; ਸੀਮੈਂਟ-38 ਫ਼ੀਸਦ ਅਤੇ ਸਟੀਲ ਖਪਤ 56 ਫ਼ੀਸਦ ਥੱਲੇ ਆਈ ਹੈ। ਮੁਲਕ ਦਾ ਰਾਜਕੋਸ਼ੀ ਘਾਟਾ ਜੋ (ਅੰਕੜਿਆਂ ਦੀ ਜਾਦੂਗਰੀ ਨਾਲ ਬਜਟ 2020-21 ਅਨੁਸਾਰ 3.5 ਫ਼ੀਸਦ ਰਹਿਣਾ ਚਾਹੀਦਾ ਸੀ) -7 ਫ਼ੀਸਦ ਤੱਕ ਪਹੁੰਚ ਗਿਆ ਹੈ।

ਕਾਂਗਰਸ ਪਾਰਟੀ ਨੇ 1990ਵਿਆਂ ਦੇ ਸ਼ੁਰੂ ਵਿਚ ਭਾਰਤ ਨੂੰ ਆਰਥਿਕ ਸੰਕਟ ਵਿਚੋਂ ਕੱਢਣ ਲਈ 'ਨਵੀਆਂ ਆਰਥਿਕ ਨੀਤੀਆਂ' ਤਹਿਤ ਨਵ-ਉਦਾਰਵਾਦੀ ਨੀਤੀਆਂ ਅਪਣਾਈਆਂ ਸਨ ਪਰ ਇਹ ਨੀਤੀਆਂ ਵੀ ਭਾਰਤੀ ਅਰਥਚਾਰੇ ਨੂੰ ਸੰਕਟ ਵਿਚੋਂ ਨਹੀਂ ਕੱਢ ਸਕੀਆਂ। ਸਾਮਰਾਜੀ ਦੇਸ਼ਾਂ, ਵਿਸ਼ੇਸ਼ ਕਰ ਕੇ ਅਮਰੀਕਾ ਨੇ ਭਾਰਤ ਦੇ ਆਰਥਿਕ ਸੰਕਟ ਵਿਚੋਂ ਨਾ ਉਭਰ ਸਕਣ ਦਾ ਕਾਰਨ ਇਨ੍ਹਾਂ ਨਵ-ਉਦਾਰਵਾਦੀ ਆਰਥਿਕ ਨੀਤੀਆਂ ਨੂੰ ਵਿਆਪਕ ਰੂਪ ਵਿਚ ਲਾਗੂ ਨਾ ਕਰਨਾ ਦੱਸਿਆ ਸੀ ਅਤੇ ਤਤਕਾਲੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਅੰਡਰ-ਅਚੀਵਰ (ਘੱਟ ਪ੍ਰਾਪਤੀਆਂ ਕਰ ਸਕਣ ਕਰਨ ਵਾਲਾ) ਕਿਹਾ ਸੀ। ਇਸੇ ਕਰ ਕੇ ਦੇਸੀ-ਵਿਦੇਸ਼ੀ ਕਾਰਪੋਰੇਟਾਂ ਨੇ ਕਾਂਗਰਸ ਪਾਰਟੀ ਦੀ ਅਗਵਾਈ ਵਾਲੀ ਯੂਪੀਏ ਸਰਕਾਰ ਦੀ ਬਜਾਇ ਬੀਜੇਪੀ ਦੀ ਐੱਨਡੀਏ ਦੀ ਮਦਦ ਕਰਨ ਕਾਰਨ 2014 ਦੀਆਂ ਲੋਕ ਸਭਾ ਚੋਣਾਂ ਵਿਚ ਬੀਜੇਪੀ ਦੀ ਜਿੱਤ ਅਤੇ ਕਾਂਗਰਸ ਪਾਰਟੀ ਹਾਰ ਹੋਈ ਸੀ।

ਇਉਂ ਨਰਿੰਦਰ ਮੋਦੀ ਦੀ ਅਗਵਾਈ ਹੇਠ ਬੀਜੇਪੀ ਸਰਕਾਰ ਨੇ ਸੱਤਾ ਵਿਚ ਆ ਕੇ ਨਵ-ਉਦਾਰਵਾਦੀ ਨੀਤੀਆਂ ਥੋਕ ਰੂਪ ਵਿਚ ਲਾਗੂ ਕੀਤੀਆਂ। ਮੋਦੀ ਨੇ 2019 ਦੀਆਂ ਲੋਕ ਸਭਾ ਚੋਣਾਂ ਦੌਰਾਨ 2014 ਨਾਲੋਂ ਵੀ ਹੂੰਝਾ ਫੇਰੂ ਜਿੱਤ ਪ੍ਰਾਪਤ ਕੀਤੀ। ਲਗਾਤਾਰ ਦੋ ਵਾਰ ਲੋਕ ਸਭਾ ਚੋਣਾਂ ਵਿਚ ਬੁਰੀ ਤਰ੍ਹਾਂ ਸ਼ਿਕਸਤ ਖਾਣ ਤੋਂ ਬਾਅਦ ਕਾਂਗਰਸ ਲੀਡਰਸ਼ਿਪ ਬੁਰੀ ਤਰ੍ਹਾਂ ਨਿੰਸਲ ਹੋ ਕੇ ਬੇਦਿਲ ਹੋ ਗਈ। ਕਾਫੀ ਸਮੇਂ ਬਾਅਦ ਨਾਰਾਜ਼ ਹੋਏ 23 ਕਾਂਗਰਸੀ ਆਗੂਆਂ ਨੇ ਲੀਡਰਸ਼ਿਪ ਅਤੇ ਕੰਮ ਕਰਨ ਦੀ ਸ਼ੈਲੀ ਵਿਚ ਵੱਡੀ ਰੱਦੋ-ਬਦਲ ਲਈ ਚਿੱਠੀ ਲਿਖੀ ਗਈ। ਅਸਲ ਵਿਚ, ਕਾਂਗਰਸ ਅੰਦਰ ਲੀਡਰਸ਼ਿਪ ਦਾ ਸੰਕਟ ਪੈਦਾ ਹੋ ਗਿਆ ਸੀ ਅਤੇ ਇਸ ਸੰਕਟ ਦੇ ਬੀਜ ਉਸ ਸਮੇਂ ਹੀ ਬੀਜੇ ਗਏ ਸਨ, ਜਦੋਂ ਰਾਹੁਲ ਗਾਂਧੀ ਨੇ ਅਪਰੈਲ 2019 ਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਕਾਂਗਰਸ ਦੀ ਹਾਰ ਦਾ ਵੱਡਾ ਕਾਰਨ ਇਸ ਦੇ ਆਹਲਾ ਆਗੂਆਂ ਵਲੋਂ ਇਕਜੁੱਟ ਟੀਮ ਦੇ ਤੌਰ 'ਤੇ ਕੰਮ ਨਾ ਕਰਨ ਵਿਚ ਚਿੰਨ੍ਹਤ ਕਰਦਿਆਂ ਕਾਂਗਰਸ ਦੀ ਪ੍ਰਧਾਨਗੀ ਤੋਂ ਅਸਤੀਫਾ ਦੇ ਦਿੱਤਾ ਸੀ। ਕਾਂਗਰਸੀ ਆਗੂਆਂ ਵਲੋਂ ਚੋਣ ਮੁਹਿੰਮ ਦੌਰਾਨ ਪੂਰਾ ਤਾਣ ਨਾ ਲਾਉਣ ਤੇ ਰਾਹੁਲ ਗਾਂਧੀ ਨੇ ਨਾਰਾਜ਼ਗੀ ਜ਼ਾਹਰ ਕੀਤੀ ਸੀ ਕਿ ਉਸ ਨੂੰ ਇਕੱਲੇ ਨੂੰ ਚੋਣ ਮੁਹਿੰਮ ਚਲਾਉਣੀ ਪਈ ਸੀ। ਨਾਲ ਹੀ ਉਸ ਨੇ ਪਾਰਟੀ ਦੀ ਕਮਾਨ ਮੁੜ ਸੰਭਾਲਣ ਦੀ ਹਾਮੀ ਨਹੀਂ ਭਰੀ।

ਲੋਕ ਸਭਾ ਚੋਣਾਂ ਤੋਂ ਬਾਅਦ ਅਰਥਚਾਰੇ ਦੇ ਹੋਰ ਸੰਕਟ 'ਚ ਫਸਣ ਕਾਰਨ ਲੋਕਾਂ ਅੰਦਰ ਬੇਚੈਨੀ ਵਧ ਰਹੀ ਸੀ। ਅਰਥਚਾਰੇ ਦਾ ਵਿਤੀ ਸੰਕਟ ਵੀ ਵਧ ਰਿਹਾ ਸੀ। ਬੈਂਕਾਂ ਦੇ ਐਨ.ਪੀ.ਏ. ਵਧ ਰਹੇ ਸਨ ਅਤੇ ਗੈਰ ਬੈਂਕਿੰਗ ਵਿਤੀ ਕੰਪਨੀਆਂ ਸੰਕਟ ਵਿਚ ਫਸ ਕੇ ਤਬਾਹ ਹੋ ਰਹੀਆਂ ਸਨ। ਬੇਰੁਜ਼ਗਾਰੀ ਤੇਜ਼ੀ ਨਾਲ ਵਧ ਰਹੀ ਸੀ। ਕਰਜ਼ੇ ਥੱਲੇ ਦਬੇ ਕਿਸਾਨ ਅਤੇ ਪੇਂਡੂ ਮਜ਼ਦੂਰ ਵੱਡੀ ਪੱਧਰ 'ਤੇ ਖੁਦਕੁਸ਼ੀਆਂ ਕਰ ਰਹੇ ਸਨ। ਮੋਦੀ ਦੇ 'ਅੱਛੇ ਦਿਨ ਆਨੇ ਵਾਲੇ ਹੈਂ" ਦਾ ਮੁਹਾਵਰਾ ਹੋਰ ਦਮ ਤੋੜ ਰਿਹਾ ਸੀ। ਕਾਂਗਰਸ ਦੀ ਕੇਂਦਰੀ ਕਮਾਨ ਵਲੋਂ ਲੋਕ ਸਭਾ ਚੋਣਾਂ ਤੋਂ ਮਗਰੋਂ ਵਿਧਾਨ ਸਭਾ ਚੋਣਾਂ ਸਮੇਂ ਬੇਦਿਲੀ ਦੇ ਬਾਵਜੂਦ ਕਾਂਗਰਸ ਦੀ ਰਾਜਸਥਾਨ, ਮੱਧ ਪ੍ਰਦੇਸ਼, ਛੱਤੀਸਗੜ੍ਹ ਤੇ ਕਰਨਾਟਕ ਵਿਧਾਨ ਸਭਾਵਾਂ ਅੰਦਰ ਜਿੱਤ ਹੋਈ ਸੀ ਅਤੇ ਹਰਿਆਣਾ ਅੰਦਰ ਵੀ ਇਸ ਦਾ ਪ੍ਰਦਰਸ਼ਨ ਠੀਕ ਰਿਹਾ ਸੀ। ਕਾਂਗਰਸ ਲੀਡਰਸ਼ਿਪ ਵਲੋਂ ਚੋਣਾਂ ਜ਼ੋਰ ਨਾਲ ਲੜਨ ਨਾਲ ਇਨ੍ਹਾਂ ਦੇ ਨਤੀਜੇ ਹੋਰ ਹੋ ਸਕਦੇ ਸਨ।

ਮੋਦੀ ਸਰਕਾਰ ਨੇ ਸੱਤਾ ਦੀ ਆਪਣੀ ਪਹਿਲੀ ਪਾਰੀ ਵਿਚ ਭਾਰਤ ਦੇ ਆਰਥਿਕ-ਰਾਜਨੀਤਕ ਢਾਂਚੇ ਅੰਦਰ ਅਨੇਕ ਮਹੱਤਵਪੂਰਨ ਤਬਦੀਲੀਆਂ ਕੀਤੀਆਂ ਸਨ। ਸੱਤਾ ਵਿਚ ਆਉਂਦਿਆਂ ਹੀ ਇਸ ਨੇ ਵੱਖ-ਵੱਖ ਮੰਤਰਾਲਿਆਂ ਨੂੰ ਬਿਨਾ ਕਾਨੂੰਨੀ ਚਾਰਾਜੋਈ ਅਮਰੀਕਾ ਵਰਗੀ ਰਾਸ਼ਟਰਪਤੀ ਪ੍ਰਣਾਲੀ ਲਾਗੂ ਕਰ ਦਿੱਤੀ। ਜੀ.ਐਸ.ਟੀ., ਨਿਆਂਪਾਲਿਕਾ, ਸੀ.ਬੀ.ਆਈ., ਈ.ਡੀ., ਕੈਗ, ਯੋਜਨਾ ਕਮਿਸ਼ਨ 'ਚ ਮਨਮਾਨੇ ਢੰਗ ਨਾਲ ਦਖਲ ਦੇਣ ਸ਼ੁਰੂ ਕਰ ਦਿੱਤਾ। ਵੱਡੇ ਕਾਰਪੋਰੇਟਾਂ ਨੂੰ ਕੌਡੀਆਂ ਦੇ ਭਾਅ ਸਸਤੀ ਜ਼ਮੀਨ ਦੇਣ ਲਈ ਦੋ ਵਾਰ ਲੈਂਡ ਐਕਵੀਜ਼ੀਸ਼ਨ ਬਿਲ ਪੇਸ਼ ਕੀਤੇ। ਵਿਦੇਸ਼ ਮੰਤਰਾਲੇ ਨੂੰ ਅੱਖੋਂ ਉਹਲੇ ਕਰ ਕੇ ਸਿੱਧੇ ਵਿਦੇਸ਼ੀ ਪੂੰਜੀ ਨਿਵੇਸ਼ ਲਈ ਵੱਖ-ਵੱਖ ਦੇਸ਼ਾਂ ਦੇ ਚੱਕਰ ਲਾਏ। ਮੋਦੀ ਸਰਕਾਰ ਦੀ ਦੂਜੀ ਪਾਰੀ ਵਿਚ ਵਿਰੋਧੀ ਪਾਰਟੀਆਂ (ਵਿਸ਼ੇਸ਼ ਕਰ ਕੇ ਕਾਂਗਰਸ) ਦੇ ਸਾਹਸਤਹੀਣ ਹੋ ਜਾਣ ਨਾਲ ਮੋਦੀ ਸਰਕਾਰ ਦੇ ਹੌਂਸਲੇ ਹੋਰ ਬੁਲੰਦ ਹੋ ਗਏ। ਇਸ ਵਲੋਂ ਵਿਰੋਧ ਨੂੰ ਕੁਚਲਣ ਲਈ ਜਮਹੂਰੀ ਹੱਕਾਂ ਦੇ ਕਾਮਿਆਂ ਅਤੇ ਜੰਮੂ ਕਸ਼ਮੀਰ ਦੇ 'ਮੁੱਖਧਾਰਾ ਆਗੂਆਂ' ਨੂੰ ਗੈਰ ਕਾਨੂੰਨੀ ਢੰਗ ਨਾਲ ਯੂ.ਏ.ਪੀ.ਏ. ਤਹਿਤ ਜੇਲ੍ਹਾਂ ਅੰਦਰ ਡੱਕ ਦਿੱਤਾ। ਵੱਡੀ ਬਹੁਸੰਮਤੀ ਦਾ ਫਾਇਦਾ ਉਠਾ ਕੇ ਇਸ ਵਲੋਂ ਆਪਾਸ਼ਾਹ ਢੰਗ ਨਾਲ ਇਕ ਤੋਂ ਬਾਅਦ ਦੂਜਾ ਨਵਾਂ ਜੁਮਲਾ ਛੱਡਿਆ। ਮੋਦੀ ਦੇ ਨਵੇਂ-ਨਵੇਂ ਜੁਮਲਿਆਂ ਦਾ ਵਿਰੋਧੀ ਧਿਰਾਂ, ਵਿਸ਼ੇਸ਼ ਕਰ ਕੇ ਕਾਂਗਰਸ ਪਾਰਟੀ ਮੜਿੱਕਣ ਤੋਂ ਅਸਮਰਥ ਰਹਿ ਰਹੀ ਹੈ। ਮੋਦੀ ਸਰਕਾਰ ਨੇ ਜੰਮੂ ਕਸ਼ਮੀਰ ਅੰਦਰ ਧਾਰਾ 370 ਖਤਮ ਕਰ ਕੇ ਪੂਰੇ ਰਾਜ ਦਾ ਦਰਜਾ ਅਜੇ ਖੋਹਿਆ ਹੀ ਸੀ ਕਿ ਇਸ ਨੇ ਮੁਸਲਮਾਨਾਂ ਦੀ ਵਿਆਹ ਸਬੰਧੀ ਮਰਿਆਦਾ ਤਿੰਨ ਤਲਾਕ ਨੂੰ ਖਤਮ ਕਰ ਦਿੱਤਾ। ਤਿੰਨ ਤਲਾਕ ਦੀ ਚਰਚਾ ਠੰਢੀ ਨਹੀਂ ਪਈ ਸੀ ਕਿ ਬਾਬਰੀ ਮਸਜਿਦ ਦੀ ਜਗ੍ਹਾ ਰਾਮ ਮੰਦਰ ਬਣਾਉਣ ਬਾਰੇ ਅਦਾਲਤੀ ਫੈਸਲਾ ਕਰਵਾ ਕੇ ਮੁਸਲਮਾਨਾਂ ਦੀ ਧਾਰਮਿਕ ਆਸਥਾ 'ਤੇ ਸੱਟ ਮਾਰੀ ਹੈ। ਕਾਂਗਰਸ ਆਪਣੀ ਵੋਟ ਸਿਆਸਤ ਕਾਰਨ ਧਾਰਾ 370 ਅਤੇ ਰਾਮ ਮੰਦਰ ਬਾਰੇ ਸਪਸ਼ਟ ਪੁਜੀਸ਼ਨ ਨਾ ਲੈ ਕੇ ਇਨ੍ਹਾਂ ਮੁੱਦਿਆਂ 'ਤੇ ਮੋਦੀ ਸਰਕਾਰ ਨੂੰ ਘੇਰ ਨਹੀਂ ਸਕੀ।




ਪਹਿਲਾਂ 1960ਵਿਆਂ ਵਿਚ ਭਾਰਤ ਨੇ ਅਮਰੀਕਾ ਨਾਲ ਆਰਥਿਕ ਅਤੇ ਯੁੱਧਨੀਤਕ ਸਾਂਝ ਬਣਾ ਕੇ ਚੀਨ ਅਤੇ ਹੋਰ ਗੁਆਂਢੀ ਮੁਲਕਾਂ ਨਾਲ ਦੁਸ਼ਮਣੀ ਪੈਦਾ ਕਰ ਲਈ ਸੀ। ਹੁਣ ਮੋਦੀ ਸਰਕਾਰ ਨੇ ਅਮਰੀਕਾ ਦੀ ਸ਼ਹਿ 'ਤੇ ਆਪਣੇ ਗੁਆਂਢੀ ਮੁਲਕਾਂ ਨਾਲ ਸਬੰਧ ਖਰਾਬ ਕਰ ਲਏ ਹਨ ਅਤੇ ਦੱਖਣੀ ਚੀਨ ਨੂੰ ਖਾਹ-ਮਖਾਹ ਮੁੱਦਾ ਬਣਾਉਣ ਰਾਹੀਂ ਅਤੇ ਤਾਇਵਾਨ ਨਾਲ ਸਬੰਧ ਵਧਾ ਕੇ ਚੀਨ ਨਾਲ ਸਬੰਧ ਹੋਰ ਵਿਗਾੜ ਲਏ ਹਨ। ਚੀਨ ਵਲੋਂ ਆਪਣੀ ਵਿਸਤਾਰਵਾਦੀ ਨੀਤੀ ਤਹਿਤ ਭਾਰਤ ਅੰਦਰ ਦਖਲ ਦਿੱਤਾ ਜਾ ਰਿਹਾ ਹੈ ਪਰ ਇਸ ਦਾ ਕਾਰਨ ਮੋਦੀ ਸਰਕਾਰ ਵਲੋਂ ਕੌਮਾਂਤਰੀ ਤੌਰ 'ਤੇ ਅਮਰੀਕਾ ਦੇ ਪੱਖ ਵਿਚ ਭੁਗਤਣਾ ਵੀ ਹੈ ਪਰ ਚੀਨੀ ਫੌਜੀ ਦਖਲਅੰਦਾਜੀ ਬਾਰੇ ਮੋਦੀ ਨੇ ਵਾਰ-ਵਾਰ ਝੂਠ ਬੋਲਿਆ ਹੈ। ਵਿਦੇਸ਼ ਮੰਤਰੀ ਜੈ ਸ਼ੰਕਰ ਕੁਝ ਹੋਰ ਬੋਲਦਾ ਹੈ ਅਤੇ ਮੋਦੀ ਕੁਝ ਹੋਰ ਪਰ ਕਾਂਗਰਸ ਭਾਰਤ-ਚੀਨ ਵਿਵਾਦ ਬਾਰੇ ਕੋਈ ਨੀਤੀ ਨਹੀਂ ਘੜ ਸਕੀ।

ਮੋਦੀ ਵਲੋਂ ਭਾਰਤ ਅੰਦਰ ਪ੍ਰਧਾਨਗੀ ਤਰਜ਼ ਦਾ ਆਪਾਸ਼ਾਹ ਰਾਜ ਬਣਾਉਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਜੀ.ਐਸ.ਟੀ. ਲਾਗੂ ਕਰਨ ਵੇਲੇ ਮੋਦੀ ਸਰਕਾਰ ਵਲੋਂ ਭਾਰਤ ਦੇ ਸਾਰੇ ਰਾਜਾਂ ਨੂੰ ਉਨ੍ਹਾਂ ਦਾ ਬਣਦਾ ਹਿੱਸਾ ਦੇਣ ਦਾ ਵਾਅਦਾ ਕੀਤਾ ਗਿਆ ਸੀ ਪਰ ਹੁਣ ਮੋਦੀ ਸਰਕਾਰ ਵਲੋਂ ਕਰੋਨਾ ਕਾਰਨ ਆਰਥਿਕ ਸੰਕਟ ਦਾ ਬਹਾਨਾ ਬਣਾ ਕੇ ਰਾਜਾਂ ਦੇ ਜੀ.ਐਸ.ਟੀ. ਦੀ ਰਾਸ਼ੀ ਦੇਣ ਤੋਂ ਮੁਕਰਿਆ ਜਾ ਰਿਹਾ ਹੈ ਅਤੇ ਆਰ.ਬੀ.ਆਈ. ਤੋਂ ਉਧਾਰ ਵਿਆਜ 'ਤੇ ਪੈਸਾ ਲੈਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਇਉਂ ਕਰ ਕੇ ਆਉਂਦੇ ਸਮੇਂ 'ਚ ਰਾਜਾਂ ਨੂੰ ਜੀ.ਐਸ.ਟੀ. ਦੀ ਰਾਸ਼ੀ ਨਾ ਦੇਣ ਦੀ ਉਦਾਹਰਨ ਸੈਟ ਕੀਤੀ ਜਾ ਰਹੀ ਹੈ। ਤੁਗਲਕੀ ਫੈਸਲਾ ਕਰ ਕੇ ਮੋਦੀ ਨੇ ਨੋਟਬੰਦੀ ਅਤੇ ਜੀ.ਐਸ.ਟੀ. ਲਾਗੂ ਕਰ ਕੇ ਭਾਰਤੀ ਆਰਥਿਕਤਾ, ਵਿਸ਼ੇਸ਼ ਕਰ ਕੇ ਅਤਿ ਛੋਟੀ, ਛੋਟੀ ਅਤੇ ਦਰਮਿਆਨੀ ਸਨਅਤੀ ਇਕਾਈਆਂ ਦਾ ਭੱਠਾ ਬਿਠਾ ਦਿੱਤਾ ਹੈ। ਭਾਰਤ ਅਰਥਚਾਰਾ ਮੰਦੀ ਦੀ ਕਗਾਰ 'ਤੇ ਖੜ੍ਹਾ ਹੈ ਪਰ ਇਸ ਬਾਰੇ ਕੋਈ ਓਹੜ-ਪੋਹੜ ਕਰਨ ਦੀ ਬਜਾਏ ਮੋਦੀ ਸਰਕਾਰ ਵਲੋਂ ਖਾਹ-ਮਖਾਹ ਵਿਦਿਆਰਥੀਆਂ ਦੇ ਇਮਤਿਹਾਨਾਂ ਦੇ ਮਸਲੇ ਖੜ੍ਹੇ ਕਰ ਕੇ ਵਿਰੋਧੀ ਪਾਰਟੀਆਂ ਅਤੇ ਰਾਜਾਂ ਨੂੰ ਇਨ੍ਹਾਂ ਵਿਚ ਉਲਝਾਇਆ ਜਾ ਰਿਹਾ ਹੈ।

ਭਾਰਤ ਗੰਭੀਰ ਆਰਥਿਕ ਸੰਕਟ ਵਿਚ ਫਸਿਆ ਹੋਇਆ ਹੈ। ਬੇਰੁਜ਼ਗਾਰੀ ਤੇਜ਼ੀ ਨਾਲ ਵਧ ਰਹੀ ਹੈ। ਆਰਥਿਕ ਪਾੜਾ ਵਧ ਰਿਹਾ ਹੈ। ਕਿਸਾਨ ਉਜੜ ਰਹੇ ਹਨ, ਉਨ੍ਹਾਂ ਸਿਰ ਕਰਜ਼ਾ ਦਿਨੋ-ਦਿਨ ਵਧਣ ਕਰ ਕੇ ਉਨ੍ਹਾਂ ਨੂੰ ਖੁਦਕੁਸ਼ੀਆ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ ਪਰ ਮੋਦੀ ਸਰਕਾਰ ਅਤੇ ਕਾਂਗਰਸ ਕੋਲ ਨਵਉਦਾਰਵਾਦੀ ਨੀਤੀਆਂ ਲਾਗੂ ਕਰਨ ਤੋਂ ਇਲਾਵਾ ਹੋਰ ਕੋਈ ਬਦਲ ਨਹੀਂ। ਜੰਮੂ ਕਸ਼ਮੀਰ ਵਿਚ ਧਾਰਾ 370 ਖਤਮ ਕੀਤੀ ਹੈ ਤਾਂ ਇਸ ਨਾਲ ਕਾਂਗਰਸ ਦੇ ਬਹੁਤ ਸਾਰੇ ਆਗੂ ਸਹਿਮਤ ਸਨ ਅਤੇ ਇਨ੍ਹਾਂ ਵਿਚੋਂ ਕਈਆਂ ਨੇ ਲੋਕ ਸਭਾ ਅੰਦਰ ਧਾਰਾ 370 ਖਤਮ ਕਰਨ ਦੇ ਪੱਖ ਵਿਚ ਵੋਟ ਦਿੱਤੀ ਸੀ ਅਤੇ ਕਾਂਗਰਸ ਨੇ ਧਾਰਾ 370 ਖਤਮ ਕਰਨ ਲਈ ਪਹਿਲਾਂ ਹੀ 1960ਵਿਆਂ ਵਿਚ ਮਤੇ ਪਾਏ ਸਨ। ਪ੍ਰਿਅੰਕਾ ਪੂਜਾ ਕਰ ਕੇ ਰਾਮ-ਸੀਤਾ ਦੇ ਪਰਿਵਾਰ ਨਾਲ ਆਸਥਾ ਜ਼ਾਹਰ ਕਰਦੀ ਹੈ। ਰਾਹੁਲ ਗਾਂਧੀ ਮੱਥੇ 'ਤੇ ਟਿੱਕਾ ਲਾ ਕੇ ਮੰਦਰਾਂ ਅੰਦਰ ਮੱਥੇ ਟੇਕਦਾ ਹੈ। ਜੀ.ਐਸ.ਟੀ. ਯੂ.ਪੀ.ਏ. ਸਰਕਾਰ ਹੀ ਲੈ ਕੇ ਆਈ ਸੀ। ਕਾਂਗਰਸ ਪਾਰਟੀ ਕੋਲ ਬੀ.ਜੇ.ਪੀ. ਦੀਆਂ ਨੀਤੀਆਂ ਦੇ ਮੁਕਾਬਲੇ ਕੋਈ ਬਦਲਵੀਆਂ ਨੀਤੀਆਂ ਨਹੀਂ। ਇਨ੍ਹਾਂ ਦੋਨਾਂ ਪਾਰਟੀਆਂ ਦੀਆਂ ਆਰਥਿਕ-ਸਿਆਸੀ ਨੀਤੀਆਂ ਵਿਚ ਕੋਈ ਬੁਨਿਆਦੀ ਮਤਭੇਦ ਨਹੀਂ ਹਨ। ਫਰਕ ਇਹ ਹੈ ਕਿ ਬੀ.ਜੇ.ਪੀ. ਦੇਸੀ-ਵਿਦੇਸ਼ੀ ਕਾਰਪੋਰੇਟ ਅਤੇ ਬਹੁ-ਕੌਮੀ ਕੰਪਨੀਆਂ ਦੇ ਨਿਸੰਗ ਪੱਖ ਵਿਚ ਸਰਗਰਮ ਹੋਣ ਕਰ ਕੇ ਇਹ ਬੀ ਜੇ ਪੀ ਨੂੰ ਦਿਲ ਖੋਲ੍ਹ ਕੇ ਫੰਡ ਵੀ ਮੁਹੱਈਆਂ ਕਰ ਰਹੀਆਂ ਹਨ ਅਤੇ ਮੀਡੀਏ ਰਾਹੀਂ ਵੀ ਬੀ ਜੇ ਪੀ ਦਾ ਇਕਤਰਫਾ ਪੱਖ ਪੂਰ ਰਹੀਆਂ ਹਨ। ਅਰਥਚਾਰੇ ਦੇ ਭਿਆਨਕ ਹਾਲਾਤ ਸਾਮਰਾਜੀ ਕਾਰਪੋਰੇਟਾਂ ਪੱਖੀ ਨਵਉਦਾਰਵਾਦੀ ਨੀਤੀਆਂ ਦੇ ਗਲਬੇ ਅਤੇ ਰਾਜਨੀਤਕ ਖਲਾਅ ਦੀ ਮੌਜੂਦਗੀ ਵਿਚ ਭਾਰਤੀ ਅਰਥਚਾਰੇ ਦਾ ਵੱਡੀ ਤਬਾਹੀ ਵਲ ਧੱਕਿਆ ਜਾਣਾ ਅਟੱਲ ਹੈ।

---

# ਮੀਡੀਆ: ਤਾਕਤ ਤੇ ਜ਼ਿੰਮੇਵਾਰੀ

ਗੁਰਬਚਨ ਜਗਤ

ਮੈਨੂੰ ਯਾਦ ਹੈ, ਤਾਜ਼ਾ ਖਬਰਾਂ ਪੜ੍ਹਨ ਜਾਂ ਸੁਣਨ ਦਾ ਸ਼ੌਕ ਰਿਹਾ ਹੈ। ਪ੍ਰਾਇਮਰੀ ਸਕੂਲ ਦੇ ਦਿਨਾਂ ਵਿਚ ਹੀ ਮੈਂ ਅਖਬਾਰਾਂ ਪੜ੍ਹਦਾ ਸਾਂ। ਅਸੀਂ ਉਦੋਂ ਪੁਣੇ (ਉਦੋਂ ਇਸ ਨੂੰ ਪੂਨਾ ਲਿਖਿਆ ਜਾਂਦਾ ਸੀ) ਰਹਿੰਦੇ ਸਾਂ ਅਤੇ 'ਫਰੀ ਪ੍ਰੈਸ ਜਰਨਲ' ਪੜ੍ਹਨ ਦਾ ਚੇਤਾ ਹੈ, ਜਿਹੜਾ ਉਸ ਖਿੱਤੇ ਦਾ ਮਕਬੂਲ ਅਖਬਾਰ ਸੀ। ਰਾਤੀਂ 9 ਵਜੇ ਦੀਆਂ ਖਬਰਾਂ ਸੁਣਨਾ ਰੋਜ਼ਮੱਰਾ ਦਾ ਕੰਮ ਸੀ ਜਿਸ ਨੂੰ ਮੇਰੇ ਪਿਤਾ ਕਦੇ ਨਹੀਂ ਵਿਸਾਰਦੇ ਸਨ। ਆਪਣਾ ਭਾਰਤੀ ਰੇਡੀਓ ਸਿਰਫ 'ਆਲ ਇੰਡੀਆ ਰੇਡੀਓ' ਹੀ ਹੁੰਦਾ ਸੀ ਤੇ ਨਾਲ ਬੀ.ਬੀ.ਸੀ. ਅਤੇ ਵੌਇਸ ਆਫ ਅਮੈਰਿਕਾ ਵੀ ਸੁਣਿਆ ਜਾ ਸਕਦਾ ਸੀ। ਅਸੀਂ ਬਹਿਸਾਂ ਵੀ ਸੁਣਦੇ ਜਿਨ੍ਹਾਂ ਵਿਚ ਸਾਰੀ ਗੱਲਬਾਤ ਸਲੀਕੇ ਨਾਲ ਹੁੰਦੀ ਸੀ ਤੇ ਕੋਈ ਉਚੀ ਆਵਾਜ਼ ਨਹੀਂ ਸੀ ਸੁਣਨ ਨੂੰ ਮਿਲਦੀ। ਵੱਡੇ ਹੋ ਕੇ ਅਸੀਂ ਹੋਰ ਅਖਬਾਰਾਂ ਤੇ ਰਸਾਲੇ ਪੜ੍ਹਨ ਲੱਗ ਪਏ; ਸੰਪਾਦਕੀਆਂ ਆਦਿ ਵੀ ਪੜ੍ਹਦੇ ਸਾਂ- ਕਿੰਨੇ ਸ਼ਾਨਦਾਰ ਸੰਪਾਦਕ ਹੁੰਦੇ ਸਨ - ਫਰੈਂਕ ਮੋਰੇਸ, ਐਮ. ਚਲਪਤੀ ਰਾਓ, ਸੀ.ਆਰ. ਇਰਾਨੀ, ਗਿਰੀਲਾਲ ਜੈਨ, ਖੁਸ਼ਵੰਤ ਸਿੰਘ ਆਦਿ। ਜਿਹੜੀ ਉਚ ਕੋਟੀ ਦੀ ਵਿਦਵਤਾ ਉਹ ਆਪਣੇ ਸੰਪਾਦਕੀ ਲੇਖਾਂ ਵਿਚ ਪੇਸ਼ ਕਰਦੇ।

ਫਿਰ ਟੈਲੀਵਿਜ਼ਨ ਦਾ ਦੌਰ ਆਇਆ ਅਤੇ ਸਾਡਾ ਆਪਣਾ ਦੂਰਦਰਸ਼ਨ ਆ ਗਿਆ ਜਿਹੜਾ ਕੁੱਲ ਮਿਲਾ ਕੇ ਆਲ ਇੰਡੀਆ ਰੇਡੀਓ ਦੀ ਹੀ ਤਸਵੀਰਾਂ ਵਾਲੀ ਨਕਲ ਸੀ, ਪਰ ਇਸ ਵਿਚ ਖਬਰਾਂ ਇਕ ਤਰ੍ਹਾਂ ਇਕਪਾਸੜ ਹੁੰਦੀਆਂ ਸਨ। ਦੂਰਦਰਸ਼ਨ ਦੀ ਅਜਾਰੇਦਾਰੀ ਬਹੁਤੀ ਦੇਰ ਨਾ ਚੱਲੀ ਅਤੇ ਛੇਤੀ ਹੀ ਵੱਡੇ ਪੱਧਰ 'ਤੇ ਨਿੱਜੀ ਚੈਨਲ ਆਉਣ ਲੱਗੇ। ਆਖਰ ਵਿਦੇਸ਼ੀ ਚੈਨਲ ਵੀ ਆ ਗਏ। ਹੁਣ ਸਾਡੇ ਕੋਲ ਕੌਮੀ ਅੰਗਰੇਜ਼ੀ ਅਤੇ ਹਿੰਦੀ ਭਾਸ਼ਾਈ ਚੈਨਲ ਹਨ, ਖੇਤਰੀ ਭਾਸ਼ਾਈ ਚੈਨਲ ਹਨ ਅਤੇ ਕੌਮਾਂਤਰੀ ਚੈਨਲ ਵੀ। ਇਨ੍ਹਾਂ ਸਾਰੇ ਚੈਨਲਾਂ ਵਿਚ ਸਭ ਤਰ੍ਹਾਂ ਦੇ ਸ਼ੋਅ ਦਿਖਾਏ ਜਾਂਦੇ ਹਨ - ਖਬਰਾਂ, ਖੇਡਾਂ, ਕਲਾ, ਸਭਿਆਚਾਰ, ਸੈਰ-ਸਪਾਟਾ, ਕੁਦਰਤ ਆਦਿ।

ਹੁਣ ਅਫਸੋਸਨਾਕ ਪੱਖ ਇਹ ਹੈ ਕਿ ਕੁਝ ਕੁ ਆਨਲਾਈਨ ਜਾਂ ਟੀ.ਵੀ. ਚੈਨਲਾਂ ਨੂੰ ਛੱਡ ਕੇ ਬਹੁਗਿਣਤੀ ਤਾਂ ਖਬਰਾਂ ਦੇ ਨਾਂ 'ਤੇ ਕੋਰਾ ਝੂਠ ਹੀ ਦਿਖਾ ਅਤੇ ਬੋਲ ਰਹੇ ਹਨ। ਪੁਰਾਣਾ ਅਸੂਲ ਇਹੋ ਸੀ: ਖਬਰ ਜੋ ਸਹੀ ਹੈ, ਉਹੋ ਦਿਖਾਓ ਪਰ ਉਸ ਦਾ ਵਿਸ਼ਲੇਸ਼ਣ ਤੁਸੀਂ ਆਪਣੇ ਮੁਤਾਬਿਕ ਕਰ ਸਕਦੇ ਹੋ। ਇਹ ਪ੍ਰਿੰਟ ਮੀਡੀਆ ਅਤੇ ਟੀ.ਵੀ. ਵਾਸਤੇ ਸੱਚ ਵੀ ਰਿਹਾ ਪਰ ਅੱਜ ਜਿੰਨੇ ਚੈਨਲ ਹਨ, ਤੁਹਾਨੂੰ ਖਬਰਾਂ ਦੇ ਪੱਖ ਵੀ ਓਨੇ ਹੀ ਦੇਖਣ-ਸੁਣਨ ਨੂੰ ਮਿਲਣਗੇ ਅਤੇ ਵਿਸ਼ਲੇਸ਼ਣ ਤਾਂ ਹੋਰ ਵੀ ਅਜੀਬੋ-ਗਰੀਬ ਹੋਣਗੇ। ਵਿਸ਼ਲੇਸ਼ਣਾਂ ਲਈ ਚੁਣੇ ਜਾਂਦੇ ਮਾਹਿਰ ਆਮ ਕਰ ਕੇ ਸਿਆਸੀ ਪਾਰਟੀਆਂ ਦੇ ਨੁਮਾਇੰਦੇ, ਸੇਵਾਮੁਕਤ ਅਫਸਰ, ਕੁਝ ਪੱਤਰਕਾਰ ਅਤੇ ਬਹੁਤ ਹੀ ਘੱਟ ਆਪਣੇ ਵਿਸ਼ੇ ਦੇ ਮਾਹਿਰ ਹੁੰਦੇ ਹਨ। ਬਹਿਸ ਦਾ ਮੁੱਖ ਕਮਾਂਡਰ ਹੁੰਦਾ ਹੈ ਐਂਕਰ, ਤੇ ਉਹ ਸਿਰਫ ਤੇ ਸਿਰਫ ਆਪਣੇ ਫੇਫੜਿਆਂ ਦੀ ਤਾਕਤ ਨਾਲ ਇਸ ਦੀ ਅਗਵਾਈ ਕਰਦਾ ਹੈ ਅਤੇ ਨਾਲ ਹੀ ਵਿਰੋਧੀ ਵਿਚਾਰਾਂ ਨੂੰ ਦਬਾ ਦੇਣ ਤੇ ਮਾਹਿਰਾਂ ਵਿਚ ਜੇ ਕੋਈ ਵਿਰੋਧੀ ਹੋਵੇ ਤਾਂ ਉਸ ਨੂੰ ਧੌਂਸ ਦੇ ਸਕਣ ਦੀ ਉਸ ਦੀ ਮੁਹਾਰਤ ਵੀ ਇਸ ਮੌਕੇ ਬਹੁਤ ਕੰਮ ਆਉਂਦੀ ਹੈ।

ਇਨ੍ਹਾਂ ਬਹਿਸਾਂ ਵਿਚਲੇ ਲਹਿਜੇ, ਸੁਰ ਅਤੇ ਸਮੱਗਰੀ ਦੀ ਬੇਹੁਦਗੀ ਦਾ ਇਹ ਆਲਮ ਹੈ ਕਿ ਕੋਈ ਸਭਿਅਕ ਵਿਅਕਤੀ ਇਸ ਦਾ ਤਸ਼ੱਦਦ ਕੁਝ ਮਿੰਟਾਂ ਤੋਂ ਵੱਧ ਨਹੀਂ ਝੱਲ ਸਕਦਾ। ਸਿਰਫ ਕੱਟੜ ਸੋਚ ਵਾਲੇ ਤੇ ਸਨਕੀ ਦਰਸ਼ਕ ਹੀ ਇਨ੍ਹਾਂ ਨੂੰ ਦੇਖਦੇ ਰਹਿ ਸਕਦੇ ਹਨ, ਬਾਕੀ ਤਾਂ ਛੇਤੀ ਹੀ ਹੋਰ ਕਿਸੇ ਚੈਨਲ ਲਈ ਰਿਮੋਟ ਕੰਟਰੋਲ ਦੇ ਬਟਨ ਨੱਪਣ ਲੱਗ ਪੈਂਦੇ ਹਨ।

ਹੁਣ ਉਨ੍ਹਾਂ ਵਿਸ਼ਿਆਂ ਦੀ ਗੱਲ ਜਿਹੜੇ ਸਾਡੇ ਟੀ.ਵੀ. ਐਂਕਰਾਂ ਨੂੰ ਬਹੁਤ ਪਸੰਦ ਹਨ ਜਦੋਂਕਿ ਪ੍ਰਿੰਟ ਮੀਡੀਆ ਨੂੰ ਇਨ੍ਹਾਂ ਦੀ ਜ਼ਿਆਦਾ ਪ੍ਰਵਾਹ ਨਹੀਂ ਹੈ। ਇਸ ਵੇਲੇ ਟੀ.ਵੀ. ਚੈਨਲਾਂ ਵਿਚ ਪ੍ਰਾਈਮ ਟਾਈਮ ਵੇਲੇ ਸੁਸ਼ਾਂਤ ਸਿੰਘ ਰਾਜਪੂਤ ਦੀ ਖੁਦਕੁਸ਼ੀ ਦਾ ਮਾਮਲਾ ਛਾਇਆ ਹੁੰਦਾ ਹੈ। ਮੈਂ ਫਿਲਮਾਂ ਵਿਚ ਬਹੁਤੀ ਦਿਲਚਸਪੀ ਨਹੀਂ ਰੱਖਦਾ, ਪਰ ਇੰਨਾ ਜ਼ਰੂਰ ਜਾਣਦਾ ਹਾਂ ਕਿ ਸੁਸ਼ਾਂਤ ਪ੍ਰਤਿਭਾ ਵਾਲਾ ਅਦਾਕਾਰ ਸੀ ਜਿਸ ਦੀ ਮੌਤ ਫਿਲਮ ਸਨਅਤ ਲਈ ਭਾਰੀ ਘਾਟਾ ਹੈ। ਜੇ ਉਸ ਦੇ ਪਰਿਵਾਰ ਨੂੰ ਉਸ ਦੀ ਮੌਤ ਸਬੰਧੀ ਕਿਸੇ ਗੈਰ ਕਾਨੂੰਨੀ ਕਾਰਵਾਈ ਦਾ ਸ਼ੱਕ ਹੈ ਤਾਂ ਉਹ ਪੁਲਿਸ ਕੋਲ ਪਹੁੰਚ ਕਰ ਕੇ ਮਾਮਲੇ ਦੀ ਜਾਂਚ ਕਰਵਾ ਸਕਦੇ ਹਨ। ਇਸ ਪ੍ਰਸੰਗ ਵਿਚ ਮੈਂ ਆਖ ਸਕਦਾ ਹਾਂ ਕਿ ਬੰਬਈ ਪੁਲਿਸ ਦੇਸ਼ ਦੀ ਬਿਹਤਰੀਨ ਪੁਲਿਸ ਹੈ ਅਤੇ ਇਸ ਕੋਲ ਸ਼ਿਕਾਇਤ ਕੀਤੇ ਜਾਣ ਤੋਂ ਪਹਿਲਾਂ ਹੀ ਇਸ ਦੀ ਦਿਆਨਤਦਾਰੀ ਉਤੇ ਸ਼ੱਕ ਕਰਨਾ ਕਿਵੇਂ ਵੀ ਵਾਜਬ ਨਹੀਂ ਸੀ।

ਹੁਣ ਗੱਲ ਕਰਦੇ ਹਾਂ ਕੋਵਿਡ ਤ੍ਰਾਸਦੀ ਦੀ, ਭੁਲਾ ਦਿੱਤੇ ਗਏ ਪਰਵਾਸੀ ਮਜ਼ਦੂਰਾਂ ਦੀ ਅਤੇ ਉਨ੍ਹਾਂ ਫੌਜੀ ਜਵਾਨਾਂ ਦੀ ਜਿਹੜੇ ਬਹੁਤ ਹੀ ਜੋਖਮ ਭਰੇ ਪਹਾੜੀ ਖੇਤਰਾਂ ਵਿਚ ਦੇਸ਼ ਦੀ ਰਾਖੀ ਦੀ ਜ਼ਿੰਮੇਵਾਰੀ ਨਿਭਾ ਰਹੇ ਹਨ; ਨਾ ਸਿਰਫ ਲੱਦਾਖ ਵਿਚ ਹੀ ਸਗੋਂ ਸਮੁੱਚੀ ਐਲ.ਓ.ਸੀ. (ਪਾਕਿਸਤਾਨ ਨਾਲ ਲੱਗਦੀ ਕੰਟਰੋਲ ਰੇਖਾ) ਅਤੇ ਐਲ.ਏ.ਸੀ. (ਚੀਨ ਨਾਲ ਲੱਗਦੀ ਅਸਲ ਕੰਟਰੋਲ ਰੇਖਾ) ਉਤੇ। ਨਾਲ ਹੀ ਡਿੱਗੇ-ਢੱਠੇ ਅਰਥਚਾਰੇ ਦੀ ਤੇ ਇਸ ਕਾਰਨ ਪੈਦਾ ਹੋ ਰਹੀ ਬੇਰੁਜ਼ਗਾਰੀ ਦੀ। ਕਿੰਨੇ ਕੁ ਚੈਨਲਾਂ ਤੇ ਪੱਤਰਕਾਰਾਂ ਨੇ ਇਨ੍ਹਾਂ ਮਜ਼ਦੂਰਾਂ ਬਾਰੇ ਮਸਲੇ ਦੀ ਤਹਿ ਤਕ ਜਾਣਨ ਦੀ ਕੋਸ਼ਿਸ਼ ਕੀਤੀ? ਹੁਣ ਉਹ ਪਰਵਾਸੀ ਮਜ਼ਦੂਰ ਕਿੱਥੇ ਹਨ? ਇਨ੍ਹਾਂ ਕਿੰਨੇ ਕੁ ਮਾਹਿਰਾਂ ਨੇ ਹਸਪਤਾਲਾਂ ਵਿਚ ਜਾ ਕੇ ਦੇਖਿਆ ਹੈ ਤੇ ਉਸ ਬਾਰੇ ਮੀਡੀਆ 'ਤੇ ਚਰਚਾ ਕੀਤੀ ਹੈ ਕਿ ਉਥੇ ਕੀ ਵਾਪਰ ਰਿਹਾ ਹੈ? ਉਥੋਂ ਦੇ ਮਾੜੇ ਹਾਲਾਤ ਦੀਆਂ ਦਿਲ-ਕੰਬਾਊ ਜਾਣਕਾਰੀਆਂ ਸਾਨੂੰ ਹੋਰਨਾਂ ਵਸੀਲਿਆਂ ਤੋਂ ਸੁਣਨ ਨੂੰ ਮਿਲਦੀਆਂ ਹਨ।

ਸਟੂਡੀਓ ਵਿਚ ਬੈਠ ਕੇ ਜੰਗਾਂ ਦੀਆਂ ਸ਼ੇਖੀਆਂ ਮਾਰਨ ਵਾਲੇ ਇਨ੍ਹਾਂ ਯੋਧਿਆਂ ਵਿਚੋਂ ਕਿੰਨੇ ਕੁ ਲੱਦਾਖ ਗਏ ਜਾਂ ਉਨ੍ਹਾਂ ਫੌਜ ਨੂੰ ਕਿਹਾ ਕਿ ਉਹ ਉਨ੍ਹਾਂ ਦੀ ਉਥੋਂ ਦੀ ਫੇਰੀ ਦਾ ਇੰਤਜ਼ਾਮ ਕਰੇ ਤਾਂ ਕਿ ਉਹ ਇਹ ਸਭ ਦੇਖ ਸਕਣ ਤੇ ਫਿਰ ਖਬਰਾਂ ਨਸ਼ਰ ਕਰ ਸਕਣ ਕਿ ਸਾਡੇ ਫੌਜੀ ਜਵਾਨ ਕਿਨ੍ਹਾਂ ਹਾਲਾਤ ਵਿਚ ਰਹਿੰਦੇ ਤੇ ਲੜਦੇ ਹਨ? ਕਿੰਨਿਆਂ ਕੁ ਨੂੰ ਇਹ ਅਹਿਸਾਸ ਹੈ ਕਿ ਉਥੇ ਤਾਇਨਾਤ ਸਾਡੇ ਪੁੱਤਾਂ ਤੇ ਭਰਾਵਾਂ ਲਈ ਆ ਰਹੀ ਸਰਦੀ ਦੀ ਰੁੱਤ ਦੇ ਕੀ ਮਾਇਨੇ ਹਨ? ਮੈਂ ਸਰਹੱਦੀ ਮੋਰਚੇ ਤੋਂ ਕੋਈ ਇਕ ਵੀ ਰਿਪੋਰਟ ਹਾਲੇ ਤੱਕ ਨਹੀਂ ਦੇਖੀ। ਭਾਰਤੀ ਅਰਥਚਾਰੇ ਦੀ ਹੋ ਰਹੀ ਮੰਦੀ ਹਾਲਤ ਅਤੇ ਇਸ ਕਾਰਨ ਨੌਕਰੀਆਂ ਤੇ ਰੋਜ਼ੀ-ਰੋਟੀ ਦੀ ਹੋ ਰਹੀ ਤਬਾਹੀ ਨੂੰ ਕੀ ਕਦੇ ਪ੍ਰਾਈਮ ਟਾਈਮ ਚਰਚਾਵਾਂ ਵਿਚ ਥਾਂ ਨਹੀਂ ਮਿਲ ਸਕਦੀ?

ਸ਼ੁਕਰ ਹੈ, ਪ੍ਰਿੰਟ ਮੀਡੀਆ ਵਿਚ ਅਜੇ ਕੁਝ ਅਪਵਾਦ ਬਾਕੀ ਹਨ ਜਿਨ੍ਹਾਂ ਇਸ ਕਿਲ੍ਹੇ ਨੂੰ ਸਾਂਭਿਆ ਹੋਇਆ ਹੈ। ਇਹ ਚੌਥਾ ਥੰਮ੍ਹ ਸਾਡੀ ਜਮਹੂਰੀਅਤ ਅਤੇ ਸਾਡੇ ਲੋਕਾਂ ਦੀ ਆਜ਼ਾਦੀ ਦਾ ਜ਼ਰੂਰੀ ਅਟੁੱਟ ਅੰਗ ਹੈ। ਇਹ ਅਜਿਹਾ ਰਖਵਾਲਾ ਹੈ ਜਿਹੜਾ ਭ੍ਰਿਸ਼ਟਾਚਾਰ, ਗਲਤ ਸੂਚਨਾਵਾਂ ਅਤੇ ਝੂਠ ਖਿਲਾਫ ਆਪਣੀ ਆਵਾਜ਼ ਬੁਲੰਦ ਕਰਦਾ ਹੈ। ਅੱਜ ਸੋਸ਼ਲ ਮੀਡੀਆ ਨੂੰ ਸੌੜੇ ਸਵਾਰਥਾਂ ਅਤੇ ਲੌਬੀਆਂ ਨੇ ਆਪਣਾ ਹਥਿਆਰ ਬਣਾ ਲਿਆ ਹੈ ਜਿਨ੍ਹਾਂ ਵਲੋਂ ਗਲਤ ਖਬਰਾਂ ਅਤੇ ਨਫਰਤ ਫੈਲਾਈ ਜਾਂਦੀ ਹੈ। ਅੱਜ ਉਹ ਚੋਣਾਂ ਉਤੇ ਅਸਰ ਪਾਉਂਦੇ ਹਨ, ਵਿਕਸਤ ਮੁਲਕਾਂ ਵਿਚ ਵੀ ਅਤੇ ਇਸ ਤਰ੍ਹਾਂ ਉਹ ਨੀਤੀਆਂ ਘੜਨ ਦੇ ਅਮਲ ਅਤੇ ਅਗਲੇਰੇ ਸਿੱਟਿਆਂ ਉਤੇ ਆਪਣਾ ਗਲਬਾ ਪਾ ਲੈਂਦੇ ਹਨ।

ਇਸ ਹਾਲਤ ਵਿਚ ਇਮਾਨਦਾਰੀ, ਆਜ਼ਾਦ ਅਤੇ ਨਿਰਪੱਖ ਪੱਤਰਕਾਰੀ ਤੇ ਰਿਪੋਰਟਿੰਗ ਦੀਆਂ ਕਦਰਾਂ-ਕੀਮਤਾਂ ਨੂੰ ਕਾਇਮ ਰੱਖਣ ਦੀ ਸਾਰੀ ਜ਼ਿੰਮੇਵਾਰੀ ਰਵਾਇਤੀ ਮੀਡੀਆ, ਟੀ.ਵੀ. ਤੇ ਅਖਬਾਰਾਂ ਉਤੇ ਆ ਜਾਂਦੀ ਹੈ। ਅਮਰੀਕਾ ਦੇ ਸਾਬਕਾ ਸਦਰ ਰਿਚਰਡ ਨਿਕਸਨ ਨੂੰ 'ਵਾਟਰਗੇਟ ਸਕੈਂਡਲ' ਸਬੰਧੀ 'ਵਾਸ਼ਿੰਗਟਨ ਪੋਸਟ' ਤੇ 'ਨਿਊ ਯਾਰਕ ਟਾਈਮਜ਼' ਦੀ ਦ੍ਰਿੜ੍ਹ ਪੱਤਰਕਾਰੀ ਨੇ ਹੀ ਅਸਤੀਫੇ ਲਈ ਮਜਬੂਰ ਕੀਤਾ ਸੀ।

ਇਤਿਹਾਸ ਇਸ ਦੌਰ ਨੂੰ ਚੇਤੇ ਰੱਖੇਗਾ, ਆਓ ਅਸੀਂ ਕਿਸੇ ਨੂੰ ਇਹ ਮਿਹਣਾ ਮਾਰਨ ਦਾ ਮੌਕਾ ਨਾ ਦੇਈਏ ਕਿ ਭਾਰਤੀ ਮੀਡੀਆ ਵਿਚਲੇ ਮਰਦਾਂ ਤੇ ਔਰਤਾਂ ਨੂੰ ਦਬੰਗਾਂ ਅਤੇ ਕਾਰਪੋਰੇਟ ਘਰਾਣਿਆਂ ਨੇ ਬੁਰੀ ਤਰ੍ਹਾਂ ਦਬਾ ਤੇ ਡਰਾ ਲਿਆ ਸੀ ਅਤੇ ਆਪਣੀਆਂ ਕਠਪੁਤਲੀਆਂ ਬਣਾ ਲਿਆ ਸੀ। ਕੀ ਸਾਡਾ ਰਵਾਇਤੀ ਮੀਡੀਆ ਇਸ ਹਾਲਾਤ ਤੋਂ ਬਾਹਰ ਨਿਕਲੇਗਾ ਅਤੇ ਸਾਨੂੰ ਸੱਚਾਈ ਦਾ ਬੇਲਾਗ ਚਿਹਰਾ ਦਿਖਾਵੇਗਾ? ਇਹ ਤਾਂ ਵਕਤ ਹੀ ਦੱਸੇਗਾ।

# ਕਰੋਨਾ ਬਾਰੇ ਚੱਲ ਰਹੀਆਂ ਕੁਝ ਬਹਿਸਾਂ ਦੇ ਆਰ-ਪਾਰ

***ਸੰਸਾਰ ਭਰ ਵਿਚ ਫੈਲੀ ਵਬਾ ਕਰੋਨਾ ਬਾਰੇ ਲਗਾਤਾਰ, ਕਈ ਪ੍ਰਕਾਰ ਦੀਆਂ ਜਾਣਕਾਰੀਆਂ ਸਾਹਮਣੇ ਆਉਂਦੀਆਂ ਰਹੀਆਂ ਹਨ। ਬਲਤੇਜ ਨੇ ਇਨ੍ਹਾਂ ਜਾਣਕਾਰੀਆਂ ਦੇ ਹਵਾਲੇ ਨਾਲ ਇਸ ਬਿਮਾਰੀ ਦੀ ਹਕੀਕਤ ਬਾਰੇ ਕੁਝ ਗੱਲਾਂ ਆਪਣੇ ਇਸ ਲੇਖ ਵਿਚ ਸਾਂਝੀਆਂ ਕੀਤੀਆਂ ਹਨ। ਇਨ੍ਹਾਂ ਜਾਣਕਾਰੀਆਂ ਵਿਚੋਂ ਕਈ ਤਾਂ ਬਹੁਤ ਇਕਪਾਸੜ ਹੋ ਨਿਬੜੀਆਂ ਅਤੇ ਕਈ ਸਹੀ ਪ੍ਰਚਾਰ ਨਾ ਹੋਣ ਕਰ ਕੇ ਕਿਤੇ ਪਿਛਾਂਹ ਛੁੱਟ ਗਈਆਂ। ਹਰ ਮੁਲਕ ਦਾ ਬਾਸ਼ਿੰਦਾ ਇਸ ਨਾਲ ਕਿਸੇ ਨਾ ਕਿਸੇ ਰੂਪ ਵਿਚ ਦੋ-ਚਾਰ ਹੋ ਰਿਹਾ ਹੈ। -ਸੰਪਾਦਕ***

ਕਰੋਨਾ ਵਾਇਰਸ ਨੂੰ ਲੈ ਕੇ ਸਮਾਜ ਵਿਚ ਭਰਮ ਫੈਲਣੇ ਸੁਭਾਵਿਕ ਹੀ ਸਨ ਪਰ ਕਦੇ-ਕਦੇ ਸੋਚੀਦਾ ਹੈ ਕਿ ਇੰਨੇ ਵਿਗਿਆਨਕ ਜਿਹੇ ਭਰਮ ਕਿਉਂ ਫੈਲ ਰਹੇ ਹਨ। ਭਾਰਤ ਵਰਗੇ ਸਮਾਜ ਵਿਚ ਜਿੱਥੇ ਵਹਿਮਾਂ ਭਰਮਾਂ ਦੇ ਆਧੁਨਿਕ ਸ਼ਿਕਾਰ ਵ੍ਹਟਸਐਪ, ਫੇਸਬੁਕ ਤੇ ਮਿੰਟ-ਮਿੰਟ ਬਾਅਦ ਨਵੀਂ ਜਾਣਕਾਰੀ ਅੱਖਾਂ ਦੱਬ ਕੇ ਸਾਂਝੀ ਕਰਦੇ ਹਨ, ਉਥੇ ਅਜੇ ਕਰੋਨਾ ਬਾਰੇ ਬਹੁਤ ਘੱਟ ਵਹਿਮ ਫੈਲੇ। ਸ਼ਾਇਦ ਕਰੋਨਾ ਸੰਸਾਰ ਵਿਆਪੀ ਵਰਤਾਰਾ ਸੀ, ਜਿਸ ਕਰ ਕੇ ਸਾਨੂੰ ਥੋੜ੍ਹਾ ਵਿਗਿਆਨਕ ਹੋਣਾ ਪਿਆ ਤੇ ਜੇ ਅਸੀਂ ਕਿਸੇ ਨੂੰ ਗਊ ਮੂਤਰ ਪੀਣ ਲਈ ਕਿਹਾ ਤਾਂ ਸੌ-ਸੌ ਵਿਗਿਆਨਕ ਬਹਾਨੇ ਬਣਾ ਕੇ ਕਿਹਾ। ਖੈਰ, ਮੁੱਦੇ ਦੀ ਗੱਲ ਕਰੀਏ ਤਾਂ ਅਸੀਂ ਸਿਰਫ ਇਸ 'ਤੇ ਬਣ ਰਹੀਆਂ ਸਿਆਸੀ ਅਤੇ

**ਬਲਤੇਜ**
**ਫੋਨ: +91-98550-22508**


ਵਿਗਿਆਨਕ ਸਾਜ਼ਿਸ਼ਾਂ ਬਾਰੇ ਕੁਝ ਗੱਲਾਂ ਕਰਾਂਗੇ ਤਾਂ ਇਹਨਾਂ ਗੱਲਾਂ ਵਿਚ ਦੋ ਨੁਕਤੇ ਮੁੱਖ ਰਹੇ। ਪਹਿਲਾ ਨੁਕਤਾ ਇਹ ਸੀ ਕਿ ਕਰੋਨਾ ਕੋਈ ਜੈਵਿਕ ਹਥਿਆਰ ਜਾਂ ਸਿਆਸੀ ਸਾਜ਼ਿਸ਼ ਹੈ? ਦੂਜਾ ਨੁਕਤਾ ਕਰੋਨਾ ਦੇ ਸੰਭਾਵੀ ਹੱਲ ਅਤੇ ਇਸ ਦੇ ਖੌਫ ਨਾਲ ਜੁੜਿਆ ਹੈ।

ਪਹਿਲੇ ਨੁਕਤੇ ਦੀ ਗੱਲ ਕਰਦੇ ਹਾਂ। ਜਦੋਂ ਕਰੋਨਾ ਵਾਇਰਸ ਬਾਰੇ ਦੁਨੀਆ ਗੱਲਾਂ ਕਰਨ ਲੱਗੀ ਤਾਂ ਸਭ ਤੋਂ ਪਹਿਲਾਂ ਅਮਰੀਕੀ ਸਿਆਸਤਦਾਨ ਟਾਮ ਕੋਟਨ ਨੇ ਇਸ ਨੂੰ ਚੀਨ ਦੀ ਸਾਜ਼ਿਸ਼ ਕਿਹਾ। ਉਹਨੇ ਕਿਹਾ ਕਿ ਚੀਨ ਕੋਲ ਬੀ.ਐਸ.-4 ਲੈਬ ਵੂਹਾਂਗ ਸ਼ਹਿਰ ਵਿਚ ਹੈ। ਇਹ ਉਹਨਾਂ ਕੋਲੋਂ ਉਥੇ ਲੀਕ ਹੋਇਆ। ਇਸ ਟਵੀਟ ਨੇ ਲੱਖਾਂ ਲੋਕਾਂ ਨੂੰ ਪ੍ਰਭਾਵਿਤ ਕੀਤਾ। ਚੀਨ ਨੂੰ ਸੰਸਾਰ ਦਾ ਖਲਨਾਇਕ ਮੰਨਣ ਵਾਲਿਆਂ ਲਈ ਇਹ ਮੰਨਣਾ ਬਹੁਤ ਸੌਖਾ ਸੀ ਅਤੇ ਉਹਨਾਂ ਬਿਨਾ ਕਿਸੇ ਜਾਂਚ ਪੜਤਾਲ ਚੀਨ ਨੂੰ ਕੋਸਣਾ ਸ਼ੁਰੂ ਕਰ ਦਿੱਤਾ। ਉਂਜ, ਜੇ ਦਿਮਾਗ ਖੋਲ੍ਹ ਕੇ ਸੋਚੀਏ ਤਾਂ ਬੀ.ਐਸ.-4 ਲੈਬ ਇੰਨੀ ਜ਼ਿਆਦਾ ਤਰੀਕਾਵਰ ਹੁੰਦੀ ਹੈ ਕਿ ਉਥੇ ਹਵਾ ਕਿੰਨੀ ਰਹਿਣੀ ਹੈ, ਹਵਾ ਵਿਚ ਕਣ ਕਿੰਨੇ ਰਹਿਣੇ ਹਨ, ਇਹ ਪੈਮਾਨਾ ਵੀ ਤੈਅ ਕੀਤਾ ਹੁੰਦਾ ਹੈ। ਇਸ ਸੂਰਤ ਵਿਚ ਲੀਕ ਹੋਣ ਵਾਲੀ ਗੱਲ ਬਚਗਾਨਾ ਹੈ।

ਦੂਜੀ ਇਸੇ ਨਾਲ ਰਲਦੀ ਗੱਲ ਚੀਨੀ ਸਿਆਸਤਦਾਨ ਲੀਜ਼ੀਅਨ ਜ਼ੂ ਨੇ ਕੀਤੀ। ਉਹਨੇ ਕਿਹਾ ਕਿ ਇਹ ਅਮਰੀਕਾ ਦਾ ਚੀਨ 'ਤੇ ਜੈਵਿਕ ਹਮਲਾ ਹੈ। ਇਹ ਵੀ ਕਈਆਂ ਨੂੰ ਪਸੰਦ ਆਇਆ ਪਰ ਉਸ ਤੋਂ ਬਾਅਦ 'ਨੇਚਰ' ਸਣੇ ਹੋਰ ਵਿਗਿਆਨਕ ਪਰਚਿਆਂ ਨੇ ਇਹ ਖੁਲਾਸਾ ਕੀਤਾ ਕਿ ਇਹ ਕੋਈ ਜੈਵਿਕ ਹਥਿਆਰ ਨਹੀਂ ਹੋ ਸਕਦਾ ਕਿਉਂਕਿ ਇਸ ਦੇ ਜੀਨੋਮ ਚਮਗਿੱਦੜ ਅਤੇ ਪੈਂਗੋਲਿਨ ਨਾਲ ਮਿਲਦੇ ਜੁਲਦੇ ਹਨ। ਇਹ ਜਾਂ ਤਾਂ ਸਿੱਧਾ ਚਮਗਿੱਦੜ ਜਾਂ ਪੈਂਗੋਲਿਨ ਤੋਂ ਆਇਆ ਹੈ, ਜਾਂ ਇਹ ਮਨੁੱਖੀ ਸਰੀਰ ਵਿਚ ਰਹਿੰਦਾ ਹੀ ਬਦਲ (mutate) ਗਿਆ ਹੈ। ਇੱਕ ਹੋਰ ਖੋਜ ਕਹਿੰਦੀ ਹੈ ਕਿ ਇਹ ਪਹਿਲਾਂ ਤੋਂ ਹੀ ਮੌਜੂਦ ਦੋ ਵਾਇਰਸਾਂ ਦਾ ਆਧੁਨਿਕ ਸੁਮੇਲ ਹੈ।

ਇਹ ਤਾਂ ਸੀ ਵਿਗਿਆਨਕ ਪੱਖ ਜੋ ਸਾਬਤ ਕਰਦੇ ਹਨ ਕਿ ਵਾਇਰਸ ਕੁਦਰਤੀ ਹੈ। ਜੇ ਸਿਆਸੀ ਪੱਖ ਤੋਂ ਦੇਖੀਏ ਤਾਂ ਜੇ ਕੋਈ ਦੇਸ਼ ਕੋਈ ਜੈਵਿਕ ਹਥਿਆਰ ਬਣਾਉਣ ਵੱਲ ਵਧੇਗਾ ਤਾਂ ਬੇਸ਼ੱਕ ਪਹਿਲਾਂ ਉਹ ਇਸ ਦਾ ਤੋੜ ਬਣਾਵੇਗਾ, ਤੇ ਅੱਜ ਦੇ ਹਾਲਾਤ ਨੂੰ ਦੇਖ ਕੇ ਇਹ ਕਹਿਣਾ ਕਿ ਕਿਸ ਦੇਸ਼ ਨੇ ਬਣਾਇਆ, ਔਖਾ ਹੈ ਕਿਉਂਕਿ ਪੂਰੀ ਦੁਨੀਆ ਇਸ ਨੇ ਝੰਬ ਸੁੱਟੀ ਸਣੇ ਚੀਨ, ਅਮਰੀਕਾ। ਦੂਜਾ ਇਹ ਮੰਨ ਲੈਣਾ ਕਿ ਇਸ ਵਾਇਰਸ ਨੂੰ ਸਾਜ਼ਿਸ਼ ਤਹਿਤ ਫੈਲਾਇਆ ਗਿਆ, ਸਿਆਸਤ ਤੋਂ ਧਿਆਨ ਹਟਾਉਣ ਲਈ ਚੀਜ਼ਾਂ ਨੂੰ ਘਟਾ ਕੇ ਦੇਖਣਾ ਹੈ। ਸਿੱਧਾ-ਸਿੱਧਾ ਸੋਚਿਆ ਜਾਵੇ ਤਾਂ ਜੇ ਸੰਸਾਰ ਸਰਮਾਏਦਾਰੀ ਨੇ ਇੰਝ ਕੀਤਾ ਤਾਂ ਇਹ ਉਹਨੇ ਖੁਦਕੁਸ਼ੀ ਦੀ ਕੋਸ਼ਿਸ਼ ਕੀਤੀ ਹੈ। ਕੋਈ ਵੀ ਦੇਸ਼ ਇੰਨਾ ਮੂਰਖ ਨਹੀਂ। ਦੇਖਿਆ ਜਾਵੇ ਤਾਂ ਹਰ ਤਰ੍ਹਾਂ ਦੀ ਸਨਅਤ ਇਸ ਤੋਂ ਪ੍ਰਭਾਵਿਤ ਹੈ। ਹਰ ਸਰਕਾਰ ਨੂੰ ਆਪਣੇ ਦੇਸ਼ ਦੇ ਸਿਹਤ ਢਾਂਚੇ 'ਤੇ ਵੱਧ ਖਰਚ ਕਰਨਾ ਪੈ ਰਿਹਾ ਹੈ। ਉਹ ਦੇਸ਼ ਜੋ ਸਿਹਤ ਜਾਂ ਸਿੱਖਿਆ 'ਤੇ ਖਰਚ ਕਰਨ ਤੋਂ ਕਤਰਾਉਂਦੇ ਸਨ, ਉਹ ਵੀ ਇਸ ਦੇ ਜਨਤਕ ਫੈਲਾਓ ਵਲ ਵਧ ਰਹੇ ਹਨ। ਇਸ ਵਿਚ ਬੇਸ਼ੱਕ ਦਵਾਈਆਂ ਬਣਾਉਣ ਵਾਲੀ ਸਨਅਤ ਨੂੰ ਵੱਡਾ ਫਾਇਦਾ ਹੋ ਸਕਦਾ ਹੈ ਪਰ ਇਹ ਸੋਚ ਲੈਣਾ ਕਿ ਇੱਕ ਤਰ੍ਹਾਂ ਦੀ ਸਨਅਤ ਦੀ ਚੜ੍ਹਾਈ ਲਈ (ਉਹ ਵੀ ਅਜੇ ਪੱਕਾ ਪਤਾ ਨਹੀਂ) ਬਾਕੀ ਸਨਅਤਾਂ ਦੀ ਕੁਰਬਾਨੀ ਦਿੱਤੀ ਗਈ, ਭੋਲਾਪਣ ਹੈ।

ਦੂਜਾ ਨੁਕਤਾ ਜੋ ਹੁਣ ਚੱਲਿਆ ਹੈ, ਇਹ ਜ਼ਿਆਦਾ ਸੋਚਣ ਵਾਲਾ ਹੈ। ਇਸ ਵਿਚ ਬਹੁਤੀਆਂ ਚੀਜ਼ਾਂ ਬਾਰੇ ਸਹਿਮਤੀ ਬਣਦਿਆਂ ਅਸਹਿਮਤੀ ਹੈ। ਇਸ ਵਿਚ ਮੁੱਖ ਬਹਿਸ ਹੈ ਕਿ ਵਾਇਰਸ ਸਾਡੀ ਆਮ ਜ਼ਿੰਦਗੀ ਦਾ ਹਿੱਸਾ ਹਨ ਅਤੇ ਹੁਣ ਜਲਦ ਹੀ ਇਸ ਨਵੇਂ ਵਾਇਰਸ ਨਾਲ ਸਾਡਾ ਇਮਿਊਨ ਤੰਤਰ ਲੜ ਕੇ ਸਾਨੂੰ ਠੀਕ ਕਰ ਦੇਵੇਗਾ। ਇਹ ਸੋਚਿਆ ਜਾ ਸਕਦਾ ਹੈ। ਵਿਗਿਆਨਕ ਤੌਰ 'ਤੇ ਇਹ ਸੱਚ ਵੀ ਹੈ। ਡਾਰਵਿਨ ਦਾ ਸਿਧਾਂਤ ਹੈ ਕੁਦਰਤੀ ਚੋਣ ਦਾ, ਉਹਦੇ ਅਨੁਸਾਰ ਹਰ ਪ੍ਰਜਾਤੀ



ਆਪਣੀਆਂ ਔਖੀਆਂ ਘੜੀਆਂ ਵਿਚੋਂ ਜਦੋਂ ਅੱਗੇ ਲੰਘਦੀ ਹੈ, ਸਿਰਫ ਤਾਕਤਵਰ ਬਚਦੇ ਹਨ। ਹੁਣ ਮੰਨ ਲਓ, ਆਪਾਂ ਇਹ ਮੰਨ ਲੈਂਦੇ ਹਾਂ ਕਿ ਇਹ ਤਾਂ ਬਹੁਤ ਕੁਦਰਤੀ ਜਿਹਾ ਨਿਯਮ ਹੈ, ਆਪਣਾ ਸਰੀਰ ਝੱਲ ਲਵੇਗਾ, ਫਿਰ ਹਸਪਤਾਲ ਕਿਉਂ ਬਣਾਏ? ਅਸੀਂ ਇੰਨੇ ਸਾਲ ਵਿਗਿਆਨ ਨਾਲ ਮੱਥਾ ਕਿਉਂ ਮਾਰਿਆ? ਕੀ ਸਾਡਾ ਮਕਸਦ ਸਿਰਫ ਗਿਆਨ ਲੈਣਾ ਹੀ ਸੀ, ਮਨੁੱਖਾਂ ਦੀ ਜਾਨ ਬਚਾਉਣਾ ਨਹੀਂ ਸੀ? ਹੁਣ ਜੇ ਇਸ ਕੁਦਰਤੀ ਨਿਯਮ ਅਨੁਸਾਰ ਚੱਲੀਏ ਤਾਂ ਇਸ ਵਾਇਰਸ ਨਾਲ ਮੌਤ ਦਰ ਚੀਨ ਵਿਚ 1-4% ਸੀ ਅਤੇ ਇਟਲੀ ਵਿਚ ਇਹ 10% ਸੀ। ਜੇ ਭਾਰਤ ਵਿਚ ਮੌਤ ਦਰ 1% ਵੀ ਹੁੰਦੀ ਹੈ (ਜੋ ਸੰਭਵ ਨਹੀਂ ਲੱਗਦਾ) ਤਾਂ ਵੀ 1 ਕਰੋੜ ਤੋਂ ਉਤੇ ਲੋਕ ਮਰਨਗੇ। ਕੀ ਅਸੀਂ ਇਹਨਾਂ ਲੋਕਾਂ ਨੂੰ ਇੰਝ ਹੀ ਮਰਨ ਲਈ ਛੱਡ ਸਕਦੇ ਹਾਂ?

ਦੂਸਰੀ ਵੱਡੀ ਗੱਲ, ਜਦੋਂ ਭਾਰਤ ਵਰਗੇ ਦੇਸ਼ ਵਿਚ ਸਾਹ ਦੀ ਕੋਈ ਬਿਮਾਰੀ ਫੈਲੇਗੀ ਤਾਂ ਸਾਡੇ ਕੋਲ ਇੱਕਦਮ ਆਏ ਇੰਨੇ ਮਰੀਜ਼ਾਂ ਲਈ ਕੋਈ ਢੁਕਵੇਂ ਪ੍ਰਬੰਧ ਹੋਣਗੇ? ਇਸ ਹਾਲਤ ਵਿਚ, ਕੀ ਇਹ ਦਰ ਵਧ ਨਹੀਂ ਜਾਵੇਗੀ? ਸਰਕਾਰ ਦੇ ਸਿਹਤ ਵਿਭਾਗ ਅਨੁਸਾਰ ਸਰਕਾਰ ਕੋਲ 8432 ਵੈਂਟੀਲੇਟਰ ਹਨ। ਜੋ ਲੋਕ ਆਮ ਹਾਲਤ ਵਿਚ ਬਚਾਏ ਜਾ ਸਕਦੇ ਹਨ, ਜੇ ਹਾਲਾਤ ਵਿਗੜਦੇ ਹਨ ਤਾਂ ਉਹ ਵੀ ਬਚਾਏ ਨਹੀਂ ਜਾ ਸਕਣਗੇ। ਉਂਜ, ਇਹ ਵੀ ਇੱਕ ਸੱਚ ਹੈ ਕਿ ਹੁਣ ਤਾਲਾਬੰਦੀ ਕਦੋਂ ਤੱਕ ਚੱਲ ਸਕਦੀ ਹੈ, ਕਿਉਂਕਿ ਗਰੀਬੀ ਕਾਰਨ ਬਹੁਤੇ ਲੋਕ ਤਾਂ ਭੁੱਖ ਨਾਲ ਹੀ ਮਰ ਜਾਣਗੇ। ਇਉਂ ਹੁਣ ਵੱਡਾ ਸਵਾਲ ਇਹ ਹੈ ਕਿ ਸਰਕਾਰ ਕਦੋਂ ਤੱਕ ਇਸ ਲਈ ਢੁਕਵੇਂ ਪ੍ਰਬੰਧ ਕਰ ਸਕਦੀ ਹੈ? ਸਰਕਾਰ ਨੂੰ ਨਵੇਂ ਹਸਪਤਾਲ, ਨਵੇਂ ਵੈਂਟੀਲੇਟਰ ਬਹੁਤ ਤੇਜ਼ੀ ਨਾਲ ਬਣਾਉਣੇ ਪੈਣਗੇ ਤਾਂ ਕਿ ਹਾਲਾਤ ਲਈ ਤਿਆਰ ਰਹਿ ਕੇ ਢਿੱਲ ਦਿੱਤੀ ਜਾ ਸਕੇ ਜਾਂ ਵੈਨੇਜ਼ੁਆਲਾ ਵਾਂਗੂ ਚੀਨ ਦੀ ਮਦਦ ਨਾਲ ਇਸ ਨੂੰ ਜਲਦੀ ਠੱਲ੍ਹਿਆ ਜਾਵੇ। ਇਮਿਊਨਿਟੀ (ਰੋਗ ਨਾਲ ਲੜਨ ਦੀ ਤਾਕਤ) ਤੰਤਰ ਨਾਲ ਜੁੜਿਆ ਇਕ ਪਹਿਲੂ ਇਹ ਵੀ ਹੈ ਕਿ ਕਈ ਅਜਿਹੇ ਕੇਸ ਵੀ ਆਏ ਹਨ ਜਿਨ੍ਹਾਂ ਨੂੰ ਦੁਬਾਰਾ ਕੋਵਿਡ-19 ਹੋ ਗਿਆ ਤਾਂ ਇਹੋ ਜਿਹੇ ਮਾਮਲੇ ਵਿਚ ਇਮਿਊਨਿਟੀ ਤੰਤਰ ਬਾਰੇ ਕੀ ਕਿਹਾ ਜਾਵੇ?

ਇਸੇ ਵਿਚ ਇੱਕ ਹੋਰ ਵਿਗਿਆਨਕ ਤਰਕ ਆਉਂਦਾ ਹੈ ਕਿ ਇਹ ਆਮ ਮੌਸਮੀ ਫਲੂ ਵਾਂਗ ਹੈ ਅਤੇ ਮੌਸਮੀ ਫਲੂ ਦੀ ਕੇਸ ਮੌਤ ਦਰ (case fatality rate) ਇਸ ਨਾਲੋਂ ਕਿਤੇ ਜ਼ਿਆਦਾ ਹੁੰਦੀ ਹੈ। ਇਸ ਲਈ ਕਰੋਨਾ ਵਾਇਰਸ ਲਈ ਕੋਈ ਸਿਰਦਰਦੀ ਲੈਣ ਦੀ ਇੰਨੀ ਲੋੜ ਨਹੀਂ। ਪਹਿਲੀ ਗੱਲ, ਕਰੋਨਾ ਵਾਇਰਸ ਮੌਸਮੀ ਨਹੀਂ; ਦੂਜੀ ਗੱਲ, 'ਕੇਸ ਮੌਤ ਦਰ' ਉਦੋਂ ਕੱਢੀ ਜਾਂਦੀ ਹੈ ਜਦੋਂ ਤੁਹਾਡੇ ਸਾਹਮਣੇ ਕੁੱਲ ਕੇਸ ਅਤੇ ਕੁੱਲ ਮੌਤਾਂ ਹੋਣ। ਇਹ ਵਾਇਰਸ ਬਿਲਕੁਲ ਨਵਾਂ ਹੈ ਅਤੇ ਫੈਲ ਰਿਹਾ ਹੈ। ਤੀਜੀ ਗੱਲ, ਇਹਦੇ ਲੱਛਣ ਦਿਸਣ ਲਈ 2 ਤੋਂ ਲੈ ਕੇ 8 ਹਫਤੇ ਲੱਗ ਰਹੇ ਹਨ। ਇੱਕ ਹੋਰ ਖੋਜ ਰਸਾਲੇ ਮੁਤਾਬਿਕ, ਇਹ ਅਜੇ ਆਪਣੇ ਵਿਕਾਸ ਵਿਚ ਹੈ ਅਤੇ ਹੋਰ ਵਾਇਰਸਾਂ ਵਾਂਗ ਤੇਜ਼ੀ ਨਾਲ ਬਦਲ ਰਿਹਾ ਹੈ, ਇਸ ਕਰ ਕੇ ਇਹਦੇ ਲੱਛਣ ਦਿਸਣ ਦੀ ਮਿਆਦ ਵੀ ਵੱਖੋ-ਵੱਖਰੀ ਹੈ। ਅਜੇ ਕਿਸੇ ਵੀ ਨਤੀਜੇ 'ਤੇ ਇੰਨੀ ਕਾਹਲੀ ਨਾਲ ਅੱਪੜਿਆ ਨਹੀਂ ਜਾ ਸਕਦਾ। ਉਂਜ ਵੀ, ਇਸ ਦਾ ਅਸਰ ਵੱਖ-ਵੱਖ ਖਿੱਤੇ ਉਤੇ ਵੱਖ-ਵੱਖ ਦਿਸ ਰਿਹਾ ਹੈ।

ਜੋ ਤੀਜਾ ਤਰਕ ਦਿੱਤਾ ਜਾ ਰਿਹਾ ਹੈ, ਉਹ ਯੂ.ਕੇ. ਸਰਕਾਰ ਦੀ ਅਡਵਾਈਜ਼ਰੀ ਨਾਲ ਜੁੜਿਆ ਹੈ। ਯੂ.ਕੇ. ਨੇ ਨਵੇਂ ਕਰੋਨਾ ਵਾਇਰਸ (ਕੋਵਿਡ-19) ਨੂੰ 'ਵੱਧ ਮਾਰ ਵਾਲੀ ਲਾਗ ਦੀ ਬਿਮਾਰੀ' ਵਾਲੀ ਸੂਚੀ ਵਿਚੋਂ ਬਾਹਰ ਕੱਢ ਦਿੱਤਾ। ਉਹਨਾਂ ਨੇ ਸ਼ੁਰੂ ਵਿਚ ਇਸ ਦੇ ਫੈਲਾਓ ਨੂੰ ਦੇਖਦਿਆਂ ਇਸ ਨੂੰ ਇਸ ਸੂਚੀ ਵਿਚ ਸ਼ਾਮਿਲ ਕਰ ਲਿਆ ਸੀ। ਫਿਰ ਉਹਨਾਂ ਨੇ ਇਹ ਕਹਿ ਕੇ ਇਸ ਸੂਚੀ ਵਿਚੋਂ ਕੱਢਿਆ ਹੈ ਕਿ ਇਸ ਨਾਲ ਮੌਤ ਦਰ ਇੰਨੀ ਨਹੀਂ ਹੈ ਜਿੰਨੀ ਇਸ ਸੂਚੀ ਵਿਚ ਸ਼ਾਮਿਲ ਹੋਰਾਂ ਵਾਇਰਸਾਂ ਦੀ ਹੈ। ਇਸ ਨੂੰ ਬਾਹਰ ਕੱਢਣ ਦਾ ਇੱਕੋ-ਇੱਕ ਹਵਾਲਾ ਮੌਤ ਦਰ ਦਿੱਤਾ ਗਿਆ ਹੈ। ਕਿਤੇ ਵੀ ਇਸ ਦੇ ਫੈਲਾਓ ਬਾਰੇ ਗੱਲ ਨਹੀਂ ਕੀਤੀ ਗਈ ਜਦਕਿ ਇਸੇ ਵੈਬਸਾਇਟ 'ਤੇ ਇਹਨਾਂ ਦੀਆਂ ਹਦਾਇਤਾਂ ਮੁਤਾਬਿਕ ਘਰੇ ਰਹਿਣਾ, ਦੋ ਮੀਟਰ ਦੀ ਦੂਰੀ ਬਣਾਉਣਾ ਆਦਿ ਜੋ ਆਮ ਕੋਵਿਡ-19 ਲਈ ਹਦਾਇਤਾਂ ਹਨ, ਉਹ ਸ਼ੁਮਾਰ ਹਨ। ਸੋ, ਇਸ ਖਬਰ ਦੇ ਸਹਾਰੇ ਇਹ ਨਹੀਂ ਆਖਿਆ ਜਾ ਸਕਦਾ ਕਿ ਹੁਣ ਸਾਨੂੰ ਕੋਵਿਡ-19 ਬਾਰੇ ਸਾਵਧਾਨੀ ਵਰਤਣ ਦੀ ਲੋੜ ਹੀ ਨਹੀਂ। ਹੋ ਸਕਦਾ ਹੈ, ਇਸ ਬਾਰੇ ਅਜੇ ਕਈ ਨਵੀਆਂ ਚੀਜ਼ਾਂ ਸਾਨੂੰ ਪਤਾ ਲੱਗਣ ਅਤੇ ਇਹਨਾਂ ਵਿਚੋਂ ਕਈ ਝੂਠੀਆਂ ਸਾਬਿਤ ਹੋ ਜਾਣ ਪਰ ਕੀ ਅਸੀਂ ਸਿਰਫ ਆਪਣੇ ਬੋਲਾਂ ਨੂੰ ਸੱਚ ਸਾਬਤ ਕਰਨ ਲਈ ਲੱਖਾਂ ਜ਼ਿੰਦਗੀਆਂ ਦਾਅ 'ਤੇ ਲਾਉਣ ਨੂੰ ਤਿਆਰ ਹਾਂ? ਜਾਂ ਕੀ ਅਸੀਂ ਲੋਕਾਂ 'ਤੇ ਕਿਸੇ ਵੀ ਕਿਸਮ ਦਾ ਪ੍ਰਯੋਗ ਕਰਨ ਦਾ ਜੋਖਮ ਉਠਾ ਸਕਦੇ ਹਾਂ? ਜੇ ਨਹੀਂ ਤਾਂ ਕਿਉਂ ਨਾ ਤਦ ਤੱਕ ਸੁਣੀਆਂ ਸੁਣਾਈਆਂ ਗੱਲਾਂ ਨਾ ਮੰਨ ਕੇ ਜਿੰਨੀ ਹੋ ਸਕੇ, ਲੋਕਾਂ ਦੀ ਮਦਦ ਕਰੀਏ ਅਤੇ ਉਨ੍ਹਾਂ ਨੂੰ ਕਰੋਨਾ ਤੋਂ ਬਚਣ ਲਈ ਸੁਚੇਤ ਕਰੀਏ।

ਇਸ ਤੋਂ ਬਿਨਾ ਵੀ ਕਈ ਸੁਆਲ ਹਨ ਜੋ ਇਸ ਵਾਇਰਸ ਦੇ ਆਉਣ ਨਾਲ ਦੁਨੀਆ ਸਾਹਮਣੇ ਖੜ੍ਹੇ ਹੋ ਗਏ ਹਨ। ਇਹਨਾਂ ਨੇ ਸਾਨੂੰ ਸਾਡੇ ਅਸਲ ਮੁੱਦਿਆਂ ਵੱਲ ਕਰ ਦਿੱਤਾ ਹੈ। ਸਾਨੂੰ ਪਤਾ ਲੱਗ ਗਿਆ ਹੈ ਕਿ ਸਰਕਾਰਾਂ ਨੂੰ ਬੁੱਤਾਂ, ਮੂਰਤੀਆਂ ਅਤੇ ਫੌਜੀ ਖਰਚਿਆਂ ਨਾਲੋਂ ਸਿਹਤ ਵਿਭਾਗ 'ਤੇ ਖਰਚੇ ਕਰਨੇ ਕਿੰਨੇ ਜ਼ਰੂਰੀ ਸਨ। ਆਪਣੇ ਆਪ ਨੂੰ ਅਜਿੱਤ ਮੰਨੀ ਬੈਠੇ ਦੇਸ਼ ਇੱਕ ਵਾਇਰਸ ਦੇ ਆਉਣ ਨਾਲ ਡਾਵਾਂਡੋਲ ਹੋ ਚੁੱਕੇ ਹਨ। ਇਹ ਕੋਈ ਪਹਿਲਾ ਰੋਗ ਨਹੀਂ ਅਤੇ ਆਖਰੀ ਵੀ ਨਹੀਂ। ਦੁਨੀਆ ਨੇ ਪਲੇਗ ਵੀ ਦੇਖੀ ਹੈ ਪਰ ਸਾਡੇ ਲਈ ਸਵਾਲ ਇਹ ਹੈ ਕਿ ਅਸੀਂ ਇਹ ਦੌਰ ਲੰਘ ਜਾਣ ਤੋਂ ਬਾਅਦ ਕਿਸ ਤਰ੍ਹਾਂ ਦੇ ਸਵਾਲਾਂ ਬਾਰੇ ਚਰਚਾ ਕਰਾਂਗੇ? ਕੀ ਅਸੀਂ ਕਦੇ ਸਿਹਤ, ਸਿੱਖਿਆ ਅਤੇ ਖੋਜਾਂ 'ਤੇ ਹੁੰਦੇ ਖਰਚਿਆਂ ਨੂੰ ਘਟਾਉਣ ਬਾਰੇ ਸੋਚ ਵੀ ਸਕਦੇ ਹਾਂ?

# ਕੋਵਿਡ-19 ਅਤੇ 'ਸਾਈਬਰ ਬੁਲਿੰਗ'

ਕਰੋਨਾ ਮਹਾਮਾਰੀ ਦੌਰਾਨ ਲੌਕਡਾਊਨ ਕਾਰਨ ਹਰ ਉਮਰ ਅਤੇ ਵਰਗ ਦੇ ਲੋਕਾਂ ਨੂੰ ਬਹੁਤ ਜ਼ਿਆਦਾ ਤਣਾਅ, ਚਿੰਤਾ ਤੇ ਨਿਰਾਸ਼ਾ ਵਿਚੋਂ ਗੁਜ਼ਰਨਾ ਪੈ ਰਿਹਾ ਹੈ। ਵਿਦਿਆਰਥੀ ਆਪਣਾ ਬਹੁਤਾ ਸਮਾਂ ਘਰਾਂ ਵਿਚ ਹੀ ਔਖੇ-ਸੌਖੇ ਆਪਣੀ ਆਨਲਾਈਨ ਪੜ੍ਹਾਈ ਕਰਦਿਆਂ ਬਤੀਤ ਕਰ ਰਹੇ ਹਨ। ਇੰਟਰਨੈਟ ਉੱਤੇ ਵਧੇਰੇ ਸਮਾਂ ਬਤੀਤ ਕਰਨ ਕਰਕੇ ਉਨ੍ਹਾਂ 'ਤੇ ਆਨਲਾਈਨ ਹੈਕਰਾਂ, ਸਾਈਬਰ ਅਪਰਾਧੀਆਂ ਅਤੇ ਗੈਰ-ਸਮਾਜੀ ਤੱਤਾਂ ਦਾ ਹਰ ਸਮੇਂ



**ਡਾ. ਰਵੀਜੋਤ ਕੌਰ, ਲੁਧਿਆਣਾ**
**ਫੋਨ: 91-94175-33094**

ਖਤਰਾ ਬਣਿਆ ਰਹਿੰਦਾ ਹੈ, ਜਿਸ ਕਰਕੇ ਉਨ੍ਹਾਂ ਨੂੰ ਕਈ ਵਾਰ ਗੰਭੀਰ ਸ਼ੋਸ਼ਣ, ਧੋਖਧੜੀ ਅਤੇ ਸ਼ਰਮਿੰਦਗੀ ਦਾ ਸਾਹਮਣਾ ਕਰਨਾ ਪੈਂਦਾ ਹੈ। 'ਸਾਈਬਰ ਬੁਲਿੰਗ' ਤੋਂ ਭਾਵ ਸਾਈਬਰ ਧੱਕੇਸ਼ਾਹੀ ਅਤੇ ਗੁੰਡਾਗਰਦੀ ਹੈ। ਇਸ ਵਿਚ ਡਿਜੀਟਲ ਤਕਨਾਲੋਜੀ ਦੀ ਵਰਤੋਂ ਨਾਲ ਲੋਕਾਂ ਨੂੰ ਤੰਗ ਪ੍ਰੇਸ਼ਾਨ ਕੀਤਾ ਤੇ ਡਰਾਇਆ-ਧਮਕਾਇਆ ਜਾਂਦਾ ਹੈ।

ਪਿਛਲੇ ਸਮਿਆਂ ਦੌਰਾਨ ਹੋਈਆਂ ਕੁਝ ਖੋਜਾਂ ਨੇ ਇਹ ਸੰਕੇਤ ਦਿੱਤਾ ਹੈ ਕਿ ਸਾਈਬਰ ਬੁਲਿੰਗ ਦੀਆਂ ਘਟਨਾਵਾਂ ਵਿਚ ਕੋਵਿਡ-19 ਦੇ ਸਮੇਂ ਦੌਰਾਨ ਕਾਫੀ ਵਾਧਾ ਹੋਇਆ ਹੈ ਅਤੇ ਇਹ ਵਿਸ਼ੇਸ਼ ਕਰਕੇ ਸੋਸ਼ਲ ਨੈਟਵਰਕਿੰਗ ਸਾਈਟਾਂ, ਟੈਕਸਟ ਸੰਦੇਸ਼ਾਂ ਅਤੇ ਈਮੇਲ ਆਦਿ ਰਾਹੀਂ ਹੋ ਰਹੀ ਹੈ। ਇਸ ਵਿਚ ਕਿਸੇ ਨੂੰ ਅਪਮਾਨਜਨਕ ਜਾਂ ਅਣਚਾਹੇ ਜਿਨਸੀ ਸੰਦੇਸ਼ ਭੇਜਣ, ਸ਼ਰਮਿੰਦਾ ਕਰਨ ਵਾਲੀਆਂ ਤਸਵੀਰਾਂ, ਆਡੀਓ ਅਤੇ ਵੀਡੀਓ ਅੱਗੇ ਭੇਜਣਾ ਅਤੇ ਅਪਮਾਨਜਨਕ ਟਿੱਪਣੀਆਂ ਕਰਨਾ ਆਦਿ ਸ਼ਾਮਲ ਹੁੰਦੇ ਹਨ।

ਮੋਬਾਈਲ ਉੱਤੇ ਕੁਝ ਐਪਲੀਕੇਸ਼ਨਾਂ ਨੂੰ ਡਾਊਨਲੋਡ ਕਰਨ ਨਾਲ ਅਸੀਂ ਜਾਣੇ-ਅਣਜਾਣੇ ਆਪਣੇ ਮੋਬਾਈਲ 'ਤੇ ਬਹੁਤ ਸਾਰੀਆਂ ਜ਼ਰੂਰੀ ਚੀਜ਼ਾਂ ਜਿਵੇਂ ਮੋਬਾਈਲ ਨੰਬਰ, ਸੰਦੇਸ਼, ਤਸਵੀਰਾਂ ਅਤੇ ਵੀਡੀਓ ਆਦਿ ਨੂੰ ਉਨ੍ਹਾਂ ਐਪਲੀਕੇਸ਼ਨਾਂ ਦੀ ਪਹੁੰਚ ਵਿਚ ਲੈ ਆਉਂਦੇ ਹਾਂ। ਅੱਜ ਕੱਲ੍ਹ ਵਿਦਿਆਰਥੀ ਆਨਲਾਈਨ ਕਲਾਸਾਂ, ਇਮਤਿਹਾਨਾਂ ਅਤੇ ਅਸਾਈਨਮੈਂਟਾਂ ਆਦਿ ਪੜ੍ਹਾਈ ਦੇ ਕਾਰਜਾਂ ਲਈ ਡਿਜੀਟਲ ਤਕਨਾਲੋਜੀ ਉੱਤੇ ਵਧੇਰੇ ਨਿਰਭਰ ਹੁੰਦੇ ਹਨ, ਪਰ ਬਹੁਤ ਸਾਰੇ ਵਿਦਿਆਰਥੀ ਆਪਣਾ ਖਾਲੀ ਸਮੇਂ ਦੌਰਾਨ ਇੰਟਰਨੈਟ ਉੱਤੇ ਕੋਈ ਸਕਾਰਾਤਮਕ ਜਾਂ ਉਸਾਰੂ ਗਤੀਵਿਧੀਆਂ ਘੱਟ ਸਿੱਖਦੇ ਹਨ, ਜਦੋਂ ਕਿ ਨਕਾਰਾਤਮਕ ਅਤੇ ਅਸੱਭਿਅਕ ਕਾਰਜ ਜਲਦੀ ਸਿੱਖ ਜਾਂਦੇ ਹਨ। ਆਪਣੇ ਘਰਾਂ ਵਿਚ ਬੈਠਿਆਂ ਉਹ ਨਿੱਤ ਨਵੇਂ ਤਰੀਕਿਆਂ ਨਾਲ ਆਪਣੇ ਦੋਸਤਾਂ-ਮਿੱਤਰਾਂ ਨਾਲ ਸਮਾਜਕ ਹੋਣ ਦੀ ਕੋਸ਼ਿਸ਼ ਕਰਦੇ ਹਨ, ਪਰ ਸਹੀ ਯੋਜਨਾ ਅਤੇ ਉਦੇਸ਼ ਦੀ ਕਮੀ ਹੋਣ ਕਾਰਨ ਉਹ ਕਈ ਵਾਰ ਸਾਈਬਰ ਧੱਕੇਸ਼ਾਹੀ ਜਿਹੀਆਂ ਗੰਭੀਰ ਸਮੱਸਿਆਵਾਂ ਵਿਚ ਫਸ ਜਾਂਦੇ ਹਨ।

ਕਈ ਮਹੀਨਿਆਂ ਤੋਂ ਲਗਾਤਾਰ ਆਪਣੇ ਘਰਾਂ ਵਿਚ ਬੈਠੇ ਵਿਦਿਆਰਥੀਆਂ ਉੱਤੇ ਪੈ ਰਹੇ ਮਾਨਸਿਕ ਦਬਾਅ ਨੇ ਸਥਿਤੀ ਨੂੰ ਹੋਰ ਵਿਗਾੜ ਦਿੱਤਾ ਹੈ। ਲਾਸ ਏਂਜਲਸ, ਕੈਲੀਫੋਰਨੀਆ ਦੀ ਯੂਨੀਵਰਸਿਟੀ ਦੇ ਬਰੇਨ ਮੈਪਿੰਗ ਸੈਂਟਰ ਦੇ ਵਿਗਿਆਨੀਆਂ ਨੇ ਆਪਣੀ ਖੋਜ ਵਿਚ ਦੱਸਿਆ ਹੈ ਕਿ ਸੋਸ਼ਲ ਮੀਡੀਆ ਉੱਤੇ ਪਾਈਆਂ ਪੋਸਟਾਂ ਨੂੰ ਮਿਲਦੇ 'ਲਾਈਕ' ਸਾਡੇ ਦਿਮਾਗ ਦੇ 'ਰਿਵਾਰਡ' ਵਾਲੇ ਹਿੱਸੇ ਨੂੰ ਸਰਗਰਮ ਕਰ ਦਿੰਦੇ ਹਨ। ਇਸ ਕਰਕੇ ਅੱਲ੍ਹੜ ਉਮਰ ਦੇ ਵਿਦਿਆਰਥੀ ਆਪਣੇ ਕਿਸ਼ੋਰ ਦਿਮਾਗ ਦੇ ਉਸ ਹਿੱਸੇ ਵਿਚ ਬਹੁਤ ਜ਼ਿਆਦਾ ਹਲਚਲ ਮਹਿਸੂਸ ਕਰਦੇ ਹਨ, ਜਿਸ ਤੋਂ ਕੁਝ ਹੱਦ ਤੱਕ ਸਾਨੂੰ ਇਹ ਪਤਾ ਲੱਗ ਜਾਂਦਾ ਹੈ ਕਿ ਉਹ ਸੋਸ਼ਲ ਮੀਡੀਆ ਉੱਤੇ ਇੰਨਾ ਸਮਾਂ ਅਤੇ ਅਨੰਦ ਕਿਉਂ ਮਾਣਦੇ ਹਨ। ਸੋਸ਼ਲ ਮੀਡੀਆ ਦੇ ਝੂਠੇ-ਸੱਚੇ ਲਾਈਕਾਂ ਨੂੰ ਲਗਾਤਾਰ ਦੇਖ-ਦੇਖ ਕੇ ਵਿਦਿਆਰਥੀ ਬਹੁਤੀ ਵਾਰ ਇਸ ਭੁਲੇਖੇ ਵਿਚ ਆ ਜਾਂਦੇ ਹਨ ਕਿ ਲੋਕ ਉਨ੍ਹਾਂ ਨੂੰ ਕਿੰਨਾ ਪਸੰਦ ਕਰਦੇ ਹਨ, ਜਿਸ ਨਾਲ ਉਹ ਆਪਣੀ ਅਸਲ ਪਛਾਣ ਅਤੇ ਵਿਅਕਤਿਤਵ ਨੂੰ ਵਿਸਾਰ ਦਿੰਦੇ ਹਨ।

ਖੋਜ ਅਧਿਐਨਾਂ ਤੋਂ ਪਤਾ ਲੱਗਾ ਹੈ ਕਿ ਸਵੈ-ਭਰੋਸੇ ਲਈ ਕੀਤੀ ਜਾਂਦੀ ਸੋਸ਼ਲ ਮੀਡੀਆ ਦੀ ਵਧੇਰੇ ਵਰਤੋਂ ਵਿਦਿਆਰਥੀਆਂ ਨੂੰ ਕਈ ਵਾਰ ਹੋਰ ਉਦਾਸ ਅਤੇ ਨਿਰਾਸ਼ ਕਰ ਦਿੰਦੀ ਹੈ, ਕਿਉਂਕਿ ਉਹ ਆਪਣੇ ਦੋਸਤਾਂ ਤੇ ਹਾਣੀਆਂ ਦੇ ਸਟੇਟਸ, ਤਸਵੀਰਾਂ ਜਾਂ ਵੀਡੀਓ ਆਦਿ ਗਤੀਵਿਧੀਆਂ ਨਾਲ ਆਪਣੇ ਜੀਵਨ ਦੀ ਸਫਲਤਾ ਜਾਂ ਅਸਫਲਤਾ ਨਾਲ ਤੁਲਨਾ ਕਰਨ ਲੱਗ ਜਾਂਦੇ ਹਨ। ਕੁਝ ਵਿਗਿਆਨਕ ਰਿਪੋਰਟਾਂ ਇਹ ਵੀ ਦਰਸਾਉਂਦੀਆਂ ਹਨ ਕਿ ਇੰਟਰਨੈਟ ਦੀ ਬਹੁਤ ਜ਼ਿਆਦਾ ਵਰਤੋਂ ਬਿਲਕੁਲ ਕਿਸੇ ਨਸ਼ੀਲੇ ਪਦਾਰਥ ਦੀ ਨਿਰਭਰਤਾ ਜਿਹੀ ਹੈ, ਜਿਸ ਨਾਲ ਵਿਦਿਆਰਥੀਆਂ ਵਿਚ ਨੀਂਦ ਦੀ ਸਮੱਸਿਆ, ਚਿੰਤਾ, ਤਣਾਅ ਅਤੇ ਉਦਾਸੀ ਪੈਦਾ ਹੁੰਦੀ ਹੈ। ਖੋਜਕਰਤਾਵਾਂ ਅਨੁਸਾਰ ਦੋ ਘੰਟਿਆਂ ਤੋਂ ਵੱਧ ਸਮੇਂ ਲਈ ਸੋਸ਼ਲ ਮੀਡੀਆ ਦੀ ਵਰਤੋਂ ਕਰਨ ਨਾਲ ਨੌਜਵਾਨਾਂ ਵਿਚ ਸਾਈਬਰ ਧੱਕੇਸ਼ਾਹੀ ਦੀ ਸੰਭਾਵਨਾ ਵੱਧ ਜਾਂਦੀ ਹੈ।

ਡਿਜੀਟਲ ਯੁੱਗ ਵਿਚ ਮਾਪਿਆਂ ਲਈ ਸਭ ਤੋਂ ਵੱਧ ਚਿੰਤਾ ਦਾ ਵਿਸ਼ਾ ਬੱਚਿਆਂ ਦੀ ਸਾਈਬਰ ਸੁਰੱਖਿਆ ਕਰਨਾ ਹੈ। ਇਸ ਲਈ ਮਾਪਿਆਂ ਨੂੰ ਵੱਧ ਸੁਚੇਤ ਰਹਿਣਾ ਚਾਹੀਦਾ ਹੈ ਅਤੇ ਇਹ ਸੁਨਿਸ਼ਚਿਤ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਦੇ ਬੱਚੇ ਆਨਲਾਈਨ ਸਮਗਰੀ ਦੀ ਵਰਤੋਂ ਕਰਦਿਆਂ ਕਿੰਨੇ ਕੁ ਸੁਰੱਖਿਅਤ ਅਤੇ ਸਕਾਰਾਤਮਕ ਰਹਿੰਦੇ ਹਨ। ਉਨ੍ਹਾਂ ਨੂੰ ਆਪਣੇ ਬੱਚਿਆਂ ਨਾਲ ਪੂਰੀ ਸਪਸ਼ਟਤਾ, ਇਮਾਨਦਾਰੀ ਅਤੇ ਅਪਣੱਤ ਨਾਲ ਗੱਲਬਾਤ ਕਰਕੇ ਨਿਰੰਤਰ ਪੁੱਛਦੇ ਰਹਿਣਾ ਚਾਹੀਦਾ ਹੈ ਕਿ ਉਹ ਕੀ ਮਹਿਸੂਸ ਅਤੇ ਅਨੁਭਵ ਕਰ ਰਹੇ ਹਨ। ਅੱਜ ਕੱਲ੍ਹ ਬਹੁਤੇ ਇੰਟਰਨੈਟ ਉਪਕਰਨਾਂ ਅਤੇ ਮੋਬਾਈਲ ਐਪਲੀਕੇਸ਼ਨਾਂ ਨੂੰ ਇਸ ਤਰੀਕੇ ਨਾਲ ਬਣਾਇਆ ਜਾ ਰਿਹਾ ਹੈ ਕਿ ਉਹ ਬੱਚਿਆਂ ਦੇ ਮਾਪਿਆਂ ਦੇ ਨਿਯੰਤਰਣ ਵਿਚ ਵੀ ਰਹਿ ਸਕਣ। ਇਨ੍ਹਾਂ ਵਿਚ 'ਸਕਰੀਨ ਸਮਾਂ' ਸੀਮਿਤ ਕਰਨ, ਅਣਉਚਿਤ ਸਮਗਰੀ ਨੂੰ ਰੋਕਣ ਅਤੇ ਮੈਸੇਜਿੰਗ ਐਪਲੀਕੇਸ਼ਨਾਂ ਤੱਕ ਪਹੁੰਚ ਨੂੰ ਨਿਯੰਤਰਣ ਕਰਨ ਦੀ ਵੀ ਚੰਗੇ ਤਰੀਕੇ ਨਾਲ ਸੈਟਿੰਗ ਕੀਤੀ ਗਈ ਹੁੰਦੀ ਹੈ। ਭਾਵੇਂ 'ਹੈਲੀਕਾਪਟਰ ਪੇਰੈਂਟ' ਭਾਵ ਬੱਚਿਆਂ ਦੇ ਜੀਵਨ ਵਿਚ ਲੋੜ ਨਾਲੋਂ ਜ਼ਿਆਦਾ ਦਖਲਅੰਦਾਜ਼ੀ ਕਰਨ ਅਤੇ ਦਿਲਚਸਪੀ ਦਿਖਾਉਣ ਵਾਲੇ ਮਾਪੇ ਬਣਨਾ ਬਹੁਤੀ ਚੰਗੀ ਗੱਲ ਨਹੀਂ ਹੈ, ਪਰ ਮਾਪਿਆਂ ਵੱਲੋਂ ਬੱਚਿਆਂ ਨੂੰ ਸਮੇਂ-ਸਮੇਂ ਉੱਤੇ ਇੰਟਰਨੈਟ ਦੀ ਸਹੀ ਤੇ ਸੁਰੱਖਿਅਤ ਵਰਤੋਂ ਕਰਨ ਬਾਰੇ ਅਤੇ ਇਸ ਦੀ ਦੁਰਵਰਤੋਂ ਦੇ ਨਤੀਜਿਆਂ ਬਾਰੇ ਜਾਗਰੂਕ ਕਰਦੇ ਰਹਿਣਾ ਬਹੁਤ ਜ਼ਰੂਰੀ ਹੈ।

ਸੀਨੀਅਰ ਸਾਈਬਰ ਸੁਰੱਖਿਆ ਸਲਾਹਕਾਰ ਅਮਿਤ ਸਾਹੂ ਮੁਤਾਬਿਕ "ਇੰਟਰਨੈਟ ਬੱਚਿਆਂ ਲਈ ਦੋਧਾਰੀ ਤਲਵਾਰ ਵਾਂਗ ਹੈ। ਇਹ ਉਨ੍ਹਾਂ ਨੂੰ ਬਹੁਤ ਵਧੀਆ ਸਿੱਖਿਆ ਪ੍ਰਦਾਨ ਕਰਨ ਦੀ ਭੂਮਿਕਾ ਨਿਭਾਉਂਦਾ ਹੈ, ਪਰ ਸੁਰੱਖਿਅਤ ਸੀਮਾਵਾਂ ਤੋਂ ਬਾਹਰ ਹੋ ਕੇ ਇਹ ਹਿੰਸਕ ਸਮਗਰੀ, ਹੈਕਿੰਗ ਅਤੇ ਸਾਈਬਰ ਧੱਕੇਸ਼ਾਹੀ ਆਦਿ ਜ਼ੋਖ਼ਮਾਂ ਨੂੰ ਪੇਸ਼ ਕਰਦਾ ਹੈ।"

ਕੋਵਿਡ-19 ਮਹਾਮਾਰੀ ਦੇ ਸਮੇਂ ਵਿਚ ਸੁਰੱਖਿਅਤ ਆਨਲਾਈਨ ਸਿਖਲਾਈ ਲਈ ਨੈਸ਼ਨਲ ਕੌਂਸਲ ਆਫ ਐਜੂਕੇਸ਼ਨਲ ਰਿਸਰਚ ਐਂਡ ਟ੍ਰੇਨਿੰਗ ਨੇ ਯੂਨੈਸਕੋ ਦੇ ਸਹਿਯੋਗ ਨਾਲ ਵਿਦਿਆਰਥੀਆਂ ਨੂੰ ਸੁਰੱਖਿਅਤ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ ਤਾਂ ਕਿ ਉਨ੍ਹਾਂ ਨੂੰ ਸਾਈਬਰ ਧੱਕੇਸ਼ਾਹੀ ਦਾ ਸ਼ਿਕਾਰ ਹੋਣ ਤੋਂ ਬਚਾਇਆ ਜਾ ਸਕੇ। ਵਿਦਿਆਰਥੀਆਂ ਨੂੰ ਇਕ ਸਖਤ ਪਾਸਵਰਡ ਤਿਆਰ ਕਰਨ ਦੀ ਸਲਾਹ ਦਿੱਤੀ ਗਈ ਹੈ, ਜਿਸ ਨੂੰ ਨਿਯਮਤ ਰੂਪ ਵਿਚ ਬਦਲਿਆ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਨੂੰ ਸੋਸ਼ਲ ਮੀਡੀਆ ਸਾਈਟਾਂ 'ਤੇ ਫੋਟੋਆਂ ਅਤੇ ਵੀਡੀਓ ਪੋਸਟ ਕਰਦੇ ਸਮੇਂ ਵੀ ਸਾਵਧਾਨੀ ਵਰਤਣੀ ਚਾਹੀਦੀ ਹੈ।

# ਸ਼ਗਨ-ਸੁਗਾਤ

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਖੇਡਣ ਦੇ ਦਸਤੂਰ ਦੱਸੇ ਸਨ ਕਿ ਜਿੱਤ ਕਦੇ ਵੀ ਸਿਰ ਨੂੰ ਨਾ ਚੜ੍ਹੇ ਅਤੇ ਹਾਰ ਕਦੇ ਵੀ ਨਿਰਾਸ਼ਾ ਜਾਂ ਉਦਾਸੀ ਦੇ ਆਲਮ ਨੂੰ ਤਾਰੀ ਨਾ ਹੋਣ ਦੇਵੇ। ਸਗੋਂ ਜਿੱਤ ਨਵੇਂ ਦਿਸਹੱਦਿਆਂ ਦੀ ਪ੍ਰਾਪਤੀ ਲਈ ਵੰਗਾਰਦੀ ਰਹੇ, ਜਦੋਂ ਕਿ ਹਾਰਨਾ, ਹੋਰ ਮਿਹਨਤ ਤੇ ਤਾਕਤ ਨਾਲ ਹਾਰਾਂ ਨੂੰ ਜਿੱਤਾਂ ਵਿਚ ਬਦਲਣ ਦਾ ਨਾਮ। ਉਨ੍ਹਾਂ ਦੀ ਨਸੀਹਤ ਕੀਤੀ ਸੀ ਕਿ ਕਦੇ ਵੀ ਕਿਸੇ ਹਾਮੀ ਭਰਨ ਵਾਲੇ ਹਮਦਰਦ ਦੀਆਂ ਭਾਵਨਾਵਾਂ ਨਾਲ ਨਾ ਖੇਡੋ, ਕਿਉਂਕਿ ਭਲੇ ਹੀ ਤੁਸੀਂ ਜਿੱਤ ਜਾਵੋ, ਪਰ ਤੁਸੀਂ ਇਕ ਹਮਦਰਦ ਨੂੰ ਸਦਾ ਲਈ ਗਵਾ ਲੈਂਦੇ ਹੋ। ਇਹ ਜਿੱਤਣਾ, ਹਾਰਨ ਨਾਲੋਂ ਮਾੜਾ ਹੁੰਦਾ। ਹਥਲੇ ਲੇਖ ਵਿਚ ਡਾ. ਭੰਡਾਲ ਨੇ ਸ਼ਗਨਾਂ ਦੇ ਸ਼ਗਨ ਮਨਾਉਂਦਿਆਂ ਕਿਹਾ ਹੈ ਕਿ ਜਿਉਣਾ ਹੀ ਸ਼ਗਨ ਹੈ ਤਾਂ ਸ਼ਗਨ ਮਨਾਉਣ ਤੋਂ ਕਾਹਦੀ ਕੁਤਾਹੀ! ਸ਼ਗਨ ਦੇ ਬਹੁਤ ਸਾਰੇ ਰੂਪ। ਕਿਸੇ ਨਾ ਕਿਸੇ ਰਸਮ, ਰਿਵਾਜ਼ ਜਾਂ ਹੋਰ ਰੂਪ ਵਿਚ ਹਾਜ਼ਰ-ਨਾਜ਼ਰ। ਸ਼ਗਨ ਨੂੰ ਕਿਹੜੇ ਰੂਪ ਵਿਚ, ਕਿਸ ਨੇ ਅਤੇ ਕਿਹੜੇ ਮੌਕਿਆਂ 'ਤੇ ਮਨਾਉਣਾ, ਇਹ ਸ਼ਗਨ ਦੇ ਕਾਰਨਾਂ 'ਤੇ ਨਿਰਭਰ। ਉਹ ਕਹਿੰਦੇ ਹਨ, "ਦਰਅਸਲ ਸ਼ਗਨ ਮਨ ਵਿਚ ਹੋਵੇ ਤਾਂ ਮੌਸਮ, ਰੁੱਤਾਂ, ਤਿੱਥਾਂ ਜਾਂ ਦਿਨ-ਦਿਹਾਰ ਦੇ ਕੋਈ ਅਰਥ ਨਹੀਂ ਹੁੰਦੇ। ਹਰ ਦਿਨ ਹੀ ਸ਼ਗਨਾਂ ਭਰੀ ਚੰਗੇਰ ਬਣ ਬਰੂਹਾਂ ਟੱਪਦਾ ਅਤੇ ਥਿੰਧੀਆਂ ਬਰੂਹਾਂ ਨੂੰ ਆਪਣੀ ਅਉਧ ਤੇ ਆਸਥਾ ਉਤੇ ਮਾਣ ਹੁੰਦਾ।" ਡਾ. ਭੰਡਾਲ ਦੇ ਇਹ ਸ਼ਬਦ ਕਿੰਨੇ ਸਦਭਾਵਨਾ ਭਰੇ ਹਨ, ਜਦੋਂ ਉਹ ਕਹਿੰਦੇ ਹਨ, "ਸ਼ਗਨ ਮਨਾਉਣ ਲਈ ਆਪਣਿਆਂ-ਬਿਗਾਨਿਆਂ ਦਾ ਫਰਕ ਨਾ ਰੱਖੋ। ਵਖਰੇਵਾਂ ਨਾ ਪਾਲੋ। ਜਦ ਕਿਸੇ ਸ਼ਗਨ ਵਿਚ ਸ਼ਮੂਲੀਅਤ ਕਰਦੇ ਹੋ ਤਾਂ ਤੁਹਾਡੀ ਅੰਦਰਲੀ ਸ਼ਗਨ-ਕਿਰਨ, ਅੰਤਰੀਵ ਨੂੰ ਚਾਨਣ ਨਾਲ ਭਰਦੀ, ਸ਼ਗਨਾਂ ਨੂੰ ਹੋਰ ਰੌਣਕ ਅਤੇ ਰੌਸ਼ਨੀ ਨਾਲ ਲਬਰੇਜ਼ ਕਰਦੀ।" ਨਾਲ ਹੀ ਉਨ੍ਹਾਂ ਸੁਚੇਤ ਕੀਤਾ ਹੈ ਕਿ ਕੁਝ ਕੁਸ਼ਗਨੇ ਲੋਕ ਵੀ ਹੁੰਦੇ, ਜੋ ਸ਼ਗਨਾਂ ਦੀ ਸੁਲੱਖਣੀ ਘੜੀ ਵਿਚੋਂ ਵੀ ਨਿੱਜੀ ਮੁਫਾਦ ਦੀ ਭਾਅ ਕਿਆਸਦੇ, ਜੜ੍ਹੀਂ ਤੇਲ ਦੇਣ ਤੋਂ ਬਾਜ ਨਹੀਂ ਆਉਂਦੇ। -ਸੰਪਾਦਕ*

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਸ਼ਗਨ ਸੁਪਨਿਆਂ, ਸੰਭਾਵਨਾਵਾਂ, ਸਫਲਤਾਵਾਂ, ਸਬੰਧਾਂ, ਸਰੋਕਾਰਾਂ, ਸਾਂਝੇਦਾਰੀਆਂ ਅਤੇ ਸਰਬ-ਸੁੱਖਨਤਾ ਦੇ ਮਨਾਏ ਜਾਂਦੇ, ਜਿਨ੍ਹਾਂ ਦੀ ਧਰਾਤਲ ਵਿਚ ਸੇਧ, ਸਾਧਨਾ, ਸੰਦੇਸ਼, ਸਿਰੜ ਅਤੇ ਸਾਫਗੋਈ ਹੁੰਦੀ।

ਸ਼ਗਨ ਮਨ ਦਾ ਚਾਅ, ਮਨੋਦਸ਼ਾ ਵਿਚਲਾ ਉਤਸ਼ਾਹ, ਸ਼ੁਭ-ਕਾਰਜ ਦੀ ਅਰੰਭਤਾ, ਪਾਕ ਕਾਰਜ ਦੀ ਸੰਪੂਰਨਤਾ ਅਤੇ ਮਾਨਵੀ ਮੁਹਿੰਮ ਦਾ ਆਗਾਜ਼।

ਸ਼ਗਨ ਸੰਵੇਦਨਾ ਭਰਪੂਰ ਕਿਰਿਆ, ਸਮਾਜਕ ਸਰੋਕਾਰਾਂ ਦੀ ਸ਼ੁਰੂਆਤ ਅਤੇ ਭਾਵਨਾਤਮਕਤਾ ਨੂੰ ਹੁਲਾਰ।

ਸ਼ਗਨ ਰੂਹ ਦੀ ਸਕੂਨਤਾ, ਖੁਸ਼ੀ ਨੂੰ ਅਪਨਾਉਣ ਤੇ ਮਨਾਉਣ ਦੀ ਰੀਤ, ਖੁਦ ਸੰਗ ਚਾਅ-ਪ੍ਰੀਤ ਅਤੇ ਆਪਣੇ 'ਤੇ ਆਪਣੀ ਜੀਤ।

ਸ਼ਗਨ ਮਨੁੱਖ ਦੇ ਜੀਵਨ ਵਿਚ ਹਰ ਪਲ ਹੀ ਦਸਤਕ ਦਿੰਦਾ। ਇਹ ਦਸਤਕ ਜਨਮ ਤੋਂ ਸ਼ੁਰੂ ਹੋ ਕੇ ਜੀਵਨ ਦੇ ਵੱਖ-ਵੱਖ ਪੜਾਵਾਂ ਨੂੰ ਆਪਣੀ ਰੰਗਤ ਵਿਚ ਰੰਗਦਾ। ਸ਼ਗਨ ਦੀ ਰੁੱਤ ਘਰ ਦੇ ਵਿਹੜੇ ਦਾ ਭਾਗ ਬਣਦਾ, ਜਦ ਬੱਚੇ ਦੀ ਪਹਿਲੀ ਕਿਲਕਾਰੀ ਘਰ ਦੀਆਂ ਕੰਧਾਂ ਨੂੰ ਜਿਉਣ ਜੋਗਾ ਕਰਦੀ। ਔਰਤ ਦੀ ਸੰਪੂਰਨਤਾ ਦਾ ਰਾਗ ਅਲਾਪਿਆ ਜਾਂਦਾ। ਸਰੀਂਹ ਅਤੇ ਨਿੰਮ ਦੇ ਪੱਤੇ ਦਰਾਂ ਨੂੰ ਸਜਾਉਂਦੇ। ਇਸ ਨਾਲ ਮਿਲਦਾ ਨਵਜਨਮੇ ਬੱਚੇ ਦੇ ਆਗਮਨ ਦਾ ਸੰਦੇਸ਼। ਦਰਾਂ 'ਤੇ ਚੋਏ ਤੇਲ ਅਤੇ ਡੋਲੇ ਪਾਣੀ ਦੀ ਤਰਤਾ ਘਰ ਦੇ ਲੇਖਾਂ ਦੀ ਕਲਾਕਾਰੀ ਕਰਦੀ। ਲਾਗੀ ਦੀ ਤਲੀ 'ਤੇ ਧਰੀ ਗੁੜ ਦੀ ਭੇਲੀ ਸ਼ਗਨ ਦਾ ਪਹਿਲਾ ਪੜਾਅ।

ਸ਼ਗਨ ਮਨਾਏ ਜਾਂਦੇ ਜਦ ਮਾਂ ਤੇ ਬੱਚੇ ਦਾ ਤੇਰਵਾਂ ਮਨਾਇਆ ਜਾਂਦਾ। ਸਵਾਣੀ ਨੂੰ ਚੌਂਕੇ 'ਤੇ ਚੜ੍ਹਾਇਆ ਜਾਂਦਾ ਅਤੇ ਘਰ ਦੀਆਂ ਰੌਣਕਾਂ ਨੂੰ ਭਾਗ ਲੱਗਦੇ।

ਸ਼ਗਨ ਦੀ ਲੋਰ ਬਾਪ ਦੀ ਪੱਗ ਨੂੰ ਹੋਰ ਉਚੇਰਾ ਕਰਦੀ, ਜਦ ਲਾਡਲੇ ਦੀ ਦਸਤਾਰਬੰਦੀ ਹੁੰਦੀ। ਵਿਰਾਸਤ ਨੂੰ ਅੱਗੇ ਤੋਰਨ ਅਤੇ ਪਰੰਪਰਾਵਾਂ ਤੇ ਰਵਾਇਤਾਂ ਨੂੰ ਹੋਰ ਨਵੀਨਤਾ ਤੇ ਤਾਜ਼ਗੀ ਬਖਸ਼ਣ ਦਾ ਹੀਆ ਤੇ ਹੌਂਸਲਾ ਮਿਲਦਾ।

ਸ਼ਗਨ ਜਸ਼ਨ ਤੋਂ ਵੱਖਰੇ। ਸ਼ਗਨ ਤਾਂ ਕਿਸੇ ਪਾਕ-ਪਵਿੱਤਰ ਕਿਰਿਆ ਦੀ ਸ਼ੁਰੂਆਤ ਜਾਂ ਸੰਪਨ ਹੋਣਾ। ਜਸ਼ਨ ਤਾਂ ਕਿਸੇ ਨੂੰ ਹਰਾਉਣ, ਨੀਵਾਂ ਦਿਖਾਉਣਾ, ਕਤਲ ਕਰਨ, ਕਬਜ਼ਾ ਲੈਣ ਆਦਿ ਕਮੀਨਗੀ ਵਿਚੋਂ ਵੀ ਪੈਦਾ ਹੁੰਦਾ। ਜਸ਼ਨ ਸਦਾ ਸ਼ਗਨ ਨਹੀਂ ਹੁੰਦਾ, ਭਾਵੇਂ ਸ਼ਗਨ ਕਦੇ ਕਦਾਈਂ ਜਸ਼ਨ ਦਾ ਰੂਪ ਵਟਾਵੇ।

ਸ਼ਗਨ ਦੇ ਬਹੁਤ ਸਾਰੇ ਰੂਪ। ਕਿਸੇ ਨਾ ਕਿਸੇ ਰਸਮ, ਰਿਵਾਜ਼ ਜਾਂ ਹੋਰ ਰੂਪ ਵਿਚ ਹਾਜ਼ਰ-ਨਾਜ਼ਰ। ਸ਼ਗਨ ਨੂੰ ਕਿਹੜੇ ਰੂਪ ਵਿਚ, ਕਿਸ ਨੇ ਅਤੇ ਕਿਹੜੇ ਮੌਕਿਆਂ 'ਤੇ ਮਨਾਉਣਾ, ਇਹ ਸ਼ਗਨ ਦੇ ਕਾਰਨਾਂ 'ਤੇ ਨਿਰਭਰ।

ਸ਼ਗਨ ਸੁਹਾਗ, ਘੋੜੀਆਂ, ਸਿੱਠਣੀਆਂ ਦੇ ਰੂਪ ਵਿਚ ਵੀ ਮਨਾਏ ਜਾਂਦੇ। ਮਹਿੰਦੀ ਦੀ ਰਸਮ, ਚੂੜਾ ਚੜ੍ਹਾਉਣਾ, ਸੁਰਮਾ ਪਾਉਣਾ, ਵਾਗ ਫੜਨੀ, ਘੋੜੀ ਚੜ੍ਹਾਉਣਾ, ਜੰਞ ਦਾ ਚੜ੍ਹਨਾ, ਜੰਞ ਦਾ ਢੁੱਕਣਾ ਅਤੇ ਜੰਞ ਦੀ ਆਓ-ਭਗਤ ਵਿਚ ਵੀ ਸ਼ਗਨਾਂ ਦੀ ਭਰਮਾਰ। ਇਨ੍ਹਾਂ ਸ਼ਗਨਾਂ ਵਿਚ ਸਮੁੱਚੇ ਭਾਈਚਾਰੇ ਦੀ ਸ਼ਮੂਲੀਅਤ।

ਸ਼ਗਨ ਸਿਰਫ ਸ਼ਗਨ ਹੀ ਹੋਵੇ ਤਾਂ ਇਸ ਦੀ ਉਚਮਤਾ ਅਤੇ ਸੁੱਚਮਤਾ ਦੇ ਬਲਿਹਾਰੇ ਜਾਈਦੇ, ਪਰ ਕੁਝ ਕੁਸ਼ਗਨੇ ਲੋਕ ਵੀ ਹੁੰਦੇ, ਜੋ ਸ਼ਗਨਾਂ ਦੀ ਸੁਲੱਖਣੀ ਘੜੀ ਵਿਚੋਂ ਵੀ ਨਿੱਜੀ ਮੁਫਾਦ ਦੀ ਭਾਅ ਕਿਆਸਦੇ, ਜੜ੍ਹੀਂ ਤੇਲ ਦੇਣ ਤੋਂ ਬਾਜ ਨਹੀਂ ਆਉਂਦੇ।

ਸ਼ਗਨ ਤਾਂ ਵੀਰੇ ਦੀ ਲਾਗ ਫੜਾਈ, ਧੀ ਦੀ ਡੋਲੀ ਤੋਰਨਾ, ਬਾਪ ਵਲੋਂ ਧੀ ਦਾ ਲੜ ਫੜਾਉਣਾ ਅਤੇ ਸੱਸ ਦਾ ਨੂੰਹ ਦੇ ਸਿਰ ਤੋਂ ਪਾਣੀ ਵਾਰ ਕੇ ਪਾਣੀ ਪੀਣਾ ਵੀ ਹੁੰਦਾ। ਅਜਿਹੇ ਸ਼ਗਨਾਂ ਵਾਲੇ ਮੌਸਮ ਦਹਿਲੀਜ਼ਾਂ ਦਾ ਮਾਣ ਬਣੇ ਰਹਿਣ ਤਾਂ ਘਰ ਵੱਸਦੇ, ਰੱਸਦੇ ਤੇ ਹੱਸਦੇ ਅਤੇ ਘਰਾਂ ਦੇ ਬਾਸ਼ਿੰਦਿਆਂ ਨੂੰ ਮਿਲਦੀਆਂ ਦਰਾਂ ਦੀਆਂ ਦੁਆਵਾਂ।

ਸ਼ਗਨ ਸੁੱਚਮ, ਸਪੱਸ਼ਟਤਾ, ਸਾਦਗੀ ਅਤੇ ਸੁੰਦਰਤਾ ਨਾਲ ਭਰਪੂਰ ਹੋਵੇ ਤਾਂ ਸ਼ਗਨਾਂ ਦੀ ਉਮਰ ਲੰਮੇਰੀ। ਕੂੜ-ਕਪਟ ਵਿਚ ਲਿਪਟੇ ਸ਼ਗਨ, ਕੁਸ਼ਗਨ ਬਣਨ ਲੱਗਿਆਂ ਦੇਰ ਨਹੀਂ ਲਾਉਂਦੇ।

ਸ਼ਗਨ ਰੂਹ ਦਾ ਅੰਦਾਜ਼, ਮਨ ਦੀਆਂ ਤਰਬਰੂਹਾਂ, ਸੱਚੇ ਭਾਵਾਂ 'ਚ ਸੁਰ ਕੀਤਾ ਸਾਜ਼ ਅਤੇ ਸੁੱਖਣਾ ਭਰੀ ਲੋਚਾ ਦਾ ਖੁਆਬ।

ਸ਼ਗਨ ਮਨਾਓ, ਸਾਹਾਂ ਵਿਚ ਘੁੱਲੀ ਸੁਗੰਧ ਦਾ, ਮੱਸਿਆਂ ਦੀ ਰਾਤੇ ਉਗਦੇ ਚੰਦ ਦਾ, ਹੋਠੀਂ ਧਰੀ ਮੁਸਕਰਾਹਟੀ ਮੰਦ-ਮੰਦ ਦਾ, ਰਿਸ਼ਤੇ ਵਿਚਲੀ ਢਹਿ-ਢੇਰੀ ਕੰਧ ਦਾ ਅਤੇ ਸੋਚਾਂ 'ਚੋਂ ਦੂਰ ਹੋਏ ਦੁਵੰਧ ਦਾ।

ਸ਼ਗਨ ਮਨਾਓ ਬਸਤਿਆਂ ਵਿਚ ਉਗਦੇ ਸੂਰਜਾਂ ਦਾ, ਵਰਕਿਆਂ 'ਤੇ ਮੋਮਬੱਤੀਆਂ ਦੀ ਕਤਾਰਬੰਦੀ ਦਾ। ਹਰਫਾਂ ਵਿਚ ਜਗ ਰਹੇ ਚਿਰਾਗਾਂ ਦਾ, ਪੱਤਝੜ ਦੀ ਰੁੱਤੇ ਵੀ ਮੌਲ ਰਹੇ ਬਾਗਾਂ ਦਾ ਅਤੇ ਉਦਾਸ ਮੌਸਮਾਂ ਵਿਚ ਗੂੰਜਦੇ ਸੂਹੇ ਰਾਗਾਂ ਦਾ।

ਸ਼ਗਨ ਮਨਾਓ ਅੰਤਰੀਵ ਵਿਚ ਜਗਮਾਉਂਦੀ ਲੋਅ ਦਾ, ਆਪਣਿਆਂ ਲਈ ਪੈਂਦੀ ਖੋਅ ਦਾ, ਸੋਚ-ਸੁਗੰਧੀਆਂ ਦੇ ਚੋਅ ਦਾ ਅਤੇ ਆਪਣਿਆਂ ਦੀ ਗਲਵੱਕੜੀ ਦੇ ਢੋਅ ਦਾ।

ਸ਼ਗਨ ਮਨਾਓ ਮਨ ਦੀਆਂ ਸੁੱਚੀਆਂ ਤਰਜ਼ੀਹਾਂ ਦਾ, ਬੇਮੌਸਮਾਂ ਨੂੰ ਦਿਤੀਆਂ ਤਾਰਿਆਂ ਦੀਆਂ ਤਸ਼ਬੀਹਾਂ ਦਾ, ਨਵੀਆਂ ਸਿਰਜੀਆਂ ਲੀਹਾਂ ਦਾ ਅਤੇ ਫਕੀਰਾਂ ਦੇ ਸੱਦ-ਬੋਲਾਂ ਨਾਲ ਲਰਜ਼ਦੀਆਂ ਬੀਹਾਂ ਦਾ।

ਸ਼ਗਨ ਮਨਾਓ ਸ਼ਗਨਾਂ ਦੀ ਦਸਤਕ ਲੋਚਦੇ ਹਾਕ-ਹੁੰਗਾਰਿਆਂ ਦਾ, ਮਨ ਵਿਚ ਪਨਪ ਰਹੇ ਚਾਅ-ਕੁਆਰਿਆਂ ਦਾ ਅਤੇ ਚੌਪਟ ਖੁਲ੍ਹਣਾ ਲੋਚਦੇ ਬੰਦ ਦੁਆਰਿਆਂ ਦਾ।

ਸ਼ਗਨ ਮਨਾਓ ਉਸ ਸੋਚ ਦਾ ਜੋ ਕਦਰਾਂ ਕੀਮਤੀ ਦੀ ਰਹਿਨੁਮਾਈ ਕਰੇ, ਦਰਦਮੰਦਾਂ ਦਾ ਦਰਦ ਹਰੇ, ਦੁਖੀਆਂ ਦੇ ਜ਼ਖਮ ਭਰੇ, ਨਿਆਸਰਿਆਂ ਦੇ ਕਸ਼ਟ ਜਰੇ ਅਤੇ ਮਰਨਾਊ ਭਾਵਨਾਵਾਂ ਦੀ ਤੰਦਰੁੱਸਤੀ ਲਈ ਆਹਰ ਕਰੇ।

ਸ਼ਗਨ ਮਨਾਓ ਕੁਦਰਤੀ ਦੀਆਂ ਅਨਾਇਤਾਂ ਦਾ, ਬਖਸ਼ਿਸ਼-ਬਹੁਲਤਾ ਦਾ, ਜੀਵਨ ਦਾਨ ਦਾ, ਮਨੁੱਖ ਨੂੰ ਮਿਲੀ ਆਰਜ਼ਾ ਦਾ, ਸਰੀਰਕ ਅੰਗਾਂ ਦੀ ਸੁਚੱਜਤਾ ਅਤੇ ਸਿਹਤਯਾਬੀ ਦਾ।

ਕਦੇ ਵੀ ਸ਼ਗਨ ਨਾ ਮਨਾਓ ਕਿਸੇ ਦੇ ਟੁੱਟੇ ਸੁਪਨੇ ਦੀ ਚੀਸ ਦਾ, ਅਨਾਥ ਦੀ ਲੇਰ ਦਾ, ਬਸਤਾ-ਹੀਣਾਂ ਦੀ ਅੱਖਰ ਵਿਲਕਣੀ ਦਾ, ਚੁੰਨੀਆਂ ਦੀਆਂ ਲੀਰਾਂ ਦਾ, ਕਿੱਕਰ ਤੇ ਟੰਗੇ ਬਦਨਸੀਬ ਬਾਪ ਦੇ ਪਰਨੇ ਦਾ, ਪੇਟ ਲਈ ਬਾਜ਼ਾਰ ਵਿਚ ਜਿਸਮ ਦੀ ਬੋਲੀ ਲਾ ਰਹੀ ਬੇਵਾ ਦਾ, ਆਪਣਿਆਂ ਦੀ ਦੁਰਕਾਰੀ ਅਨਾਥ ਆਸ਼ਰਮ ਵਿਚ ਸਾਹਾਂ ਨੂੰ ਕੋਸਦੀ ਮਾਂ ਦਾ ਜਾਂ ਆਪਣੀ ਕਬਰ ਲਈ ਜ਼ਮੀਨ ਭਾਲਦੇ ਬਾਪ ਦਾ ਜੋ ਜ਼ਮੀਨ ਤੋਂ ਬੇਦਖਲ ਏ।

ਸ਼ਗਨ ਨਾ ਮਨਾਓ ਟੁੱਟੀਆਂ ਚੂੜੀਆਂ ਦੀ ਵੇਦਨਾ ਦਾ, ਪੂੰਝੇ ਸੰਧੂਰ ਦਾ ਜਾਂ ਮੋਢਿਆਂ 'ਤੇ ਪੁੱਤ ਦੀ ਲਾਸ਼ ਢੋਅ ਰਹੇ ਬਾਪ ਦਾ। ਕਿਸੇ ਦੀ ਬੇਵਾ ਰੁੱਤ ਵਿਚ ਸ਼ਗਨ ਨਹੀਂ ਸ਼ੋਭਦੇ। ਕੀਰਨਿਆਂ ਵਿਚ ਗੀਤਾਂ ਲਈ ਕੋਈ ਥਾਂ ਨਹੀਂ ਹੁੰਦੀ।

ਸ਼ਗਨ ਜਰੂਰ ਮਨਾਓ, ਆਪਣੇ ਫਰਜ਼ੰਦ ਦੀਆਂ ਪ੍ਰਾਪਤੀਆਂ ਦਾ, ਸੁਪਨਿਆਂ ਦੀ ਸੰਪੂਰਨਤਾ ਦਾ, ਨਵੇਂ ਦਿਸਹੱਦਿਆਂ ਦੀ ਸਿਰਜਣਹਾਰੀ ਚੇਤਨਾ ਦਾ ਅਤੇ ਜਾਗਦੀ ਜ਼ਮੀਰ ਦਾ।

ਸ਼ਗਨ ਤਾਂ ਮਨਾਉਣਾ ਹੀ ਚਾਹੀਦਾ ਕਿਸੇ ਦੇ ਦੀਦਿਆਂ ਵਿਚ ਉਤਰ ਜਾਣ ਦਾ, ਅਛੋਹ ਭਾਵਾਂ ਦੀ ਤਰਜਮਾਨੀ ਕਰਨ ਦਾ, ਸੋਚ-ਸੁਪਨਿਆਂ ਵਿਚ ਸੰਦਲੀ ਆਭਾ ਭਰਨ ਦਾ, ਕਿਸੇ ਲਈ ਜੀਣ-ਥੀਣ ਨੂੰ ਪਰ ਦੇਣ ਅਤੇ ਪਰਵਾਜ਼ ਦਾ ਸਬੱਬ ਬਣਨ ਦਾ।

ਸ਼ਗਨ ਤਾਂ ਤਿਓਹਾਰਾਂ, ਗੁਰਪੁਰਬਾਂ ਜਾਂ ਸ਼ਤਾਬਦੀਆਂ 'ਤੇ ਵੀ ਮਨਾਏ ਜਾਂਦੇ, ਪਰ ਲੋੜ ਹੈ ਕਿ ਇਨ੍ਹਾਂ ਸ਼ਗਨਾਂ ਦੇ ਓਹਲੇ ਵਿਚ ਹੋ ਰਹੀਆਂ ਖੁਨਾਮੀਆਂ ਨੂੰ ਖਤਮ ਕਰ ਕੇ, ਇਸ ਦੀ ਸਮੁੱਚਤਾ ਅਤੇ ਸਾਰਥਕਤਾ ਨੂੰ ਅਪਨਾਇਆ ਜਾਵੇ।

ਸ਼ਗਨ ਮਨਾਉਣ ਲਈ ਆਪਣਿਆਂ-ਬਿਗਾਨਿਆਂ ਦਾ ਫਰਕ ਨਾ ਰੱਖੋ। ਵਖਰੇਵਾਂ ਨਾ ਪਾਲੋ। ਜਦ ਕਿਸੇ ਸ਼ਗਨ ਵਿਚ ਸ਼ਮੂਲੀਅਤ ਕਰਦੇ ਹੋ ਤਾਂ ਤੁਹਾਡੀ ਅੰਦਰਲੀ ਸ਼ਗਨ-ਕਿਰਨ, ਅੰਤਰੀਵ ਨੂੰ ਚਾਨਣ ਨਾਲ ਭਰਦੀ, ਸ਼ਗਨਾਂ ਨੂੰ ਹੋਰ ਰੌਣਕ ਅਤੇ ਰੌਸ਼ਨੀ ਨਾਲ ਲਬਰੇਜ਼ ਕਰਦੀ।

ਸ਼ਗਨ ਕਿਹੜੇ ਰੂਪ ਵਿਚ ਮਨਾਏ ਹੋਣਗੇ ਇਕ ਬਾਪ ਨੇ, ਜਦ ਆਪਣੇ ਬੇਟਿਆਂ ਨੂੰ ਯੁੱਧ ਵਿਚ ਮੌਤ ਨੂੰ ਵਿਹਾਜਣ ਲਈ ਤੋਰਿਆ ਹੋਵੇਗਾ? ਦਾਦੀ ਮਾਂ ਨੇ ਜਦ ਮਾਸੂਮ ਪੋਤਿਆਂ ਨੂੰ ਕੰਧਾਂ ਵਿਚ ਚਿਣਵਾਏ ਜਾਣ ਲਈ ਹੱਥੀਂ ਲਾਡਾਂ ਨਾਲ ਵਿਦਾ ਕੀਤਾ ਹੋਵੇਗਾ? ਉਨ੍ਹਾਂ ਸਾਥੀਆਂ ਨੇ ਜਦ ਉਨ੍ਹਾਂ ਦਾ ਸਾਥੀ ਫਾਂਸੀ ਦੇ ਰੱਸੇ ਨੂੰ ਚੁੰਮਣ ਦੀ ਕਾਹਲ ਵਿਚ ਹੋਵੇਗਾ?

ਸ਼ਗਨ ਤਾਂ ਦਰਦਾਂ ਦੇ ਜਾਂ ਸੁਖਨਵੰਤੀਆਂ ਮਨੋਕਾਮਨਾਵਾਂ ਦੇ ਵੀ ਮਨਾਏ ਜਾਂਦੇ। ਸਿਰਫ ਸ਼ਗਨ ਦੀ ਤਾਸੀਰ ਹੀ ਬਦਲਦੀ। ਸ਼ਗਨ ਹਉਕਾ ਬਣ ਜਾਂਦਾ ਜਦ ਸ਼ਗਨਾਂ ਨਾਲ ਤੋਰੀ ਧੀ ਦੀ ਡੋਲੀ, ਸੜੀ-ਗਲੀ ਲਾਸ਼ ਬਣ ਕੇ ਪੇਕਿਆਂ ਦਾ ਦਰ ਠਕੋਰਦੀ।

ਸ਼ਗਨ ਦੀ ਆਤਮਾ ਕੁਰਲਾਉਂਦੀ ਜਦ ਸ਼ਗਨ ਦੇ ਨਾਮ 'ਤੇ ਬਲੀ ਦਿਤੀ ਜਾਂਦੀ। ਸ਼ਗਨ ਸਿੱਸਕਦਾ, ਜਦ ਸ਼ਗਨ ਵਿਚ ਵੀ ਕੁਸ਼ਗਨਾ ਕਰਨ ਤੋਂ ਮਨ ਬਾਜ਼ ਨਹੀਂ ਆਉਂਦਾ। ਸ਼ਗਨ ਖੁਦਕੁਸ਼ੀ ਕਰ ਲੈਂਦੇ, ਜਦ ਸ਼ਗਨਾਂ ਨੂੰ ਸ਼ਰਾਬ, ਸ਼ੁਹਰਤ, ਸ਼ਬਾਬ ਅਤੇ ਸ਼ਰਾਰਤਾਂ ਦਾ ਸੰਗਮ ਬਣਾ ਕੇ ਇਸ ਦੀ ਤੌਹੀਨ ਕੀਤੀ ਜਾਂਦੀ।

ਸ਼ਗਨ ਵਿਚ ਸੁੱਚਮ, ਸਫਾਫਤਾ ਸਾਫਗੋਈ, ਸੁਹਜਤਾ ਅਤੇ ਸਕੂਨਤਾ ਦਾ ਹੋਣਾ ਅਤਿ ਜਰੂਰੀ। ਵਰਨਾ ਸ਼ਗਨਾਂ ਦੀ ਆਹਟ ਨੂੰ ਕਿੰਜ ਮੁਖਾਤਬ ਹੋਵੋਗੇ? ਸ਼ਗਨ ਆਪਣੇ ਪਰਿਵਾਰ, ਮਾਂ-ਬਾਪ, ਸਾਥੀਆਂ, ਹਮਉਮਰਾਂ ਅਤੇ ਹਮਜੋਲੀਆਂ ਨਾਲ ਮਨਾਓ, ਕਿਉਂਕਿ ਆਪਣਿਆਂ ਨਾਲ ਵੰਡੀਆਂ ਖੁਸ਼ੀਆਂ ਦੂਣ-ਸਵਾਈਆਂ ਹੁੰਦੀਆਂ।

ਸ਼ਗਨ ਜਿੰਨੀ ਰੂਹਦਾਰੀ ਅਤੇ ਜਿੰਦਾਦਿਲੀ ਨਾਲ ਮਨਾਓਗੇ, ਉਨੇ ਹੀ ਜ਼ਿਆਦਾ ਸ਼ਗਨ ਤੁਹਾਡੀ ਝੋਲੀ ਭਰ ਜਾਣਗੇ ਅਤੇ ਸ਼ਗਨਾਂ ਦੀ ਬਰਸਾਤ ਤੁਹਾਨੂੰ ਤਰੋ-ਤਾਜ਼ਾ ਰੱਖੇਗੀ।

ਸ਼ਗਨ ਮਨਾਉਣ ਲਈ ਸਮਾਂ ਜਰੂਰ ਕੱਢੋ, ਕਿਉਂਕਿ ਜੇ ਤੁਹਾਡੇ ਕੋਲ ਸ਼ਗਨ ਮਨਾਉਣ ਲਈ ਵੀ ਸਮਾਂ ਨਹੀਂ ਹੈ ਤਾਂ ਸ਼ਗਨ ਵੀ ਤੁਹਾਡੇ ਦਰ 'ਤੇ ਦਸਤਕ ਦੇਣ ਤੋਂ ਮੁਨਕਰ ਹੋ ਜਾਣਗੇ।

ਸ਼ਗਨ ਹਰ ਰੋਜ਼ ਅਤੇ ਹਰ ਪਲ ਮਨਾਓ, ਕਿਉਂਕਿ ਬੀਤਿਆ ਅੱਜ, ਕੱਲ ਨੂੰ ਵਾਪਸ ਨਹੀਂ ਪਰਤਣਾ। ਜਦ ਜਿਉਣਾ ਹੀ ਸ਼ਗਨ ਹੈ ਤਾਂ ਸ਼ਗਨ ਮਨਾਉਣ ਤੋਂ ਕਾਹਦੀ ਕੁਤਾਹੀ?

ਸ਼ਗਨਾਂ ਦੇ ਪਲ ਬਹੁਤ ਯਾਦਗਾਰੀ ਹੁੰਦੇ। ਇਨ੍ਹਾਂ ਨੂੰ ਹੋਰ ਯਾਦਗਾਰੀ ਬਣਾਓ ਤਾਂ ਕਿ ਇਹ ਤੁਹਾਡੇ ਚੇਤਿਆਂ ਦੀ ਚੰਗੇਰ ਵਿਚ ਸਦਾ ਸੰਭਾਲੇ ਰਹਿਣ। ਕਦੇ ਕਦਾਈ ਇਨ੍ਹਾਂ ਪਲਾਂ ਦੀ ਸਾਂਝ ਵਿਚੋਂ ਬੀਤੇ ਨੂੰ ਮੁੜ ਜੀਵਿਆ ਜਾ ਸਕੇ।

ਸ਼ਗਨ ਰੂਹ ਦੀ ਖੁਰਾਕ ਅਤੇ ਹਰੇਕ ਦੀ ਲੋੜ। ਇਸ ਦੀ ਅਮੁੱਲਤਾ ਵਿਚ ਬਹੁਤ ਵਾਧਾ ਹੁੰਦਾ, ਜਦ ਸਾਰੇ ਰਲ ਕੇ ਸ਼ਗਨ ਨੂੰ ਸ਼ੁਭ-ਸ਼ਗਨ ਬਣਾ, ਇਸ ਦੀ ਅਸੀਮਤਾ ਨੂੰ ਭਾਗ ਲਾਉਂਦੇ। ਸ਼ਗਨ ਦੇ ਰੰਗਾਂ ਨੂੰ ਬਿਖਰਨ ਦਿਓ ਤਾਂ ਹੀ ਇਹ ਚਾਵਾਂ ਦੀ ਬਗੀਚੀ ਖਿੜਾਉਣਗੇ, ਰੰਗ-ਮਹਿਕ ਦੀ ਹੱਟ ਸਜਾਉਣਗੇ ਅਤੇ ਤੁਹਾਨੂੰ ਨਿਖਾਰਨਗੇ।


*(ਬਾਕੀ ਅਗਲੇ ਸਫੇ 'ਤੇ)*

### ਸ਼ਗਨ ਮਨਾਓ...

*ਉਸ ਸੋਚ ਦਾ ਜੋ ਕਦਰਾਂ ਕੀਮਤੀ ਦੀ ਰਹਿਨੁਮਾਈ ਕਰੇ, ਦਰਦਮੰਦਾਂ ਦਾ ਦਰਦ ਹਰੇ, ਦੁਖੀਆਂ ਦੇ ਜਖ਼ਮ ਭਰੇ, ਨਿਆਸਰਿਆਂ ਦੇ ਕਸ਼ਟ ਜਰੇ ਅਤੇ ਮਰਨਾਉ ਭਾਵਨਾਵਾਂ ਦੀ ਤੰਦਰੁੱਸਤੀ ਲਈ ਆਹਰ ਕਰੇ।...ਸ਼ਗਨ ਮਨਾਓ ਕੁਦਰਤੀ ਦੀਆਂ ਅਨਾਇਤਾਂ ਦਾ, ਬਖਸ਼ਿਸ਼-ਬਹੁਲਤਾ ਦਾ, ਜੀਵਨ ਦਾਨ ਦਾ, ਮਨੁੱਖ ਨੂੰ ਮਿਲੀ ਆਰਜ਼ਾ ਦਾ, ਸਰੀਰਕ ਅੰਗਾਂ ਦੀ ਸੁਚੱਜਤਾ ਅਤੇ ਸਿਹਤਯਾਬੀ ਦਾ।*

### ਕਦੇ ਵੀ ਸ਼ਗਨ ਨਾ ਮਨਾਓ...

*ਕਿਸੇ ਦੇ ਟੁੱਟੇ ਸੁਪਨੇ ਦੀ ਚੀਸ ਦਾ, ਅਨਾਥ ਦੀ ਲੇਰ ਦਾ, ਬਸਤਾ-ਹੀਣਾਂ ਦੀ ਅੱਖਰ ਵਿਲਕਣੀ ਦਾ, ਚੁੰਨੀਆਂ ਦੀਆਂ ਲੀਰਾਂ ਦਾ, ਕਿੱਕਰ ਤੇ ਟੰਗੇ ਬਦਨਸੀਬ ਬਾਪ ਦੇ ਪਰਨੇ ਦਾ, ਪੇਟ ਲਈ ਬਾਜ਼ਾਰ ਵਿਚ ਜਿਸਮ ਦੀ ਬੋਲੀ ਲਾ ਰਹੀ ਬੇਵਾ ਦਾ, ਆਪਣਿਆਂ ਦੀ ਦੁਰਕਾਰੀ ਅਨਾਥ ਆਸ਼ਰਮ ਵਿਚ ਸਾਹਾਂ ਨੂੰ ਕੋਸਦੀ ਮਾਂ ਦਾ ਜਾਂ ਆਪਣੀ ਕਬਰ ਲਈ ਜ਼ਮੀਨ ਭਾਲਦੇ ਬਾਪ ਦਾ ਜੋ ਜ਼ਮੀਨ ਤੋਂ ਬੇਦਖਲ ਏ।*





*ਵਿਆਹ ਦੇ ਸ਼ਗਨ ਮਨਾਏ ਜਾਣ ਦੇ ਦੋ ਵੱਖ ਵੱਖ ਦ੍ਰਿਸ਼*

# ਦਿੱਲੀ ਦੇ ਦਰਵਾਜੇ

ਰੁੱਖ, ਪੰਛੀ, ਦਰਿਆ, ਹਰਿਆਲੇ ਪਹਾੜ ਆਦਿ ਸਾਡੀ ਜ਼ਿੰਦਗੀ ਦਾ ਇੱਕ ਅਹਿਮ ਹਿੱਸਾ ਹਨ। ਇਹ ਬ੍ਰਹਿਮੰਡ ਦੇ ਪਸਾਰੇ ਦੀ ਮਨੁੱਖ ਨੂੰ ਅਦੁੱਤੀ ਦੇਣ ਹੈ। ਸਾਡੇ ਆਸੇ-ਪਾਸੇ ਵੱਸਦੇ ਇਸ ਸੰਸਾਰ ਦੀ ਮਨੁੱਖ ਦੇ ਜੀਵਨ ਨੂੰ ਜਿਊਣ ਜੋਗਾ ਕਰਨ ਵਿਚ ਵੱਡੀ ਬਰਕਤ ਹੈ। ਅੱਜ ਦੇ ਮੁਕਾਬਲੇ ਸਾਡੇ ਵਡੇਰਿਆਂ ਦਾ ਜੀਵਨ ਇਨ੍ਹਾਂ ਕੁਦਰਤੀ ਨਿਆਮਤਾਂ ਨਾਲ ਇੱਕ-ਮਿੱਕ ਸੀ। ਰੁੱਖ ਤਾਂ ਸਾਡੇ ਘਰ ਦੇ ਜੀਅ ਵਾਂਗ ਸਨ, ਇਸੇ ਲਈ ਸਾਡਾ ਬਹੁਤ ਸਾਰਾ ਕਾਵਿ ਰੁੱਖਾਂ ਦੀ ਵਡਿਆਈ ਨਾਲ ਭਰਿਆ ਪਿਆ ਹੈ। ਜਦੋਂ ਕਦੀ ਵੀ ਮੈਂ ਰੁੱਖਾਂ ਨਾਲ ਸਬੰਧਤ ਗੱਲ ਕਰਨ ਲੱਗਦਾ ਹਾਂ ਤਾਂ ਮੈਨੂੰ ਸ਼ਿਵ ਕੁਮਾਰ ਬਟਾਲਵੀ



**ਸੰਤੋਖ ਮਿਨਹਾਸ**
ਫੋਨ: 559-283-6376

ਦੀ ਨਜ਼ਮ ਯਾਦ ਆ ਜਾਂਦੀ ਹੈ,

ਕੁਝ ਰੁੱਖ ਮੈਨੂੰ ਪੁੱਤ ਲਗਦੇ ਨੇ
ਕੁਝ ਰੁੱਖ ਲਗਦੇ ਮਾਂਵਾਂ...
ਕੁਝ ਰੁੱਖ ਵਾਂਗ ਭਰਾਵਾਂ
ਕੁਝ ਰੁੱਖ ਮੇਰੇ ਬਾਬੇ ਵਰਗੇ
ਪੱਤਰ ਟਾਵਾਂ ਟਾਵਾਂ...।

ਰੁੱਖਾਂ ਨਾਲ ਸਾਡੇ ਹੱਡ-ਮਾਸ ਦੇ ਰਿਸ਼ਤਿਆਂ ਵਾਂਗ ਗੂੜ੍ਹੇ ਨਾਤੇ ਹਨ। ਇਸ ਲਈ ਰੁੱਖਾਂ ਨੂੰ ਮਨੁੱਖੀ ਨਾਂ ਨਾਲ ਜੋੜ ਕੇ ਜਾਂ ਹੋਰ ਤਸ਼ਬੀਹੀ ਅਲੰਕਾਰਾਂ ਨਾਲ ਨਿਵਾਜਿਆ ਗਿਆ ਹੈ, ਪਰ ਦੁੱਖ ਦੀ ਗੱਲ ਹੈ ਕਿ ਅੱਜ ਦੇ ਮਨੁੱਖ ਦਾ ਰੁੱਖਾਂ ਨਾਲੋਂ ਮੋਹ ਟੁੱਟ ਰਿਹਾ ਹੈ। ਰੁੱਖ ਜੀਵਨ ਦੀ ਹੋਂਦ ਦਾ ਪ੍ਰਤੀਕ ਹੈ। ਰੁੱਖ ਲੱਖਾਂ ਪ੍ਰਜਾਤੀਆਂ ਨੂੰ ਆਪਣੇ ਕਲਾਵੇ ਵਿਚ ਲੈਣ ਦਾ ਸੋਮਾ ਹੈ। ਰੁੱਖ ਸਬਰ ਸੰਤੋਖ ਅਤੇ ਤਿਆਗ ਦੀ ਜਾਗਦੀ ਤਪੱਸਿਆ ਹੈ। ਰੁੱਖ ਝੋਲੀਆਂ ਭਰ ਕੇ ਆਪਾ ਵੰਡਣ ਦੀ ਅਸਗਾਹ ਹੈ। ਰੁੱਖ ਸਾਡੇ ਜਨਮ ਮਰਨ ਦੀਆਂ ਰਸਮਾਂ ਦੀ ਪੂਰਤੀ ਦਾ ਸਭਿਆਚਾਰਕ ਪ੍ਰਤੀਕ ਹੈ।

ਪੰਜਾਬ ਵਿਚ ਮੁਰੱਬੇਬੰਦੀ ਤੋਂ ਪਹਿਲਾਂ ਦੀ ਗੱਲ ਹੈ। ਜਦੋਂ ਛੋਟੇ ਹੁੰਦਿਆਂ ਖੇਤ ਜਾਂਦੇ ਸਾਂ ਤਾਂ ਵੱਡੇ ਵੱਡੇ ਦਰਖਤ ਵੇਖਣ ਨੂੰ ਮਿਲਦੇ ਸਨ। ਰੁੱਤ ਅਨੁਸਾਰ ਉਨ੍ਹਾਂ ਰੁੱਖਾਂ ਵੱਲ ਭੱਜ ਕੇ ਜਾਣਾ, ਜਿਨ੍ਹਾਂ ਤੋਂ ਕੁਝ ਖਾਣ ਨੂੰ ਮਿਲਦਾ ਸੀ। ਚੇਤ-ਵਿਸਾਖ ਬੇਰੀਆਂ ਨੂੰ ਝੰਜਣਾ, ਸਾਉਣ ਦੇ ਮਹੀਨੇ ਜਾਮਣੂੰ ਜਾਂ ਅੰਬਾਂ ਵਲ ਦੌੜਨਾ। ਖੇਤ ਜਾਣ ਦਾ ਚਾਅ ਇਨ੍ਹਾਂ ਰੁੱਖਾਂ ਦਾ ਬੁਲਾਵਾ ਲੱਗਦਾ। ਖੱਤਿਆਂ ਦੀ ਪਛਾਣ ਵੀ ਰੁੱਖਾਂ ਦੇ ਨਾਂਵਾਂ ਨਾਲ ਹੁੰਦੀ ਸੀ, ਜਿਵੇਂ ਬੇਰੀ ਵਾਲਾ ਖੱਤਾ, ਜਿਉਂਤੀਆਂ ਟਾਲੀਆਂ ਵਾਲਾ ਖੱਤਾ, ਜਾਮਣ ਵਾਲਾ ਖੱਤਾ ਆਦਿ। ਇਸ ਤਰ੍ਹਾਂ ਰੁੱਖ ਸਾਡੀ ਜਾਇਦਾਦ ਦੀ ਪਛਾਣ ਹੁੰਦੇ ਸਨ। ਇਹ ਦਾਦਿਆਂ-ਪੜਦਾਦਿਆਂ ਦੇ ਲਾਏ ਰੁੱਖ ਰਿਸ਼ਤਿਆਂ ਦੀ ਯਾਦ ਦਿਵਾਉਂਦੇ। ਰੁੱਖ ਮਨੁੱਖੀ ਸਾਂਝ ਦਾ ਸਿਰਨਾਂਵਾਂ ਬਣਦੇ। ਥੱਕੇ ਹਾਰੇ ਰਾਹੀਆਂ ਦੀ ਠਹਿਰ ਹੁੰਦੇ। ਹੱਲ ਛੱਡ ਕੇ ਰੋਟੀ ਖਾਣ ਇਨ੍ਹਾਂ ਰੁੱਖਾਂ ਦੀ ਠੰਡੀ ਛਾਂ ਹੇਠ ਬਹਿਣਾ ਕਿਸੇ ਅਲਾਹੀ ਆਨੰਦ ਦਾ ਝਲਕਾਰਾ ਪੈਂਦਾ ਲੱਗਦਾ। ਮਾਰੂ ਖੇਤਾਂ ਵਿਚ ਰੁੱਖਾਂ ਦੇ ਝੁੰਡ ਆਮ ਹੀ ਵੇਖਣ ਨੂੰ ਮਿਲਦੇ ਸਨ। ਕਿੱਕਰ ਵਣ ਜੰਡ ਕਰੀਰ ਦੇ ਬਰੂਟੇ ਮਾਰੂ ਪੈਲੀਆਂ ਦੀ ਰੌਣਕ ਹੁੰਦੇ ਸਨ। ਤਿੱਖੜ ਦੁਪਹਿਰੇ ਪਸ਼ੂਆਂ ਲਈ ਸਿਰ ਢੱਕਣ ਦੀ ਠਾਹਰ ਬਣਦੇ।

ਹੁਣ ਵੀ ਜਦ ਸਾਡੇ ਘਰ ਆਪਣੇ ਖੇਤਾਂ ਦੇ ਪੁਰਾਣੇ ਰੁੱਖਾਂ ਦੀ ਗੱਲ ਛਿੜਦੀ ਹੈ ਤਾਂ ਮੈਨੂੰ ਤਾਏ ਗੁਰਦਿਆਲ ਦੀਆਂ ਗੱਲਾਂ ਚੇਤੇ ਆ ਜਾਂਦੀਆਂ ਹਨ। ਉਹਦਾ ਮਨੁੱਖੀ ਰਿਸ਼ਤੇ ਨਾਤਿਆਂ ਨਾਲ ਬਹੁਤਾ ਲਗਾਉ ਨਹੀਂ ਸੀ, ਪਰ ਰੁੱਖਾਂ ਪੰਛੀਆਂ, ਜਾਨਵਰਾਂ ਨਾਲ ਬਹੁਤ ਮੋਹ ਸੀ। ਜਦੋਂ ਕਿਸੇ ਸੀਰੀ ਜਾਂ ਕਾਮੇ ਨੇ ਬਾਲਣ ਵਾਸਤੇ ਕਿਸੇ ਦਰਖਤ ਨੂੰ ਵੱਢਣਾ ਜਾਂ ਛਾਂਗਣਾ ਤਾਂ ਉਹ ਗਲ ਪੈਣ ਤੱਕ ਜਾਂਦਾ ਸੀ। ਮਜਾਲ ਕੋਈ ਪਸ਼ੂ ਕਿਸੇ ਬੂਟੇ ਨਾਲ ਖਹਿ ਜੇ। ਸਿੱਧਾ ਸਾਦਾ ਫਕੀਰੀ ਸੁਭਾਅ ਵਾਲਾ ਤੇ ਦੁਨੀਆਂਦਾਰੀ ਦੀਆਂ ਆਮ ਰਵਾਇਤੀ ਗੱਲਾਂ ਤੋਂ ਦੂਰ। ਉਹ ਕਦੇ ਗੁਰਦੁਆਰੇ ਮੰਦਿਰ ਨਹੀਂ ਸੀ ਗਿਆ, ਨਾ ਹੀ ਕਦੇ ਰੱਬ ਦਾ ਨਾਂ ਲੈਂਦਿਆਂ ਸੁਣਿਆ ਸੀ। ਜਦੋਂ ਕੋਈ ਦੁੱਖ ਹੁੰਦਾ ਤਾਂ 'ਹਾਏ ਅੰਮੜੀਏ!' ਕਹਿ ਕੇ ਆਪਣੀ ਮਾਂ ਨੂੰ ਯਾਦ ਕਰਦਾ, ਸ਼ਾਇਦ ਉਹਦੀ ਮਾਂ ਹੀ ਉਸ ਦਾ ਰੱਬ ਸੀ। ਮੈਂ ਸਾਰੀ ਉਮਰ ਉਸ ਨੂੰ ਕਿਸੇ ਬਾਰੇ ਚੰਗੀ-ਮੰਦੀ ਗੱਲ ਕਰਦਿਆਂ ਨਹੀਂ ਸੀ ਵੇਖਿਆ ਅਤੇ ਨਾ ਹੀ ਉਸ ਦੀ ਆਮ ਲੋਕਾਂ ਨਾਲ ਉਠਣੀ-ਬਹਿਣੀ ਸੀ। ਘਰ ਤੋਂ ਖੇਤ ਅਤੇ ਖੇਤ ਤੋਂ ਘਰ, ਬਸ ਏਨੀ ਕੁ ਉਸ ਦੀ ਦੁਨੀਆਂ ਸੀ। ਸਵੇਰੇ ਰੋਟੀ ਟੁੱਕ ਖਾ ਕੇ ਸੀਰੀ ਕਾਮਿਆਂ ਦੀ ਰੋਟੀ ਪਾਣੀ ਲੈ ਕੇ ਅਤੇ ਨਾਲ ਹੀ ਘਰ ਦੇ ਪਸ਼ੂਆਂ ਨੂੰ ਚਾਰਨ ਲਈ ਖੇਤ ਲਿਜਾਣਾ ਤੇ ਸ਼ਾਮ ਨੂੰ ਪਸ਼ੂਆਂ ਨੂੰ ਛੱਪੜ 'ਤੇ ਨੁਹਾ ਕੇ ਘਰੇ ਵੜਨਾ-ਇਹੀ ਉਸ ਦਾ ਰੋਜ਼ ਦਾ ਕੰਮ ਸੀ।

ਤਾਏ ਗੁਰਦਿਆਲ ਦਾ ਪਿਛਲਾ ਪਿੰਡ ਭਾਈ ਕਾ ਦਿਆਲਪੁਰਾ ਸੀ। ਇਹ ਭਾਈ ਕੇ ਸਰਦਾਰਾਂ ਦਾ ਪਿੰਡ ਸੀ। ਪਿੰਡ ਦੇ ਸਾਰੇ ਲੋਕ ਮੁਜ਼ਾਰੇ ਸਨ। ਪੈਪਸੂ ਵੇਲੇ ਜਦੋਂ ਮੁਜ਼ਾਰਾ ਮੂਵਮੈਂਟ ਚੱਲੀ ਤਾਂ ਇਸ ਪਿੰਡ ਦੇ ਲੋਕਾਂ ਨੇ ਵੀ ਉਸ ਲਹਿਰ ਵਿਚ ਹਿੱਸਾ ਲਿਆ। ਪੁਲਿਸ ਤੇ ਲੋਕਾਂ ਦੀ ਝੜਪ ਵਿਚ ਦੋ ਪੁਲਿਸ ਵਾਲਿਆਂ ਨੂੰ ਲੋਕਾਂ ਨੇ ਮਾਰ ਦਿੱਤਾ। ਗੁੱਸੇ ਵਿਚ ਆਈ ਭਾਰੀ ਫੋਰਸ ਨੇ ਪਿੰਡ ਦੇ ਲੋਕਾਂ 'ਤੇ ਤਸ਼ੱਦਦ ਢਾਹੁਣਾ ਸ਼ੁਰੂ ਕਰ ਦਿੱਤਾ। ਲੋਕ ਪੁਲਿਸ ਦੀ ਕੁੱਟ ਤੋਂ ਬਚਣ ਲਈ ਘਰ-ਬਾਰ ਛੱਡ ਕੇ ਦੂਰ ਰਿਸ਼ਤੇਦਾਰੀਆਂ ਕੋਲ ਚਲੇ ਗਏ। ਤਾਇਆ ਗੁਰਦਿਆਲ ਤੇ ਉਸ ਦੇ ਦੋ ਛੋਟੇ ਭਰਾ-ਚੇਤ ਸਿੰਘ ਤੇ ਮੱਲ ਸਿੰਘ ਵੀ ਪਿੰਡ ਛੱਡ ਕੇ ਆਪਣੇ ਮਾਮੇ ਕੋਲ ਕੋਟਕਪੂਰੇ ਆ ਗਏ ਸਨ। ਦੋਵੇਂ ਭਰਾ ਤਾਂ ਥੋੜ੍ਹੇ ਚਿਰ ਬਾਅਦ ਵਾਪਸ ਆਪਣੇ ਪਿੰਡ ਮੁੜ ਗਏ, ਪਰ ਤਾਏ ਗੁਰਦਿਆਲ ਨੂੰ ਏਥੇ ਹੀ ਛੱਡ ਗਏ।

ਸਕੂਲਾਂ ਵਿਚ ਜਦੋਂ ਛੁੱਟੀਆਂ ਹੋਣੀਆਂ, ਅਸੀਂ ਵੀ ਤਾਏ ਨਾਲ ਖੇਤ ਤੁਰ ਜਾਣਾ। ਚਾਈਂ ਚਾਈਂ



ਪਸ਼ੂਆਂ ਨੂੰ ਖਾਲ ਬੰਨਿਆ 'ਤੇ ਚਾਰਨਾ, ਭੱਜ ਭੱਜ ਮੋੜੇ ਲਾਉਣੇ, ਜਦੋਂ ਥੱਕ ਜਾਣਾ ਫਿਰ ਟਾਹਲੀਆਂ ਦੀ ਛਾਂਵੇਂ ਆ ਬਹਿਣਾ। ਟਾਹਲੀ ਦੇ ਮੁੱਢ ਨਾਲ ਟੰਗਿਆ ਪਾਣੀ ਵਾਲਾ ਕੁੰਨਾ ਖੋਲ੍ਹ ਕੇ ਓਕ ਨਾਲ ਪਾਣੀ ਪੀਣਾ ਤਾਂ ਸਾਰੀ ਥਕਾਵਟ ਲੱਥ ਜਾਣੀ। ਇਹ ਦੋ ਭਾਰੀਆਂ ਟਾਹਲੀਆਂ ਪਾਣੀ ਵਾਲੇ ਵੱਡੇ ਖਾਲ 'ਤੇ ਲੱਗੀਆਂ ਹੋਈਆਂ ਸਨ। ਮੁੱਢੋਂ ਤਾਂ ਭਾਵੇਂ ਇਨ੍ਹਾਂ ਵਿਚ ਕਾਫੀ ਵਿੱਥ ਸੀ, ਪਰ ਉਪਰੋਂ ਆਪਸ ਵਿਚ ਜੁੜੀਆਂ ਹੋਣ ਕਾਰਨ ਬੜੀ ਸੰਘਣੀ ਛਾਂ ਸੀ। ਤਾਏ ਗੁਰਦਿਆਲ ਨੇ ਕਹਿਣਾ, ਇਹ ਤਾਂ ਸਾਡੇ ਦਿੱਲੀ ਦੇ ਦਰਵਾਜੇ ਐ। ਇਹ ਦਿੱਲੀ ਦੇ ਦਰਵਾਜੇ ਵਾਲੀ ਗੱਲ ਮੈਂ ਤਾਏ ਤੋਂ ਕਈ ਵਾਰ ਸੁਣੀ ਸੀ। ਛੋਟੇ ਸਾਂ, ਦਿੱਲੀ ਦੇ ਦਰਵਾਜੇ ਦੀ ਗੱਲ ਸਮਝੋਂ ਬਾਹਰ ਸੀ, ਪਰ ਇੰਨੀ ਗੱਲ ਜ਼ਰੂਰ ਸਮਝਦੇ ਸਾਂ ਕਿ ਕੋਈ ਵੱਡੀ ਗੱਲ ਹੈ। ਤਾਏ ਨੇ ਨਾ ਦਿੱਲੀ ਵੇਖੀ ਸੀ, ਨਾ ਦਿੱਲੀ ਦੇ ਦਰਵਾਜੇ। ਤਾਏ ਨੇ ਆਪਣੇ ਪਿੰਡ ਤੋਂ ਬਿਨਾ ਪੂਰਾ ਕੋਟਕਪੂਰਾ ਵੀ ਨਹੀਂ ਸੀ ਵੇਖਿਆ। ਸਾਡੇ ਘਰ ਤੋਂ ਥੋੜ੍ਹੀ ਦੂਰ ਮੰਦਿਰ ਦੀ ਗਰਾਊਂਡ ਵਿਚ ਲੱਗਦੀ ਰਾਮ ਲੀਲਾ ਜਰੂਰ ਤਾਏ ਨਾਲ ਵੇਖਣ ਜਾਂਦੇ ਸਾਂ। ਇੱਕ-ਦੋ ਵਾਰ ਤਾਏ ਨਾਲ ਦੁਸਹਿਰਾ ਵੀ ਵੇਖਣ ਗਿਆ ਸੀ, ਜੋ ਸ਼ਹਿਰ ਤੋਂ ਬਾਹਰ ਖੁੱਲ੍ਹੀ ਗਰਾਊਂਡ ਵਿਚ ਲੱਗਿਆ ਸੀ।

ਹੁਣ ਮੈਂ ਸੋਚਦਾਂ, ਉਨ੍ਹਾਂ ਵੇਲਿਆ ਵਿਚ ਆਮ ਲੋਕਾਂ ਲਈ ਦਿੱਲੀ ਬਹੁਤ ਵੱਡੀ ਸ਼ੈਅ ਸੀ। ਜੋ ਸਾਰੇ ਦੇਸ਼ 'ਤੇ ਰਾਜ ਕਰਦੀ ਹੈ। ਜੇ ਵੇਖਿਆ ਜਾਵੇ ਦਿੱਲੀ ਤਾਂ ਅੱਜ ਵੀ ਵੱਡੀ ਸ਼ੈਅ ਹੈ। ਤਾਏ ਦੇ ਮਨ ਵਿਚ ਇਹ ਗੱਲ ਹੋਵੇਗੀ ਕਿ ਦਿੱਲੀ ਦੇ ਅੰਦਰ ਜਾਣ ਲੱਗਿਆਂ ਪਹਿਲਾਂ ਜ਼ਰੂਰ ਵੱਡੇ ਤੇ ਸੁੰਦਰ ਦਰਵਾਜੇ ਹੋਣਗੇ। ਜਿਨ੍ਹਾਂ ਨੂੰ ਲੰਘ ਕੇ ਦਿੱਲੀ ਅੰਦਰ ਜਾਇਆ ਜਾਂਦਾ ਹੋਵੇਗਾ। ਸਾਡੀਆਂ ਟਾਹਲੀਆਂ ਉਨ੍ਹਾਂ ਤੋਂ ਕਿਤੇ ਸੁਹਣੀਆਂ ਹਨ। ਦਿੱਲੀ ਦੇ ਦਰਵਾਜੇ ਇਨ੍ਹਾਂ ਦਾ ਮੁਕਾਬਲਾ ਨਹੀਂ ਕਰਦੇ। ਹਰ ਬੰਦੇ ਨੂੰ ਆਪਣੀ ਚੀਜ਼, ਜਿਸ ਨੂੰ ਤੁਸੀਂ ਪਿਆਰ ਕਰਦੇ ਹੋ, ਵੱਡੀ ਤੇ ਸੋਹਣੀ ਲੱਗਦੀ ਹੈ। ਤਾਏ ਦਾ ਇਸ ਤਰ੍ਹਾਂ ਸੋਚਣਾ ਮੈਨੂੰ ਅੱਜ ਵੀ ਚੰਗਾ ਲੱਗਦਾ ਹੈ।

ਪ੍ਰੋ. ਗੁਰਦਿਆਲ ਸਿੰਘ ਨਾਵਲਕਾਰ ਇੱਕ ਗੱਲ ਸੁਣਾਇਆ ਕਰਦੇ ਸਨ ਕਿ ਇੱਕ ਵਾਰ ਜੈਤੋ ਦਾ ਇੱਕ ਜੱਟ ਪਹਿਲੀ ਵਾਰ ਆਪਣੇ ਫੌਜੀ ਮੁੰਡੇ ਨਾਲ ਦਿੱਲੀ ਵੇਖਣ ਚਲਾ ਗਿਆ। ਦਿੱਲੀ ਵਿਚ ਭੀੜ ਵੇਖ ਕੇ ਆਪਣੇ ਮੁੰਡੇ ਨੂੰ ਕਹਿੰਦਾ, ਵੇਖ ਬਲਕਾਰਿਆ! ਦਿੱਲੀ ਵੀ ਸਾਲੀ ਜੈਤੋ ਬਣੀ ਪਈ ਐ। ਇੱਥੇ ਜੈਤੋ ਵੱਡੀ ਐ ਦਿੱਲੀ ਦੂਜੇ ਥਾਂ 'ਤੇ। ਜੈਤੋ ਪਸ਼ੂਆਂ ਦੀ ਮਾਲਵੇ ਦੀ ਵੱਡੀ ਮੰਡੀ ਹੁੰਦੀ ਸੀ, ਉਨ੍ਹੀਂ ਦਿਨੀਂ ਜੈਤੋ ਵਿਚ ਬਹੁਤ ਭੀੜ ਭੜੱਕਾ ਹੁੰਦਾ ਸੀ। ਇਸ ਲਈ ਜੈਤੋ ਹੀ ਉਸ ਲਈ ਵੱਡੀ ਗੱਲ ਸੀ। ਦਰਵੇਸ਼ੀ ਬੰਦਿਆਂ ਦੀਆਂ ਦਰਵੇਸ਼ੀ ਤਸ਼ਬੀਹਾਂ। ਉਨ੍ਹਾਂ ਦੀਆਂ ਇਹ ਅਲੋਕਾਰੀ ਗੱਲਾਂ ਆਪਣੀਆਂ ਵਿਰਾਸਤ ਪ੍ਰਤੀ ਮੋਹ ਦੀਆਂ ਕਹਾਣੀਆਂ ਲੱਗਦੀਆਂ ਹਨ।

ਪਹਿਲਾਂ ਮੁਰੱਬੇਬੰਦੀ ਨੇ ਰੁੱਖਾਂ 'ਤੇ ਕੁਹਾੜਾ ਫੇਰਿਆ। ਅਸੀਂ ਆਪਣੇ ਦਾਦਿਆਂ-ਪੜਦਾਦਿਆਂ ਦੇ ਲਾਏ ਵਿਰਾਸਤੀ ਰੁੱਖ ਕੁਝ ਮਹੀਨਿਆਂ 'ਚ ਵੱਢ ਕੇ ਸਾਹ ਲਿਆ। ਬਾਕੀ ਬਹੁਤੀਆਂ ਕਮਾਈਆਂ ਦੇ ਲਾਲਚ ਵਿਚ ਜੋ ਬਚੇ, ਉਹ ਹਰੇ ਇਨਕਲਾਬ ਦੀ ਭੇਟ ਚੜ੍ਹ ਗਏ। ਖੇਤ ਰੁੱਖਾਂ ਤੋਂ ਸੱਖਣੇ ਹੋ ਗਏ। ਕਦੇ ਕਦੇ ਲੱਗਦਾ ਜਿਵੇਂ ਜੱਟ ਦਾ ਰੁੱਖ ਨਾਲ ਵੈਰ ਹੋ ਗਿਆ ਹੋਵੇ। ਸਾਡੇ ਫਾਰਮ ਹਾਊਸ ਦੇ ਬਾਹਰ ਖਾਲ ਉਪਰ ਬਾਰਾਂ ਕੁ ਰੁੱਖ ਜਾਮਣਾਂ ਦੇ ਹਨ, ਜੋ ਮੇਰੇ ਪਿਤਾ ਜੀ ਨੇ ਫਰੀਦਕੋਟ ਤੋਂ ਲਿਆ ਕੇ ਲਾਏ ਸਨ। ਜਿੰਨਾ ਚਿਰ ਉਹ ਜਿਉਂਦੇ ਰਹੇ, ਇਨ੍ਹਾਂ ਰੁੱਖਾਂ ਦਾ ਬਹੁਤ ਧਿਆਨ ਰੱਖਦੇ ਰਹੇ। ਪਿਛਲੇ ਸਾਲ ਜਦ ਮੈਂ ਖੇਤ ਗਿਆ ਤਾਂ ਠੇਕੇ 'ਤੇ ਪੈਲੀ ਵਾਹੁਣ ਵਾਲਾ ਦੋਸਤ ਕਹਿਣ ਲੱਗਾ, ਆਹ ਚਾਰ-ਪੰਜ ਜਾਮਣਾਂ ਦੇ ਰੁੱਖ ਵਢਾ ਨਾ ਦੇਈਏ! ਇਨ੍ਹਾਂ ਨੂੰ ਫਲ ਘੱਟ ਹੀ ਲੱਗਦਾ, ਨਾਲੇ ਚਾਰ ਪੈਸੇ ਵੱਟੇ ਜਾਣਗੇ। ਮੈਂ ਆਖਿਆ, ਇਹ ਫਸਲ ਦਾ ਨੁਕਸਾਨ ਤਾਂ ਨਹੀਂ ਕਰਦੇ! ਕਹਿੰਦਾ, ਨਹੀਂ।

'ਫੇਰ ਕਾਹਤੋਂ ਵੱਢਣੇ ਆਂ।' ਮੈਂ ਸਮਝਾਉਣ ਦੇ ਲਹਿਜੇ ਵਿਚ ਕਿਹਾ। ਮੈਂ ਸੋਚਦਾਂ, ਜੇ ਇਹ ਗੱਲ ਪਿਤਾ ਜੀ ਦੇ ਜਿਉਂਦੇ ਜੀਅ ਕਹੀ ਹੁੰਦੀ ਤਾਂ ਸ਼ਾਇਦ ਉਹ ਇਹਨੂੰ ਖੇਤੋਂ ਬਾਹਰ ਕੱਢ ਦਿੰਦੇ। ਪੈਸੇ ਤੇ ਮੰਡੀ ਨੇ ਸਾਡੇ ਕੋਲੋਂ ਸਾਡੇ ਰੁੱਖ ਵੀ ਖੋਹ ਲਏ।

ਸਾਡੇ ਘਰ ਨਿੰਮ ਦਾ ਬਹੁਤ ਵੱਡਾ ਰੁੱਖ ਹੈ। ਛੋਟਾ ਜਿਹਾ ਸਾਂ ਮੈਂ, ਅਜੇ ਸਕੂਲ ਪੜ੍ਹਨ ਨਹੀਂ ਸਾਂ ਲੱਗਿਆ। ਮੈਂ ਇਹ ਨਿੰਮ ਦਾ ਬੂਟਾ ਆਪਣੇ ਦਾਦਾ ਜੀ ਨਾਲ ਸੁਥਰਿਆਂ ਦੇ ਡੇਰੇ ਵਿਚੋਂ ਖੱਗ ਕੇ ਲਿਆਂਦਾ ਸੀ। ਹੁਣ ਇਹ ਨਿੰਮ ਸਾਡੇ ਘਰ ਦੀ ਪਛਾਣ ਹੈ। ਮੈਂ ਜਦੋਂ ਵੀ ਇੰਡੀਆ ਜਾਣਾਂ ਤੇ ਇਸ ਨਿੰਮ ਨੂੰ ਵੇਖਦਾਂ ਤਾਂ ਮੈਨੂੰ ਮੇਰੇ ਦਾਦਾ ਜੀ ਦੀ ਯਾਦ ਆਉਂਦੀ ਹੈ। ਇਹ ਰੁੱਖ ਦਾਦੇ ਦਾ ਪਰਛਾਵਾਂ ਲੱਗਦਾ। ਕਦੇ ਕਦੇ ਲੱਗਦਾ ਜਿਵੇਂ ਦਾਦਾ ਰਿਸ਼ੀ ਬਣ ਘਰ ਨੂੰ ਅਸੀਸ ਦੇ ਰਿਹਾ ਹੋਵੇ। ਜਦੋਂ ਉਸ ਦੀ ਛਾਂ ਹੇਠ ਜਾ ਬੈਠਦਾਂ ਤਾਂ ਐਂ ਲੱਗਦਾ, ਜਿਵੇਂ ਮੈਂ ਆਪਣੇ ਦਾਦੇ ਦੀ ਗੋਦ ਵਿਚ ਬੈਠਾ ਹੋਵਾਂ। ਜਦ ਇਸ ਵਾਰ ਮੈਂ ਇੰਡੀਆ ਗਿਆ, ਮਨ ਬਹੁਤ ਦੁਖੀ ਹੋਇਆ, ਜਦੋਂ ਦੇਖਿਆ ਸਾਰੀ ਨਿੰਮ ਵੱਢੀ ਪਈ ਸੀ। ਕਿਰਾਏਦਾਰ ਕਹਿੰਦਾ, ਇਸ ਦੇ ਪੱਤਿਆਂ ਦਾ ਬਹੁਤ ਗੰਦ ਪੈਂਦਾ।

ਹੁਣ ਸੋਚਦਾਂ, ਜਦੋਂ ਆਪ ਵੀ ਦਾਦੇ ਵਾਲੀ ਪੁਜੀਸ਼ਨ ਵਿਚ ਆ ਗਏ ਹਾਂ, ਜਿਵੇਂ ਤਾਏ ਗੁਰਦਿਆਲ ਦੇ ਦਿੱਲੀ ਦੇ ਦਰਵਾਜੇ ਮੁਰੱਬੇਬੰਦੀ ਖਾਹ ਗਈ, ਦਾਦੇ ਦੀ ਨਿੰਮ ਮਾਡਰਨ ਯੁੱਗ ਦੀ ਅਭਿਲਾਸ਼ਾ ਨੇ ਵੱਢ ਦਿੱਤਾ; ਬਾਪੂ ਦੀਆਂ ਜਾਮਣਾਂ ਨੇ ਵੀ ਇੱਕ ਦਿਨ ਮੰਡੀ ਦੀ ਭੇਟ ਚੜ੍ਹ ਜਾਣਾ। ਲੱਗਦਾ ਇਹ ਵਡੇਰਿਆਂ ਦੀਆਂ ਯਾਦਾਂ ਦੇ ਸਿਰਨਾਵੇਂ ਇਨ੍ਹਾਂ ਰੁੱਖਾਂ ਦੇ ਨਾਲ ਹੀ ਸਾਡੇ ਬੱਚਿਆਂ ਕੋਲੋਂ ਗੁਵਾਚ ਜਾਣਗੇ!

# ਸ਼ਗਨ-ਸੁਗਾਤ

*(ਪਿਛਲੇ ਸਫੇ ਦੀ ਬਾਕੀ)*

ਸ਼ਗਨ ਹੀ ਤਾਂ ਮਨਾਉਂਦੀਆਂ ਨੇ ਜਦ ਭੈਣਾਂ ਬੰਨਦੀਆਂ ਨੇ ਵੀਰਾਂ ਦੇ ਰੱਖੜੀ ਜਾਂ ਕਰਵਾ ਚੌਥ ਦੇ ਸਮੇਂ ਪਤਨੀਆਂ ਮੰਗਦੀਆਂ ਨੇ ਪਤੀਆਂ ਦੀ ਲੰਮੇਰੀ ਉਮਰ ਦੀ ਦੁਆ। ਹੋਲੀ ਵਰਗੇ ਰੰਗ, ਜੀਵਨ ਵਿਚ ਭਰਨ ਲਈ ਮਨਾਏ ਜਾਂਦੇ ਨੇ ਸ਼ਗਨ ਤੇ ਜਸ਼ਨ।

ਸ਼ਗਨ ਬਹੁਤ ਹੀ ਪਾਕ ਕਾਰਜ, ਸ਼ਰਧਾ ਪੂਰਵਕ ਧਾਰਨਾਵਾਂ ਦੀ ਪੇਸ਼ਕਾਰੀ, ਸੁੱਚੀਆਂ ਸੱਧਰਾਂ ਦੀ ਸੱਧਰਾਈ ਸਮੂਹਿਕਤਾ ਅਤੇ ਮਨੁੱਖ ਦੀ ਮਨੁੱਖ ਨਾਲ ਸਾਂਝ ਦੀ ਗਵਾਹੀ।

ਸ਼ਗਨ ਸਮਝ, ਸਿਆਣਪ, ਸੰਜਮ, ਭਾਈਵਾਲਤਾ ਅਤੇ ਸਦੀਵਤਾ ਦਾ ਹਾਮੀ। ਸ਼ਗਨ ਕਦੇ ਥੋੜ੍ਹ-ਚਿਰੇ ਜਾਂ ਪਲ ਭਰ ਦੇ ਨਹੀਂ ਹੁੰਦੇ। ਮਨ ਵਿਚ ਸ਼ਗਨ ਹਾਵੀ ਰਹਿਣ ਤਾਂ ਸਾਰੀ ਉਮਰ ਹੀ ਸ਼ਗਨਾਂ ਭਰੀ ਹੁੰਦੀ।

ਸ਼ਗਨਾਂ ਭਰੀ ਰਾਤ ਵਿਚ ਤਾਰਿਆਂ ਦਾ ਸਾਥ ਹੋਵੇ। ਚਾਨਣੀ ਵਿਚ ਰੰਗੇ ਪਲ ਹੋਣ। ਸੰਦਲੀ ਸਾਹਾਂ ਵਿਚ ਮਹਿਕ ਦੀ ਲਬਰੇਜ਼ਤਾ ਹੋਵੇ। ਸੰਦਲੀ ਗੁਫਤਗੂ ਦੌਰਾਨ ਦੋ-ਜਿੰਦ ਇਕ ਜਾਨ ਦਾ ਪੈਗਾਮ ਬਣ ਜਾਣ ਤਾਂ ਸ਼ਗਨ ਉਮਰ ਜੇਡੇ ਹੁੰਦੇ।

ਯਾਦ ਰੱਖਣਾ! ਜੇ ਸ਼ਗਨ ਜਿਉਂਦੇ ਰਹੇ ਤਾਂ ਵਿਰਾਸਤ ਜਿਉਂਦੀ ਰਹੇਗੀ, ਰਸਮਾਂ ਜਿਉਣਗੀਆਂ, ਰਿਵਾਜ਼ ਚਿਰੰਜੀਵ ਰਹਿਣਗੇ ਅਤੇ ਤਵਾਰੀਖ ਨੂੰ ਨਵੀ ਤਹਿਰੀਕ ਦਾ ਵਰ ਮਿਲੇਗਾ। ਇਸ ਲਈ ਸ਼ਗਨਾਂ ਦਾ ਸਾਥ ਬਹੁਤ ਜਰੂਰੀ ਹੈ, ਜੇ ਅਸੀਂ ਆਪਣੇ ਵਿਰਸੇ ਨੂੰ ਸੰਭਾਲਣਾ, ਭਲਿਆਈ ਨੂੰ ਕਾਇਮ ਰੱਖਣਾ ਅਤੇ ਇਸ ਦੀ ਤੰਦਰੁਸਤੀ ਲਈ ਸਦ-ਦੁਆ ਬਣਨਾ ਹੈ।

ਸ਼ਗਨ ਸਤਹੀ ਨਹੀਂ ਹੁੰਦਾ। ਨਾ ਹੀ ਇਕਹਿਰੇ, ਇਕ ਰੰਗੇ ਜਾਂ ਇਕੱਲ ਵਿਚ ਨਿਭਾਏ ਜਾਂਦੇ। ਇਸ ਵਿਚ ਸਰਬ ਸ਼ਮੂਲੀਅਤ ਅਤੇ ਭਾਗੇਦਾਰੀ ਬਹੁਤ ਅਹਿਮ।

ਸ਼ਗਨ ਜਿਉਣ ਦਾ ਵੀ ਹੁੰਦਾ ਤੇ ਮਰਨ ਦਾ ਵੀ; ਪਾਉਣ ਦਾ ਵੀ ਤੇ ਗਵਾਉਣ ਦਾ ਵੀ; ਜਿੱਤ ਦਾ ਵੀ ਤੇ ਹਾਰ ਦਾ ਵੀ; ਆਪਣਿਆਂ ਦਾ ਵੀ ਤੇ ਬੇਗਾਨਿਆਂ ਦਾ ਵੀ; ਅਪਣੱਤ ਵਿਚ ਵੀ ਤੇ ਬੇਗਾਨਗੀ ਵਿਚ ਵੀ। ਦਰਅਸਲ ਸ਼ਗਨ ਮਨ ਵਿਚ ਹੋਵੇ ਤਾਂ ਮੌਸਮ, ਰੁੱਤਾਂ, ਤਿੱਥਾਂ, ਥਿੱਤ ਜਾਂ ਦਿਨ-ਦਿਹਾਰ ਦੇ ਕੋਈ ਅਰਥ ਨਹੀਂ ਹੁੰਦੇ। ਹਰ ਦਿਨ ਹੀ ਸ਼ਗਨਾਂ ਭਰੀ ਚੰਗੇਰ ਬਣ ਬਰੂਹਾਂ ਟੱਪਦਾ ਅਤੇ ਬਿੱਧੀਆਂ ਬਰੂਹਾਂ ਨੂੰ ਆਪਣੀ ਅਉਧ ਅਤੇ ਆਸਥਾ 'ਤੇ ਮਾਣ ਹੁੰਦਾ।

ਸ਼ਗਨ ਸ਼ੁਭ ਭਾਵਨਾਵਾਂ ਦਾ ਦਾਨ-ਪ੍ਰਦਾਨ, ਸੂਖਮ ਸੋਚਾਂ ਦੀ ਸਾਂਝ, ਚੰਗੇਰੀਆਂ ਇੱਛਾਵਾਂ ਤੇ ਆਸ਼ਾਵਾਂ ਦੀ ਅਰਪਣਾ ਅਤੇ ਸ਼ੁਭ-ਕਰਮਨ ਤੇ ਕਰਮ-ਧਰਮ ਦੀ ਭਾਵਨੀ ਭੇਟ।

ਸ਼ਗਨ ਸਮਰੱਥਾ, ਸਾਧਨ, ਸੰਜੀਦਗੀ, ਸੂਖਮਤਾ, ਸੰਵੇਦਨਾ, ਸ਼ੁਭ ਵਿਚਾਰਾਂ ਅਤੇ ਸਾਰਥਕ ਸਰੋਕਾਰਾਂ ਦਾ ਵੀ ਦੇਣਦਾਰ, ਕਿਉਂਕਿ ਸ਼ਗਨ ਨੇ ਕਿਹੜਾ ਰੂਪ ਇਖਤਿਆਰ ਕਰਨਾ, ਇਹ ਸ਼ਗਨ ਮਨਾਉਣ ਵਾਲਿਆਂ ਦੇ ਉਪਰੋਕਤ ਗੁਣਾਂ 'ਤੇ ਨਿਰਭਰ।

ਸ਼ਗਨਾਂ ਭਰੀ ਰੁੱਤ ਦੀ ਦਸਤਕ ਜਦ ਪੱਤਝੜ ਬੂਹੇ ਹੋਈ
ਤਾਂ ਨੰਗੀਆਂ ਲੱਗਰਾਂ ਦੇ ਪਿੰਡੇ, ਕਰੂਬਲਾਂ ਦੀ ਗੱਲ ਹੋਈ।
ਪੱਤਿਆਂ ਦੀ ਰੁਮਕਣੀ ਨੇ ਤੋੜੀ ਪਸਰੀ ਹੋਈ ਖਾਮੋਸ਼ੀ,
ਛਹਿ ਕੇ ਬੈਠੀਆਂ ਡੋਡੀਆਂ ਹੱਸੀਆਂ ਤੇ ਫੁੱਲਾਂ ਵਿਚ ਸਰਗੋਸ਼ੀ।
ਪੌਣ ਨੇ ਮਹਿਕ ਨੂੰ ਗੱਲ ਨਾਲ ਲਾ ਕੇ ਆਪਣੇ ਵਿਚ ਸਮਾਇਆ,
ਤੇ ਬਾਗ ਦੀ ਖਾਲੀ ਝੋਲੀ ਦੇ ਵਿਚ ਚਾਅ-ਸੰਧਾਰਾ ਪਾਇਆ।
ਕੁਦਰਤ ਵਿਹੜੇ ਕਿਰਨਾਂ ਹੱਸੀਆਂ ਤੇ ਚਾਨਣ ਦਰਾਂ 'ਚ ਚੋਇਆ,
ਤੇ ਕਾਇਨਾਤ ਦੀ ਅੱਖ ਦਾ ਸੁਪਨਾ ਨੂਰੋ-ਨੂਰ ਸੀ ਹੋਇਆ।
ਸਾਹਾਂ ਨੇ ਸਾਹਾਂ ਨਾਲ ਰੱਲ ਸਾਹਾਂ ਦੇ ਸ਼ਗਨ ਮਨਾਏ,
ਤੇ ਟੁੱਟਦੇ ਸਾਹਾਂ ਦੀ ਝੋਲੀ ਸਾਹ-ਸੁਲੱਖਣੇ ਪਾਏ।

ਸ਼ਗਨ ਜਿਉਂਦੇ ਰਹਿਣਗੇ ਜਿੰਨਾ ਚਿਰ ਮਨੁੱਖ ਜਿਉਂਦਾ ਹੈ, ਮਨੁੱਖਤਾ ਜਿਉਂਦੀ ਹੈ ਅਤੇ ਮਨੁੱਖੀ ਭਾਵਨਾਵਾਂ ਜਿਉਂਦੀਆਂ ਨੇ। ਸ਼ਗਨ ਹਰ ਕੌਮ, ਦੇਸ਼, ਕਬੀਲਾ ਅਤੇ ਹਰ ਸਭਿਅਤਾ ਮਨਾਉਂਦੀ, ਭਾਵੇਂ ਇਨ੍ਹਾਂ ਦਾ ਰੂਪ, ਤਾਸੀਰ, ਤਰੀਕਾ, ਤਰਬੀਅਤ, ਸਮਾਂ, ਸਥਾਨ, ਸਾਧਨ ਅਤੇ ਸਮਰੱਥਾ ਵੱਖ ਵੱਖ ਹੁੰਦੀ।

ਸ਼ਗਨ ਮਨਾਉਣਾ ਤਾਂ ਮਨੁੱਖੀ ਦਸਤੂਰ। ਚਾਵਾਂ ਭਰਪੂਰ। ਜੀਵਨ ਸ਼ੈਲੀ ਦਾ ਅੰਗ। ਜਿਉਣ ਦਾ ਢੰਗ, ਖੁਸ਼ੀਆਂ ਖੇੜਿਆਂ ਦਾ ਅੰਗ-ਸੰਗ ਅਤੇ ਮਨ-ਮੁਖੜੇ ਦਾ ਸੰਦਲੀ ਰੰਗ। ਭਲਾ ਸੰਧੂਰੀਪੁਣੇ ਤੋਂ ਬਿਨਾ ਸ਼ਗਨ ਦੇ ਕੀ ਅਰਥ ਹੋਣਗੇ?

ਸ਼ਗਨ ਵਿਚ ਤਾਂ ਸ਼ਾਮਲ ਹੈ ਚੌਂਕੇ ਵਿਚ ਤਾਜੇ ਗੋਹੇ ਦਾ ਪਰੋਲਾ, ਓਟਿਆਂ 'ਤੇ ਫੇਰਿਆ ਪੋਚਾ, ਜਗਾਏ ਹੋਏ ਦੀਵੇ, ਬਲਦੀਆਂ ਮੋਮਬੱਤੀਆਂ, ਲਕਸ਼ਮੀ ਦੀ ਪੂਜਾ, ਖਵਾਜੇ ਨੂੰ ਨਿਵਾਜਿਆ ਦਲੀਆ, ਪੀਰ ਦੀ ਦਰਗਾਹ 'ਤੇ ਜਗਾਇਆ ਚਿਰਾਗ, ਧਾਰਮਿਕ ਅਸਥਾਨ 'ਤੇ ਕਰਵਾਈ ਅਰਦਾਸ ਜਾਂ ਬਜ਼ੁਰਗਾਂ ਤੋਂ ਲਈ ਅਸੀਸ।

ਸ਼ਗਨ ਤਾਂ ਘਰੋਂ ਤੁਰਨ ਲੱਗਿਆਂ ਮਾਂ ਦਾ ਡੋਲਿਆ ਪਾਣੀ ਵੀ ਹੁੰਦਾ, ਮੂੰਹ ਨੂੰ ਲਾਇਆ ਲੂਣ ਵੀ ਹੁੰਦਾ ਜਾਂ ਦੂਰ ਜਾਂਦੀਆਂ ਪੈੜਾਂ ਨੂੰ ਦੂਰ ਤੀਕ ਨਿਹਾਰਨਾ ਵੀ ਸ਼ੁਭ ਸ਼ਗਨ ਸਮਝਿਆ ਜਾਂਦਾ। ਮਾਂਵਾਂ ਤਾਂ ਮਨ ਵਿਚ ਹਰਦਮ ਆਪਣਿਆਂ ਦੇ ਸ਼ਗਨ ਹੀ ਮਨਾਉਂਦੀਆਂ। ਉਨ੍ਹਾਂ ਦੀ ਤਮੰਨਾ ਵੀ ਹੁੰਦੀ ਕਿ ਉਹ ਸ਼ਗਨ ਮਨਾਉਂਦੀਆਂ ਹੀ ਇਸ ਜਹਾਨ ਤੋਂ ਰੁਖਸਤ ਹੋਣ ਤਾਂ ਹੀ ਉਹ ਆਪਣੇ ਪੋਤਰਿਆਂ, ਦੋਹਤਰਿਆਂ ਜਾਂ ਪੜ-ਪੋਤਰਿਆਂ ਦੇ ਵਿਆਹ ਜਿਉਂਦੇ ਜੀ ਦੇਖਣ ਲਈ ਕਾਹਲੀਆਂ ਹੁੰਦੀਆਂ।

ਸ਼ਗਨ ਸਾਹਾਂ ਤੋਂ ਕਰੀਬ, ਆਜ਼ਜ਼ੀ ਤੇ ਅਦੀਬ, ਜੀਵਨ ਦੀ ਤਰਤੀਬ, ਰੂਹ ਦੀ ਤਰਕੀਬ। ਸਦਭਾਵੀ, ਸਮਭਾਵੀ, ਸਰਬ-ਭਾਵੀ ਅਤੇ ਹਰਦਿਲ-ਅਜ਼ੀਜ਼। ਸ਼ਗਨ ਸਮੇਂ ਦਾ ਮਨਾਓ, ਸੰਗੀਆਂ ਸਾਥੀਆਂ ਦੇ ਮਨਾਓ, ਸੁਝਵਾਨਾਂ ਦੀ ਸੰਗਤ ਦੇ ਮਨਾਓ, ਸਹਿਕਰਮੀਆਂ ਤੇ ਸਹਿਪਾਠੀਆਂ ਦੇ ਮਨਾਓ, ਕਿਉਂਕਿ ਜੋ ਕੁਝ ਵੀ ਹੋ ਇਹ ਉਨ੍ਹਾਂ ਦੀ ਬਦੌਲਤ ਹੀ ਹੋ।

ਸ਼ਗਨ ਸੰਭਾਵਨਾਵਾਂ, ਸੁਪਨਿਆਂ, ਸਾਰਥਕਤਾਵਾਂ, ਸਾਧਨਾਂ ਅਤੇ ਸ਼ੁਕਰਗੁਜ਼ਾਰੀ ਦੇ ਮਨਾਓ ਤਾਂ ਕਿ ਤੁਹਾਡੇ ਮਨ ਵਿਚ ਕ੍ਰਿਤਾਰਥਤਾ, ਨਿਮਰਤਾ ਅਤੇ ਹਲੀਮੀ ਦਾ ਤਪ-ਤੇਜ ਸਦਾ ਬਰਕਰਾਰ ਰਹੇ।

ਸ਼ਗਨਾਂ ਦੇ ਹੀ ਸ਼ਗਨ ਮਨਾਏ ਜਾਂਦੇ। ਸੋ ਲੋੜ ਹੈ, ਸ਼ਗਨਾਂ ਲਈ ਸ਼ਗਨਾਂ ਦੇ ਸ਼ਗਨ ਜਰੂਰ ਮਨਾਉਂਦੇ ਰਹੋ, ਕਿਉਂਕਿ ਸ਼ਗਨ ਤਾਂ ਜੀਵਨ ਦਾ ਉਹ ਹਾਸਲ, ਜਿਨ੍ਹਾਂ ਨੂੰ ਲੋਚਦਿਆਂ ਕੁਝ ਲੋਕਾਂ ਦੀ ਉਮਰ ਹੀ ਲੰਘ ਜਾਂਦੀ।

## ਕਾਵਿ-ਕਿਆਰੀ

### ਪਤੇ ਦੀ ਗੱਲ

ਮਿੱਤਰਾਂ ਸੰਗ ਮਨ ਫੋਲਣੇ ਦੀ
ਲੱਗਦੀ ਨਹੀਂ ਕੋਈ ਫੀਸ।
ਜ਼ਿੰਦਗੀ ਦੀ ਜ਼ਿੱਡੀ ਚਾਲ ਨੂੰ
ਆ ਜਾਂਦੀ ਮੁਫਤ ਗਰੀਸ।

ਪੈਰ ਪਸਾਰ ਕੇ ਚਾਦਰੋਂ
ਮੈਂ ਵੀ ਕੱਢ ਲਏ ਹਨ ਬਾਹਰ,
ਖੁਦ ਨੂੰ ਜੱਭ ਵਿਚ ਪਾ ਲਿਆ ਏ
ਕਰ ਕੇ ਐਵੇਂ ਰੀਸ।

ਵਕਤ ਦੀ ਖੇਡੀ ਖੇਡ ਤੇ
ਭਾਵੇਂ ਹੁਣ ਨਹੀਂ ਕੋਈ ਰੋਸ,
ਪਿੰਡ ਨੂੰ ਛੱਡ ਆਉਣ ਦੀ
ਮਨ 'ਚੋਂ ਨਹੀਂ ਜਾਂਦੀ ਚੀਸ।

ਠਰਦਾ ਹੈ ਧੁਰ ਅੰਦਰ ਤੱਕ
ਤਨ-ਮਨ ਵੀ ਇੱਕ ਵਾਰੀ,
ਜਦੋਂ ਬਜ਼ੁਰਗ ਕੋਈ ਦਿੰਦਾ
ਸਿਰ ਹੱਥ ਧਰ ਕੇ ਅਸੀਸ।

ਬੀਸਲਿਆ ਕਿਸੇ ਦੇ ਮਨ ਦੀ
ਥਾਹ ਕਦੇ ਨਹੀਂ ਪੈਂਦੀ,
ਜਿੰਨਾ ਮਰਜੀ ਜ਼ੋਰ ਲਗਾ ਕੇ
ਕਰਦੇ ਰਹੋ ਤਫਤੀਸ਼।

*-ਹਰਿੰਦਰ ਸਿੰਘ ਬੀਸਲਾ*
*ਫੋਨ: 562-726-7674*

# ਸ਼ਮਸ਼ੇਰ ਸੰਧੂ ਦੀ ਕਹਾਣੀ 'ਚੈਂਪੀਅਨ'

ਪੰਜਾਬੀ ਖੇਡ ਸਾਹਿਤ

7



**ਪ੍ਰਿੰ. ਸਰਵਣ ਸਿੰਘ**
ਫੋਨ: 91-94651-01651

ਇਕ ਸਮਾਂ ਸੀ, ਜਦੋਂ ਕੁਸ਼ਤੀ ਦੇ ਅਖਾੜਿਆਂ 'ਚ ਦਾਰਾ-ਦਾਰਾ ਹੁੰਦੀ ਸੀ ਤੇ ਹਾਕੀ ਦੇ ਮੈਦਾਨਾਂ ਵਿਚ ਬਲਬੀਰ-ਬਲਬੀਰ। ਫਿਰ ਸਮਾਂ ਆਇਆ ਜਦੋਂ ਗਾਇਕੀ ਦੇ ਅਖਾੜਿਆਂ ਵਿਚ ਸ਼ਮਸ਼ੇਰ-ਸ਼ਮਸ਼ੇਰ ਹੋਣ ਲੱਗੀ। ਉਹਦੇ ਅਨੇਕਾਂ ਗੀਤਾਂ ਨੇ ਝੰਡੀਆਂ ਕੀਤੀਆਂ। ਕੁਝ ਗੀਤ ਰੁਸਤਮੇ ਹਿੰਦ ਬਣੇ ਤੇ ਕੁਝ ਰੁਸਤਮੇ ਜ਼ਮਾਂ। ਉਨ੍ਹਾਂ ਦੀ ਮਸ਼ਹੂਰੀ ਬੀ. ਬੀ. ਸੀ. ਤਕ ਹੋਈ। ਕਦੇ ਦੁਪੱਟਾ ਸੱਤ ਰੰਗ ਦਾ ਲਹਿਰਾਇਆ, ਕਦੇ ਪੇਕੇ ਹੁੰਦੇ ਮਾਂਵਾਂ ਨਾਲ ਨੇ ਰੁਆਇਆ ਤੇ ਕਦੇ ਮੁਖੜਾ ਦੇਖਣ ਨੇ ਭਰਮਾਇਆ। ਉਹਦੇ ਗੀਤਾਂ ਵਿਚ ਦੁੱਧ ਦੀ ਥਾਂ ਜੈਕੁਰ ਦਾ ਪਾਣੀ ਵਿਕਦਾ ਰਿਹਾ, ਕਚਹਿਰੀਆਂ 'ਚ ਮੇਲੇ ਲੱਗਦੇ ਰਹੇ ਤੇ ਰਕਾਨਾਂ 'ਚੋਂ ਯਾਰ ਬੋਲਦੇ ਰਹੇ। ਇਕੋ ਤਾਰ ਸੌ-ਸੌ ਤਾਰਾਂ ਦੀ ਬੱਸ ਕਰਾਉਂਦੀ ਰਹੀ ਤੇ ਗਾਉਣ ਵਾਲਿਆਂ ਨੂੰ ਡਿਸਕੋ ਬੁਖਾਰ ਚੜ੍ਹਾਉਂਦੀ ਰਹੀ। ਬੋਲੀਆਂ ਨਾਲ ਬੱਕਰੇ ਬੋਲਦੇ ਰਹੇ ਤੇ ਨੱਚਣ ਵਾਲੇ ਅੱਡੀਆਂ ਨਾਲ ਪਤਾਸੇ ਭੋਰਦੇ ਰਹੇ। ਕਈ ਗੀਤ ਸੱਚੀਆਂ ਸੁਣਾਉਂਦੇ ਰਹੇ-ਨਾ ਧੁੱਪ ਰਹਿਣੀ ਨਾ ਛਾਂ ਬੰਦਿਆ, ਇਕ ਰਹਿਣਾ ਰੱਬ ਦਾ ਨਾਂ ਬੰਦਿਆ। ਕੁਝ ਗੀਤ ਝੋਰੇ ਝੁਰਦੇ ਰਹੇ-ਗੁੰਮ ਗਈਆਂ ਕਿਧਰੇ ਦੁਆਨੀਆਂ ਚੁਆਨੀਆਂ ਏਸੇ ਤਰ੍ਹਾਂ ਗੁੰਮਗੇ ਜੁਆਨ ਤੇ ਜੁਆਨੀਆਂ। ਕੁਝ ਗੀਤ ਨਾਚ ਨਚਦੇ ਰਹੇ,

ਸੰਮੀ ਮੇਰੀ ਵਾਰ ਮੈਂ ਵਾਰੀ ਮੇਰੀ ਸੰਮੀਏ
ਟਹਿਕਦੇ ਨੇ ਜਿਵੇਂ ਚੰਨ ਤਾਰੇ ਮੇਰੀ ਸੰਮੀਏ
ਏਦਾਂ ਤੇਰੀ ਚੁੰਨੀ ਦੇ ਸਿਤਾਰੇ ਮੇਰੀ ਸੰਮੀਏ
ਸੰਧੂ ਤੇਰੇ ਉਤੋਂ ਬਲਿਹਾਰ ਮੇਰੀ ਸੰਮੀਏ
ਸੰਮੀ ਮੇਰੀ ਵਾਰ...।

ਸ਼ਮਸ਼ੇਰ ਸੰਧੂ ਦਾ ਕਿੱਤਾ ਬੇਸ਼ਕ ਪੱਤਰਕਾਰੀ ਦਾ ਸੀ, ਪਰ ਨਾਮਣਾ ਖੱਟਿਆ ਉਹਨੇ ਗੀਤ/ਗਾਣੇ ਲਿਖ ਕੇ ਤੇ ਨਾਮੀ ਗਾਇਕਾਂ ਤੋਂ ਗੁਆ ਕੇ। ਉਹਨੂੰ ਪਹਿਲਵਾਨੀ, ਕਬੱਡੀ ਤੇ ਸੰਗੀਤ ਨਾਲ ਇਸ਼ਕ ਹੈ। ਗੀਤਾਂ ਤੋਂ ਪਹਿਲਾਂ ਉਹ ਕਵਿਤਾਵਾਂ ਤੇ ਕਹਾਣੀਆਂ ਲਿਖਦਾ ਸੀ। ਉਹਦੀ ਪਹਿਲੀ ਕਹਾਣੀ ਸੀ-ਭੁੱਖੇ ਪਿੰਡੇ। 'ਭੂਆ ਖਤਮ ਕੌਰ', 'ਖੁਸ਼ਬੂ ਬਦਬੂ', 'ਗੱਠਾ ਨਚਾਰ', 'ਥਿੜਕਦੇ ਪੈਰ' ਤੇ 'ਚੈਂਪੀਅਨ' ਕਹਾਣੀਆਂ ਨਾਲ ਉਹ ਕਹਾਣੀਕਾਰ ਕਿਹਾ ਜਾਣ ਲੱਗਾ, ਪਰ ਉਸ ਨੇ ਕਹਾਣੀਆਂ ਦਾ ਇਕੋ ਸੰਗ੍ਰਿਹ 'ਕੋਈ ਦਿਓ ਜਵਾਬ' ਛਪਵਾ ਕੇ ਬੱਸ ਕਰ ਦਿੱਤੀ। ਪੇਸ਼ ਹੈ, ਉਹਦੀ ਖੇਡ ਸਾਹਿਤ ਵਰਗੀ ਕਹਾਣੀ 'ਚੈਂਪੀਅਨ':

ਹੁਣੇ ਕੁਸ਼ਤੀਆਂ ਹੋ ਕੇ ਹਟੀਆਂ ਸਨ।

ਸਟੇਡੀਅਮ ਵਿਚ ਕਬਰਾਂ ਵਰਗੀ ਚੁਪ-ਚਾਂ ਸੀ। ਅਜੇ ਘੰਟਾ ਕੁ ਪਹਿਲਾਂ ਏਸੇ ਥਾਂ 'ਤੇ ਬੰਦੇ 'ਚ ਬੰਦਾ ਭਿੜਦਾ ਫਿਰਦਾ ਸੀ।

ਸੁੰਨਸਾਨ ਸਟੇਡੀਅਮ 'ਚੋਂ ਬਾਹਰ ਨੂੰ ਆ ਰਿਹਾ ਪਹਿਲਵਾਨ ਕੇਹਰਦੀਨ, ਜਾਪ ਰਿਹਾ ਸੀ ਜਿਵੇਂ ਧਰਤੀ ਦੇ ਉਪਰ ਨਹੀਂ, ਸਗੋਂ ਥੱਲੇ ਤੁਰ ਰਿਹਾ ਹੋਵੇ।

ਅੱਜ ਸਵੇਰੇ ਕਿੰਨੇ ਚਾਅ ਨਾਲ ਉਹ ਉਠਿਆ ਸੀ। ਉਠਦਿਆਂ ਡੰਡ ਬੈਠਕਾਂ ਕੱਢੀਆਂ। ਡੌਲੇ 'ਤੇ ਬੰਨ੍ਹੇ ਤਵੀਤ ਨੂੰ ਪਲੋਸਿਆ। ਉਤਾਂਹ ਕੰਧ ਉਤੇ ਲੱਗੀ ਉਸਤਾਦ 'ਗਾਮੇ' ਦੀ ਫੋਟੋ ਅੱਗੇ ਮੱਥਾ ਟੇਕਿਆ ਤੇ ਅੱਖਾਂ ਬੰਦ ਕਰ ਕੇ ਅਰਦਾਸ ਕੀਤੀ, "ਬਸ ਅੱਜ ਦਾ ਦਿਨ ਮੇਰਾ ਸਰੀਰ ਕਾਇਮ ਰਹਿ'ਜੇ। ਭਲਕੇ ਭਾਵੇਂ ਮੇਰੇ ਪ੍ਰਾਣ ਈ ਨਿਕਲ ਜਾਣ, ਭਲਕੇ ਮੇਰਾ ਜੁੱਸਾ ਭਾਵੇਂ ਸਵਾਹ ਦੀ ਢੇਰੀ ਬਣ ਜੇ। ਬੱਸ ਅੱਜ ਦੀ ਕੁਸ਼ਤੀ ਲੜਨ ਦਾ ਬਲ ਬਖਸ਼ੋ!"

ਫਿਰ ਉਹ ਬਰਾਂਡੇ 'ਚ ਸੁੱਤੀ ਪਈ ਪਤਨੀ ਦੇ ਸਿਰਹਾਣੇ ਜਾ ਖੜੋਇਆ, "ਨੀ ਅੱਜ ਤਾਂ ਸਾਝਰੇ ਉਠ ਖੜ੍ਹ।" ਤੇ ਉਹਨੂੰ ਗੁੱਟੋਂ ਫੜ ਕੇ ਹਲੂਣਿਆ।

ਉਬਾਸੀ ਲੈਂਦੀ ਪਤਨੀ ਉਠ ਕੇ ਬੈਠ ਗਈ, "ਗੁੱਟ ਤਾਂ ਛੱਡ ਦੇ, ਕਿਵੇਂ ਕੱਸ ਕੇ ਫੜਿਆ ਜਿਵੇਂ ਤੋੜਨਾ ਹੋਵੇ।"

ਮੰਜੇ ਦੀ ਬਾਹੀ 'ਤੇ ਬੈਠਦਾ ਪਤਨੀ ਦੀਆਂ ਗੱਲ੍ਹਾਂ ਥਪਕਦਾ ਹੋਇਆ ਉਹ ਬੋਲਿਆ, "ਤੇਰਾ ਗੁੱਟ ਕਾਹਨੂੰ ਤੋੜਨਾ? ਗੁੱਟ ਤਾਂ ਅੱਜ ਅਖਾੜੇ 'ਚ ਤੋੜਨ ਚੱਲਿਆਂ, ਵੱਡੇ ਚੈਂਪੀਅਨ ਦਾ...।"

ਤੇ 'ਚੈਂਪੀਅਨ' ਸ਼ਬਦ ਕਹਿੰਦਿਆਂ ਪਹਿਲਵਾਨ ਕੇਹਰਦੀਨ ਦੇ ਮੂੰਹ 'ਚ ਜਿਵੇਂ ਕੋਈ ਕਸੈਲੀ ਚੀਜ਼ ਆ ਗਈ ਹੋਵੇ, "ਹੂੰ...ਸਾਲੇ ਚੈਂਪੀਅਨ ਬਣਨ ਦੇ। ਅੱਜ ਪਤਾ ਲੱਗੂ 'ਗੁਰਜ' ਕੀ ਭਾਅ ਵਿਕਦੀ ਆ? ਅੱਜ ਦੱਸੂੰ ਮਾਂ ਦੇ ਰੁਸਤਮ ਨੂੰ ਕੀਕਣ ਬਿਗਾਨੇ ਪੁੱਤਾਂ ਨਾਲ ਮੱਥਾ ਲਾਈਦੈ। ਪੈਸੇ ਦੇ ਸਿਰ 'ਤੇ ਜਨਤਾ ਦੀਆਂ ਅੱਖਾਂ 'ਚ ਘੱਟਾ ਪਾਈ ਜਾਂਦੇ ਆ, ਮੇਰੇ ਸਾਲੇ। ਅਖਬਾਰਾਂ 'ਚ ਬਿਆਨ ਛਪਵਾ ਲੈਂਦੇ ਆ, ਅਖੇ ਜਦ ਤੱਕ 60 ਕਰੋੜ ਭਾਰਤੀਆਂ ਦੀ ਹਮਦਰਦੀ ਮੇਰੇ ਨਾਲ ਹੈ, ਤਦ ਤੱਕ ਦੁਨੀਆਂ ਦਾ ਕੋਈ ਵੀ ਪਹਿਲਵਾਨ ਰੁਸਤਮੇ-ਜ਼ਮਾਂ ਦਾ ਖਿਤਾਬ ਮੇਰੇ ਕੋਲੋਂ ਨਹੀਂ ਖੋਹ ਸਕਦਾ। ਕੋਈ ਪੁੱਛਣ ਆਲਾ ਈ ਹੈ ਨੀ ਨਾ, ਭੈਣ ਦੇ ਪਤਿਓਰਿਆਂ ਨੂੰ, ਭਲਾ ਕਦੋਂ ਜਿੱਤਿਆ ਸੀ ਇਹ ਟਾਈਟਲ? ਕੋਈ ਪੁੱਛੇ, ਭਲਾ ਕਿਥੇ ਹੋਈ ਸੀ ਇਹ ਕੁਸ਼ਤੀ, ਕੀਹਨੇ ਕਰਾਈ ਸੀ ਇਹ ਕੁਸ਼ਤੀ, ਕਦੋਂ ਹੋਈ ਸੀ ਇਹ ਕੁਸ਼ਤੀ? ਸਾਲੇ ਪਖੰਡੀ! ਆਹ ਜਿਹੜੀਆਂ ਬੈਲਟਾਂ ਜੀਆਂ ਲੱਕ ਨੂੰ ਬੰਨ੍ਹ ਕੇ ਦੋਹੇਂ ਭਰਾ ਫੋਟੂਆਂ ਖਿਚਾਈ ਫਿਰਦੇ ਆ, ਭਲਾ ਇਹ ਕਿਹੜੀ ਰੁਸਤਮੇ-ਜ਼ਮਾਂ ਦੀ ਕੁਸ਼ਤੀ 'ਚੋਂ ਜਿੱਤੀਆਂ? ਦੱਸਣ ਤਾਂ ਸਹੀ। ਜੇ ਇਹੋ ਜਿਹੀਆਂ ਬਨਾਉਟੀ 'ਬੈਲਟਾਂ' ਨਾਲ ਈ ਲੋਕਾਂ ਨੂੰ ਝੁੱਡੂ ਬਣਾਉਣੈ ਤਾਂ ਮੈਂ ਵੀ ਆਥਣ ਨੂੰ ਬਣਾ ਲਿਆਉਨਾਂ ਬੈਲਟ। ਹੁਣੇ ਚੜ੍ਹ ਜਾਨਾਂ ਗੱਡੀ 'ਤੇ ਕਲਕੱਤੇ ਨੂੰ। ਅਗਲੇ ਮਹੀਨੇ ਲੱਕ ਉਤੇ ਕੋਕਿਆਂ ਵਾਲੀ ਤੇ ਗਲੋਬ ਦੇ ਕਲਿਪ ਵਾਲੀ ਬੈਲਟ ਬੰਨ੍ਹ ਕੇ ਤੇ ਫੋਟੋ ਖਿਚਾ ਕੇ ਅਖਬਾਰਾਂ ਨੂੰ ਭੇਜ ਦੂੰ...।"

ਪਤਨੀ ਉੱਠ ਕੇ ਚੁੱਲ੍ਹਾ-ਚੌਂਕਾ ਕਰਨ ਲੱਗ ਪਈ।

ਖੇਤਾਂ 'ਚ ਜੰਗਲ-ਪਾਣੀ ਹੋ ਕੇ ਤੇ ਖੂਹ 'ਤੇ ਹੱਥ ਮੂੰਹ ਸੁੱਚਾ ਕਰ ਕੇ, ਉਹ ਸਿੱਧਾ ਨਿਆਈਂ ਵਾਲੇ ਅਖਾੜੇ ਨੂੰ ਤੁਰ ਪਿਆ। ਉਹਦੇ ਚੇਲੇ-ਬਾਲਕੇ ਤੇ ਪਿੰਡ ਦੇ ਹੋਰ ਸ਼ੁਕੀਨ ਚੋਬਰ ਪਹਿਲੋਂ ਹੀ ਕੱਪੜੇ ਉਤਾਰ ਕੇ 'ਜ਼ੋਰ' ਕਰਨ ਲੱਗੇ ਹੋਏ ਸਨ। ਕੇਹਰਦੀਨ ਨੂੰ ਦੇਖਦਿਆਂ ਪੱਠਿਆਂ ਨੇ 'ਜ਼ੋਰ' ਕਰਨਾ ਛੱਡ, ਉਸਤਾਦ ਦੇ ਪੈਰੀਂ ਹੱਥ ਲਾਇਆ।

"ਉਸਤਾਦ ਜੀ, ਕਿੰਨੇ ਵਜੇ ਚੱਲਣਾ ਆਪਾਂ ਓਧਰ ਨੂੰ?"

"ਛੇਤੀ ਕਰੀਏ ਜੁਆਨੋ। ਪਹਿਲਾਂ ਈ ਪਹੁੰਚੀਏ ਤਾਂ ਠੀਕ ਐ। ਚੱਲ ਕੇ ਦੰਗਲ ਕਰਾਉਣ ਵਾਲੇ ਠੇਕੇਦਾਰ ਨਾਲ ਵੀ ਗੱਲ ਕਰਨੀ ਆ ਪਹਿਲੋਂ।"

"ਉਸਤਾਦ ਜੀ, ਕਿਉਂ ਨਾ ਆਪਾਂ ਸਿੱਧੇ ਡੀ. ਸੀ. ਸਾਹਿਬ ਦੀ ਕੋਠੀ ਚੱਲੀਏ ਤੇ ਕਹੀਏ ਕਿ ਸਾਨੂੰ ਝੰਡੀ ਕਰਨ ਦੀ 'ਜਾਜ਼ਤ ਦੇਵੇ।"

"ਥੋਨੂੰ ਪਤਾ ਈ ਆ, ਆਪਣੀ ਇਉਂ ਕਿਸੇ ਨੇ ਨੀ ਮੰਨਣੀ। ਆਪਾਂ ਜਾਂਦਿਆਂ ਝੰਡੀ ਗੱਡ ਦੇਣੀ ਅਖਾੜੇ 'ਚ ਪਈ ਸਾਡਾ ਚੈਲਿੰਜ ਆ। ਦੋਹੇਂ ਪਹਿਲਵਾਨ ਭਰਾਵਾਂ 'ਚੋਂ ਜੀਹਦੀ ਮਰਜ਼ੀ ਆ ਘੁਲ ਲਵੇ। ਐਨੇ ਲੋਕਾਂ ਸਾਹਮਣੇ ਦੇਖੀ ਜਾਂਦੀ ਆ ਫਿਰ ਕੀਹਦੀ ਕਾਟੋ ਫੁੱਲਾਂ 'ਤੇ ਖੇਡੂ?"

ਇਕ ਵਜੇ ਦੇ ਕਰੀਬ ਪਹਿਲਵਾਨ ਕੇਹਰਦੀਨ ਆਪਣੇ ਚੋਬਰਾਂ ਸਮੇਤ ਸ਼ਹਿਰ 'ਚ ਕੁਸ਼ਤੀਆਂ ਵਾਲੀ ਥਾਂ 'ਤੇ ਪੁੱਜ ਗਿਆ। ਘੋਲ ਸ਼ੁਰੂ ਹੋਣ 'ਚ ਅਜੇ ਸਮਾਂ ਸੀ ਪਰ ਸਟੇਡੀਅਮ ਦੇ ਗੇਟਾਂ 'ਤੇ ਧੱਕਾ ਪੈਣਾ ਸ਼ੁਰੂ ਹੋ ਗਿਆ ਸੀ।

ਪਹਿਲਵਾਨ ਕੇਹਰਦੀਨ ਨੇ ਸੋਚਿਆ, ਪਹਿਲਾਂ ਬੰਬਈਓਂ ਆਏ ਭਲਵਾਨਾਂ ਨਾਲ ਈ ਸਿੱਧੀ ਗੱਲ ਕਰ ਲਈ ਜਾਵੇ। ਪ੍ਰਬੰਧਕਾਂ ਨੂੰ ਪੁੱਛਣ 'ਤੇ ਪਤਾ ਲੱਗਾ, ਏਥੋਂ ਥੋੜ੍ਹੀ ਹੀ ਦੂਰ ਇਕ ਹੋਟਲ ਵਿਚ ਦੋਹੇਂ ਪਹਿਲਵਾਨ ਭਰਾ ਠਹਿਰੇ ਹੋਏ ਨੇ।

ਉਹ ਸਿੱਧੇ ਹੋਟਲ ਵੱਲ ਚੱਲ ਪਏ। ਹੋਟਲ ਦੇ ਕਾਊਂਟਰ ਤੋਂ ਪੁੱਛਿਆ ਤਾਂ ਪਤਾ ਲੱਗਾ ਕਿ ਪਹਿਲਵਾਨ ਤੀਜੀ ਮੰਜ਼ਿਲ 'ਤੇ ਠਹਿਰੇ ਹੋਏ ਨੇ ਅਤੇ ਆਰਾਮ ਫੁਰਮਾ ਰਹੇ ਨੇ। ਪਹਿਲਵਾਨ ਕੇਹਰਦੀਨ ਨੇ ਹੋਟਲ ਦੇ ਮੈਨੇਜਰ ਨਾਲ ਗੱਲ ਕੀਤੀ ਕਿ ਸਾਡਾ ਪਹਿਲਵਾਨਾਂ ਨੂੰ ਮਿਲਣਾ ਬੜਾ ਜ਼ਰੂਰੀ ਹੈ!



ਸ਼ਮਸ਼ੇਰ ਸੰਧੂ

ਮੈਨੇਜਰ ਨੇ ਕੇਹਰਦੀਨ ਨੂੰ ਸਿਰੋਂ ਪੈਰਾਂ ਤਕ ਦੇਖਿਆ। ਡੀਲ ਡੌਲ ਤੋਂ ਪ੍ਰਭਾਵਤ ਹੋ ਕੇ ਕਿਹਾ, "ਪਹਿਲਵਾਨ ਜੀ, ਸਾਥੀਆਂ ਨੂੰ ਬੈਂਚਾਂ 'ਤੇ ਬਿਠਾ ਦਿਓ। ਤੁਸੀਂ ਇਕੱਲੇ ਮੇਰੇ ਨਾਲ ਚੱਲੋ। ਤੁਹਾਡੀ ਮੁਲਾਕਾਤ ਕਰਾ ਦਿੰਨੇ ਆਂ।"

ਮੈਨੇਜਰ, ਕੇਹਰਦੀਨ ਨੂੰ ਲਿਫਟ ਰਾਹੀਂ ਉਪਰ ਲੈ ਗਿਆ। ਇਕ ਕਮਰੇ ਦੀ ਬੈੱਲ ਦਬਾਈ। ਇਕ-ਚੌਥਾਈ ਖੁੱਲ੍ਹੇ ਦਰਵਾਜੇ 'ਚੋਂ ਕੋਈ ਬਾਹਰ ਝਾਕਿਆ।

"ਕੀਹਨੂੰ ਮਿਲਣੈ?...ਅੱਛਾ... ਮੈਨੇਜਰ ਸਾਹਿਬ ਨੇ... ਆ'ਜੋ, ਆ'ਜੋ।"

"ਪਹਿਲਵਾਨ ਜੀ, ਤੁਸੀਂ ਇਕ ਮਿੰਟ ਬਾਹਰ ਰੁਕੋ। ਪਹਿਲਾਂ ਮੈਂ ਗੱਲ ਕਰ ਆਵਾਂ।"

ਕਮਰੇ ਦੇ ਇਕ ਕੋਨੇ ਵਿਚ ਝਿਲਮਿਲ-ਝਿਲਮਿਲ ਕਰਦੇ ਪਰਦਿਆਂ ਵਿਚ ਦੁਨੀਆਂ ਦੇ 'ਚੈਂਪੀਅਨ' ਪਹਿਲਵਾਨ ਬਿਰਾਜਮਾਨ ਸਨ। ਮੈਨੇਜਰ ਨੇ ਅੱਧਾ ਕੁ ਝੁੱਕ ਕੇ ਅਰਜ਼ ਕੀਤੀ, "ਪਹਿਲਵਾਨ ਜੀ, ਬਾਹਰ ਇਕ ਪਹਿਲਵਾਨ ਖੜ੍ਹਾ ਹੈ। ਉਹ ਕਹਿੰਦੈ, ਕੁਸ਼ਤੀ ਤੋਂ ਪਹਿਲਾਂ ਮੇਰਾ ਮਿਲਣਾ ਬੜਾ ਜ਼ਰੂਰੀ ਐ।"



ਤਿੰਨ ਸੰਧੂ-ਪ੍ਰਿੰ. ਸਰਵਣ ਸਿੰਘ ਸੰਧੂ, ਗੁਲਜ਼ਾਰ ਸਿੰਘ ਸੰਧੂ ਤੇ ਸ਼ਮਸ਼ੇਰ ਸਿੰਘ ਸੰਧੂ

"ਕੀ ਨਾਂ ਐ ਉਹਦਾ?" ਛੋਟੇ ਨੇ ਪੁੱਛਿਆ।

"ਜੀ ਉਹ ਆਪਣਾ ਨਾਂ ਕੇਹਰਦੀਨ ਦੱਸਦੈ।"

ਦੋਹੇਂ ਪਹਿਲਵਾਨਾਂ ਨੇ ਇਕ ਦੂਜੇ ਵੱਲ ਦੇਖਿਆ। ਇਕ ਦੂਜੇ ਨੂੰ ਅਣਦੱਸੇ ਸੁਨੇਹੇ ਦਿੱਤੇ।

"ਉਹਨੂੰ ਕਹਿ ਦਿਓ, ਉਨ੍ਹਾਂ ਕੋਲ ਟਾਈਮ ਨਹੀਂ। ਕੁਸ਼ਤੀ ਹੋਣ ਪਿੱਛੋਂ ਮਿਲ ਲਵੇ।"

"ਜੋ ਹੁਕਮ ਜਨਾਬ।" ਕਹਿੰਦਿਆਂ ਮੈਨੇਜਰ ਮੁੜ ਗਿਆ ਤੇ ਕੇਹਰਦੀਨ ਨੂੰ ਵੀ ਵਾਪਸ ਮੋੜ ਦਿੱਤਾ।

"ਇਹੋ ਪਹਿਲਵਾਨ ਤਾਂ ਨੀ ਕਿਤੇ ਕੇਹਰਦੀਨ? ਜਿਹੜਾ ਸਾਡੇ ਖਿਲਾਫ ਅਖਬਾਰਾਂ 'ਚ ਬਿਆਨ ਦਿੰਦਾ ਰਹਿੰਦੈ?" ਚੈਂਪੀਅਨ ਪਹਿਲਵਾਨ ਨੇ ਪੁੱਛਿਆ।

"ਹਾਂ। ਕੱਲ੍ਹ ਅਖਬਾਰ 'ਚ ਏਸੇ ਦਾ ਈ ਚੈਲਿੰਜ ਸੀ, ਅਖੇ ਮੈਂ ਸਟੇਡੀਅਮ 'ਚ ਕੁਸ਼ਤੀ ਲੜਨ ਲਈ ਚੈਂਪੀਅਨ ਭਰਾਵਾਂ ਨੂੰ ਲਲਕਾਰਾਂਗਾ।"

"ਠੇਕੇਦਾਰ ਨੂੰ ਕਹਿ ਕਹਾ ਕੇ ਗੱਲ ਮੁਕਾ ਲੈਣੀ ਸੀ।"

"ਇਹ ਬੜਾ ਅੜੀਅਲ ਭਲਵਾਨ ਆ। ਮੈਂ ਅੱਗੇ ਵੀ ਬੰਦੇ ਵਿਚ ਪੁਆ ਕੇ ਗੱਲ ਮੁਕਾਉਣੀ ਚਾਹੀ ਸੀ। ਇਹ ਨਾ ਸਮਝੌਤਾ ਕਰਨ ਨੂੰ ਤਿਆਰ ਆ, ਨਾ ਸੌਦਾ।"

"ਮਹਿੰਗਾ ਸਸਤਾ ਜਿੰਨੇ 'ਤੇ ਨਿਬੜਦਾ ਸੀ, ਨਬੇੜ ਲੈਂਦੇ।"

"ਮਖਿਆ, ਉਹ ਤਾਂ ਕੰਨ ਈ ਨੀ ਧਰਦਾ। ਕਹਿੰਦਾ ਮੇਰੇ ਨਾਲ ਤਾਂ ਕੁਸ਼ਤੀ ਹੀ ਲੜੋ।"

"ਫਿਰ ਦਫਾ ਕਰੋ, ਇਹੋ ਜੇ ਬੰਦੇ ਨੂੰ...।"

"ਪਰ ਇਕ ਗੱਲ ਕਰੋ, ਅਖਬਾਰਾਂ 'ਚ ਬਿਆਨ ਦੇ ਦਿਓ ਕਿ ਸਾਨੂੰ ਏਨੀ ਫੁਰਸਤ ਨਹੀਂ ਕਿ ਜਣੇ-ਖਣੇ ਸ਼ੋਹਦੇ ਦਾ ਚੈਲਿੰਜ ਪਰਵਾਨ ਕਰੀਏ...ਵਗੈਰਾ...ਵਗੈਰਾ।"

ਨਿਰਾਸ਼ ਹੋਇਆ ਕੇਹਰਦੀਨ ਆਪਣੇ ਸਾਥੀਆਂ ਸਮੇਤ ਵਾਪਸ ਸਟੇਡੀਅਮ 'ਚ ਆ ਗਿਆ। ਚੁਪਾਸੀਂ ਦਰਸ਼ਕਾਂ ਦਾ ਜਮਘਟਾ ਸੰਘਣਾ ਹੋ ਰਿਹਾ ਸੀ। ਸਟੇਡੀਅਮ ਦੇ ਐਨ ਵਿਚਕਾਰ ਮਜ਼ਬੂਤ ਫੱਟਿਆਂ ਉਪਰ ਰਿੰਗ ਦੁਆਲੇ ਰੰਗੀਨ ਰੱਸੇ ਬੰਨ੍ਹੇ ਹੋਏ ਸਨ। ਲਾਊਡ ਸਪੀਕਰ 'ਚੋਂ ਅਵਾਜ਼ ਆ ਰਹੀ ਸੀ, "ਘੋਲ ਸ਼ੁਰੂ ਹੋਣ ਵਾਲੇ ਨੇ, ਅੱਜ ਪੰਜ ਘੋਲ ਹੋਣਗੇ, ਪਹਿਲੀ ਕੁਸ਼ਤੀ, ਫਲਾਣਾ ਵਰਸਜ਼ ਫਲਾਣਾ...ਤੀਜੀ ਕੁਸਤੀ ਫਲਾਣਾ ਵਰਸਜ਼ ਫਲਾਣਾ...ਤੇ ਪੰਜਵੀਂ ਕੁਸ਼ਤੀ, ਜਿਸ ਦੀ ਤੁਹਾਨੂੰ ਸਭ ਨੂੰ ਉਡੀਕ ਹੈ, ਅਮਰੀਕਾ ਦੇ ਨਾਮੀ ਨੀਗਰੋ ਪਹਿਲਵਾਨ ਨਾਲ ਸਾਡੇ ਦੇਸ਼ ਦੇ ਚੈਂਪੀਅਨ ਪਹਿਲਵਾਨ ਲੜਨਗੇ। ਇਸ ਨੀਗਰੋ ਪਹਿਲਵਾਨ ਨੇ ਸਾਡੇ ਯੋਧੇ ਪਹਿਲਵਾਨ ਨੂੰ ਚੈਲਿੰਜ ਕੀਤਾ ਸੀ, ਜੋ ਪਰਵਾਨ ਕਰ ਲਿਆ ਗਿਐ...।

ਕੁਸ਼ਤੀਆਂ ਸ਼ੁਰੂ ਹੋਈਆਂ। ਦੋ ਪਹਿਲਵਾਨ ਰਿੰਗ 'ਚ ਆਏ। ਰੈਫਰੀ ਨਾਲ ਹੱਥ ਮਿਲਾਏ। ਪਹਿਲਾ ਰਾਊਂਡ। ਦੂਜਾ ਰਾਊਂਡ। ਤੀਜਾ ਰਾਊਂਡ...। ਦੂਜੀ ਕੁਸ਼ਤੀ ਸ਼ੁਰੂ ਹੋਈ। ਦੋ ਹੋਰ ਪਹਿਲਵਾਨ ਲੰਗੋਟੇ ਕਸ ਕੇ ਅਗਾਂਹ ਹੋਏ। ਇਕ ਰਾਊਂਡ। ਦੋ ਰਾਊਂਡ। ਤਿੰਨ ਰਾਊਂਡ...ਤੀਜੇ ਰਾਊਂਡ 'ਚ ਇਕ ਜਣੇ ਨੇ ਮਾੜਾ ਜਿਹਾ ਫਾਊਲ ਖੇਡਿਆ। ਰੈਫਰੀ ਨੇ ਵਾਰਨਿੰਗ ਦਿੱਤੀ। ਅੰਤਿਮ ਰਾਊਂਡ। ਇਕ ਜਿੱਤ ਗਿਆ, ਦੂਜਾ ਹਾਰ ਗਿਆ।

ਕਾਲੀ ਘਟਾ ਚੜ੍ਹਨ ਕਾਰਨ ਅਗਲੀਆਂ ਦੋ ਕੁਸ਼ਤੀਆਂ ਦਾ ਸਮਾਂ ਘੱਟ ਕਰ ਦਿੱਤਾ ਗਿਆ। ਰਾਊਂਡ ਵੀ ਪੰਜ ਮਿੰਟ ਦੀ ਥਾਂ ਤਿੰਨ ਮਿੰਟ ਦਾ ਕਰ ਦਿੱਤਾ। ਇਹ ਕੁਸ਼ਤੀ ਚੈਂਪੀਅਨ ਪਹਿਲਵਾਨ ਦੇ ਛੋਟੇ ਭਰਾ ਦੀ ਸੀ। ਉਹ ਹੱਸਦਾ-ਮੁਕਰਾਉਂਦਾ ਰਿੰਗ 'ਚ ਗਿਆ ਤੇ ਦੂਜੇ ਰਾਊਂਡ 'ਚ ਹੀ ਭਾੜੇ ਦੇ ਪਹਿਲਵਾਨ ਨੂੰ ਚਿੱਤ ਕਰਕੇ ਥੱਲੇ ਉਤਰ ਆਇਆ।

ਚੌਥੀ ਕੁਸ਼ਤੀ ਸ਼ੁਰੂ ਹੋਈ। ਦੋ ਹੋਰ ਪਹਿਲਵਾਨ ਨਿੱਤਰੇ। ਪਹਿਲਾ ਰਾਊਂਡ...ਦੂਜਾ ਰਾਊਂਡ। ਦੂਜੇ ਰਾਊਂਡ 'ਚ ਹੀ ਇਕ ਨੇ ਦੂਸਰੇ ਨੂੰ ਚੁੱਕ ਕੇ ਰੱਸਿਆਂ ਤੋਂ ਬਾਹਰ ਸੁੱਟ ਦਿੱਤਾ। ਰੈਫਰੀ ਨੇ ਅੱਠ ਗਿਣਨੇ ਸ਼ੁਰੂ ਕੀਤੇ। ਥੱਲੇ ਡਿਗਿਆ ਪਹਿਲਵਾਨ ਉਠ ਨਾ ਸਕਿਆ। ਦੂਜਾ ਪਹਿਲਵਾਨ ਜਿੱਤ ਗਿਆ।

ਸਪੀਕਰ 'ਚੋਂ ਬੁਲਾਰਾ ਬੜੇ ਨਾਟਕੀ ਅੰਦਾਜ਼ 'ਚ ਫਾਈਨਲ ਕੁਸ਼ਤੀ ਦੀ ਭੂਮਿਕਾ ਬੰਨ੍ਹਣ ਲੱਗਾ, "ਦਰਸ਼ਕੋ, ਇਹ ਕੁਸ਼ਤੀ ਸਾਡੇ ਦੇਸ਼ ਵਿਚ ਇਕ ਇਤਿਹਾਸਕ ਕੁਸ਼ਤੀ ਹੋਵੇਗੀ। ਪਰ੍ਹਿਆਂ 'ਚ ਬੈਠ ਕੇ ਲੋਕ ਇਸ ਕੁਸ਼ਤੀ ਦੀਆਂ ਗੱਲਾਂ ਕਰਿਆ ਕਰਨਗੇ। ਇਹ ਕੁਸ਼ਤੀ ਦੁਨੀਆਂ ਦੇ ਦੋ ਰੁਸਤਮ ਪਹਿਲਵਾਨਾਂ 'ਚ ਹੋਵੇਗੀ। ਸਾਡੇ ਦੇਸ਼ ਦੇ ਚੈਂਪੀਅਨ ਪਹਿਲਵਾਨ ਅਤੇ ਅਮਰੀਕਾ ਦੇ ਚੈਂਪੀਅਨ ਪਹਿਲਵਾਨ ਗੁਡਿਅੰਕੋ ਨੀਗਰੋ ਵਿਚਕਾਰ ਭੇੜ ਵੇਖਣ ਵਾਲਾ ਹੋਵੇਗਾ...।"

ਕੇਹਰਦੀਨ ਪਹਿਲਵਾਨ ਨੇ ਬੈਠੇ-ਬੈਠਿਆਂ ਆਪਣੇ ਮੋਢੇ ਛੰਡੇ। ਮਨ ਵਿਚ ਇਕ ਝੱਖੜ ਝੁੱਲ ਪਿਆ। ਇਹੀ ਮੌਕਾ ਸੀ, ਜਦੋਂ ਇਨ੍ਹਾਂ ਦਿਖਾਵੇ ਦੇ ਚੈਂਪੀਅਨਾਂ ਦਾ ਭਾਂਡਾ ਚੌਰਾਹੇ ਵਿਚ ਭੰਨਿਆ ਜਾ ਸਕਦਾ ਸੀ। ਇਹੋ ਮੌਕਾ ਸੀ, ਜੋ ਉਹਦੇ ਸਾਲਾਂ ਤੋਂ 'ਕੱਠੇ ਹੋਏ ਗੁਭ-ਗੁਭਾਟ ਨੂੰ ਬਾਹਰ ਕੱਢ ਸਕਦਾ ਸੀ। ਇਹੋ ਮੌਕਾ ਸੀ, ਜਦੋਂ ਉਹ ਹਜ਼ਾਰਾਂ ਲੋਕਾਂ ਦੇ ਸਾਹਮਣੇ ਚੈਂਪੀਅਨ ਨੂੰ ਲਲਕਾਰ ਸਕਦਾ ਸੀ। ਅਖਬਾਰਾਂ 'ਚ ਛਪਵਾਏ ਬਿਆਨਾਂ ਨੂੰ ਸਾਕਾਰ ਕਰਨ ਦਾ, ਡੌਂਡੀ ਪਿੱਟਣ ਦਾ ਇਹੋ ਇਕੋ-ਇਕ ਮੌਕਾ ਸੀ। ਵੱਡੇ ਭਰਾ ਨਾਲ ਨਹੀਂ ਮੰਨਦੇ ਤਾਂ ਚਲੋ ਛੋਟੇ ਭਰਾ ਨਾਲ ਹੀ ਕੁਸ਼ਤੀ ਕਰਵਾਈ ਜਾਵੇ। ਅੱਵਲ ਤਾਂ ਦੋਹੇਂ ਭਰਾ ਵਾਰੀ-ਵਾਰੀ ਘੁਲ ਲੈਣ। ਨਾਲੇ ਐਨੇ ਲੋਕ ਆਪਣੀ ਅੱਖੀਂ ਵੇਖ ਲੈਣਗੇ ਕੌਣ ਕਿੰਨੇ ਕੁ ਪਾਣੀ 'ਚ ਹੈ?

ਕੇਹਰਦੀਨ ਉਠਿਆ। ਦੰਗਲ ਦੇ ਠੇਕੇਦਾਰ ਕੋਲ ਅਰਜ਼ ਕੀਤੀ, "ਮੇਰੀ ਕੁਸ਼ਤੀ ਜ਼ਰੂਰ ਕਰਵਾਓ।" ਠੇਕੇਦਾਰ ਚੁੱਪ ਰਿਹਾ। "ਮੈਨੂੰ ਚੈਲਿੰਜ ਕਰ ਲੈਣ ਦਿਓ। ਇਕ ਮੌਕਾ ਜ਼ਰੂਰ ਦਿਓ।" ਠੇਕੇਦਾਰ ਫਿਰ ਵੀ ਚੁੱਪ ਰਿਹਾ। ਉਸ ਨੇ ਕੇਹਰਦੀਨ ਪਹਿਲਵਾਨ ਤੋਂ ਪੱਲਾ ਛੁਡਾਇਆ ਤੇ ਜਾ ਕੇ ਡੀ. ਐਸ. ਪੀ. ਦੇ ਕੰਨਾਂ 'ਚ ਘੁਸਰ-ਮੁਸਰ ਕੀਤੀ।

ਡੀ. ਐਸ. ਪੀ. ਨੇ ਪਰ੍ਹੇ ਖੜ੍ਹੇ ਐਸ. ਪੀ. ਦੇ ਕੰਨ 'ਚ ਕੁਝ ਕਿਹਾ। ਐਸ. ਪੀ. ਨੇ ਫੌਰਨ ਜਿਲੇ ਦੇ ਡੀ. ਸੀ. ਸਾਹਿਬ ਕੋਲ ਕਾਨਾਫੂਸੀ ਕੀਤੀ।

ਕੁਝ ਮਿੰਟਾਂ 'ਚ ਹੀ ਇਕ ਹੋਰ ਪੁਲਿਸ ਅਫਸਰ ਨੇ ਬੈਂਤ ਦੇ ਇਸ਼ਾਰੇ ਨਾਲ ਪਹਿਲਵਾਨ ਕੇਹਰਦੀਨ ਨੂੰ ਆਪਣੇ ਕੋਲ ਸੱਦਿਆ ਤੇ ਪਰੇ ਲਿਜਾ ਕੇ ਪਹਿਲਵਾਨ ਦੀਆਂ ਅੱਖਾਂ 'ਚ ਕਹਿਰੀ ਨਜ਼ਰੇ ਤੱਕਿਆ। "ਭਲਵਾਨ ਜੀ। ਕੰਨ ਕਰ ਕੇ ਸੁਣ ਲੋ। ਜੇ ਸਰਕਾਰੀ ਪ੍ਰੋਗਰਾਮ 'ਚ ਕੋਈ ਗੜਬੜ ਕੀਤੀ, ਜੇ ਅਖਾੜੇ 'ਚ ਕੋਈ ਖੱਪ-ਖੁੱਪ ਪਾਈ ਤਾਂ ਦੇਖ ਲਿਓ ਛੇ ਮਹੀਨੇ ਜ਼ਮਾਨਤ ਨਹੀਂ ਹੋਣੀ। ਜੇ ਕੋਈ ਚੈਲਿੰਜ-ਚੂਲਿੰਜ ਦੀ ਗੱਲ ਕੀਤੀ ਤਾਂ ਚੇਤੇ ਰੱਖਿਓ ਫੜ ਕੇ ਸੀਖਾਂ 'ਚ ਤਾੜ ਦਿਆਂਗੇ।"

ਕੇਹਰਦੀਨ ਪਹਿਲਵਾਨ ਨੇ ਦੋਹੇਂ ਹੱਥ ਬੰਨ੍ਹੇ, "ਬਾਦਸ਼ਾਹੋ! ਮੇਰੀ ਤਾਂ ਇਕੋ ਅਰਜ਼ ਐ ਪਈ ਤੁਸੀਂ ਮੇਰੇ ਨਾਲ ਇਨਸਾਫ ਕਰੋ। ਮੈਂ ਸਾਲਾਂ ਤੋਂ ਤਿਆਰੀ ਕੀਤੀ ਐ। ਮੇਰੀ ਕੁਸ਼ਤੀ ਕਰਾ ਦਿਓ। ਵੱਡੇ ਭਲਵਾਨ ਨਾਲ, ਚਾਹੇ ਛੋਟੇ ਭਲਵਾਨ ਨਾਲ। ਮੈਨੂੰ ਇਕ ਮੌਕਾ ਜ਼ਰੂਰ ਦਿਵਾਓ।"

"ਥੋਨੂੰ ਇਕ ਵਾਰੀ ਕਹਿ'ਤਾ ਪਈ ਚੁੱਪ ਕਰਕੇ ਬੈਠ ਜੋ। ਜਾਂ ਸਟੇਡੀਅਮ 'ਚੋਂ ਬਾਹਰ ਚਲੇ ਜਾਉ। ਵਰਨਾ ਐਥੇ ਈ ਲੋਹੇ ਦੀਆਂ ਵੰਗਾਂ ਪਾ ਦਿਆਂਗੇ।" ਕਹਿੰਦਾ ਹੋਇਆ ਪੁਲਿਸ ਅਫਸਰ ਪਰੇ ਤੁਰ ਗਿਆ।

ਕੇਹਰਦੀਨ ਨੇ ਲੱਜ ਜਿੱਡਾ ਲੰਮਾ ਸਾਹ ਲਿਆ ਤੇ ਅੱਖਾਂ ਪੂੰਝਦਾ ਆਪਣੇ ਸਾਥੀ ਪਹਿਲਵਾਨਾਂ ਵਿਚ ਆ ਬੈਠਾ। ਕਹਿਣ-ਦੱਸਣ ਵਾਲੀ ਹੁਣ ਕੋਈ ਗੱਲ ਨਹੀਂ ਸੀ ਰਹਿ ਗਈ...।

ਸਪੀਕਰ ਵਿਚੋਂ ਅਵਾਜ਼ ਹੋਰ ਉਚੀ ਹੋਈ, "ਅਜ ਦੀ ਸਭ ਤੋਂ ਵੱਡੀ ਕੁਸ਼ਤੀ ਹੁਣ ਸ਼ੁਰੂ ਹੋਵੇਗੀ।"

ਸਪੀਕਰ ਵਿਚੋਂ ਉਭਰਦੀ ਅਵਾਜ਼ ਲੋਕਾਂ ਦੀ ਹਮਦਰਦੀ ਅਟੇਰ ਰਹੀ ਸੀ। ਲੋਕਾਂ ਦੇ ਮਨਾਂ ਵਿਚ ਕੁਸ਼ਤੀ ਪ੍ਰਤੀ ਉਤਸੁਕਤਾ ਪੈਦਾ ਕਰ ਰਹੀ ਸੀ, "ਹੁਣ ਰੈਫਰੀ ਸਾਹਿਬ ਪਹਿਲਵਾਨਾਂ ਦੇ ਸਰੀਰ ਚੈਕ ਕਰਨਗੇ ਮਤਾਂ ਕਿਸੇ ਪਹਿਲਵਾਨ ਨੇ ਨਹੁੰ ਵਧੇ ਹੋਣ, ਕਿਸੇ ਪਹਿਲਵਾਨ ਨੇ ਕੋਈ ਤੇਜ਼ ਧਾਰ ਚੀਜ਼ ਕਿਤੇ ਛੁਪਾਈ ਹੋਵੇ...।"

ਫਿਰ ਹੱਥ ਜੋੜੀ ਕਰ ਕੇ, ਪਹਿਲਵਾਨ ਪਿਛੇ ਹਟੇ। ਆਪਣੇ ਚੋਗੇ ਉਤਾਰੇ ਤੇ ਅੰਗ ਛੰਡੇ। ਰੈਫਰੀ ਨੇ ਵਿਸਲ ਮਾਰੀ। ਪਹਿਲਾ ਰਾਊਂਡ ਸ਼ੁਰੂ ਹੋਇਆ। ਚੈਂਪੀਅਨ ਨੇ ਚੱਕਵੇਂ ਪੈਰੀਂ ਗੇੜੇ ਕੱਢਣੇ ਸ਼ੁਰੂ ਕੀਤੇ। ਉਹਦੇ ਪਟਿਆਂ ਤੋਂ ਕਿਸੇ ਫਿਲਮੀ ਐਕਟਰ ਦਾ ਝਉਲਾ ਪੈਂਦਾ ਸੀ। ਇਸ ਰਾਊਂਡ ਵਿਚ ਨੀਗਰੋ ਪਹਿਲਵਾਨ ਭਾਰੂ ਰਿਹਾ, ਪਰ ਪੁਆਇੰਟ ਕਿਸੇ ਵੀ ਪਹਿਲਵਾਨ ਨੂੰ ਨਾ ਮਿਲਿਆ।

ਪਹਿਲਵਾਨ ਕੇਹਰਦੀਨ ਦੇ ਚਾਵਾਂ ਦੇ ਪਰਛੰਡੇ ਲਹਿ ਚੁਕੇ ਸਨ। ਉਹ ਡਾਢਾ ਉਦਾਸ ਸੀ। ਨਾਲ ਬੈਠੇ ਇਕ ਸ਼ਾਗਿਰਦ ਨੇ ਦੁੱਖ ਵੰਡਾਉਣ ਦੇ ਲਹਿਜੇ 'ਚ ਕਿਹਾ, "ਉਸਤਾਦ ਜੀ, ਤੁਸੀਂ ਦਿਲ ਉਤੇ ਨਾ ਲਾਓ। ਨਾਲੇ ਮੌਕੇ ਦੇ ਅਫਸਰਾਂ ਅੱਗੇ ਆਪਾਂ ਕਰ ਵੀ ਕੀ ਸਕਦੇ ਆਂ? ਫਿਰ ਕਿਤੇ ਮੌਕਾ ਮਿਲਿਆ ਤਾਂ ਚੈਲਿੰਜ ਕਰ ਲੈਣਾ। ਨਾਲੇ ਆਹ ਕੁਸ਼ਤੀ ਵੇਖੋ। ਕੀਕੂੰ ਹਬਸ਼ੀ ਭਲਵਾਨ ਟੁੱਟ-ਟੁੱਟ ਪੈ ਰਿਹੈ। ਕਿਡੇ ਹੌਂਸਲੇ ਨਾਲ ਦਾਅ ਮਾਰ ਰਿਹੈ। ਖੌਰੈ ਇਹੋ ਈ ਚੈਂਪੀਅਨ ਦਾ ਪਾਸਾ ਪੁੱਠਾ ਪਾ ਦੇਵੇ। ਤੁਸੀਂ ਕੁਸ਼ਤੀ

*(ਬਾਕੀ ਅਗਲੇ ਸਫੇ 'ਤੇ)*


# ਅਵਤਾਰ ਸਿੰਘ ਪਾਸ਼: ਅੱਧੀ ਸਦੀ ਦਾ ਸੱਚ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

1969 ਵਿਚ ਖੁਸ਼ਵੰਤ ਸਿੰਘ 'ਇਲਸਟ੍ਰੇਟਡ ਵੀਕਲੀ ਆਫ ਇੰਡੀਆ' ਦਾ ਐਡੀਟਰ ਬਣਿਆ ਤਾਂ ਉਸ ਨੇ ਮੇਰੇ ਕੋਲੋਂ ਪੰਜਾਬੀ ਸਾਹਿਤ ਦੇ ਨਵੇਂ ਚਿਹਰਿਆਂ ਬਾਰੇ ਲੇਖ ਲਿਖਵਾਇਆ, ਮੈਂ ਆਪਣੇ ਲੇਖ ਵਿਚ ਕਹਾਣੀਕਾਰ ਗੁਰਬਚਨ ਭੁੱਲਰ ਤੇ ਗੁਰਦੇਵ ਰੁਪਾਣਾ ਅਤੇ ਕਵੀ ਜਗਤ ਦੇ ਸੁਰਿੰਦਰ ਗਿੱਲ, ਕਲਪਨਾ ਤੇ ਪਾਸ਼ ਸਮੇਤ 1970 ਦੇ ਉਭਰਦੇ ਲੇਖਕਾਂ ਬਾਰੇ ਲਿਖਿਆ। ਸਥਾਪਤ ਲੇਖਕਾਂ ਦੀ ਬਾਤ ਪਾ ਕੇ ਕਰੋਨਾ ਤਾਲਾਬੰਦੀ ਕਾਰਨ ਪੁਰਾਣੇ ਕਾਗਜ਼ ਫਰੋਲਦਿਆਂ ਮੈਨੂੰ ਉਹ ਲੇਖ ਲੱਭਿਆ ਤਾਂ ਮੀਡੀਆ ਵਿਚ ਪਾਸ਼ ਦੇ ਜਨਮ ਦੀ 9 ਸਤੰਬਰ 2020 ਨੂੰ ਪੈਂਦੀ 70ਵੀਂ ਵਰ੍ਹੇ ਗੰਢ ਦੀ ਛਾ ਗਈ। ਪਾਸ਼ ਦੇ ਹਾਣੀ ਅਮਰਜੀਤ ਚੰਦਨ ਤੇ



ਪਾਸ਼ ਦਾ ਚਿੱਤਰ



ਗੁਰਬਚਨ ਸਿੰਘ ਭੁੱਲਰ



ਗੁਰਦੇਵ ਸਿੰਘ ਰੁਪਾਣਾ

ਪਾਸ਼ ਦੀ ਕੈਲੀਫੋਰਨੀਆ ਰਹਿੰਦੀ ਬੇਟੀ ਵਿੰਕਲ ਸੰਧੂ ਦੀਆਂ ਯਾਦਾਂ ਤੇ ਉਸ ਦੀ ਕਵਿਤਾ ਦੇ ਮੱਦਾਹ ਸੁਮੇਲ ਸਿੱਧੂ ਦਾ ਖਿਰਾਜ-ਏ-ਅਕੀਕਤ ਉਨ੍ਹਾਂ ਵਿਚੋਂ ਪ੍ਰਮੁੱਖ ਸਨ। ਮੇਰੇ ਮਨ ਵਿਚ ਪਾਸ਼ ਦੀ ਕਵਿਤਾ 'ਸਭ ਤੋਂ ਖਤਰਨਾਕ' ਘੁੰਮਣ ਲੱਗੀ,

ਕਿਰਤ ਦੀ ਲੁੱਟ ਸਭ ਤੋਂ ਖਤਰਨਾਕ ਨਹੀਂ
ਪੁਲਿਸ ਦੀ ਕੁੱਟ ਸਭ ਤੋਂ ਖਤਰਨਾਕ ਨਹੀਂ ਹੁੰਦੀ
ਗੱਦਾਰੀ ਲੋਭ ਦੀ ਮੁੱਠ ਸਭ ਤੋਂ ਖਤਰਨਾਕ ਨਹੀਂ ਹੁੰਦੀ
ਬੈਠੇ ਸੁੱਤਿਆਂ ਫੜੇ ਜਾਣਾ-ਬੁਰਾ ਤਾਂ ਹੈ
ਡਰੀ ਜਿਹੀ ਚੁੱਪ ਵਿਚ ਮੜ੍ਹੇ ਜਾਣਾ-ਬੁਰਾ ਤਾਂ ਹੈ
ਕਿਸੇ ਜੁਗਨੂੰ ਦੀ ਲੋਅ ਵਿਚ ਪੜ੍ਹਨ ਲਗ ਜਾਣਾ-ਬੁਰਾ ਤਾਂ ਹੈ
ਸਭ ਤੋਂ ਖਤਰਨਾਕ ਨਹੀਂ ਹੁੰਦਾ
ਸਭ ਤੋਂ ਖਤਰਨਾਕ ਹੁੰਦਾ ਹੈ
ਮੁਰਦਾ ਸ਼ਾਂਤੀ ਨਾਲ ਭਰ ਜਾਣਾ
ਨਾ ਹੋਣਾ ਤੜਪ ਦਾ, ਸਭ ਸਹਿਣ ਕਰ ਜਾਣਾ
ਘਰ ਤੋਂ ਨਿਕਲਣਾ ਕੰਮ 'ਤੇ
ਤੇ ਕੰਮ ਤੋਂ ਘਰ ਜਾਣਾ
ਸਭ ਤੋਂ ਖਤਰਨਾਕ ਹੁੰਦਾ ਹੈ
ਸਾਡੇ ਸੁਪਨਿਆਂ ਦਾ ਮਰ ਜਾਣਾ।

ਮੈਂ ਆਪਣੇ ਅੱਧੀ ਸਦੀ ਪਹਿਲਾਂ ਵਾਲੇ ਲੇਖ ਵਿਚ ਪਾਸ਼ ਦੀ ਤਲਵਾਰ ਬੱਲੇ 'ਉਮਰ ਵਿਚ ਸਭ ਤੋਂ ਛੋਟਾ ਤੇ ਰੋਹ ਵਿਚ ਸਭ ਤੋਂ ਵੱਡਾ' ਲਿਖਿਆ ਸੀ। ਮੇਰੇ ਲੇਖ ਵਾਲੇ ਸਾਰੇ ਲੇਖਕ ਪਾਸ਼ ਨਾਲੋਂ 14-15 ਸਾਲ ਵੱਡੇ ਸਨ। ਕਲਪਨਾ ਵੀ, ਜੋ ਦਸ ਸਾਲ ਵੱਡੀ ਸੀ; ਪਰ 1970 ਵਿਚ ਵੀ ਪਾਸ਼ ਦੇ ਬੋਲ ਤੇ ਕਾਵਿਕ ਮੁਹਾਵਰਾ ਬਾਕੀਆਂ ਤੋਂ ਉੱਚਾ ਨਹੀਂ ਤਾਂ ਹਾਣ ਦਾ ਜ਼ਰੂਰ ਸੀ।

ਪਾਸ਼ 9 ਸਤੰਬਰ 1950 ਵਾਲੇ ਦਿਨ ਨਕੋਦਰ ਨੇੜਲੇ ਪਿੰਡ ਤਲਵੰਡੀ ਸਲੇਮ ਵਿਚ ਪੈਦਾ ਹੋਇਆ ਸੀ ਤੇ 1986 ਵਿਚ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਦੁਸ਼ਮਣਾਂ ਤੋਂ ਉਹਲੇ ਹੋਣ ਲਈ ਕੈਲੀਫੋਰਨੀਆ ਜਾ ਵੱਸਿਆ ਸੀ। ਇਸ ਸਮੇਂ ਨੂੰ ਪੰਜਾਬ ਦੇ ਕਾਲੇ ਦਿਨਾਂ ਦਾ ਨਾਂ ਦਿੱਤਾ ਗਿਆ ਸੀ। ਪੰਜਾਬ ਦੇ ਕਹਿੰਦੇ-ਕਹਾਉਂਦੇ ਸਪੂਤ ਮਹਿੰਦਰ ਸਿੰਘ ਰੰਧਾਵਾ ਦੀ ਮੌਤ ਵੀ ਦਿਲ ਦੇ ਦੌਰੇ ਨਾਲ ਇਨ੍ਹੀਂ ਦਿਨੀਂ ਹੀ ਹੋਈ ਸੀ। ਆਪਣੇ ਆਪ ਨੂੰ ਮਰਜੀਵੜੇ ਦੱਸਣ ਵਾਲੇ ਉਹ ਲੋਕ ਏਨੇ ਵਹਿਸ਼ੀ ਸਨ ਕਿ ਉਨ੍ਹਾਂ ਨੇ ਕੈਲੀਫੋਰਨੀਆ ਤੋਂ ਦੋ ਸਾਲ ਪਿੱਛੋਂ ਆਪਣੇ ਪਿੰਡ ਆਏ ਪਾਸ਼ ਨੂੰ ਵੀ ਨਹੀਂ ਸੀ ਬਖਸ਼ਿਆ। ਖੂਹ ਉੱਤੇ ਨਹਾਉਂਦੇ ਨੂੰ ਗੋਲੀਆਂ ਮਾਰੀਆਂ ਸਨ। ਉਨ੍ਹਾਂ ਨੇ ਗੱਦਾਰੀ ਲੋਭ ਦੀ ਮੁੱਠ ਨੂੰ ਸੱਭ ਤੋਂ ਖਤਰਨਾਕ ਨਾ ਮੰਨਣ ਵਾਲੇ ਪਾਸ਼ ਦੇ ਸੁਪਨਿਆਂ ਦੀ ਹੱਤਿਆ ਦਾ ਜ਼ਾਲਿਮਾਨਾ ਅਮਲ ਕੀਤਾ ਸੀ, ਪਰ ਉਹ ਆਪਣੇ ਮੰਤਵ ਵਿਚ ਬਿਲਕੁਲ ਅਸਫਲ ਰਹੇ। ਪਾਸ਼ ਅੱਜ ਵੀ ਜ਼ਿੰਦਾ ਹੈ। ਉਸ ਦੀਆਂ ਕਵਿਤਾਵਾਂ ਯੂਨੀਵਰਸਟੀਆਂ ਦੇ ਪਾਠਕ੍ਰਮ ਦਾ ਹਿੱਸਾ ਹਨ। ਇਨ੍ਹਾਂ ਉੱਤੇ ਵਿਦਿਆਰਥੀ ਖੋਜ ਨਿਬੰਧ ਲਿਖ ਕੇ ਡਾਕਟਰੇਟ ਕਰ ਰਹੇ ਹਨ। ਉਸ ਦੀ ਯਾਦ ਵਿਚ ਇੰਟਰਨੈਸ਼ਨਲ ਪਾਸ਼ ਮੈਮੋਰੀਅਲ ਟਰੱਸਟ ਸਥਾਪਤ ਹੋ ਚੁਕਾ ਹੈ। ਉਸ ਦੀ ਕਵਿਤਾ ਦੀ ਛਤਰ-ਛਾਇਆ ਹੇਠ ਪਲੀ ਉਸਦੀ ਧੀ ਵਿੰਕਲ ਤੇ ਵਿੰਕਲ ਦੀ ਮਾਂ ਰਾਜਵਿੰਦਰ ਕੌਰ ਚੰਗਾ ਜੀਵਨ ਬਤੀਤ ਕਰ ਰਹੀਆਂ ਹਨ। ਉਸ ਦੀ ਸ਼ਹਾਦਤ ਸਮੇਂ 7 ਵਰ੍ਹਿਆਂ ਦੀ ਵਿੰਕਲ 38 ਸਾਲ ਦੀ ਹੋ ਗਈ ਹੈ ਤੇ ਉਸ ਦਾ ਬੇਟਾ ਅਰਮਾਨ ਨੌਂ ਸਾਲ ਦਾ ਤੇ ਬੇਟੀ ਅਨਾਇਤ ਸੱਤ ਸਾਲ ਦੀ। ਮੈਨੂੰ ਚੇਤੇ ਹੈ, ਕੈਲੀਫੋਰਨੀਆ ਤੁਰ ਜਾਣ ਤੋਂ ਪਹਿਲਾਂ ਪਾਸ਼ ਮੈਨੂੰ ਤੇ ਰਘਬੀਰ ਸਿੰਘ ਸਿਰਜਣਾ ਨੂੰ ਮਿਲ ਕੇ ਗਿਆ ਸੀ। ਮੈਂ ਉਸ ਦੀ ਮੌਤ ਸਮੇਂ ਉਹਦੇ ਬਾਰੇ ਕੁਝ ਨਹੀਂ ਲਿਖ ਸਕਿਆ। ਉਹ ਵਾਲੀ ਭੁੱਲ ਹੁਣ ਬਖਸ਼ਾ ਰਿਹਾ ਹਾਂ।

ਮੈਂ ਉਸ ਦੇ ਪਰਿਵਾਰਕ ਮੈਂਬਰ ਨੂੰ ਕਦੀ ਨਹੀਂ ਮਿਲਿਆ। ਹੁਣੇ ਜਿਹੇ ਉਸ ਦੀ ਬੇਟੀ ਵਿੰਕਲ ਨਾਲ ਕੈਲੀਫੋਰਨੀਆ ਵਿਚ ਟੈਲੀਫੋਨ 'ਤੇ ਗੱਲ ਹੋਈ ਹੈ। ਉਸ ਨੇ ਦੱਸਿਆ ਕਿ ਉਹ ਖੁਦ ਐਲੀਮੈਂਟਰੀ ਸਕੂਲ ਵਿਚ ਪੜ੍ਹਾਉਂਦੀ ਹੈ ਤੇ ਉਸ ਦੀ ਮਾਂ ਸੀ. ਐਨ. ਏ. ਵਿਚ ਅਸਿਸਟੈਂਟ ਹੈ। ਪਾਸ਼ ਜਿਉਂਦਾ ਹੁੰਦਾ ਤਾਂ ਉਨ੍ਹਾਂ ਦੇ ਜੀਵਨ ਵਿਚ ਉਹ ਪਾੜਾ ਨਹੀਂ ਸੀ ਹੋਣਾ, ਜੋ ਉਹ ਭੋਗ ਰਹੇ ਹਨ। ਉਹ ਜਦ ਕਦੀ ਵੀ ਭਾਰਤ ਆਉਂਦੀ ਹੈ ਤੇ ਉਹ ਵਾਲਾ ਘਰ, ਜਿੱਥੇ ਪਾਸ਼ ਜੰਮਿਆ ਸੀ ਤੇ ਉਹ ਖੇਤ, ਜਿਨ੍ਹਾਂ ਬਾਰੇ ਕਵਿਤਾਵਾਂ ਲਿਖੀਆਂ, ਉਸ ਨੂੰ ਸਕੂਨ ਦਿੰਦੇ ਹਨ। ਉਸ ਨੇ ਇਹ ਵੀ ਦੱਸਿਆ ਕਿ ਉਸ ਨੂੰ ਪਾਸ਼ ਦੇ ਪਿਤਾ ਤੇ ਆਪਣੇ ਸਵਰਗਵਾਸੀ ਦਾਦਾ ਮੇਜਰ ਸੋਹਣ ਸਿੰਘ ਸੰਧੂ ਤੋਂ ਇਹ ਵੀ ਪਤਾ ਲੱਗਿਆ ਕਿ ਜਿਸ ਦਿਨ ਉਸ ਦਾ ਜਨਮ ਹੋਇਆ ਸੀ ਤਾਂ ਪਾਸ਼ ਨੇ ਸਾਰੇ ਪਿੰਡ ਵਿਚ ਲੱਡੂ ਵੰਡੇ ਸਨ ਅਤੇ ਘਰ ਵਿਚ ਗੀਤ-ਸੰਗੀਤ ਰਚਾਇਆ ਸੀ; ਉਹ ਕੁਝ, ਜੋ ਹੋਰ ਲੋਕ ਪੁੱਤਾਂ ਦੇ ਜਨਮ ਸਮੇਂ ਕਰਦੇ ਸਨ। ਵਿੰਕਲ ਨੂੰ ਪਿਤਾ ਵੱਲੋਂ ਆਪਣਾ ਖੂਬਸੂਰਤ ਨਾਂ ਰੱਖੇ ਜਾਣ ਦਾ ਵੀ ਅਹਿਸਾਸ ਹੈ ਤੇ ਉਸ ਨੇ ਆਪਣੇ ਬੇਟੇ ਦਾ ਨਾਂ ਅਰਮਾਨ ਰੱਖਿਆ ਹੈ, ਜਿਸ ਨੇ ਉਸ ਦੀ ਅਰਮਾਨਾਂ ਦੀ ਪੂਰਤੀ ਕੀਤੀ ਹੈ ਅਤੇ ਬੇਟੀ ਦਾ ਅਨਾਇਤ ਜਿਸ ਨੂੰ ਉਹ ਆਪਣੇ ਪਿਤਾ ਵਾਂਗ ਹੀ ਪਿਆਰ ਕਰਦੀ ਹੈ ਤੇ ਉਹਦੇ ਵੱਲੋਂ ਮਿਲੀ ਅਨਾਇਤ ਸਮਝਦੀ ਹੈ।

ਵਿੰਕਲ ਦਾ ਇਹ ਕਹਿਣਾ ਕਿ ਜਦੋਂ ਵੀ ਭਾਰਤ ਆਵੇਗੀ, ਮੈਨੂੰ ਮਿਲੇ ਬਿਨਾ ਨਹੀਂ ਜਾਂਦੀ, ਮੈਨੂੰ ਵੀ ਚੰਗਾ ਲੱਗਿਆ। ਵਿੰਕਲ ਅੱਜ 38 ਸਾਲ ਦੀ ਹੈ ਤੇ ਉਸ ਨੂੰ 38 ਵਰ੍ਹੇ ਦੀ ਉਮਰੇ ਤੁਰ ਗਏ ਪਿਤਾ ਦੀਆਂ ਪ੍ਰਾਪਤੀਆਂ ਦਾ ਅਹਿਸਾਸ ਹੈ; ਏਨੀ ਥੋੜ੍ਹੀ ਉਮਰ ਭੋਗਣਾ, ਕਿੰਨਾ ਕੁਝ ਮਾਣੇ ਬਿਨਾ ਤੁਰ ਜਾਣਾ ਹੈ, ਇਸ ਦਾ ਵੀ।

ਅੰਤ ਵਿਚ ਪਾਸ਼ ਦੀ ਕਵਿਤਾ 'ਇਨਕਾਰ', ਜੋ ਉਸ ਦੇ ਕਾਵਿ ਸੰਗ੍ਰਿਹ 'ਸਾਡੇ ਸਮਿਆਂ ਵਿਚ' ਛਪੀ ਸੀ, ਉਹਦੇ ਉੱਤੇ ਪਏ ਨਕਸਲਵਾਦੀ ਪ੍ਰਭਾਵ ਦੀ ਬਾਤ ਪਾਉਂਦੀ ਹੋਈ। ਇਹ ਪਾਸ਼ ਦੀ ਉਸ ਧਾਰਨਾ ਉੱਤੇ ਵੀ ਮੋਹਰ ਲਾਉਂਦੀ ਹੈ, ਜਿਸ ਨੂੰ ਉਹ 'ਸ਼ਬਦ ਗਿਰਵੀ ਨਹੀਂ ਹੁੰਦੇ। ਸਮਾਂ ਗੱਲ ਆਪ ਕਰਦਾ ਹੈ। ਪਲ ਗੂੰਗੇ ਨਹੀਂ ਹੁੰਦੇ' ਕਹਿੰਦਾ ਹੈ,

ਮੇਰੇ ਕੋਲੋਂ ਆਸ ਨਾ ਕਰਿਓ
ਕਿ ਮੈਂ ਖੇਤਾਂ ਦਾ ਪੁੱਤ ਹੋ ਕੇ
ਤੁਹਾਡੇ ਚਗਲੇ ਹੋਏ
ਸਵਾਦਾਂ ਦੀ ਗੱਲ ਕਰਾਂਗਾ
ਜਿਨ੍ਹਾਂ ਦੇ ਹੜ੍ਹ ਵਿਚ ਰੁੜ੍ਹ ਜਾਂਦੀ ਹੈ
ਸਾਡੇ ਬੱਚਿਆਂ ਦੀ ਤੋਤਲੀ ਕਵਿਤਾ
ਤੇ ਸਾਡੀਆਂ ਧੀਆਂ ਦਾ ਕੰਜਕ ਜਿਹਾ ਹਾਸਾ।
ਮੈਂ ਬੈਂਕ ਦੇ ਸੈਕਟਰੀ ਦੀਆਂ ਖਚਰੀਆਂ ਮੁੱਛਾਂ
ਸਰਪੰਚ ਦੀ ਥਾਣੇ ਤੱਕ ਲੰਮੀ ਪੂਛ ਦੀ
ਤੇ ਉਸ ਅਜਾਇਬ ਘਰ ਦੀ
ਜੋ ਮੈਂ ਆਪਣੀ ਹਿੱਕ ਅੰਦਰ
ਪਾਲ ਰੱਖਿਆ ਹੈ
ਜਾਂ ਏਦਾਂ ਦੀ ਹੀ ਕੋਈ ਕਰਤ ਬਰਤੀ
ਗੱਲ ਕਰਾਂਗਾ
ਮੈਂ ਜੱਟਾਂ ਦੇ ਸਾਧ ਹੋਵਣ 'ਤੇ
ਉਨ੍ਹਾਂ ਦਾ ਸਫਰ ਹਾਂ
ਮੈਂ ਬੁੱਢੇ ਮੋਚੀ ਦੀ ਗੁੰਮੀ ਹੋਈ
ਅੱਖਾਂ ਦੀ ਲੋਅ ਹਾਂ
ਮੈਂ ਟੁੰਡੇ ਹੌਲਦਾਰ ਦੇ
ਸੱਜੇ ਹੱਥ ਦੀ ਯਾਦ ਹਾਂ ਕੇਵਲ
ਮੈਂ ਪਿੰਡੇ ਵਕਤ ਦੇ,
ਚੱਪਾ ਸਦੀ ਦਾ ਕਾਗ ਹਾਂ ਕੇਵਲ
ਮੇਰੇ ਕੋਲ ਸੂਰਜ ਦੀ
ਉਸ ਸੁਪਨ ਸੀਮਾ ਤੋਂ ਉਰੇ
ਹਾਲਾਂ ਕਰਨ ਨੂੰ ਬਹੁਤ ਗੱਲਾਂ ਹਨ
ਅਜੇ ਮੈਂ ਧਰਤ 'ਤੇ ਛਾਈ
ਕਿਸੇ ਸੀਰੀ ਦੇ ਕਾਲੇ-ਸ਼ਾਹ ਬੁੱਲ੍ਹਾਂ ਜਿਹੀ
ਰਾਤ ਦੀ ਗੱਲ ਕਰਾਂਗਾ
ਉਸ ਇਤਿਹਾਸ ਦੀ
ਜੋ ਮੇਰੇ ਬਾਪ ਦੇ ਧੁੱਪ ਨਾਲ
ਲੂਸੇ ਮੌਰਾਂ ਉੱਤੇ ਉੱਕਰਿਆ ਹੈ
ਮੈਂ ਆਪਣੀ ਮਾਂ ਦੇ ਪੈਰਾਂ ਦੀਆਂ
ਬਿਆਈਆਂ ਦੇ ਭੂਗੋਲ ਦੀ ਗੱਲ ਕਰਾਂਗਾ।

ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਪਾਸ਼ ਦੇ ਆਪਣੇ ਮਾਪੇ ਭਾਵੇਂ ਖੇਤੀ ਨਹੀਂ ਸਨ ਕਰਦੇ, ਪਰ ਉਹ ਖੇਤਾਂ ਵਿਚ ਕੰਮ ਕਰਨ ਵਾਲੇ ਧਰਤੀ ਪੁੱਤਰਾਂ ਤੇ ਧੀਆਂ ਦਾ ਦਰਦ ਪਛਾਣਦਾ ਸੀ। ਇਹੀਓ ਉਸ ਦੀ ਕਵਿਤਾ ਦੀ ਉੱਤਮਤਾਈ ਸੀ।

**ਅੰਤਿਕਾ: ਪਾਸ਼**

ਮੇਰੇ ਕੋਲ ਕੋਈ ਚਿਹਰਾ,
ਸੰਬੋਧਨ ਕੋਈ ਨਹੀਂ
ਧਰਤੀ ਦਾ ਝੱਲਾ ਇਸ਼ਕ ਸ਼ਾਇਦ ਮੇਰਾ ਹੈ
ਤੇ ਤਾਹੀਓਂ ਜਾਪਦੈ
ਮੈਂ ਹਰ ਚੀਜ਼ ਉੱਤੋਂ ਹਵਾ ਵਾਂਗੂ
ਸਰਸਰਾ ਕੇ ਲੰਘ ਜਾਵਾਂਗਾ
ਸੱਜਣੋ! ਮੇਰੇ ਲੰਘ ਜਾਣ ਤੋਂ ਮਗਰੋਂ ਵੀ
ਮੇਰੇ ਫਿਕਰ ਦੀ ਬਾਂਹ ਫੜੀ ਰੱਖਣੀ।

# ਸ਼ਮਸ਼ੇਰ ਸੰਧੂ ਦੀ ਕਹਾਣੀ ਚੈਂਪੀਅਨ

(ਪਿਛਲੇ ਸਫੇ ਦੀ ਬਾਕੀ)

ਤਾਂ ਦੇਖੋ। ਇੰਜ ਨੀਵੀਂ ਪਾ ਕੇ ਨਾ ਬੈਠੋ...।"

"ਓ ਜੁਆਨਾਂ! ਮੈਂ ਜਾਣਦਾਂ ਇਸ ਸਾਰੇ ਕਾਸੇ ਨੂੰ। ਇਹ ਨਿਰਾ ਡਰਾਮਾ ਆ।"

ਚੈਂਪੀਅਨ ਪਹਿਲਵਾਨ ਗਰਮ ਹੋ ਚੁਕਾ ਸੀ। ਉਹਦੇ ਬਾਰੇ ਆਮ ਮਸ਼ਹੂਰ ਸੀ ਕਿ ਪਹਿਲੇ ਰਾਊਂਡਾਂ ਵਿਚ ਕੁੱਟ ਖਾਂਦਾ ਹੈ ਤੇ ਫਿਰ ਗਰਮ ਹੋ ਕੇ ਝਪਟਦਾ ਹੈ। ਕੁਮੈਂਟਰੀ ਜਾਰੀ ਸੀ, "ਦੇਖੋ ਬਈ, ਕਿੰਨੀ ਸ਼ਾਨਦਾਰ ਪਕੜ ਹੋ ਰਹੀ ਏ। ਕਿੱਡਾ ਵਧੀਆ ਘੋਲ ਹੋ ਰਿਹੈ। ਇਹ ਸਾਡੇ ਦੇਸ਼ ਦੀ ਇਤਿਹਾਸਕ ਕੁਸ਼ਤੀ ਕਹੀ ਜਾਏਗੀ। ਲੋਕ ਸੱਥਾਂ 'ਚ ਤੇ ਮਹਿਫਿਲਾਂ 'ਚ ਗੱਲਾਂ ਕਰਨਗੇ। ਅਹਿ ਦੇਖੋ ਹੋ ਗਿਆ ਦਸਤਪੰਜਾ। ਪਹਿਲਵਾਨ ਇਕ ਦੂਜੇ ਦੀਆਂ ਬਾਹਾਂ ਮਰੋੜ ਰਹੇ ਨੇ...।"

ਕੁਮੈਂਟੇਟਰ ਦੀ ਅਵਾਜ਼ ਹੋਰ ਉਚੀ ਹੋਈ, "ਹੁਣ ਕੋਈ ਵੀ ਦਾਅ ਲੱਗ ਨ੍ਹੀਂ ਰਿਹਾ। ਕੋਈ ਤਕਨੀਕ ਨਹੀਂ ਵਰਤੀ ਜਾ ਰਹੀ, ਸਿਰਫ ਜ਼ੋਰ ਅਜ਼ਮਾਈ ਹੋ ਰਹੀ ਏ। ਦੇਖੀਏ ਕਿਹੜਾ ਭਲਵਾਨ ਭਾਰੂ ਹੁੰਦਾ, ਮਾਰੋ ਤਾੜੀ ਜ਼ੋਰਾਂ ਦੀ। ਸਾਡਾ ਭਲਵਾਨ ਭਾਰੂ ਹੋ ਗਿਐ, ਨੀਗਰੋ ਭਲਵਾਨ ਦਬ ਰਿਹੈ। ਇਹਨੂੰ ਕਹਿੰਦੇ ਨੇ ਨੈੱਕਪਿੰਨ...ਹੁਣ ਜੋ ਦਾਅ ਮਾਰਿਆ, ਇਹਨੂੰ ਆਖਦੇ ਨੇ ਡਰੌਪਕਿੱਕ। ਸਾਡੇ ਭਲਵਾਨ ਨੇ ਨੀਗਰੋ ਭਲਵਾਨ ਜ਼ਬਰਦਸਤ ਢੰਗ ਨਾਲ ਕਾਬੂ ਕੀਤਾ ਹੋਇਐ। ਜੇ ਤਿੰਨ ਗਿਣਦਿਆਂ ਤਕ ਦੋਹੇਂ ਮੋਢੇ ਥੱਲੇ ਲੱਗੇ ਰਹਿਣ ਤਾਂ ਪੁਆਇੰਟ ਜਿਤਿਆ ਗਿਆ। ਇਹ ਰਾਊਂਡ ਸਾਡੇ ਭਲਵਾਨ ਨੇ ਜਿੱਤ ਲਿਐ।"

ਆਖਰੀ ਰਾਊਂਡ। ਕੁਸ਼ਤੀ ਹੋਰ ਤੇਜ਼ੀ ਪਕੜ ਗਈ। ਨੀਗਰੋ ਪਹਿਲਵਾਨ ਨੂੰ ਚੈਂਪੀਅਨ ਪਹਿਲਵਾਨ ਨੇ ਧੋਬੀ ਪਟੜਾ ਮਾਰਿਆ। ਮਾਈਕ 'ਚੋਂ ਅਵਾਜ਼ ਉਭਰੀ, "ਇਹਨੂੰ ਕਿਹਾ ਜਾਂਦੈ ਬੌਡੀਸਲਿੰਮ। ਇਹ ਦਾਅ ਆਮ ਭਲਵਾਨ ਨ੍ਹੀਂ ਲਾ ਸਕਦੇ। ਸਾਡੇ ਚੈਂਪੀਅਨ ਭਲਵਾਨ ਨੇ ਕਿਸੇ ਵੇਲੇ ਦੁਨੀਆਂ ਦੇ ਰੁਸਤਮ ਭਲਵਾਨ ਕਿੰਗਕਾਂਗ ਨੂੰ ਏਸੇ ਹੀ ਦਾਅ ਨਾਲ ਹਰਾਇਆ ਸੀ।"

ਕਿਹਰਦੀਨ ਨੇ ਸ਼ਗਿਰਦ ਦੇ ਕੰਨ 'ਚ ਕਿਹਾ, "ਇਹ ਨੀਗਰੋ ਭਲਵਾਨ ਭਾੜੇ ਦਾ ਬੰਦਾ। ਇਹਨੇ ਏਥੇ ਇਹਦੀ ਪੂਰੀ ਟੌਅਰ ਬਣਾ ਕੇ ਜਾਣੀ ਆ। ਤੂੰ ਨਹੀਂ ਸਮਝਦਾ ਅਜੇ। ਏਦਾਂ ਈ, ਕਈ ਸਾਲ ਪਹਿਲਾਂ ਇਹ ਬਾਹਰਲੇ ਮੁਲਕਾਂ ਵਿਚ ਨਕਾਬ ਪਾ ਕੇ, ਉਥੋਂ ਦੇ ਭਲਵਾਨਾਂ ਦੀ ਟੌਅਰ ਬਣਾ ਕੇ ਆਏ ਸੀ। ਤੂੰ ਕੀ ਸਮਝਦੈਂ? 'ਕੇਰਾਂ ਆਪਣਾ ਅਕਰਮ ਭਲਵਾਨ ਵੀ ਇਨ੍ਹਾਂ ਨਾਲ ਮਿਲ ਕੇ ਕੁਸ਼ਤੀ ਹਾਰ ਗਿਆ ਸੀ। ਅਸੀਂ ਉਦੋਂ ਦਾ ਈ ਭਾਈਚਾਰੇ 'ਚੋਂ ਅਕਰਮ ਦਾ ਦਾਣਾ-ਪਾਣੀ ਛੇਕਿਆ ਹੋਇਐ।"

ਸ਼ਾਗਿਰਦ ਪਹਿਲਵਾਨ ਹੱਕਾ-ਬੱਕਾ ਰਹਿ ਗਿਆ। ਉਹਨੂੰ ਸੱਚ ਨਹੀਂ ਸੀ ਆ ਰਿਹਾ, "ਉਸਤਾਦ ਜੀ, ਭਲਵਾਨੀ ਦਾ ਤਾਂ ਆਪਣਾ ਧਰਮ ਹੁੰਦੈ। ਭਲਵਾਨੀ ਤਾਂ ਕਸਬ ਈ ਐਸਾ ਪਈ ਬੇਈਮਾਨੀ ਨਹੀਂ ਕਰਨੀ।"

"ਉਏ ਤੂੰ ਭੋਲੈਂ! ਇਹ ਗੱਲਾਂ ਤਾਂ ਸਿਧਤ ਭਲਵਾਨਾਂ ਕੋਲ ਹੀ ਰਹਿ ਗਈਆਂ। ਤੇਰੇ ਮੇਰੇ ਵਰਗਿਆਂ ਕੋਲ। ਇਹ ਜਿੰਨੇ ਖਿਤਾਬਾਂ ਵਾਲੇ ਭਲਵਾਨ ਨੇ, ਸਭ ਏਸੇ ਤਰ੍ਹਾਂ ਈ ਅੱਗੇ ਆਏ ਨੇ। ਜਿਨ੍ਹਾਂ ਦੀ ਵੱਡੇ ਘਰੀਂ ਪਹੁੰਚ ਆ, ਬੈਲਟਾਂ ਜਿੱਤੀ ਫਿਰਦੇ ਆ। ਬੱਸ ਇਹੋ ਜਿਹਿਆਂ ਨੇ ਹੀ ਭਲਵਾਨੀ ਧਰਮ ਭ੍ਰਿਸ਼ਟ ਕੀਤੈ...।"

ਕੁਮੈਂਟੇਟਰ, ਜਿਹੜਾ ਦਾਅ ਵੱਜਦਾ, ਨਾਲੋ-ਨਾਲ ਬਿਆਨ ਕਰੀ ਜਾਂਦਾ, "ਇਹਨੂੰ ਕਹਿੰਦੇ ਆ ਫਲਾਈਂਗ ਕਿੱਕ...ਇਕ ਹੋਰ ਫਲਾਈਂਗ ਕਿੱਕ...ਇਹ ਨੀਗਰੋ ਭਲਵਾਨ ਆਪਣੇ ਜੌਹਰ ਖੂਬ ਦਿਖਾ ਰਿਹੈ। ਸਾਨੂੰ ਵਿਦੇਸ਼ੋਂ ਆਏ ਏਸ ਭਲਵਾਨ ਦੀ ਵੀ ਹੌਸਲਾ ਅਫਜ਼ਾਈ ਕਰਨੀ ਚਾਹੀਦੀ ਆ। ਮਾਰੋ ਜ਼ੋਰ ਦੀ ਤਾੜੀ। ਇਹ ਫਲਾਈਂਗ ਕਿੱਕ ਸਾਡੇ ਦੇਸ਼ ਦੇ ਸੌਦਾਗਰ ਭਲਵਾਨ ਦਾ ਪ੍ਰਸਿਧ ਦਾਅ ਐ। ਦੇਖੋ ਨੀਗਰੋ ਭਲਵਾਨ ਕਿਵੇਂ ਸ਼ੇਰ ਵਾਂਗ ਝਪਟ ਮਾਰ ਰਿਹੈ। ਸਾਡੇ ਭਲਵਾਨ ਨੂੰ ਨੀਗਰੋ ਭਲਵਾਨ



ਪੂਰੇਵਾਲ ਖੇਡ ਮੇਲੇ ਵਿਚ ਸ਼ਮਸ਼ੇਰ ਸੰਧੂ ਤੇ ਪ੍ਰਿੰ. ਸਰਵਣ ਸਿੰਘ ਦਾ ਸਨਮਾਨ

ਨੇ ਬੁਰੀ ਤਰ੍ਹਾਂ ਕਾਬੂ ਕੀਤਾ ਹੋਇਐ। ਰੈਫਰੀ ਪੁੱਛ ਰਿਹੈ, 'ਕੀ ਥਲੜਾ ਭਲਵਾਨ ਹਾਰ ਮੰਨਣ ਨੂੰ ਤਿਆਰ ਏ?' ਪਰ ਭਲਵਾਨ ਕਹਿ ਰਿਹੈ, ਨਹੀਂ...। ਅਹਿ...ਦੇਖੋ...ਦੇਖੋ...ਹੁਣ ਸਾਡਾ ਭਲਵਾਨ ਆਪਣਾ ਖਾਸ ਦਾਅ ਮਾਰਨ ਲੱਗਾ ਏ ਡੈੱਥਲਾਕ...ਡੈੱਥਲਾਕ...। ਇਸ ਦਾਅ ਤੋਂ ਕੋਈ ਭਲਵਾਨ ਬਚ ਕੇ ਨਹੀਂ ਨਿਕਲ ਸਕਦਾ। ਇਹ ਸਭ ਤੋਂ ਖਤਰਨਾਕ ਦਾਅ ਹੈ...ਡੈੱਥਲਾਕ। ਲਓ ਸਾਡਾ ਭਲਵਾਨ ਇਸ ਦਾਅ ਵਿਚ ਕਾਮਯਾਬ ਹੋ ਗਿਐ।"

ਨੀਗਰੋ ਪਹਿਲਵਾਨ ਨੇ ਨਕਲੀ ਚੀਕਾਂ ਮਾਰੀਆਂ ਤਰਲੋਮੱਛੀ ਹੋਣ ਵਾਂਗ ਤਰਲੋਮੱਛੀ ਵੀ ਹੋਇਆ।

ਰੈਫਰੀ ਵਾਰ ਵਾਰ ਪੁਛ ਰਿਹੈ, ਪੁਆਇੰਟ ਦੇਵਾਂ? ਆਖਰ ਨੀਗਰੋ ਭਲਵਾਨ ਇਕ ਦੋ ਵਾਰੀ ਦੀ ਨਾਂਹ ਕਰਨ ਪਿੱਛੋਂ ਮੰਨ ਜਾਂਦੇ ਕਿ ਪੁਆਇੰਟ ਵਿਰੋਧੀ ਨੂੰ ਦੇ ਦਿੱਤਾ ਜਾਵੇ ਤੇ ਮੈਨੂੰ ਛੁਡਾਇਆ ਜਾਵੇ।

ਚੈਂਪੀਅਨ ਪਹਿਲਵਾਨ ਨੇ ਮੱਥੇ ਤੋਂ ਮੁੜਕਾ ਪੂੰਝਿਆ। ਨੀਗਰੋ ਪਹਿਲਵਾਨ ਅਜੇ ਵੀ ਥੱਲੇ ਪਿਆ ਕਰਾਹੁਣ ਦੀ ਅਵਾਜ਼ ਕੱਢ ਰਿਹੈ। ਉਠਣ ਦਾ ਯਤਨ ਕਰ ਰਿਹੈ, ਪਰ ਗੋਡਾ ਭਾਰ ਨਹੀਂ ਝਲਦਾ।

ਰੈਫਰੀ ਨੀਗਰੋ ਭਲਵਾਨ ਨੂੰ ਪੁਛਦੈ, "ਕੀ ਉਹ ਹੋਰ ਕੁਸ਼ਤੀ ਲੜਨ ਨੂੰ ਤਿਆਰ ਐ?"

ਪਰ ਨੀਗਰੋ ਪਹਿਲਵਾਨ ਦੋ ਤਿੰਨ ਵਾਰ ਚੁੱਪ ਰਹਿਣ ਪਿਛੋਂ ਸਿਰ ਮਾਰ ਗਿਆ, "ਓ...ਨੋ...ਨੋ...।" ਰੈਫਰੀ ਨੇ ਲੰਮੀ ਸਾਰੀ ਵਿਸਲ ਮਾਰ ਕੇ ਕੁਸ਼ਤੀ ਮੁਕਾ ਦਿੱਤੀ।

ਚੈਂਪੀਅਨ ਪਹਿਲਵਾਨ ਦੀ ਬਾਂਹ ਉੱਚੀ ਕਰ ਕੇ ਉਸ ਨੂੰ ਜੇਤੂ ਕਰਾਰ ਦੇ ਦਿੱਤਾ। ਕੁਮੈਂਟੇਟਰ ਜੋਸ਼ 'ਚ ਬੋਲਦਾ ਗਿਆ, "ਨੀਗਰੋ ਭਲਵਾਨ ਨੇ ਰਹਿੰਦੀ ਕੁਸ਼ਤੀ ਲੜਨੋਂ ਨਾਂਹ ਕਰ ਦਿੱਤੀ ਐ। ਸਾਡੇ ਭਲਵਾਨ ਨੇ ਆਪਣੇ ਖਤਰਨਾਕ ਦਾਅ ਡੈੱਥਲਾਕ ਨਾਲ ਅੱਜ ਦੀ ਇਹ ਇਤਿਹਾਸਕ ਕੁਸ਼ਤੀ ਜਿੱਤ ਲਈ ਐ...।"

ਲੋਕਾਂ ਦੀਆਂ ਤਾੜੀਆਂ ਨਾਲ ਅਸਮਾਨ ਗੂੰਜ ਪਿਆ। ਖੁਸ਼ੀ ਵਿਚ ਦਰਸ਼ਕਾਂ ਨੇ ਪਰਨੇ ਹਵਾ 'ਚ ਚਲਾ ਮਾਰੇ। ਜਿਹੜੇ ਕੁਰਸੀਆਂ 'ਤੇ ਬੈਠੇ ਸਨ, ਉਨ੍ਹਾਂ ਚਾਂਭਲ ਕੇ, ਕੁਰਸੀਆਂ ਵਗਾਹ-ਵਗਾਹ ਮਾਰੀਆਂ। 'ਚੈਂਪੀਅਨ ਜ਼ਿੰਦਾਬਾਦ' 'ਚੈਂਪੀਅਨ ਜ਼ਿੰਦਾਬਾਦ' ਦੇ ਨਾਅਰਿਆਂ ਨੇ ਸਟੇਡੀਅਮ ਗੂੰਜਣ ਲਾ ਦਿੱਤਾ। ਦਰਸ਼ਕਾਂ ਨੂੰ ਬਾਹਰ ਕੱਢਣ ਲਈ ਸਟੇਡੀਅਮ ਦੇ ਸਾਰੇ ਗੇਟ ਖੋਲ੍ਹ ਦਿੱਤੇ ਗਏ।

ਦੇਖਦਿਆਂ ਦੇਖਦਿਆਂ ਹਜ਼ਾਰਾਂ ਦੀ ਗਿਣਤੀ ਸੈਂਕੜਿਆਂ ਤੇ ਸੈਂਕੜਿਆਂ ਦੀ ਵੀਹਾਂ ਵਿਚ ਰਹਿ ਗਈ।

ਇਸ ਛੋਟੀ ਜਿਹੀ ਭੀੜ ਵਿਚ, ਭਾਂ ਭਾਂ ਕਰਦੇ ਸਟੇਡੀਅਮ ਵਿਚੋਂ ਪਹਿਲਵਾਨ ਕੇਹਰਦੀਨ ਵੀ ਬਾਹਰ ਵੱਲ ਨੂੰ ਤੁਰਿਆ ਜਾ ਰਿਹਾ ਸੀ। ਚਿੱਟੇ ਚਾਦਰੇ ਵਿਚੋਂ ਉਮਲ ਉਮਲ ਪੈਂਦੇ ਉਹਦੇ ਥਮਲਿਆਂ ਵਰਗੇ ਪੱਟ, ਕੇਲੇ ਦੇ ਤਣੇ ਵਰਗੇ ਗੋਲ ਡੌਲੇ, ਖਰਾਸ ਦੇ ਪੁੜ ਵਰਗੀ ਛਾਤੀ, ਬੱਬਰ ਸ਼ੇਰ ਵਰਗਾ ਜਬਾੜਾ, ਸਮੁੱਚੇ ਦਾ ਸਮੁੱਚਾ 7 ਫੁੱਟਾ ਦਰਸ਼ਨੀ ਪਹਿਲਵਾਨ ਕੇਹਰਦੀਨ, ਇਉਂ ਜਾਪ ਰਿਹਾ ਸੀ, ਜਿਵੇਂ ਧਰਤੀ ਦੇ ਉਪਰ ਨਹੀਂ ਸਗੋਂ ਧਰਤੀ ਦੇ ਥੱਲੇ ਤੁਰ ਰਿਹਾ ਹੋਵੇ।

# ਨਾਬਰੀ ਦੇ ਗੀਤ ਗਾਉਣ ਵਾਲੇ

ਕਲਾ ਪਰਿਕਰਮਾ



**ਸੱਚ ਦੇ ਸੰਗਰਾਮ ਨੇ ਹਰਨਾ ਨਹੀਂ, ਸਿਦਕ ਸਾਡੇ ਨੇ ਕਦੇ ਮਰਨਾ ਨਹੀਂ!**

ਨਾਬਰੀ ਦੇ ਗੀਤ ਗਾਉਣ ਵਾਲੇ, ਸੱਤਾ ਦਮਨ ਖਿਲਾਫ ਨਾਟਕ ਪੇਸ਼ ਕਰਨ ਵਾਲੇ, ਫਿਰਕੂ ਸਦਭਾਵਨਾ ਦੀ ਆਵਾਜ਼ ਬੁਲੰਦ ਕਰਨ ਵਾਲੇ 'ਕਬੀਰ ਕਲਾ ਮੰਚ' ਦੇ ਕਲਾਕਾਰਾਂ ਦੀਆਂ ਗ੍ਰਿਫਤਾਰੀਆਂ ਹੋ ਰਹੀਆਂ ਹਨ। ਸਾਗਰ ਗੋਰਖੇ, ਰਮੇਸ਼ ਗਾਈਚਰ ਦੀ ਗ੍ਰਿਫਤਾਰੀ ਦੀ ਖਬਰ ਅਜੇ ਠੰਢੀ ਨਹੀਂ ਸੀ ਹੋਈ ਕਿ ਜੋਤੀ ਜਗਤਾਪ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ। ਇਨ੍ਹਾਂ ਨੂੰ ਗੈਰ

**ਡਾ. ਸਾਹਿਬ ਸਿੰਘ**
ਫੋਨ: +91-98880-11096

ਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ (ਯੂ.ਏ.ਪੀ.ਏ.) ਤਹਿਤ ਗ੍ਰਿਫਤਾਰ ਕੀਤਾ ਗਿਆ ਹੈ। ਇਨ੍ਹਾਂ ਕਲਾਕਾਰਾਂ ਵਲੋਂ ਕੀਤੀ 'ਗੈਰ ਕਾਨੂੰਨੀ ਗਤੀਵਿਧੀ' ਦੀ ਇਕ ਝਲਕ ਦੇਖ ਲਓ, ਅੰਦਾਜ਼ਾ ਲਾਉਣਾ ਸੌਖਾ ਹੋ ਜਾਵੇਗਾ ਕਿ ਇਨ੍ਹਾਂ ਕਲਾਕਾਰਾਂ ਨੇ ਕਿੰਨੀ ਭਾਰੀ ਗੁਸਤਾਖੀ ਕੀਤੀ ਹੈ! ਕਬੀਰ ਕਲਾ ਮੰਚ ਦੀ ਅਦਾਕਾਰਾ ਸ਼ੀਤਲ ਸਾਠੇ ਕਵਿਤਾ ਅਰਜ਼ ਕਰ ਰਹੀ ਹੈ:

ਜਦ ਗਾਂ ਰੰਭਦੀ ਹੈ
ਤੇ ਪਿਆਰ ਨਾਲ
ਆਪਣੇ ਵੱਛੜੇ ਨੂੰ ਚੱਟਦੀ ਹੈ
ਤਾਂ ਮੈਨੂੰ ਮੇਰੀ ਮਾਂ ਯਾਦ ਆਉਂਦੀ ਹੈ
ਆਂਢ ਗੁਆਂਢ ਦੀਆਂ ਔਰਤਾਂ
ਚੇਤੇ ਕਰਦੀਆਂ ਹਨ
ਜਦੋਂ ਮੈਂ ਨਿੱਕੀ ਬੱਚੀ ਸੀ ਤਾਂ ਸੋਕਾ ਪਿਆ ਸੀ
ਤੇ ਮੇਰੀ ਮਾਂ ਦੀਆਂ ਛਾਤੀਆਂ 'ਚ
ਦੁੱਧ ਸੁੱਕ ਗਿਆ ਸੀ
ਮਾਂ ਬਾਜਰੇ ਦੇ ਆਟੇ 'ਚ
ਬੁੱਕ ਪਾਣੀ ਦਾ ਉਲੱਦ ਦਿੰਦੀ
ਮਾਂ ਨੇ ਮੈਨੂੰ ਇਹ ਬੇਰੜਾ ਖੁਆ ਪਾਲਿਆ
ਹੁਣ ਜਦੋਂ ਵੀ ਗਾਂ ਰੰਭਦੀ ਹੈ
ਮਾਂ ਬਹੁਤ ਚੇਤੇ ਆਉਂਦੀ ਹੈ।

ਕਬੀਰ ਕਲਾ ਮੰਚ ਦੇ ਇਨ੍ਹਾਂ ਕਲਾਕਾਰਾਂ ਨੂੰ ਕੌਣ ਕਿਵੇਂ ਸਮਝਾਵੇ ਕਿ ਇਹ ਦੁਖ ਸਿਰਫ ਹੰਢਾਉਣ ਲਈ ਹੁੰਦੇ ਹਨ, ਦੱਸਣ ਲਈ ਨਹੀਂ!... ਦੱਸਣਾ ਗੈਰ ਕਾਨੂੰਨੀ ਹੈ। ਦੱਸਣਾ ਮੁਲਕ ਦੀ ਸ਼ਾਂਤੀ 'ਚ ਖਲਲ ਪਾਉਣ ਵਰਗਾ ਹੈ। ਸ਼ੀਤਲ ਸਾਠੇ ਕਹਿੰਦੀ ਹੈ ਕਿ ਇਹ ਕਿਸ ਤਰ੍ਹਾਂ ਦਾ ਪ੍ਰਬੰਧ ਹੈ ਜਿੱਥੇ ਇਕੋ ਮੁਲਕ ਅੰਦਰ ਦੋ ਮਾਵਾਂ ਆਪਣੇ ਬੱਚਿਆਂ ਨੂੰ ਅਲੱਗ ਤਰੀਕੇ ਨਾਲ ਪਾਲਦੀਆਂ ਹਨ। ਇਕ ਮਾਂ ਭਾਂਤ ਸੁਭਾਂਤੇ ਖਾਣੇ ਖੁਆਉਂਦੀ ਹੈ, ਮਨਭਾਉਂਦੀ ਸਿੱਖਿਆ ਦੁਆਉਂਦੀ ਹੈ ਤੇ ਦੁਨੀਆਂ ਦੀ ਹਰ ਸ਼ੈਅ ਬੱਚੇ ਨੂੰ ਮੁਹੱਈਆ ਕਰਦੀ ਹੈ ਅਤੇ ਦੂਜੀ ਮਾਂ ਸਿਰਫ ਇਸ ਸਭ ਲਈ ਦੁਆ ਕਰਨ ਜੋਗੀ ਹੀ ਹੈ। ਮਾਂ ਦਾ ਦਰਦ ਕੌਣ ਸਮਝੇ? ਕਹਿਣ ਨੂੰ ਤਾਂ ਭਾਰਤ ਦੀ ਵਿਤ ਮੰਤਰੀ ਵੀ ਮਾਂ ਹੈ ਪਰ ਨੇਤਾਵਾਂ ਦੀ ਜਾਤ, ਨਸਲ, ਧਰਮ, ਲਿੰਗ ਬਾਰੇ ਤਾਂ ਅਸਗਰ ਵਜਾਹਤ ਬਹੁਤ ਪਹਿਲਾਂ ਲਿਖ ਚੁੱਕਾ ਹੈ, ਜਦੋਂ ਉਸ ਦੇ ਨਾਟਕ 'ਸਭ ਸੇ ਸਸਤਾ ਗੋਸ਼ਤ' ਵਿਚ ਹਿੰਦੂ ਅਤੇ ਮੁਸਲਿਮ ਨੇਤਾ ਬਗਲਗੀਰ ਹੋ ਕੇ ਦਰਸ਼ਕਾਂ ਦੇ ਸਾਹਮਣੇ ਆਉਂਦੇ ਹਨ। ਆਪਣੀ ਪਛਾਣ ਕਰਵਾਉਂਦਿਆਂ ਪਹਿਲੀ ਸਤਰ ਨਾਲ ਹੀ ਸਭ ਪਰਦੇ ਚੁੱਕ ਦਿੰਦੇ ਹਨ, 'ਨੇਤਾ ਹੈਂ ਹਮ ਜਾਤ ਕੇ, ਨਾ ਹਿੰਦੂ ਨਾ ਮੁਸਲਮਾਨ!' ਕਬੀਰ ਕਲਾ ਮੰਚ ਦੇ ਕਲਾਕਾਰਾਂ 'ਤੇ ਦੋਸ਼ ਲੱਗਿਆ ਹੈ ਕਿ ਉਨ੍ਹਾਂ ਨੇ ਭੜਕਾਹਟ ਪੈਦਾ ਕੀਤੀ ਹੈ।

1992 ਦੇ ਉਹ ਦਿਨ ਕਿਸ ਨੂੰ ਭੁੱਲੇ ਹਨ ਜਦੋਂ ਭਾਰਤ ਅੰਦਰ ਫਿਰਕੂ ਸਦਭਾਵਨਾ ਦੇ ਪਰਖਚੇ ਉਡਾਏ ਗਏ ਸਨ। ਉਦੋਂ ਮਹਾਰਾਸ਼ਟਰ ਦੇ ਕੁਝ ਕਵੀਆਂ, ਗਾਇਕਾਂ, ਅਦਾਕਾਰਾਂ, ਸਮਾਜ ਸੇਵੀਆਂ ਨੇ ਮਿਲ ਕੇ ਸੰਸਥਾ ਦਾ ਨਿਰਮਾਣ ਕੀਤਾ ਸੀ ਤੇ ਇਸ ਦਾ ਨਾਂ ਰੱਖਿਆ ਸੀ- ਕਬੀਰ ਕਲਾ ਮੰਚ। ਇਸ ਮੰਚ ਨੇ ਆਪਣਾ ਪਰਮ ਉਦੇਸ਼ ਫਿਰਕੂ ਦੰਗਿਆਂ ਖਿਲਾਫ ਕਲਾਤਮਕ ਤਰੀਕੇ ਨਾਲ ਆਵਾਜ਼ ਬੁਲੰਦ ਕਰਨਾ ਮਿੱਥਿਆ ਸੀ। ਇਹ ਨੌਜਵਾਨ/ਗੱਭਰੂ ਤੇ ਮੁਟਿਆਰਾਂ ਸਮਾਜ ਦੇ ਉਸ ਤਬਕੇ ਨਾਲ ਸਬੰਧਿਤ ਹਨ ਜਿਨ੍ਹਾਂ ਨੂੰ ਅਸੀਂ ਸਦੀਆਂ ਤੋਂ ਹਾਸ਼ੀਏ ਦੇ ਪਾਰ ਧੱਕਿਆ ਹੈ ਤੇ ਅੱਜ ਤਕ ਧੱਕ ਰਹੇ ਹਾਂ। 31 ਦਸੰਬਰ, 2017 ਨੂੰ ਜਦੋਂ 'ਭੀਮਾ ਕੋਰੇਗਾਓਂ ਸ਼ੌਰਿਆ ਦਿਵਸ ਪ੍ਰੇਰਨਾ ਅਭਿਆਨ' ਤਹਿਤ ਦਲਿਤ ਭਾਈਚਾਰਾ ਆਪਣਾ ਦਿਵਸ ਮਨਾ ਰਿਹਾ ਸੀ ਤਾਂ ਉਚ ਵਰਗ ਦੇ ਸੀਨੇ 'ਚ ਸੂਲ ਚੁੱਭਿਆ ਅਤੇ ਕੇਸ ਦਰਜ ਹੋ ਗਿਆ। ਉਸ ਕੇਸ ਅਧੀਨ ਦਰਜ ਕੀਤੀ ਗਈ ਲਿਸਟ ਵਿਚ ਇਨ੍ਹਾਂ ਕਲਾਕਾਰਾਂ 'ਚੋਂ ਕਿਸੇ ਦਾ ਨਾਂ ਨਹੀਂ ਹੈ ਪਰ ਵਕਤ ਗੁਜ਼ਰ ਜਾਣ ਤੇ 'ਉਨ੍ਹਾਂ' ਨੂੰ ਅਹਿਸਾਸ ਹੋਇਆ ਕਿ ਜਿਸ ਮਿੱਟੀ 'ਤੇ ਖੜ੍ਹ ਕੇ 'ਰੀਂਗਦੇ ਕੀੜੇ' ਉਡਣ ਦੇ ਸੁਪਨੇ ਲੈ ਰਹੇ ਹਨ, ਉਸ ਮਿੱਟੀ ਨੂੰ ਪਾਣੀ ਤਾਂ ਇਹ ਗੁਸਤਾਖ ਕਲਾਕਾਰ ਦਿੰਦੇ ਹਨ ਤੇ ਸਜ਼ਾਵਾਂ ਮੁਕੱਰਰ ਹੋਣ ਲੱਗੀਆਂ। ਇਹ ਪਹਿਲੀ ਵਾਰ ਨਹੀਂ ਹੋਇਆ, ਆਖਰੀ ਵਾਰ ਵੀ ਨਹੀਂ। ਸ਼ੀਤਲ ਸਾਠੇ ਦੇ ਲੇਖਕ ਪਤੀ ਸਚਿਨ ਮਾਲੀ ਨੂੰ ਪਹਿਲਾਂ ਹੀ ਗ੍ਰਿਫਤਾਰ ਕਰ ਕੇ ਜੇਲ੍ਹ 'ਚ ਬੰਦ ਕੀਤਾ ਜਾ ਚੁੱਕਾ ਹੈ।

2017 ਦੀ 'ਇਪਟਾ' ਕਾਨਫਰੰਸ ਮੌਕੇ ਇਹੀ ਸ਼ੀਤਲ ਸਾਠੇ ਜਦੋਂ ਮੰਚ ਤੋਂ ਗੀਤ ਗਾ ਰਹੀ ਸੀ ਤਾਂ ਉਸ ਦਾ ਤਿੰਨ ਸਾਲ ਦਾ ਬੱਚਾ ਖੱਬੇ ਪਾਸੇ ਇਕ ਸਾਜ਼ਿੰਦੇ ਕੋਲ ਬੈਠਾ ਲੋਕਾਂ ਦੇ ਇਕੱਠ ਨੂੰ ਦੇਖ ਰਿਹਾ ਸੀ। ਚੌਥੇ ਸਾਲ 'ਚ ਪ੍ਰਵੇਸ਼ ਕਰ ਚੁੱਕੇ ਉਸ ਅਭੋਲ ਬੱਚੇ ਦੀ ਮਾਂ ਮੰਚ ਤੋਂ ਸਵਾਲ ਕਰ ਰਹੀ ਹੈ ਕਿ ਜਦੋਂ ਇਹ ਬੱਚਾ ਪੁੱਛੇਗਾ ਕਿ ਮੇਰਾ ਬਾਪ ਕਿੱਥੇ ਹੈ ਤਾਂ ਮੈਂ ਕੀ ਜਵਾਬ ਦਿਆਂਗੀ! ਉਹ ਕਹਿੰਦੀ ਹੈ ਕਿ ਤਕਲੀਫ ਇਹ ਦੱਸਣ 'ਚ ਨਹੀਂ ਕਿ ਬਾਪ ਜੇਲ੍ਹ 'ਚ ਹੈ; ਤਕਲੀਫ ਇਸ ਗੱਲ ਦੀ ਹੈ ਕਿ ਬਿਨਾ ਕਸੂਰ ਤੋਂ ਜੇਲ੍ਹ ਅੰਦਰ ਡੱਕੇ ਸਚਿਨ ਬਾਰੇ ਬੱਚੇ ਨੂੰ ਇਹ ਕਿਵੇਂ ਸਮਝਾਵੇ ਕਿ ਤੇਰਾ ਬਾਪ ਜੇਲ੍ਹ 'ਚ ਕਿਉਂ ਹੈ; ਪਰ ਸ਼ੀਤਲ ਸਾਠੇ ਦੀ ਆਵਾਜ਼ ਕੰਬਦੀ ਨਹੀਂ, ਉਹ ਕਵਿਤਾ ਕਹਿੰਦੀ ਹੈ, 'ਮੇਰੇ ਬੱਚੇ, ਮੈਂ ਤੈਨੂੰ ਕੀ ਦੱਸਾਂ/ਤੈਨੂੰ ਅਸੀਂ ਤੂਫਾਨ 'ਚ ਜਨਮ ਦਿੱਤਾ ਹੈ/ਫਟੇ ਹੋਏ ਅੰਬਰ 'ਚ ਤੇਰੇ ਲਈ ਝੂਲਾ ਬੰਨ੍ਹਿਆ ਹੈ!'

ਫਟੇ ਹੋਏ ਅੰਬਰ ਵਿਚ ਆਉਣ ਵਾਲੀ ਨਸਲ ਲਈ ਝੂਲਾ ਬੰਨ੍ਹਣ ਵਾਲਿਆਂ ਨੂੰ ਹਰ ਯੁੱਗ 'ਚ ਸਜ਼ਾਵਾਂ ਮਿਲਦੀਆਂ ਆਈਆਂ ਹਨ। ਬਾਬਰ ਦੇ ਮੂੰਹ 'ਤੇ ਜਦੋਂ ਸਾਡੇ ਬਾਬੇ ਨੇ ਕਿਹਾ ਸੀ, 'ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ/ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ?' ਤਾਂ ਬਾਬੇ ਨੂੰ ਵੀ ਚੱਕੀਆਂ ਪੀਹਣ ਦੀ ਸਜ਼ਾ ਮਿਲੀ ਸੀ। ਤੱਤੀਆਂ ਤਵੀਆਂ 'ਤੇ ਬਹਿ ਸਿਰ 'ਚ ਤੱਤਾ ਰੇਤਾ ਪੁਆਉਣ ਵਾਲੀਆਂ ਕਲਾਕਾਰੀਆਂ ਸਿਰਫ ਕਬੀਰ ਕਲਾ ਮੰਚ ਦੀ ਨਹੀਂ ਬਲਕਿ ਹਰ ਲੋਕ ਪੱਖੀ ਕਲਾਕਾਰ ਦੀ ਵਿਰਾਸਤ ਹੈ। ਸਵਰਾਜਬੀਰ ਜਦੋਂ 'ਕ੍ਰਿਸ਼ਨ' ਨਾਟਕ ਲਿਖਦਾ ਹੈ, ਕੇਵਲ ਧਾਲੀਵਾਲ ਇਸ ਦੀ ਪੇਸ਼ਕਾਰੀ ਲਈ ਟੀਮ ਸਮੇਤ ਤਿਆਰ ਹੈ ਤਾਂ ਤ੍ਰਿਸ਼ੂਲਾਂ, ਤਲਵਾਰਾਂ, ਪਿਸਤੌਲਾਂ ਨਾਲ ਲੈਸ ਹੋ ਕੇ ਉਸ ਨੂੰ ਘੇਰਾ ਪਾ ਲੈਂਦੇ ਹਨ ਪਰ ਜਿਨ੍ਹਾਂ ਦੇ ਖੂਨ 'ਚ ਗੁਰੂ ਤੇਗ ਬਹਾਦਰ ਦੇ ਸ਼ਲੋਕ ਹਰਕਤ ਕਰ ਰਹੇ ਹੋਣ, 'ਭੈ ਕਾਹੂ ਕਉ ਦੇਤ ਨਾਹਿ, ਨਾਹਿ ਭੈ ਮਾਨਤ ਆਨ!' ਉਹ ਕਦੋਂ ਡੋਲੇ ਨੇ! ਉਹ ਖੜ੍ਹੇ ਰਹੇ, ਖੜ੍ਹੇ ਹਨ ਅਤੇ ਖੜ੍ਹੇ ਰਹਿਣਗੇ।

ਕਬੀਰ ਕਲਾ ਮੰਚ ਦੇ ਸਿਰੜੀ ਕਲਾਕਾਰਾਂ ਦੀ ਪਿੱਠ 'ਤੇ ਭਗਤ ਕਬੀਰ ਖੜ੍ਹਾ ਹੈ। ਕਬੀਰ ਦੀ ਆਵਾਜ਼ ਫਿਜ਼ਾ ਅੰਦਰ ਗੂੰਜ ਰਹੀ ਹੈ: ਕਬੀਰਾ ਖੜ੍ਹਾ ਬਾਜ਼ਾਰ ਮੇਂ, ਲੀਏ ਲੁਕਾਠੀ ਹਾਥ/ਜੋ ਘਰ ਫੂਕ ਕੇ ਆਪਣਾ, ਚਲੇ ਹਮਾਰੇ ਸਾਥ।

ਰੰਗਕਰਮੀ ਘਰ ਫੂਕ ਕੇ ਹੀ ਮੰਚ ਉਤੇ ਚੜ੍ਹਦੇ ਹਨ। ਰੰਗਕਰਮੀਆਂ ਨੂੰ ਆਪਣੀ ਤਾਕਤ ਅਤੇ ਜਨੂਨ ਉਤੇ ਮਾਣ ਹੈ ਪਰ ਰੰਗਕਰਮੀ ਸਵਾਲ ਵੀ ਕਰਦਾ ਹੈ। ਆਓ, ਇਕ ਵਾਰ ਫਿਰ ਸ਼ੀਤਲ ਸਾਠੇ ਦੇ ਬੋਲਾਂ ਵੱਲ ਗੌਰ ਕਰੀਏ। ਉਹ ਕਹਿੰਦੀ ਹੈ, 'ਜਨਤਾ ਦੇ ਦੁੱਖਾਂ ਤਕਲੀਫਾਂ ਨੂੰ ਅਸੀਂ ਆਵਾਜ਼ ਦਿੱਤੀ। ਅੱਜ ਕਲਾਕਾਰ ਤਕਲੀਫ 'ਚ ਹੈ। ਬਾਹਰ ਆਵਾਜ਼ ਸੁਣਾਈ ਕਿਉਂ ਨਹੀਂ ਦੇ ਰਹੀ?' ਕੀ ਰੰਗਕਰਮੀ ਜਨਤਾ ਦੇ ਗਲਿਆਰਿਆਂ 'ਚ ਇਸ ਧੱਕੇ ਖਿਲਾਫ ਸ਼ੋਰ ਦੀ ਆਸ ਰੱਖ ਸਕਦਾ ਹੈ? ਉਮੀਦ ਹੈ ਕਿ ਤੁਸੀਂ ਇਸ ਦਾ ਜਵਾਬ ਜ਼ਰੂਰ ਦਿਓਗੇ ਪਰ ਸਾਡਾ ਵਿਸ਼ਵਾਸ ਹੈ ਕਿ ਜਵਾਬ ਕੁਝ ਵੀ ਆਵੇ, ਰੰਗਕਰਮੀਆਂ ਦੇ ਦਿਲਾਂ 'ਚੋਂ ਕੋਈ ਇਸ ਮਾਣਮੱਤੇ ਤਰਾਨੇ ਨੂੰ ਹੂੰਝ ਨਹੀਂ ਸਕਦਾ:

ਸੱਚ ਦੇ ਸੰਗਰਾਮ ਨੇ ਹਰਨਾ ਨਹੀਂ
ਸਿਦਕ ਸਾਡੇ ਨੇ ਕਦੇ ਮਰਨਾ ਨਹੀਂ!


ਸ਼ੀਤਲ ਸਾਠੇ ਦਾ ਅੰਦਾਜ਼।



ਕਬੀਰ ਕਲਾ ਮੰਚ ਦੀ ਪਛਾਣ।


ਸ਼ੀਤਲ ਸਾਠੇ ਦਾ ਪਤੀ ਸਚਿਨ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 26 ਸਤੰਬਰ 2020 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-448



**ਹੰਭਿਆ ਏ ਬਾਪੂ ਜੀ ਇਕੱਲ ਦੇ ਸੱਲ ਦਾ,**
**ਬੀਤ ਗਿਆ ਚੰਗਾ ਪਰ ਝੋਰਾ ਖਾਵੇ ਕੱਲ੍ਹ ਦਾ!**

## ਕੈਪਸ਼ਨ ਮੁਕਾਬਲਾ-446



ਸੋਨ-ਸੁਨਹਿਰੀ ਹੋਈਆਂ ਕਣਕਾਂ
ਮਿਹਨਤ ਰੰਗ ਲਿਆਈ।
ਪਰ, 'ਘਰ ਆਈ ਹੀ ਜਾਣੀਏ'
ਸਿਆਣਿਆਂ ਖਰੀ ਸੁਣਾਈ।
'ਕੁਦਰਤ ਵੱਲੋਂ ਸੁੱਖ ਰਹੇ ਹੁਣ'
ਨਿੱਕੇ ਨੇ ਅਰਦਾਸ ਲਗਾਈ।
***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਕਣਕ ਦੀ ਰਾਖੀ ਬੈਠਾ ਕਾਕਾ
ਨਾਲੇ ਹੱਥ ਜੋੜ ਕਰੇ ਪੁਕਾਰ।
ਹੇ ਦਾਤਿਆ! ਸੁੱਖ ਰੱਖਣਾ ਤੂੰ
ਸਾਡਾ ਭਰ ਦੇਵੀਂ ਘਰ ਬਾਰ।
ਪੱਕ ਕੇ ਮਸਾਂ ਤਿਆਰ ਹੋਈ ਹੈ
ਤੂੰ ਹੁਣ ਉਪਰੋਂ ਰੱਖੀਂ ਮਿਹਰ।
ਸੋਨੇ ਦੀ ਵੀ ਕਿਣੀ ਨਾ ਪਾਵੀਂ
ਚੜ੍ਹੇ ਨੇ ਸਿਰ ਕਰਜ਼ੇ ਦੇ ਢੇਰ।
***-ਸੇਵਾ ਸਿੰਘ ਨੂਰਪੁਰੀ***

---

ਲਗਨ ਲੱਗ'ਜੇ ਜਦੋਂ ਨਾਲ ਖੁਦਾ ਦੇ
ਫਿਰ ਉਮਰ ਨਾ ਆਢੇ ਆਉਂਦੀ ਏ।
ਹੋਈਏ ਧਾਰਾਂ ਕੱਢਦੇ ਜਾਂ ਕਣਕਾਂ ਵੱਢਦੇ
ਰੂਹ ਹਰ ਪਲ ਗੀਤ ਖੁਦਾ ਦੇ ਗਾਉਂਦੀ ਏ।
ਜ਼ਿੰਦਗੀ ਆਪੇ ਸੁਰਤਾਲ ਮਿਲਾ ਦਿੰਦੀ
ਜਦ ਯਾਦ ਖੁਦਾ ਦੀ ਆਉਂਦੀ ਏ।
***-ਵਿਨੋਦ ਗਰਗ, ਬਰਨਾਲਾ***
***ਫੋਨ: 91-98763-71788***

---

ਨਵਾਂ ਸਿੱਖਣ ਦੀ ਚਾਹਤ ਏਹੀ
ਦੋ-ਤਾਰੇ ਨੂੰ ਹੱਥ ਜਾ ਪਾਇਆ।
'ਕੱਲੀ 'ਕੱਲੀ ਤਾਰ ਨੇ ਉਸ ਨੂੰ
ਦਰਦ ਬਾਪੂ ਦਾ ਕਹਿ ਸੁਣਾਇਆ।
'ਮੰਡੀ ਜਾਣ ਤੋਂ ਡਰ ਲੱਗਿਆ ਹੋਇਆ
ਹਿਸਾਬ ਤਾਂ ਪਹਿਲਾ ਹੀ ਲੋਟ ਨਾ ਆਇਆ।'
***-ਗੁਰਦੇਵ ਸਿੰਘ ਢਪਾਲੀ, ਬਠਿੰਡਾ***
***ਫੋਨ: 91-94176-49275***

---

ਛੋਟਾ ਬੱਚਾ ਰੱਬ ਨੂੰ ਸੁਣਾਵੇ
ਘੱਲ ਆਪਣੇ ਦੁੱਖਾਂ ਦੀ।
ਲੁੱਟ ਕਿਸਾਨ ਤੇ ਮਜ਼ਦੂਰਾਂ ਦੀ
ਗੱਲ ਸੁਣਾਵੇ ਭੁੱਖਾਂ ਦੀ।
ਬਾਪੂ ਸੇਕੇ ਕਰਜ਼ੇ ਦੀ ਅੱਗ
ਛਾਂਵੇਂ ਬਹਿ ਕੇ ਰੁੱਖਾਂ ਦੀ।
ਕਰਜ਼ੇ ਦੀ ਪੰਡ ਭਾਰੀ ਹੋਵੇ
ਆਵੇ ਹਵਾ ਨਾ ਸੁੱਖਾਂ ਦੀ।
***-ਕੇਵਲ ਸਿੰਘ ਪੰਧੇਰ, ਕਲਾਹੜ***
***ਫੋਨ: 91-98764-84032***

---

ਬਾਬੇ ਨਾਨਕ ਦਾ ਪੈਰੋਕਾਰ
ਖੇਤਾਂ ਦਾ ਵਾਰਸ ਕਰੇ ਪੁਕਾਰ।
ਬਾਪੂ ਦੀ ਘਾਲਣਾ ਪੱਲੇ ਪੈ ਜਾਏ
ਮੀਂਹ, ਗੜਿਆਂ ਦੀ ਪਵੇ ਨਾ ਮਾਰ।
ਨਿੱਕੀ ਉਮਰੇ ਦੁੱਖ-ਸੁੱਖ ਜਾਣੇ,
ਅੰਨਦਾਤੇ ਨੂੰ ਪੈਂਦੀ ਦੂਹਰੀ ਮਾਰ।
***-ਦਵਿੰਦਰ ਕੌਰ***

---

ਭਾਵੇਂ ਹਾਂ ਨਿਆਣਾ
ਪਰ ਮੰਗਾਂ ਸਭ ਦੀ ਖੈਰ।
ਸਭ ਉਤੇ ਰੱਬ ਮਿਹਰ ਕਰੇ
ਕੋਈ ਕਿਸੇ ਨਾਲ ਨਾ ਰੱਖੇ ਵੈਰ।
ਸਭ ਨੂੰ ਮਿਹਨਤ ਦਾ ਮੁੱਲ ਮਿਲੇ
ਕਿਸੇ 'ਤੇ ਨਾ ਵਰਤੇ ਕਹਿਰ।
***-ਇੰਦਰਜੀਤ ਮੰਗਾ***
***ਪਿਟਸਬਰਗ, ਕੈਲੀਫੋਰਨੀਆ।***

---

ਛੋਟੇ ਕਿਸਾਨ ਪਲੀ ਪਲੀ ਜੋੜ
ਪੁੱਤ ਨੇ ਰੀਝਾਂ ਨਾਲ ਪੜ੍ਹਾਉਂਦੇ।
ਰੁਜ਼ਗਾਰ ਜਦੋਂ ਮਿਲਦੇ ਨਹੀਂ
ਬਣੇ ਗਾਇਕ ਕੋਈ ਰਬਾਬ ਵਜਾਉਂਦੇ।
ਫਿਰ ਵੀ ਸ਼ੁਕਰ ਕਰੇ ਰੱਬ ਦਾ
ਨਸ਼ਾ ਛੁਡਾਊ ਕੇਂਦਰ ਦੇ ਗੇੜੇ ਨ੍ਹੀਂ ਲਵਾਉਂਦੇ।
ਲੀਡਰ ਤੇ ਸਰਕਾਰਾਂ ਭਾਈਵਾਲ ਬਣੇ
ਰਲ ਕੇ ਕਾਰਪੋਰੇਟਾਂ ਨੂੰ ਦੇਸ਼ ਨੇ ਲੁਟਾਉਂਦੇ।
***-ਅਮਰਜੀਤ ਸਿੰਘ ਤੂਰ***
***ਫੋਨ: 91-98784-69639***

---

ਬੱਚਾ ਦਿਮਾਗ ਸ਼ੀਸ਼ਾ ਹੁੰਦਾ
ਹਰ ਚੀਜ਼ ਜਲਦੀ ਘਰ ਕਰ ਜਾਂਦੀ।
ਕੋਸ਼ਿਸ਼ ਕਰਦਾ ਸੁਰ ਤਾਰ 'ਚ ਮਿਲਾਉਣ ਦੀ
ਪਰ ਭਾਰੂ ਹੋ ਜਾਂਦੀ ਹੈ ਸੋਚ।
ਹੈ ਬੜਾ ਦੂਰ ਅੰਦੇਸ਼ੀ
ਕਰਜ਼ਾ ਹੈ ਸਿਰ ਤੋਂ ਪੈਰਾਂ ਤੱਕ
ਚਾਰ ਬੋਰੀਆਂ ਜੇ ਆ ਗਈਆਂ ਦਾਣਿਆਂ ਦੀਆਂ
ਬਾਪੂ ਖੁਸ਼ ਹੋ ਘਿਰਲੀਆਂ ਮਾਰਦਾ
ਨਹੀਂ ਸੋਚਦਾ ਕਰਜਾ ਕਿੰਜ ਲਾਹੁਣਾ।
***-ਦਰਸ਼ਨਪਾਲ ਦੋਸਾਂਝ***

# ਸਿੱਖ ਸੰਘਰਸ਼ 'ਚ 'ਬ੍ਰਾਹਮਣ-ਬਾਣੀਆ' ਨਾਲ ਲੜਾਈ ਵਾਲਾ ਖੋਟ ਕਿਸ ਨੇ ਪਾਇਆ?

## ਜਗਤਾਰ ਦੀ ਕਿਤਾਬ "ਰਿਵਰਜ਼ ਔਨ ਫਾਇਰ: ਖਾਲਿਸਤਾਨ ਸਟਰਗਲ"

***ਸੀਨੀਅਰ ਪੱਤਰਕਾਰ ਜਗਤਾਰ ਸਿੰਘ ਕਾਫੀ ਸਮਾਂ ਅੰਮ੍ਰਿਤਸਰ 'ਚ ਅਖਬਾਰ 'ਇੰਡੀਅਨ ਐਕਸਪ੍ਰੈਸ' ਦੇ ਰਿਪੋਰਟਰ ਵਜੋਂ ਤਾਇਨਾਤ ਰਹੇ ਹਨ, ਜਦੋਂ ਪੰਜਾਬ 'ਚ ਸਿੱਖ ਸੰਘਰਸ਼ ਪੂਰੀ ਤਰ੍ਹਾਂ ਉਬਾਲੇ ਮਾਰ ਰਿਹਾ ਸੀ ਤੇ ਅੰਮ੍ਰਿਤਸਰ ਇਸ ਵਰਤਾਰੇ ਦਾ ਕੇਂਦਰ ਬਿੰਦੂ ਸੀ। ਉਨ੍ਹਾਂ ਨੇ ਬਹੁਤ ਸਾਲ ਪੰਜਾਬ ਦੀ ਸਿਆਸੀ ਫਿਜ਼ਾ, ਇਸ ਦੇ ਬਦਲਦੇ ਰੂਪ, ਰੰਗ-ਢੰਗ ਤੇ ਸੁਭਾਅ ਬਾਰੇ ਸਟੀਕ ਟਿੱਪਣੀਆਂ ਸਾਹਿਤ ਲਿਖਿਆ ਹੈ। ਉਸ ਦੌਰ ਬਾਰੇ ਉਨ੍ਹਾਂ ਆਪਣੀ ਪੁਸਤਕ "ਰਿਵਰਜ਼ ਔਨ ਫਾਇਰ: ਖਾਲਿਸਤਾਨ ਸਟਰਗਲ" ਵਿਚ ਉਸ ਅੱਗ ਦੇ ਸੇਕ 'ਚ ਝੁਲਸੇ ਗਏ ਪੰਜਾਬ ਦਾ ਲੇਖਾ-ਜੋਖਾ ਕੀਤਾ ਹੈ, ਜੋ ਪੰਜਾਬ ਨੇ ਆਪਣੇ ਪਿੰਡੇ 'ਤੇ ਹੰਢਾਇਆ। ਲੇਖਕ ਨੇ ਕੁਝ ਚੋਣਵੀਆਂ ਘਟਨਾਵਾਂ ਦਾ ਜ਼ਿਕਰ ਇਸ ਕਿਤਾਬ ਵਿਚ ਕੀਤਾ ਹੈ, ਜੋ ਉਸ ਨੂੰ ਆਪਣੇ ਨਜ਼ਰੀਏ ਮੁਤਾਬਕ ਅਹਿਮ ਲੱਗੀਆਂ। ਸਰਬ ਧਾਲੀਵਾਲ ਨੇ ਇਸ ਕਿਤਾਬ ਬਾਰੇ ਵਿਚਾਰ ਪੇਸ਼ ਕਰਦਿਆਂ ਕਿਹਾ ਹੈ ਕਿ ਇਹ ਕਿਤਾਬ, ਜੋ ਪੰਜਾਬ ਨਾਲ ਕੀਤਾ ਗਿਆ, ਉਸ ਨੂੰ ਫਰੋਲਣ, ਸਮਝਣ, ਪਕੜਨ ਤੇ ਕਲਮ ਜ਼ਰੀਏ ਸੰਭਾਲਨ ਦਾ ਯਤਨ ਹੈ। -ਸੰਪਾਦਕ***

ਮੇਰੇ ਸਾਹਮਣੇ ਪੌਣੇ ਚਾਰ ਸੌ ਪੰਨਿਆਂ ਦੀ ਮੋਟੇ ਆਕਾਰ ਵਾਲੀ ਕਿਤਾਬ ਪਈ ਹੈ। ਮੇਰੀ ਨਜ਼ਰ ਇਸ ਦੀ ਕੇਸਰੀ ਰੰਗ ਦੀ ਦਗ-ਦਗ ਕਰਦੀ ਜਿਲਦ 'ਚ ਖੁੂਬੀ ਪਈ ਹੈ। ਇਸ ਉਤੇ ਅਕਾਲ ਤਖਤ ਸਾਹਿਬ ਦੀ ਦਿਲ ਨੂੰ ਪੱਛ ਦੇਣ ਵਾਲੀ ਤਸਵੀਰ ਹੈ। ਤਸਵੀਰ 'ਚ ਅਕਾਲ ਤਖਤ ਸਾਹਿਬ ਦਾ ਮੁਹਾਂਦਰਾ ਖੂਨ ਨਾਲ ਲੱਥ ਪਥ ਲੱਗ ਰਿਹਾ ਹੈ। ਕਿਤੋਂ ਕਿਤੋਂ ਅੱਗ ਦੇ ਗੋਲੇ ਉਠਦੇ ਨਜ਼ਰ ਪੈਂਦੇ ਨੇ। ਇਮਾਰਤ ਦੇ ਸਾਹਮਣੇ ਫੌਜੀ ਟੈਂਕ ਖੜਾ ਹੈ। ਦੋ ਕੇਸਰੀ ਨਿਸ਼ਾਨ ਨਜ਼ਰ ਆ ਰਹੇ ਨੇ। ਸਮੁੱਚੀ ਤਸਵੀਰ ਸਾਕਾ ਨੀਲਾ ਤਾਰਾ ਅਤੇ ਪੰਜਾਬ ਦੀ ਲਹੂ ਭਿੱਜੀ ਦਾਸਤਾਨ ਦਾ ਸਿਰਲੇਖ ਲੱਗ ਰਹੀ ਹੈ। ਤਸਵੀਰ ਦਾ ਦਗ-ਦਗ ਕਰਦਾ ਖਾਲਸਈ ਰੰਗ ਮੇਰੀ ਜਾਂਚੇ ਪੰਜਾਬ ਦੀ ਅਣਖ ਦੀ ਸਮ੍ਰਿਤੀ ਹੈ। ਪੰਜਾਬ ਨੂੰ ਸ਼ਹਾਦਤ ਦੀ ਗੁੜਤੀ ਹੀ ਇਸ 'ਚ ਮਿਲਦੀ ਹੈ। ਅਸਲ ਵਿਚ ਇਸ ਨੂੰ ਰੰਗ ਤਸੱਵਰ ਕਰਨਾ ਹੀ ਕੁਤਾਹੀ ਹੈ। ਇਹ ਪੰਜਾਬ ਦਾ ਸ਼ਹੀਦੀ

**ਸਰਬ ਧਾਲੀਵਾਲ**

ਬਾਣਾ ਹੈ। ਇਸ ਕਾਰਨ ਹੀ ਪੰਜਾਬ ਦਾ ਸ਼ਹਾਦਤ ਨਾਲ ਰੂਹਾਨੀ ਰਿਸ਼ਤਾ ਸਦੀਆਂ ਤੋਂ ਨਿਭਦਾ ਆ ਰਿਹਾ ਹੈ। ਕਾਲ ਰਹਿਤ ਅਕਾਲ ਤਖਤ ਸਿੱਖ ਪ੍ਰਭੂਸਤਾ ਦਾ ਧਰੋਹਰ ਹੈ। ਜਾਹਰ ਹੈ, ਕਿਤਾਬ ਅੰਦਰ ਬਹੁਤ ਕੁਝ ਅਜਿਹਾ ਹੈ, ਜੋ ਜਿਲਦ ਅਤੇ ਤਸਵੀਰ ਤੋਂ ਰੂਪਮਾਨ ਹੋ ਰਿਹਾ ਹੈ।


ਕਿਤਾਬ ਮੈਂ ਪੜ੍ਹ ਲਈ ਹੈ। ਪੜ੍ਹਨ ਤੋਂ ਪਹਿਲਾਂ ਜਿਲਦ 'ਤੇ ਸਰਸਰੀ ਨਜ਼ਰ ਮਾਰੀ ਸੀ। ਪੜ੍ਹਨ ਪਿਛੋਂ ਹੀ ਜਿਲਦ ਅਤੇ ਇਸ ਉਪਰਲੀ ਤਸਵੀਰ ਨੂੰ ਏਨੀ ਨੀਝ ਨਾਲ ਤੱਕਿਆ, ਵਾਚਿਆ ਹੈ। ਕਿਤਾਬ ਦਾ ਲੇਖਕ ਜਗਤਾਰ ਸਿੰਘ ਹੈ। ਉਸ ਦਾ ਨਾਮ ਸਿਆਸੀ ਮਸਲਿਆਂ ਬਾਰੇ ਲਿਖਣ ਵਾਲੇ ਪੱਤਰਕਾਰਾਂ ਦੀ ਪਹਿਲੀ ਕਤਾਰ 'ਚ ਆਉਂਦਾ ਹੈ। ਉਹ ਬਹੁਤ ਸਾਲ ਇੰਡੀਅਨ ਐਕਸਪ੍ਰੈਸ ਵਿਚ ਸੀਨੀਅਰ ਲੈਵਲ 'ਤੇ ਬਤੌਰ ਪੱਤਰਕਾਰ ਕੰਮ ਕਰਦਾ ਰਿਹਾ ਹੈ। ਉਸ ਨੇ ਬਹੁਤ ਸਾਲ ਪੰਜਾਬ ਦੀ ਸਿਆਸੀ ਫਿਜ਼ਾ, ਇਸ ਦੇ ਬਦਲਦੇ ਰੂਪ, ਰੰਗ-ਢੰਗ ਤੇ ਸੁਭਾਅ ਬਾਰੇ ਸਟੀਕ ਟਿੱਪਣੀਆਂ ਸਾਹਿਤ ਲਿਖਿਆ ਹੈ। ਉਹ ਲੰਬਾ ਸਮਾਂ ਉਸ ਦੌਰ 'ਚ ਅੰਮ੍ਰਿਤਸਰ 'ਚ ਇੰਡੀਅਨ ਐਕਸਪ੍ਰੈਸ ਦੇ ਰਿਪੋਰਟਰ ਵਜੋਂ ਤਾਇਨਾਤ ਰਿਹਾ ਹੈ, ਜਦੋਂ ਪੰਜਾਬ 'ਚ ਸਿੱਖ ਸੰਘਰਸ਼ ਪੂਰੀ ਤਰ੍ਹਾਂ ਉਬਾਲੇ ਮਾਰ ਰਿਹਾ ਸੀ ਤੇ ਅੰਮ੍ਰਿਤਸਰ ਇਸ ਵਰਤਾਰੇ ਦਾ ਕੇਂਦਰ ਬਿੰਦੂ ਸੀ।

ਜਿਨ੍ਹਾਂ ਘਟਨਾਵਾਂ ਦਾ ਕਿਤਾਬ ਵਿਚ ਜ਼ਿਕਰ ਹੈ, ਉਨ੍ਹਾਂ 'ਚੋਂ ਬਹੁਤੀਆਂ ਦਾ ਲੇਖਕ ਜਾਂ ਤਾਂ ਚਸ਼ਮਦੀਦ ਗਵਾਹ ਰਿਹਾ ਹੈ ਜਾਂ ਉਸ ਨੂੰ ਇਨ੍ਹਾਂ ਨੂੰ ਨੇੜੇ ਹੋ ਕੇ ਦੇਖਣ ਤੇ ਸਮਝਣ ਦਾ ਮੌਕਾ ਮਿਲਿਆ ਹੈ। ਕਿਤਾਬ ਦੇ ਕਈ ਮੁੱਖ ਪਾਤਰਾਂ ਨਾਲ ਤਾਂ ਉਸ ਦੀ ਨਿੱਜੀ ਨੇੜਤਾ ਰਹੀ ਹੈ, ਤੇ ਬਤੌਰ ਪੱਤਰਕਾਰ ਵੀ ਸਾਂਝ ਰਹੀ ਹੈ। ਇਹ ਜਗਤਾਰ ਦੀ ਦੂਜੀ ਕਿਤਾਬ ਹੈ। ਪਹਿਲੀ ਸੀ, 'ਖਾਲਿਸਤਾਨ ਸਟਰਗਲ: ਏ ਨਾਨ ਮੂਵਮੈਂਟ।'

ਲੱਗਦੇ ਹੱਥ ਹੱਥਲੀ ਕਿਤਾਬ ਦੇ ਨਾਮ 'ਤੇ ਵੀ ਚਰਚਾ ਕਰ ਲਈ ਜਾਵੇ, ਠੀਕ ਰਹੇਗਾ। ਕਿਤਾਬ ਅੰਗਰੇਜ਼ੀ 'ਚ ਹੈ ਤੇ ਨਾਮ ਹੈ, "ਰਿਵਰਜ਼ ਔਨ ਫਾਇਰ: ਖਾਲਿਸਤਾਨ ਸਟਰਗਲ।" ਜਾਹਰ ਹੈ, ਜਿੱਥੇ ਪਹਿਲੀ ਕਿਤਾਬ ਮੁੱਕਦੀ ਹੈ, ਉਥੋਂ ਇਹ ਸ਼ੁਰੂ ਹੁੰਦੀ ਹੈ। ਦੋਹਾਂ ਕਿਤਾਬਾਂ ਦਾ ਆਪਸੀ ਰਿਸ਼ਤਾ ਹੈ। ਪੰਜਾਬੀ 'ਚ ਜੇ ਇਸ ਦੇ ਨਾਮ ਦਾ ਉਲਥਾ ਕੀਤਾ ਜਾਵੇ ਤਾਂ ਨੇੜੇ-ਤੇੜੇ ਜੋ ਪਹੁੰਚਦਾ ਹੈ, ਉਹ ਹੈ, ਬਲਦੇ ਦਰਿਆ। ਦਰਿਆਵਾਂ ਨਾਲ ਪੰਜਾਬ ਦੀ ਜਿਸਮਾਨੀ ਤੇ ਰੂਹਾਨੀ ਸਾਂਝ ਹੈ। ਪੰਜਾਬ ਦਾ ਜਨਮ ਹੀ ਇਨ੍ਹਾਂ ਦਰਿਆਵਾਂ ਦੇ ਗਰਭਪਾਤ 'ਚੋਂ ਹੋਇਆ ਹੈ। ਪੰਜ- ਆਬਾਂ 'ਚੋਂ ਜਨਮਿਆ ਪੰਜਾਬ। ਪਾਣੀ ਅੱਗ ਬੁਝਾਉਂਦਾ ਹੈ, ਫਿਰ ਦਰਿਆ ਕਿਵੇਂ ਬਲ ਸਕਦੇ ਨੇ? ਇਹ ਸਵਾਲ ਸਹਿਜੇ ਹੀ ਮਨ-ਮਸਤਕ 'ਚ ਚੱਕਰ ਕੱਢਣ ਲਗਦਾ ਹੈ?

ਜਿਨ੍ਹਾਂ ਨੇ ਪਿਛਲੀ ਸਦੀ ਦੇ ਸੱਤਰਵਿਆਂ, ਅਸੀਵੀਆਂ ਤੇ ਨੱਬੇਵਿਆਂ ਦੇ ਪੰਜਾਬ 'ਚ ਜੀਵਨ ਹੰਢਾਇਆ ਜਾਂ ਇਸ ਨੂੰ ਨੇੜਿਉਂ ਤੱਕਿਆ, ਉਹ ਸਮਝ ਸਕਦੇ ਨੇ, ਮਹਿਸੂਸ ਕਰ ਸਕਦੇ ਨੇ ਕਿ ਦਰਿਆ ਬਲ ਸਕਦੇ ਨੇ, ਇਨ੍ਹਾਂ ਚੋਂ ਭਾਂਬੜ ਨਿਕਲ ਸਕਦੇ ਨੇ! ਇਹ ਬਲਦੇ ਦਰਿਆਵਾਂ ਦੀ ਅੱਗ ਨੇ ਪੰਜਾਬ ਨੂੰ ਕਿੰਨਾ ਝੁਲਸਿਆ, ਕਿੰਨਾ ਲੂਸਿਆ, ਇਸ ਦਾ ਅੰਦਾਜ਼ਾ ਲਾਉਣਾ ਅਸਮਾਨ ਨੂੰ ਟਾਕੀ ਲਾਉਣ ਬਰਾਬਰ ਹੈ। ਇਹ ਕਿਤਾਬ ਉਸ ਅੱਗ ਦੇ ਸੇਕ 'ਚ ਝੁਲਸੇ ਗਏ ਪੰਜਾਬ ਦਾ ਲੇਖਾ-ਜੋਖਾ ਹੈ; ਉਸ ਦਾ ਬਿਰਤਾਂਤ ਹੈ, ਜੋ ਪੰਜਾਬ 'ਚ ਵਾਪਰਿਆ, ਜੋ ਪੰਜਾਬ ਨੇ ਹੰਢਾਇਆ। ਜੋ ਪੰਜਾਬ ਨਾਲ ਕੀਤਾ ਗਿਆ, ਉਸ ਨੂੰ ਫਰੋਲਣ, ਸਮਝਣ, ਪਕੜਨ ਤੇ ਕਲਮ ਜ਼ਰੀਏ ਸੰਭਾਲਨ ਦਾ ਯਤਨ ਹੈ।

ਕਿਤਾਬ 'ਚ ਬਹੁਤ ਕੁਝ ਹੈ, ਜੋ ਸਾਨੂੰ ਨਹੀਂ ਪਤਾ। ਇਸ ਲਈ ਕਿਤਾਬ ਪੜ੍ਹਨੀ ਬਣਦੀ ਹੈ। ਖਾਸ ਕਰਕੇ ਨੌਜਵਾਨ ਪੀੜ੍ਹੀ ਨੂੰ, ਜੋ ਇਸ ਸੰਸਾਰ 'ਚ 1980ਵੀਆਂ ਤੋਂ ਬਾਅਦ ਸ਼ਾਮਿਲ ਹੋਏ ਨੇ। ਕਿਤਾਬ ਕਿਸ ਤਰ੍ਹਾਂ ਦੀ ਹੈ, ਇਸ ਬਾਬਤ ਮੈਂ




ਆਪਣੀ ਰਾਇ ਤੁਹਾਡੇ 'ਤੇ ਨਹੀਂ ਥੋਪਣੀ। ਮੇਰਾ ਕਿਤਾਬ ਬਾਰੇ ਨਜ਼ਰੀਆ ਜਰੂਰ ਹੈ, ਪਰ ਮੈਂ ਤੁਹਾਡੇ 'ਤੇ ਨਹੀਂ ਲੱਦਣਾ। ਕਿਤਾਬ ਚੰਗੀ ਹੈ, ਮਾੜੀ ਹੈ- ਇਹ ਫੈਸਲਾ ਤੁਸੀਂ ਇਸ ਨੂੰ ਪੜ੍ਹ ਕੇ ਕਰਿਓ। ਲੇਖਕ ਆਪਣੇ ਯਤਨ 'ਚ ਸਫਲ ਰਿਹਾ ਜਾਂ ਨਹੀਂ, ਇਹ ਪਾਠਕ ਹੀ ਦਸ ਸਕਦੇ ਨੇ। ਉਸ ਨੇ ਇਹ ਕਿਤਾਬ ਲਿਖਦਿਆਂ ਪੰਜਾਬ ਨਾਲ ਇਨਸਾਫ ਕੀਤਾ ਹੈ ਜਾਂ ਨਹੀਂ, ਇਹ ਤੁਸੀਂ ਹੀ ਦਸ ਸਕਦੇ ਹੋ। ਜਿਸ ਤਰ੍ਹਾਂ ਅਕਸਰ ਹੁੰਦਾ ਹੈ, ਬਹੁਤ ਸਾਰੇ ਲੇਖਕ ਨਾਲ ਸਹਿਮਤ ਹੋਣਗੇ ਤੇ ਬਹੁਤ ਸਾਰੇ ਨਹੀਂ।

ਪੰਜਾਬ 'ਚ 1978 ਤੋਂ ਲੈ ਕੇ 1995 ਤੱਕ ਬੇਸ਼ੁਮਾਰ ਘਟਨਾਵਾਂ ਵਾਪਰੀਆਂ, ਦਿਲ ਦਹਿਲਾਉਣ ਵਾਲੇ ਕਾਰੇ ਵਾਪਰੇ, ਖੂਨ ਦੇ ਖਾਲ ਵਗੇ। ਰਾਜਨੀਤਕ ਪੱਧਰ 'ਤੇ ਬਹੁਤ ਕੁਝ ਹੋਇਆ, ਸਮੇਂ ਦੇ ਹਾਕਮਾਂ ਅਤੇ ਚੌਧਰੀਆਂ ਦੇ ਕਾਰਨਾਮੇ ਤੇ ਚਾਲਾਂ ਕਾਰਨ ਪੰਜਾਬ, ਜਿਸ ਨੂੰ ਗੁਲਾਬ ਦੇ ਫੁੱਲ ਨਾਲ ਤਸ਼ਬੀਹ ਦਿੱਤੀ ਜਾਂਦੀ ਰਹੀ ਹੈ- ਮਸਲਿਆ ਗਿਆ, ਮਧੋਲਿਆ ਗਿਆ ਤੇ ਰੋਲਿਆ ਗਿਆ। ਸਿੱਖ ਮਾਨਸਿਕਤਾ ਤੇ ਮਨੁੱਖੀ ਮਾਨਸਿਕਤਾ ਨੂੰ ਲਹੂ ਲੁਹਾਣ ਕਰ ਦੇਣ ਵਾਲੇ ਵੱਡੇ ਸਕੇ ਹੋਏ। ਪੰਜਾਬ ਦਾ, ਪੰਜਾਬੀਆਂ ਦਾ ਪੋਟਾ ਪੋਟਾ ਪੱਛਿਆ ਗਿਆ। ਪੰਜਾਬ ਦੀ ਕੁਰਲਾਹਟ ਅੰਬਰਾਂ ਤੱਕ ਪਸਰ ਗਈ। ਇਹ ਇਕ ਅਜਿਹਾ ਦੌਰ ਸੀ, ਜੋ ਹਰ ਜਿਸਮ 'ਤੇ ਕਿਸੇ ਨਾ ਕਿਸੇ ਰੂਪ 'ਚ ਕੋਈ ਘਾਓ ਛੱਡ ਗਿਆ। ਲੇਖਕ ਨੇ ਕੁਝ ਚੋਣਵੀਆਂ ਘਟਨਾਵਾਂ ਦਾ ਜ਼ਿਕਰ ਇਸ ਕਿਤਾਬ ਵਿਚ ਕੀਤਾ ਹੈ, ਜੋ ਉਸ ਨੂੰ ਆਪਣੇ ਨਜ਼ਰੀਏ ਮੁਤਾਬਕ ਅਹਿਮ ਲੱਗੀਆਂ। ਅਸਲ 'ਚ ਉਸ ਦੌਰ ਨੂੰ ਇਕ ਕਿਤਾਬ 'ਚ ਸਮੇਟਣਾ ਮੁਸ਼ਕਿਲ ਹੀ ਨਹੀਂ, ਅਸੰਭਵ ਹੈ। ਉਨ੍ਹਾਂ ਸਮਿਆਂ 'ਚ ਹਰ ਦਿਨ ਏਨਾ ਘਟਨਾਵਾਂ ਭਰਪੂਰ ਸੀ ਕਿ ਹਰ ਦਿਨ 'ਤੇ ਕਿਤਾਬ ਲਿਖੀ ਜਾ ਸਕਦੀ ਹੈ।


ਕਿਤਾਬ ਦਾ ਪਹਿਲਾ ਅਧਿਆਏ 'ਵੋਲਕੇਨਿਕ ਪੰਜਾਬ' ਹੈ। ਪੰਜਾਬੀ 'ਚ ਇਸ ਨੂੰ 'ਜਵਾਲਾਮੁਖੀ ਪੰਜਾਬ' ਕਿਹਾ ਜਾ ਸਕਦਾ। ਇਸ ਵਿਚ ਪੰਜਾਬ ਦੇ 'ਹਿੰਸਕ ਰਾਜਨੀਤਕ ਸੰਘਰਸ਼' ਦਾ ਬਿਰਤਾਂਤਕ ਸਾਰੰਸ਼ ਹੈ। ਇਕ ਅੰਦਾਜ਼ੇ ਮੁਤਾਬਿਕ ਇਸ ਰਾਜਨੀਤਕ ਸੰਘਰਸ਼ 'ਚ ਕੋਈ 40,000 ਲੋਕ 1978 ਤੋਂ ਲੈ ਕੇ 1995 ਤਕ ਮਾਰੇ ਗਏ। ਇਹ ਤਾਂ ਜੱਗ ਜਾਹਰ ਹੈ ਕਿ ਪਿਛਲੇ 100 ਕੁ ਸਾਲ ਤੋਂ ਖਾਲਿਸਤਾਨ ਦਾ ਮੁੱਦਾ ਕਿਸੇ ਨਾ ਕਿਸੇ ਰੂਪ 'ਚ ਵਾਰ ਵਾਰ ਉਭਰਦਾ ਰਿਹਾ ਹੈ। ਕੁਝ ਦਿਨ ਪਹਿਲਾਂ ਵੀ ਇਹ ਸੁਰਖੀਆਂ 'ਚ ਰਿਹਾ। ਲੇਖਕ ਦਾ ਕਹਿਣਾ ਹੈ ਕਿ ਉਸ ਨੇ ਕਿਤਾਬ ਲਿਖਦੇ ਸਮੇਂ ਹਵਾ 'ਚ ਤੀਰ ਨਹੀਂ ਛੱਡੇ; ਭਾਵ ਇਹ ਕਿਤਾਬ ਹਵਾ 'ਚ ਛੱਡਿਆ ਤੀਰ ਨਹੀਂ ਹੈ। ਕਿਤਾਬ ਲਿਖਦੇ ਸਮੇਂ ਲੇਖਕ ਨੇ ਦਸਤਾਵੇਜ਼ਾਂ ਨੂੰ ਆਧਾਰ ਬਣਾਇਆ। ਉਨ੍ਹਾਂ ਦਸਤਾਵੇਜ਼ਾਂ ਦੇ ਹਵਾਲੇ ਦਿੱਤੇ ਹਨ। ਉਨ੍ਹਾਂ ਕਿਤਾਬ ਵਿਚ ਦਰਜ ਵੀ ਕੀਤਾ ਹੈ। ਉਨ੍ਹਾਂ ਦੇ ਆਧਾਰ 'ਤੇ ਆਪਣਾ ਥੀਸਿਸ ਉਸਾਰਿਆ ਹੈ।

ਭਾਵੇਂ ਕਿਤਾਬ 'ਚ ਪੰਜਾਬ ਦੀ ਗਾਥਾ ਆਜ਼ਾਦੀ ਤੋਂ ਪਹਿਲਾਂ ਤੋਂ ਸ਼ੁਰੂ ਹੁੰਦੀ ਹੈ ਤੇ ਉਸ ਦੌਰ ਦੀ ਸਿੱਖ ਸਿਆਸਤ ਦਾ ਜ਼ਿਕਰ ਕਾਫੀ ਹੈ, ਪਰ ਕਿਤਾਬ ਦਾ ਮੁਖ ਕੇਂਦਰ ਬਿੰਦੂ ਸਾਕਾ ਨੀਲਾ ਤਾਰਾ ਤੋਂ ਕੁਝ ਪਹਿਲਾਂ ਤੇ ਕੁਝ ਬਾਅਦ ਦੇ ਸਮੇਂ ਵਿਚ ਆਏ ਰਾਜਨੀਤਕ, ਪ੍ਰਸ਼ਾਸਨਿਕ ਭੁਚਾਲ ਹਨ। ਉਨ੍ਹਾਂ ਦੀ ਤਫਸੀਲ ਟਿੱਪਣੀਆਂ ਸਾਹਿਤ ਹੈ। ਲੇਖਕ ਦਾ ਮੰਨਣਾ ਹੈ, "ਸੰਘਰਸ਼ ਦਾ ਅਰੰਭ ਧਾਰਮਿਕ ਝਗੜੇ ਤੋਂ ਹੋਇਆ, ਫਿਰ ਇਹ ਰਾਜਨੀਤਕ ਤੂਲ ਪਕੜ ਗਿਆ ਅਤੇ ਇਸ ਦਾ ਅੰਤ ਅਮਨ ਤੇ ਕਾਨੂੰਨ ਦੀ ਸਮੱਸਿਆ ਦੇ ਰੂਪ 'ਚ ਹੋ ਗਿਆ।"

ਇਸ ਸੰਘਰਸ਼ ਨੂੰ ਲੇਖਕ ਤਿੰਨ ਪੜਾਵਾਂ 'ਚ ਵੰਡ ਦਾ ਹੈ। ਉਸ ਮੁਤਾਬਿਕ ਪਹਿਲਾ ਪੜਾਅ ਨਿਰੰਕਾਰੀਆਂ ਨਾਲ ਟਕਰਾ ਤੇ ਖੂਨੀ ਟੱਕਰ ਤੋਂ ਸ਼ੁਰੂ ਹੁੰਦਾ ਹੈ ਤੇ ਸਾਕਾ ਨੀਲਾ ਤਾਰਾ 'ਤੇ ਖਤਮ ਹੋ ਜਾਂਦਾ ਹੈ। ਦੂਜਾ ਪੜਾਅ ਆਪਰੇਸ਼ਨ ਬਲੈਕ ਥੰਡਰ 'ਤੇ ਖਤਮ ਹੋ ਜਾਂਦਾ ਹੈ ਅਤੇ ਤੀਜਾ ਪੜਾਅ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਤੋਂ ਕੁਝ ਸਮਾਂ ਬਾਅਦ ਖਤਮ ਹੋ ਜਾਂਦਾ ਹੈ।

ਲੇਖਕ ਖਾੜਕੂ ਸੰਘਰਸ਼ ਦੀ ਜੜ੍ਹ ਸ਼੍ਰੋਮਣੀ ਅਕਾਲੀ ਦਲ ਦੇ ਆਜ਼ਾਦੀ ਤੋਂ ਪਹਿਲਾਂ ਤੇ ਬਾਅਦ ਦੇ ਸਿਧਾਂਤਕ ਅਤੇ ਰਾਜਨੀਤਕ ਪੈਂਤੜਿਆਂ ਨਾਲ ਜੁੜੀ ਹੋਈ ਵੇਖਦਾ ਹੈ (ਪੇਜ 12)। ਸਵੈ ਨਿਰਣੇ ਦੀ ਮੰਗ ਤਾਂ ਮਾਸਟਰ ਤਾਰਾ ਸਿੰਘ, ਗੁਰਚਰਨ ਸਿੰਘ ਟੌਹੜਾ ਵੀ ਕਰਦੇ ਰਹੇ। ਲੇਖਕ ਦਾ ਕਹਿਣਾ ਹੈ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਸਾਕਾ ਨੀਲਾ ਤਾਰਾ ਤੱਕ ਪੰਜਾਬ ਦੇ ਰਾਜਸੀ ਪ੍ਰਬਚਨ 'ਤੇ ਪੂਰੀ ਤਰ੍ਹਾਂ ਛਾਇਆ ਰਿਹਾ। ਜਾਂ ਕਹਿ ਲਵੋ ਕੇ ਉਸ ਦਾ ਪ੍ਰਬਚਨ ਪੰਜਾਬ 'ਤੇ ਛਾਇਆ ਰਿਹਾ। ਆਪਣੀ ਮੌਤ ਪਿਛੋਂ ਵੀ ਉਹ ਪੰਜਾਬ ਦੇ ਰਾਜਸੀ ਪ੍ਰਬਚਨ ਦੀ ਦਿਸ਼ਾ ਤੇ ਦਿੱਖ ਨੂੰ ਲੰਬਾ ਸਮਾਂ ਨਿਰਧਾਰਤ ਕਰਦਾ ਰਿਹਾ। ਉਸ ਦਾ ਪੰਜਾਬ ਦੀ ਲੋਕ ਮਾਨਸਿਕਤਾ ਉਤੇ ਇਨ੍ਹਾਂ ਅਸਰ ਹੋ ਗਿਆ ਸੀ ਕਿ ਉਸ ਦੇ ਸਾਹਮਣੇ ਕੋਈ ਹੋਰ ਸਮਕਾਲੀ ਅਕਾਲੀ, ਪੰਥਕ ਆਗੂ ਨਾ ਹੀ ਖੜਾ ਹੋ ਸਕਿਆ ਤੇ ਨਾ ਹੀ ਟਿਕ ਸਕਿਆ। ਅਕਾਲੀਆਂ ਨੇ ਜੋ ਲੜਾਈ ਸ਼ੁਰੂ ਕੀਤੀ, ਉਸ ਵਿਚ ਨਵੀਂ ਰੂਹ ਸੰਤ ਭਿੰਡਰਾਂਵਾਲਿਆਂ ਨੇ ਹੀ ਫੂਕੀ। ਸਿੱਖ ਇਤਿਹਾਸ ਵਿਚ ਉਸ ਦਾ ਨਾਮ ਦਰਜ ਹੋ ਗਿਆ ਹੈ। ਅਕਾਲ ਤਖਤ ਸਾਹਿਬ ਦੇ ਬਿਲਕੁਲ ਨਜ਼ਦੀਕ ਗੋਲਡਨ ਟੈਂਪਲ 'ਚ ਉਸ ਦੀ ਯਾਦਗਾਰ ਬਣ ਗਈ ਹੈ, ਜਿਸ ਦੀ ਸਿੱਖ ਇਤਿਹਾਸ 'ਚ ਨਿਰਾਲੀ ਅਹਿਮੀਅਤ ਹੈ।

ਸਿੱਖ ਸੰਘਰਸ਼ ਬਾਰੇ ਲੇਖਕ ਦੀ ਸਭ ਤੋਂ ਅਹਿਮ ਟਿੱਪਣੀ ਇਸ ਸੰਘਰਸ਼ ਦੀ ਦਿਸ਼ਾ ਤੇ ਦਿੱਖ ਬਾਰੇ ਹੈ। ਉਹ ਲਿਖਦਾ ਹੈ, ਸਿੱਖ ਸੰਘਰਸ਼ ਨੂੰ ਸੰਤ ਭਿੰਡਰਾਂਵਾਲਿਆਂ ਦੇ ਸਮੇਂ ਤੋਂ ਹੀ ਸਿੱਖਾਂ ਅਤੇ ਬ੍ਰਾਹਮਣ-ਬਾਣੀਆ ਵਿਚਕਾਰ ਲੜਾਈ ਦਾ ਰੰਗ ਚੜ੍ਹ ਗਿਆ ਸੀ ਜਾਂ ਚੜ੍ਹਾ ਦਿੱਤਾ ਗਿਆ ਸੀ; ਭਾਵ ਇਹ ਸੰਘਰਸ਼ ਇੰਡੀਅਨ ਸਟੇਟ ਦੇ ਖਿਲਾਫ ਨਾ ਹੋ ਕੇ, ਸਿੱਖਾਂ ਦੀ ਬ੍ਰਾਹਮਣ-ਬਾਣੀਆ ਨਾਲ ਲੜਾਈ ਦੇ ਚੌਖਟੇ 'ਚ ਫਸਿਆ ਰਿਹਾ। ਇਸ ਲੜਾਈ 'ਚ ਇਹ ਸਿਧਾਂਤਕ ਖੋਟ ਕੀਹਨੇ ਪਾਇਆ, ਕਿਸੇ ਨੂੰ ਪਤਾ ਨਹੀਂ! ਪਰ ਇਹ ਖੋਟ ਜਾਹਰਾ ਤੌਰ 'ਤੇ ਨਜ਼ਰ ਆਉਂਦਾ ਸੀ, ਮਹਿਸੂਸ ਹੁੰਦਾ ਸੀ। ਭਾਵੇਂ


ਸੰਤ ਜਰਨੈਲ ਸਿੰਘ ਭਿੰਡਰਾਂਵਾਲੇ


ਲੇਖਕ ਜਗਤਾਰ ਸਿੰਘ

ਲੇਖਕ ਇਸ ਦਾ ਜ਼ਿਕਰ ਨਹੀਂ ਕਰਦਾ, ਪਰ ਇਸ ਸੰਘਰਸ਼ ਨੂੰ ਅਜਿਹੀ ਸਪਿਨ ਦੇਣ ਲਈ ਜਰੂਰ ਕੋਈ ਸ਼ਕਤੀ ਨੇ ਕੰਮ ਕੀਤਾ ਹੋਣਾ। ਦੇਸ਼ ਦੇ ਉਤਰੀ-ਪੂਰਬੀ ਖਿੱਤੇ ਵਿਚ ਵੀ ਕਈ ਖਾੜਕੂ ਸੰਘਰਸ਼ ਲੜੇ ਗਏ, ਪਰ ਉਥੇ ਸਿੱਧੀ ਟੱਕਰ ਭਾਰਤੀ ਸਟੇਟ ਨਾਲ ਹੁੰਦੀ ਰਹੀ ਹੈ।

ਲੇਖਕ ਇਸ ਨਿਰਣੇ 'ਤੇ ਪਹੁੰਚਦਾ ਹੈ ਕਿ ਅਸਲ ਵਿਚ ਸ਼ੁਰੂ ਤੋਂ ਹੀ ਖਾੜਕੂ ਲਹਿਰ ਅਸੇਧਤ ਸੀ; ਦਿਸ਼ਾਹੀਣ। ਉਹ ਲਿਖਦਾ ਹੈ, "ਆਪਣੇ ਦੇਸ਼ਕਾਲ (ਹੋਮਲੈਂਡ) ਲਈ ਵਿੱਢਿਆ ਸੰਘਰਸ਼ ਕਦੇ ਭੇਦ ਭਾਵ (ਡਿਸਕ੍ਰਿਮੀਨੇਸ਼ਨ) ਵਰਗੇ ਪੇਤਲੇ ਸੰਕਲਪ 'ਤੇ ਨਹੀਂ ਟਿਕ ਸਕਦਾ। ਪੰਜਾਬ 'ਚ ਭੇਦ ਭਾਵ ਭਾਰਤੀ ਸਟੇਟ ਦੀ ਥਾਂ ਬਾਣੀਆ-ਬ੍ਰਾਹਮਣ ਦੇ ਸਿਰ ਹੀ ਮੜ੍ਹਿਆ ਜਾਂਦਾ ਰਿਹਾ। ਪਹਿਲੇ ਪੜਾਅ (ਸਾਕਾ ਨੀਲਾ ਤਾਰਾ) ਤੱਕ ਤਾਂ ਸੰਘਰਸ਼ ਦਾ ਰਾਜਸੀ ਮੰਤਵ ਹੀ ਸਪਸ਼ਟ ਨਹੀਂ ਸੀ। ਜੇ ਸੰਘਰਸ਼ ਹੋਮਲੈਂਡ ਲਈ ਸੀ ਤਾਂ ਸੰਤ ਭਿੰਡਰਾਂਵਾਲਿਆਂ ਨੂੰ ਇਹ ਸਪਸ਼ਟ ਕਰ ਦੇਣਾ ਚਾਹੀਦਾ ਸੀ।"

ਕਿਤਾਬ ਦੇ ਸਫਾ ਨੰਬਰ 107 'ਤੇ ਲਿਖਿਆ ਹੈ, "ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਕਦੇ ਵੀ ਸਿੱਧੇ ਤੌਰ 'ਤੇ ਖਾਲਿਸਤਾਨ ਦੀ ਮੰਗ ਨਹੀਂ ਕੀਤੀ, ਪਰ ਉਸ ਦੇ ਸਾਰੇ ਬਿਆਨ ਅਤੇ ਤਕਰੀਰਾਂ ਇਹ ਸਪਸ਼ਟ ਇਸ਼ਾਰਾ ਕਰਦੇ ਸਨ ਕੇ ਉਸ ਦਾ ਸੰਘਰਸ਼ ਖਾਲਿਸਤਾਨ ਲਈ ਸੀ। ਅਕਸਰ ਸੰਤ ਭਿੰਡਰਾਂਵਾਲਿਆਂ ਦੀ 27 ਮਾਰਚ 1983 ਨੂੰ ਦਿੱਤੀ ਗਈ ਤਕਰੀਰ ਦਾ ਹਵਾਲਾ ਦਿੱਤਾ ਜਾਂਦਾ ਹੈ। ਸੰਤ ਨੇ ਕਿਹਾ ਸੀ, ਜਿਸ ਦਿਨ ਇਸ ਸਥਾਨ (ਗੋਲਡਨ ਟੈਂਪਲ) 'ਤੇ ਪੁਲਿਸ ਵਾਲਿਆਂ ਦਾ ਹਮਲਾ ਹੋਇਆ, ਤੇ ਇਹ ਦੁਨੀਆਂ 'ਚ ਮਿਸਾਲ ਬਣੇਗੀ ਕਿ ਖਾਲਿਸਤਾਨ ਬਣਿਆ। ਉਸ ਦਿਨ ਜਰੂਰ ਖਾਲਿਸਤਾਨ ਬਣੇਗਾ।"

ਇਸ ਤੋਂ ਕੁਝ ਦਿਨ ਬਾਅਦ 31 ਮਾਰਚ 1983 ਨੂੰ ਸੰਤਾਂ ਦੀ ਤਕਰੀਰ ਕੁਝ ਇਸ ਤਰ੍ਹਾਂ ਸੀ, "ਅਸੀਂ ਦੇਸ਼ ਦੀ ਏਕਤਾ ਅਤੇ ਅਖੰਡਤਾ ਵਾਸਤੇ ਹਾਂ। ਜੇ ਸਰਕਾਰ ਸ਼ਾਂਤੀ ਚਾਹੁੰਦੀ ਹੈ ਤਾਂ ਇਸ ਨੂੰ ਅਨੰਦਪੁਰ ਸਾਹਿਬ ਦੇ ਮਤੇ ਨੂੰ ਸਵੀਕਾਰ ਕਰ ਲੈਣਾ ਚਾਹੀਦਾ ਹੈ। ਅਨੰਦਪੁਰ ਸਾਹਿਬ ਦਾ ਮਤਾ ਲਾਗੂ ਕਰੇ ਬਗੈਰ ਪੰਜਾਬ ਵਿਚ ਸਾਂਤੀ ਨਹੀਂ ਹੋ ਸਕਦੀ। ਇਹ ਸਰਕਾਰ ਨੇ ਫੈਸਲਾ ਕਰਨਾ ਹੈ ਕੇ ਸ਼ਾਂਤੀ ਚਾਹੀਦੀ ਹੈ ਜਾਂ ਗੜਬੜ। ਨਾ ਅਸੀਂ ਖਾਲਿਸਤਾਨ ਦੇ ਹੱਕ 'ਚ ਹਾਂ ਤੇ ਨਾ ਹੀ ਅਸੀਂ ਇਸ ਦਾ ਵਿਰੋਧ ਕਰਦੇ ਹਾਂ। ਅਸੀਂ ਇਸ ਦੇਸ਼ ਵਿਚ ਰਹਿਣਾ ਚਾਹੁੰਦੇ ਹਾਂ। ਕੇਂਦਰ ਸਰਕਾਰ ਸਾਨੂੰ ਦੱਸੇ ਕਿ ਸਾਨੂੰ ਇਸ ਦੇਸ਼ 'ਚ ਰੱਖਣਾ ਹੈ ਜਾਂ ਨਹੀਂ! ਜੇ ਸਾਨੂੰ ਇਸ ਵਾਰ ਖਾਲਿਸਤਾਨ ਦੀ ਪੇਸ਼ਕਸ਼ ਕੀਤੀ ਜਾਂਦੀ ਹੈ ਤਾਂ ਇਸ ਨੂੰ ਖੁੱਲ੍ਹੇ ਦਿਲ ਨਾਲ ਸਵੀਕਾਰ ਕਰ ਲਾਵਾਂਗੇ। ਪੱਕਾ ਲਾਵਾਂਗੇ ਤੇ 1947 'ਚ ਹੋਈ ਗਲਤੀ ਮੁੜ ਨਹੀਂ ਦੁਹਰਾਵਾਂਗੇ। ਅਸੀਂ ਇਸ ਦੀ ਮੰਗ ਨਹੀਂ ਕਰਦੇ, ਪਰ ਇਸ ਤੋਂ ਨਾਂਹ ਵੀ ਨਹੀਂ ਕਰਾਂਗੇ।"

ਕਿਤਾਬ 'ਚ ਸੁੱਖੇ (ਸੁਖਦੇਵ ਸਿੰਘ) ਤੇ ਜਿੰਦੇ (ਹਰਜਿੰਦਰ ਸਿੰਘ) ਬਾਰੇ ਵੀ ਪੂਰਾ ਚੈਪਟਰ ਹੈ। ਬਹੁਤ ਹੀ ਦਿਲਚਸਪ। ਸੁੱਖੇ ਤੇ ਜਿੰਦੇ ਨੂੰ ਜਨਰਲ ਵੈਦਿਆ ਕਤਲ ਕੇਸ 'ਚ ਪੂਣੇ ਦੀ ਜੇਲ੍ਹ 'ਚ ਫਾਂਸੀ ਲੱਗ ਗਈ ਸੀ, ਪਰ ਉਨ੍ਹਾਂ ਨਾਲ ਇਕ ਹੋਰ ਵੱਡੀ ਘਟਨਾ ਜੁੜੀ ਹੋਈ ਹੈ, ਜਿਸ ਕਾਰਨ ਉਸ ਸਮੇਂ ਮੀਡੀਆ 'ਚ ਤਰਥੱਲੀ ਮੱਚ ਗਈ ਸੀ। ਸੁੱਖੇ ਤੇ ਜਿੰਦੇ ਦੇ ਦਸਤਖਤਾਂ ਹੇਠ ਅਖਬਾਰਾਂ ਦੇ ਨਾਂ ਪੱਤਰ ਜਾਰੀ ਕੀਤਾ ਗਿਆ ਸੀ। ਇਹ ਪੱਤਰ ਦੀ ਵਾਰਤਾ ਕੀਹਨੇ ਲਿਖੀ? ਉਸ ਨੂੰ ਕਿੰਨੇ ਦਿਨ ਪੱਤਰ ਲਿਖਣ ਨੂੰ ਲੱਗੇ, ਇਹ ਖੁਲਾਸਾ ਕਿਤਾਬ 'ਚ ਕੀਤਾ ਗਿਆ ਹੈ। ਕਿਵੇਂ ਪੂਣੇ ਜੇਲ੍ਹ 'ਚ ਉਨ੍ਹਾਂ ਦੇ ਪੱਤਰ 'ਤੇ ਦਸਤਖਤ ਕਰਵਾਏ ਗਏ, ਕਿਵੇਂ ਇਸ ਨੂੰ ਅਖਬਾਰਾਂ ਵਿਚ ਹੂਬਹੂ ਛਪਵਾਇਆ ਗਿਆ, ਇਸ ਦਾ ਵੀ ਜ਼ਿਕਰ ਹੈ। ਇਸ ਪੱਤਰ ਦਾ ਅੰਗਰੇਜ਼ੀ 'ਚ ਉਲਥਾ ਕਿਸ ਪ੍ਰੋਫੈਸਰ ਨੇ ਕੀਤਾ, ਇਸ ਬਾਰੇ ਵੀ ਜਾਣਕਾਰੀ ਹੈ।

1991 ਦੀਆਂ ਵਿਧਾਨ ਸਭਾ ਚੋਣਾਂ ਅਤੇ ਫਰਵਰੀ 1992 ਦੀਆਂ ਵਿਧਾਨ ਸਭਾ ਚੋਣਾਂ ਦਾ ਬਾਈਕਾਟ ਕਿਵੇਂ ਹੋਇਆ? ਕੌਣ ਕੌਣ ਚੋਣਾਂ 'ਚ ਭਾਗ ਲੈਣ ਦੇ ਹੱਕ 'ਚ ਸੀ ਤੇ ਕੌਣ ਵਿਰੁੱਧ? ਇਸ ਦਾ ਜ਼ਿਕਰ ਵੀ ਕਿਤਾਬ 'ਚ ਪੂਰੀ ਤਫਸੀਲ ਨਾਲ ਹੈ। ਬਾਈਕਾਟ ਤੋਂ ਪਹਿਲਾਂ ਖਾੜਕੂ ਆਗੂਆਂ ਦੀਆਂ ਆਪਿਸ ਵਿਚ ਕਿੰਨੀਆਂ ਤੇ ਕਿੱਥੇ ਮੀਟਿੰਗ ਹੋਈਆਂ, ਇਸ ਦਾ ਵੀ ਪੂਰਾ ਵੇਰਵਾ ਹੈ। ਲੇਖਕ ਦਾ ਕਹਿਣਾ ਹੈ ਕੀ 1992 ਦੀਆਂ ਚੋਣਾਂ ਦਾ ਅਕਾਲੀ ਦਲ ਵਲੋਂ ਬਾਈਕਾਟ ਵੱਡੀ ਗਲਤੀ ਸੀ। ਇਸ ਨਾਲ ਹੀ ਖਾੜਕੂ ਸੰਘਰਸ਼ ਦੇ ਅੰਤ ਦੀ ਸ਼ੁਰੂਆਤ ਦਾ ਪਿੜ ਬੱਝ ਗਿਆ। ਸੁਰੱਖਿਆ ਦਸਤਿਆਂ ਨੇ ਖਾੜਕੂਆਂ ਖਿਲਾਫ ਜ਼ੋਰਦਾਰ ਮੁਹਿੰਮ ਵਿੱਢ ਦਿੱਤੀ। ਸਰਕਾਰ ਵਲੋਂ ਇਸ ਮੁਹਿੰਮ ਨੂੰ ਪੂਰੀ ਹੱਲਾਸ਼ੇਰੀ ਦਿੱਤੀ ਗਈ। ਦੋ ਸਾਲਾਂ 'ਚ ਹੀ ਪੰਜਾਬ 'ਚ ਰਾਜਸੀ ਹਿੰਸਾਂ ਦਾ ਕਰੀਬ ਅੰਤ ਹੋ ਗਿਆ, ਪਰ ਇਸ ਕਾਰਨ ਉਸ ਸਮੇਂ ਦੇ ਪੰਜਾਬ ਦੇ ਮੁੱਖ ਮੰਤਰੀ ਬੇਅੰਤ ਸਿੰਘ ਨੂੰ ਵੀ ਆਪਣੀ ਜਾਨ ਤੋਂ ਹੱਥ ਧੋਣੇ ਪਏ। ਬੱਬਰ ਖਾਲਸਾ ਦੇ ਖਾੜਕੂਆਂ ਨੇ ਉਹਨੂੰ ਪੰਜਾਬ ਸਕੱਤਰੇਤ ਵਿਖੇ ਹਿਊਮਨ ਬੰਬ ਬਲਾਸਟ ਕਰਕੇ ਮਾਰ ਕਰ ਦਿੱਤਾ ਸੀ। 1980 'ਚ ਸ਼ੁਰੂ ਹੋਈ ਖਾੜਕੂ ਲਹਿਰ ਦਾ ਇਹ ਆਖਰੀ ਵੱਡਾ ਹਮਲਾ ਸੀ, ਜਿਸ ਵਿਚ ਮੁੱਖ ਮੰਤਰੀ ਦੀ ਕਾਰ ਤੱਕ ਉਡਾ ਦਿੱਤੀ ਗਈ ਸੀ। ਚੋਣਾਂ ਦੇ ਬਾਈਕਾਟ ਦੇ ਆਸ-ਪਾਸ ਹੀ ਖਾੜਕੂ ਧਿਰਾਂ 'ਚ ਆਪਸੀ ਭਰਾ ਮਾਰੂ ਜੰਗ ਦਾ ਮੁਢ ਵੀ ਬੱਝ ਚੁਕਾ ਸੀ।

ਗੁਰਬਾਣੀ ਵਿਆਖਿਆ

# ਇਕ ਦੂ ਜੀਭੌ ਲਖ ਹੋਹਿ

ਡਾ. ਗੋਬਿੰਦਰ ਸਿੰਘ ਸਮਰਾਓ
ਫੋਨ: 408-634-2310

ਅਧਿਆਤਮਵਾਦ ਦੀ ਵਿਧੀ ਇਕ ਤਰ੍ਹਾਂ ਨਾਲ ਹਨੇਰੇ ਵਿਚ ਚਿੱਤਰਕਾਰੀ ਕਰਨ ਵਾਂਗ ਹੈ। ਇਸ ਅਨੁਸਾਰ ਦਿਸਦਾ ਮਾਯਾਵੀ ਸੰਸਾਰ ਇਸ ਦੁਨੀਆਂ ਦੀ ਅਸਲੀਅਤ ਨਹੀਂ, ਸਗੋਂ ਮਨੁੱਖ ਦੇ ਵਿਚਾਰਾਂ ਜਾਂ ਖਿਆਲਾਂ ਵਿਚ ਵਸਦਾ ਸੰਸਾਰ ਅਸਲੀ ਹੈ; ਭਾਵ ਇਸ ਦਿਸਦੇ ਸੰਸਾਰ ਦੇ ਸ੍ਰੋਤ ਨੂੰ ਦੇਖਿਆ ਜਾਂ ਛੋਹਿਆ ਨਹੀਂ ਜਾ ਸਕਦਾ, ਸਗੋਂ ਇਸ ਨੂੰ ਸੋਚ, ਵਿਚਾਰ ਤੇ ਕਲਪਨਾ ਰਾਹੀਂ ਮਨ ਵਿਚ ਉਤਾਰਿਆ ਹੀ ਜਾ ਸਕਦਾ ਹੈ। ਅਧਿਆਤਮਵਾਦੀ ਦੱਸਦੇ ਹਨ ਕਿ ਮਨੁੱਖੀ ਜਾਣਕਾਰੀ ਦਾ ਸਬੰਧ ਆਤਮਾ ਨਾਲ ਹੈ। ਸ਼ਬਦ ਆਤਮਾ (Spirit) ਕਈ ਅਰਥਾਂ ਵਿਚ ਵਰਤਿਆ ਜਾਂਦਾ ਹੈ, ਪਰ ਮੁੱਖ ਤੌਰ 'ਤੇ ਆਤਮਾ ਉਹ ਦੱਸੀ ਜਾਂਦੀ ਹੈ, ਜੋ ਮਨੁੱਖ ਦੇ ਤਨ ਵਿਚ ਵਾਸ ਕਰਦੀ ਹੈ, ਇਸ ਨੂੰ ਹਰਕਤ ਦਿੰਦੀ ਹੈ ਤੇ ਇਸ ਦੇ ਖਰੇ-ਖੋਟੇ ਕੰਮਾਂ ਦਾ ਹਿਸਾਬ ਰੱਖਦੀ ਹੈ। ਉਸ ਦੇ ਮਰਨ ਉਪਰੰਤ ਇਹ ਸਰੀਰ ਛੱਡ ਕੇ ਚਲੀ ਜਾਂਦੀ ਹੈ। ਜੇ ਮਾਨਵ ਨੇ ਚੰਗੇ ਕੰਮ ਕੀਤੇ ਹੋਣ ਤਾਂ ਪਰਮਾਤਮਾ ਨਾਲ ਅਭੇਦ ਹੋ ਜਾਂਦੀ ਹੈ ਤੇ ਜੇ ਕੰਮ ਕਾਲੇ ਹੋਣ ਤਾਂ ਕਿਸੇ ਹੋਰ ਸਰੀਰ ਵਿਚ ਪੈ ਕੇ ਮੁੜ ਜਨਮ ਲੈਂਦੀ ਹੈ। ਇਸ ਤਰ੍ਹਾਂ ਇਸ ਦਾ ਆਉਣ-ਜਾਣ ਦਾ ਸਿਲਸਿਲਾ ਉਦੋਂ ਤੀਕ ਬਣਿਆ ਰਹਿੰਦਾ ਹੈ, ਜਦੋਂ ਤੀਕ ਇਹ ਬਹੁਤੇ ਚੰਗੇ ਕਰਮ ਕਰਕੇ ਇਥੋਂ ਮੁਕਤ ਨਹੀਂ ਹੋ ਜਾਂਦੀ। ਇਹ ਵੀ ਕਿਹਾ ਜਾਂਦਾ ਹੈ ਕਿ ਆਤਮਾ ਮਰਦੀ ਨਹੀਂ, ਇਹ ਪਰਮਾਤਮਾ ਦੀ ਅੰਸ਼ ਹੈ, ਜੋ ਉਸ ਨਾਲੋਂ ਅੱਡ ਹੋ ਕੇ ਮਾਯਾ ਨਾਲ ਖੇਡਣ ਪਿਛੋਂ ਫਿਰ ਉਸੇ ਵਿਚ ਵਾਪਸ ਸਮਾਉਣਾ ਲੋਚਦੀ ਹੈ। ਅਧਿਆਤਮਵਾਦ ਦੇ ਇਹ ਵਿਚਾਰ ਕਲਪਿਤ ਹਨ। ਗ੍ਰੰਥਾਂ ਤੋਂ ਬਿਨਾ ਇਨ੍ਹਾਂ ਦਾ ਨਾ ਕੋਈ ਅਨੁਭਵੀ ਸ੍ਰੋਤ ਹੈ ਤੇ ਨਾ ਕੋਈ ਪ੍ਰਮਾਣ। ਆਤਮਾ ਦੀ ਇਹ ਮੁਢਲੀ ਧਾਰਨਾ ਗਰੁੜ ਪੁਰਾਣ ਜਿਹੇ ਪੁਰਾਤਨ ਹਿੰਦੂ ਗ੍ਰੰਥਾਂ ਵਿਚ ਮਿਲਦੀ ਹੈ ਤੇ ਜਾਣੇ-ਅਣਜਾਣੇ ਬਹੁਤੇ ਸਿੱਖ ਵੀ ਇਸ ਨੂੰ ਮੰਨਦੇ ਹਨ।

ਇਸ ਧਾਰਨਾ ਅਨੁਸਾਰ ਅਧਿਆਤਮਵਾਦ ਦਾ ਮੁੱਖ ਵਿਸ਼ਾ ਆਤਮਾ ਦੀ ਖੋਜ ਕਰਨਾ ਤੇ ਇਸ ਰਾਹੀਂ ਪਰਮਾਤਮਾ ਨੂੰ ਮਿਲਣ ਅਰਥਾਤ ਮੁਕਤੀ ਦਾ ਰਾਹ ਲੱਭਣਾ ਹੈ। ਮਾਯਾ ਦੇ ਵੱਖ ਵੱਖ ਰੂਪਾਂ, ਜਿਨ੍ਹਾਂ ਵਿਚ ਆਤਮਾ ਲਿਪਟੀ ਰਹਿੰਦੀ ਹੈ, ਦਾ ਵਿਸ਼ਲੇਸ਼ਣ ਕਰਨਾ ਵੀ ਇਸ ਵਿਚ ਸ਼ਾਮਲ ਹੈ, ਕਿਉਂਕਿ ਆਤਮਾ ਸਰੀਰ ਦਾ ਪ੍ਰਤੀਰੂਪ (Anti-ego) ਹੈ, ਇਸ ਲਈ ਅਧਿਆਤਮਵਾਦੀ 'ਨਾਸ਼ਵਾਨ' ਸਰੀਰ ਦੀ ਪ੍ਰਵਾਹ ਨਾ ਕਰਦਿਆਂ ਆਤਮਾ ਦਾ ਹੀ ਵਿਕਾਸ ਕਰਨਾ ਚਾਹੁੰਦੇ ਹਨ। ਇਹ ਸਭ ਕਾਰਜ ਉਹ ਸੰਸਾਰਕ ਮੋਹ ਮਾਇਆ ਤੋਂ ਦੂਰ ਰਹਿੰਦਿਆਂ ਅੰਤਰ-ਧਿਆਨ ਹੋ ਕੇ ਕਰਦੇ ਹਨ। ਉਹ ਸੰਸਾਰਕ ਮਾਇਆ ਨੂੰ ਦੂਸ਼ਿਤ ਸਮਝਦਿਆਂ ਇਸ ਵਿਚ ਉੱਗੇ ਆਤਮਾ ਰੂਪੀ ਕਮਲ ਦੇ ਫੁੱਲ ਦੀ ਸੰਭਾਲ ਵੱਲ ਵਧੇਰੇ ਧਿਆਨ ਦਿੰਦੇ ਹਨ। ਅਧਿਆਤਮਵਾਦੀਆਂ ਦੀ ਵਿੱਧੀ ਇਕ ਪਾਸੇ ਧਿਆਨ, ਸਮਾਧੀ, ਉਪਵਾਸ ਅਤੇ ਦੂਜੇ ਪਾਸੇ ਪੂਜਾ, ਪਾਠ, ਅਰਦਾਸ ਤੇ ਸਿਮਰਨ ਕਰਨ ਦੀ ਹੈ। ਇਹ ਕਾਰਜ ਬ੍ਰਾਹਮਣ ਰਾਮ ਨਾਮ ਰਾਹੀਂ, ਸਿੱਧ ਪੁਰਖ ਜਗਦੀਸ਼ ਦਾ ਨਾਂ ਜਪ ਕੇ ਤੇ ਅਜੋਕੇ ਸਿੱਖ ਨਾਮ ਸਿਮਰਨ ਭਾਵ ਬਾਣੀ ਦਾ ਲਗਾਤਾਰ ਉਚਾਰਨ ਕਰਕੇ ਕਰਦੇ ਹਨ। ਇਸ ਮਾਯਾਵੀ ਸੰਸਾਰ ਨਾਲ ਉਹ ਉਨਾ ਹੀ ਜੁੜਦੇ ਹਨ, ਜਿੰਨਾ ਦੇਹੀ ਦੇ ਪਾਲਣ ਪੋਸਣ ਲਈ ਲੋੜੀਂਦਾ ਹੈ। ਉਨ੍ਹਾਂ ਅਨੁਸਾਰ ਮਾਯਾ ਜਾਂ ਪਦਾਰਥ ਵਿਨਾਸ਼ਸ਼ੀਲ ਹੈ, ਭਾਵ ਛਲਾਵਾ ਹੈ, ਇਸ ਲਈ ਇਸ ਨਾਲ ਮੋਹ ਪਾਉਣਾ ਆਪਣੇ ਮੰਤਵ ਤੋਂ ਭਟਕਣ ਵਾਲੀ ਗੱਲ ਹੈ। ਅਜੋਕੇ ਸਿੱਖ ਵਿਦਵਾਨ, ਪੁਜਾਰੀ ਤੇ ਪ੍ਰਚਾਰਕ ਉਪਚਾਰਕ ਤੌਰ ਤੇ ਆਪਣੀ ਸੋਚ ਵਿਚ ਅਧਿਆਤਮਵਾਦ ਦਾ ਇਹੀ ਮਾਡਲ ਲਈ ਘੁੰਮਦੇ ਹਨ, ਭਾਵੇਂ ਯਥਾਰਥਕ ਤੌਰ 'ਤੇ ਉਹ ਮਾਇਕ ਲਾਲਸਾ ਤੇ ਸਵਾਰਥ ਵਿਚ ਉਹ ਹੋਰਾਂ ਤੋਂ ਵਧ ਲਿਪਤ ਵੀ ਕਿਉਂ ਨਾ ਹੋਣ।

ਗੁਰੂ ਸਾਹਿਬ ਅਧਿਆਤਮਵਾਦੀ ਧਾਰਨਾ ਨਾਲ ਨਹੀਂ ਖੜ੍ਹਦੇ। ਉਨ੍ਹਾਂ ਅਨੁਸਾਰ ਇਸ ਪਰਿਵਰਤਨਸ਼ੀਲ ਬਹੁਰੰਗੀ ਸੰਸਾਰ ਦਾ ਇਕੋ ਸ੍ਰੋਤ ਹੈ, ਪਰ ਉਹ ਕੀ ਹੈ ਤੇ ਉਸ ਦਾ ਨਾਮ ਕੀ ਹੈ, ਇਹ ਵਿਗਿਆਨਕ ਖੋਜ ਦਾ ਵਿਸ਼ਾ ਹੈ। ਬਾਣੀ ਵਿਚ ਗੁਰੂ ਸਾਹਿਬ ਨੇ ਅਧਿਆਤਮ ਸ਼ਬਦ ਕਈ ਵਾਰ ਵਰਤਿਆ ਹੈ। ਉਨ੍ਹਾਂ ਨੇ ਇਸ ਨੂੰ ਮਨ ਜਾਂ ਅੰਦਰੂਨੀ ਆਪੇ ਦੇ ਅਰਥਾਂ ਵਿਚ ਵਰਤਿਆ ਹੈ। ਅਧਿਅਤਮ ਉਨ੍ਹਾਂ ਲਈ ਮਨਨ, ਆਪਾ-ਪੜਚੋਲਣ ਤੇ ਅੰਤਰਝਾਤ ਤੋਂ ਵੱਧ ਕੁਝ ਨਹੀਂ ਸੀ। ਉਨ੍ਹਾਂ ਨੇ ਇਸ ਨੂੰ ਨਾ ਕਿਸੇ ਵਿਧੀ ਨਾਲ ਜੋੜਿਆ ਹੈ, ਨਾ ਕਰਮ-ਕਾਂਡ ਨਾਲ, ਨਾ ਮੁਕਤੀ ਨਾਲ ਤੇ ਨਾ ਜੀਵਨ ਦੇ ਕਿਸੇ ਹੋਰ ਮਨੋਰਥ ਨਾਲ। ਉਨ੍ਹਾਂ ਦੀ ਤਾਈਦ ਕਰਦਾ ਵੀਹਵੀਂ ਸਦੀ ਦਾ ਵਿਗਿਆਨ ਫਿਲਾਸਫਰ ਮਾਰਿਸ ਕਾਰਫੋਰਥ ਲਿਖਦਾ ਹੈ ਕਿ ਮਨ ਮਨੁੱਖੀ ਸਰੀਰ ਦਾ ਹਿੱਸਾ ਹੈ ਤੇ ਇਹ ਸਰੀਰ ਤੋਂ ਅੱਡ ਹੋ ਕੇ ਕੰਮ ਨਹੀਂ ਕਰ ਸਕਦਾ। ਉਹ ਅੱਗੇ ਸਪਸ਼ਟ ਕਰਦਾ ਹੈ ਕਿ ਸਰੀਰ ਵਿਚ ਮਨ ਦੇ ਸਭ ਕਾਰਜ ਦਿਮਾਗ ਕਰਦਾ ਹੈ; ਪਰ ਅਜੋਕੇ ਸਿੱਖ ਵਿਦਵਾਨ, ਪੁਜਾਰੀ ਤੇ ਪ੍ਰਚਾਰਕ ਵਿਗਿਆਨ ਦੇ ਨੇੜਿਓਂ ਨਹੀਂ ਲੰਘਦੇ। ਮਨੁੱਖੀ ਮਨ ਤੇ ਤਨ ਵਿਚ ਭੇਦ ਖੜ੍ਹਾ ਕਰ ਕੇ ਉਹ ਮਨ ਦੀਆਂ ਪ੍ਰੀਕ੍ਰਿਆਵਾਂ ਤੇ ਸਰੋਕਾਰਾਂ ਨੂੰ ਆਤਮਾ ਦਾ ਨਾਂ ਦਿੰਦੇ ਹਨ। ਇਸ ਤੋਂ ਉਹ ਸਿੱਟਾ ਕੱਢਦੇ ਹਨ ਕਿ ਮਨੁੱਖ ਦਾ ਇਹ ਜੀਵਨ ਉਸ ਲਈ ਇਕ ਸਜ਼ਾ ਮਾਤਰ ਹੈ ਤੇ ਉਸ ਦਾ ਅਸਲ ਮਨੋਰਥ ਆਪਣੇ ਅਗਲੇ ਜੀਵਨ ਵਿਚ ਜਾ ਕੇ ਮੁਕਤ-ਵਾਸ ਕਰਨਾ ਹੈ। ਇਸ ਲਈ ਉਸ ਨੇ ਉਸੇ ਜੀਵਨ ਨੂੰ ਚੰਗਾ ਕਰਨਾ ਹੈ। ਉਨ੍ਹਾਂ ਅਨੁਸਾਰ ਅਗਲਾ ਜੀਵਨ ਉਹ ਹੈ, ਜਿੱਥੇ 'ਆਤਮਾ' ਨੇ ਮਰਨ ਪਿਛੋਂ ਜਾਣਾ ਹੈ। ਇਹ ਥਾਂ ਕੋਈ ਨਵਾਂ ਸਰੀਰ ਵੀ ਹੋ ਸਕਦਾ ਹੈ ਤੇ ਪਰਮਾਤਮਾ ਦੀ ਦਰਗਾਹ ਵੀ ਹੋ ਸਕਦੀ ਹੈ। ਜੇ ਮਨੁੱਖ ਸਾਰੀ ਉਮਰ ਪ੍ਰਭੂ ਦਾ ਸਿਮਰਨ ਕਰੇਗਾ ਤਾਂ ਹੀ ਉਸ ਦੀ ਆਤਮਾ ਸੰਸਾਰ ਦੇ ਆਵਾਗਵਣ ਤੋਂ ਮੁਕਤੀ ਪ੍ਰਾਪਤ ਕਰ ਕੇ ਪ੍ਰਭੂ-ਚਰਨਾਂ ਵਿਚ ਜਾ ਨਿਵਾਸੇਗੀ। ਜੇ ਇਹ ਭਗਤੀ ਘਟ ਹੋਵੇ ਤਾਂ ਇਹ ਅਗਲੇ ਜਨਮ ਵਿਚ ਫਿਰ ਪੂਰੀ ਕਰਨੀ ਪਵੇਗੀ। ਅਗਲਾ ਜਨਮ ਵੀ ਪਿਛਲੀ ਭਗਤੀ ਦੇ ਮਿਆਰ ਮੁਤਾਬਿਕ ਮਿਲੇਗਾ। ਅਧਿਆਤਮਵਾਦ ਤੋਂ ਪ੍ਰਭਾਵਿਤ ਇਹ ਸਿੱਖ ਆਪਣੀ ਕਿਸੇ ਵੀ ਗੱਲ ਨੂੰ ਸਬੂਤਾਂ ਨਾਲ ਪੇਸ਼ ਨਹੀਂ ਕਰਦੇ ਤੇ ਨਾ ਹੀ ਆਪਣੀ ਸਦੀਆਂ ਪੁਰਾਣੀ ਮਾਨਤਾ ਦੀ ਕੋਈ ਠੋਸ ਪ੍ਰਾਪਤੀ ਦਿਖਾਉਂਦੇ ਹਨ। ਉਹ ਆਪਣੇ ਵਿਚਾਰਾਂ ਤੇ ਮਾਨਤਾਵਾਂ ਨੂੰ ਕੋਰੇ ਯਕੀਨ ਸਦਕਾ ਸੱਚ ਮੰਨਦੇ ਹਨ ਤੇ ਹੋਰਾਂ ਤੋਂ ਮੰਨਵਾਉਂਦੇ ਹਨ। ਇਸ ਤਰ੍ਹਾਂ ਉਨ੍ਹਾਂ ਨੇ ਵਿਸ਼ਵਾਸ ਰਾਹੀਂ ਸ਼ਰਧਾਲੂਆਂ ਨੂੰ ਇਕ ਅਣਦੇਖੇ ਤੇ ਅਣਕਿਆਸੇ ਘੁੰਮਣਘੇਰ ਵਿਚ ਪਾਇਆ ਹੋਇਆ ਹੈ, ਜਿਸ ਕਾਰਨ ਉਹ ਇਸ ਜੀਵਨ ਦਾ ਧਿਆਨ ਛੱਡ ਕੇ ਅਗਲੇ ਜੀਵਨ ਨੂੰ 'ਸਫਲਾ' ਕਰਨ ਦੀ ਹੋੜ ਵਿਚ ਲੱਗੇ ਰਹਿੰਦੇ ਹਨ। ਉਹ ਮਨ ਤੇ ਤਨ ਦੇ ਸਰੋਕਾਰਾਂ ਦਾ ਨਪੀੜਨ ਕਰ ਕੇ 'ਆਤਮਾ' ਭਾਵ 'ਰੂਹ' ਦੀ ਖਲਾਸੀ ਨੂੰ ਪਰਮ-ਅਗੇਤ ਦਿੰਦੇ ਹਨ। ਸੱਚ ਤਾਂ ਇਹ ਹੈ ਕਿ ਬਹੁਤੇ ਸਿੱਖ ਸ਼ਰਧਾਲੂ ਤਾਂ ਨਾਮ ਸਿਮਰਨ ਤੇ ਨਿਤਨੇਮੀ ਪੂਜਾ ਪਾਠ ਕਰਦੇ ਹੀ ਇਸ ਲਈ ਹਨ ਕਿ ਉਹ ਆਪਣਾ ਲੋਕ ਤੇ ਪ੍ਰਲੋਕ-ਦੋਵੇਂ 'ਸੁਹੇਲੇ' ਕਰ ਲੈਣ।

ਇਹ ਸੋਚ ਉਸ ਵੇਲੇ ਤੋਂ ਚਲੀ ਆ ਰਹੀ ਹੈ, ਜਦੋਂ ਮਨੁੱਖਤਾ ਆਪਣੇ ਬਚਪਨ ਵਿਚ ਸੀ ਤੇ ਮਨੁੱਖ ਇਕ ਬੱਚੇ ਦੀ ਭਾਂਤੀ ਡਰ, ਭੈ, ਅਚੰਭੇ ਤੇ ਯਕੀਨ ਦੇ ਜਜ਼ਬਾਤ (Emotions) ਤੋਂ ਵਧੇਰੇ ਪ੍ਰਭਾਵਿਤ ਹੁੰਦਾ ਸੀ। ਗਿਆਨ-ਵਿਗਿਆਨ ਤੇ ਸਮਝ ਸੋਚ ਤੋਂ ਕੋਰਾ ਹੋਣ ਕਰਕੇ ਉਹ ਸੰਸਾਰਕ ਵਰਤਾਰਿਆਂ ਦੇ ਕਾਰਨਾਂ ਨੂੰ ਲੱਭਣ ਦੀ ਥਾਂ, ਮਿੱਥ ਲੈਂਦਾ ਹੁੰਦਾ ਸੀ। ਹੜੱਪਾ ਮਹਿੰਜੋਦਾਰੋ ਦੇ ਰਹਿਣ ਵਾਲੇ ਮੰਨਦੇ ਸਨ ਕਿ ਮਰਨ ਵਾਲੇ ਦੀ ਆਤਮਾ ਸੂਰਜ ਕੋਲ ਜਾਂਦੀ ਹੈ। ਇਸ ਲਈ ਉਹ ਮੁਰਦੇ ਦੇ ਨਾਲ ਖਾਣ-ਪੀਣ ਦਾ ਸਾਮਾਨ ਜਿਵੇਂ ਭਾਂਡੇ, ਪਾਣੀ, ਦਾਣੇ ਤੇ ਮੁਰਗਾ ਮਾਰ ਕੇ ਦਫਨਾਉਂਦੇ ਸਨ ਤਾਂ ਜੋ ਉਸ ਨੂੰ ਸਫਰ ਵਿਚ ਭੁੱਖ ਨਾ ਲੱਗੇ। ਮਿਸਰ ਦੇ ਪੈਰਾਮਿਡਸ (Pyramids) ਦੀਆਂ ਕਬਰਾਂ ਵਿਚੋਂ ਵੀ ਮੁਰਦੇ ਦੇ ਕੰਮ ਆਉਣ ਵਾਲੀ ਸਮਗਰੀ ਦੇ ਅਵਸ਼ੇਸ਼ ਮਿਲੇ ਹਨ, ਜੋ ਉਸ ਦੀ ਮਰਨ ਉਪਰੰਤ ਯਾਤਰਾ ਦੇ ਸੰਕਲਪ ਦਾ ਸੰਕੇਤ ਕਰਦੇ ਹਨ। ਜੂਡਾਇਜ਼ਮ, ਇਸਾਈ ਮੱਤ ਤੇ ਇਸਲਾਮ ਵਿਚ ਵੀ ਮੁੱਢ ਤੋਂ ਇਹ ਧਾਰਨਾ ਬਣੀ ਹੋਈ ਹੈ ਕਿ ਮਰਨ ਪਿਛੋਂ ਮਨੁੱਖ ਨੂੰ ਕਰਮਾਂ ਅਨੁਸਾਰ ਨਰਕ ਜਾਂ ਸੁਰਗ ਵਿਚ ਘੱਲਿਆ ਜਾਣਾ ਪੈਂਦਾ ਹੈ। ਹਿੰਦੂ ਲੋਕ ਮੁਰਦੇ ਨਾਲ ਸ਼ਮਸ਼ਾਨਘਾਟ ਵਿਚ ਇਕ ਛੋਟੇ ਸੁਰਾਖ ਵਾਲਾ ਪਾਣੀ ਦਾ ਭਰਿਆ ਘੜ੍ਹਾ ਤੇ ਆਟੇ ਦੇ ਪਿੰਨੇ ਰੱਖ ਕੇ ਆਉਂਦੇ ਹਨ ਤਾਂ ਜੋ ਉਸ ਦੀ ਭਟਕਦੀ ਆਤਮਾ ਭੁੱਖੀ ਪਿਆਸੀ ਨਾ ਰਹੇ।

ਜੇ ਅਧਿਆਤਮਵਾਦ ਅਨੁਸਾਰ ਚੱਲੀਏ ਤਾਂ ਮੰਨਣਾ ਪਵੇਗਾ ਕਿ ਇਹ ਸੰਸਾਰ ਅਸਥਿਰ ਹੈ, ਪਰ ਕਿੰਨਾ ਕੁ ਅਸਥਿਰ ਹੈ? ਕੀ ਘਰੋਂ ਨਿਕਲੇ ਲੋਕ ਜਦੋਂ ਵਾਪਸ ਆਉਂਦੇ ਹਨ, ਉਨ੍ਹਾਂ ਦਾ ਘਰ ਉੱਥੇ ਨਹੀਂ ਹੁੰਦਾ? ਕੀ ਉਨ੍ਹਾਂ ਦੀਆਂ ਸੜਕਾਂ ਰਸਤੇ ਬਦਲ ਜਾਂਦੇ ਹਨ? ਕੀ ਤਿੰਨ ਸਦੀਆਂ ਪਹਿਲਾਂ ਦਿੱਤੀਆਂ ਨਿਊਟਨ ਦੀਆਂ ਥਿਊਰੀਆਂ ਨਾਸ਼ ਹੋ ਗਈਆਂ ਹਨ? ਕੀ ਅੱਠ ਸਦੀਆਂ ਪੁਰਾਣਾ ਕੁਤੁਬ ਮੀਨਾਰ ਉੱਥੇ ਹੀ ਨਹੀਂ ਖੜ੍ਹਾ? ਜੇ ਮਨੁੱਖ ਤੇ ਹੋਰ ਜੀਵ ਜੰਤੂ ਕੁਦਰਤ ਦੇ ਨਿਯਮਿਤ ਗੇੜ (Pattern) ਅਨੁਸਾਰ ਜੰਮਦੇ-ਮਰਦੇ ਰਹਿੰਦੇ ਹਨ ਤਾਂ ਇਹ ਪੂਰਾ ਸੰਸਾਰ ਨਾਸ਼ਵਾਨ ਤਾਂ ਨਹੀਂ ਹੋ ਜਾਂਦਾ! ਵਿਗਿਆਨ ਕਹਿੰਦਾ ਹੈ ਕਿ ਪਦਾਰਥ ਨਾਸ਼ਵਾਨ ਨਹੀਂ ਹੈ; ਗੁਰੂ ਸਾਹਿਬ ਕਹਿੰਦੇ ਹਨ ਇਹ ਅਨਾਦਿ, ਅਨੰਤ ਤੇ ਅਕਾਲ ਹੈ। ਆਈਨਸਟੀਨ ਕਹਿੰਦਾ ਹੈ ਕਿ ਇਹ ਨਾਸ਼ ਨਹੀਂ ਹੁੰਦਾ, ਸਗੋਂ ਇਹ ਸ਼ਕਤੀ ਵਿਚ ਤਬਦੀਲ ਹੋ ਸਕਦਾ ਹੈ। ਵਿਗਿਆਨ ਪੂਰੇ ਸਬੂਤ ਦੇ ਕੇ ਮਾਦੇ ਨੂੰ ਅਬਿਨਾਸ਼ੀ ਸਿੱਧ ਕਰਦਾ ਹੈ, ਪਰ ਅਧਿਆਤਮਵਾਦ ਬੇਤਰਕੀਆਂ ਮਨੌਤਾਂ ਘੜ ਕੇ ਇਸ ਨੂੰ ਨਾਸ਼ਵਾਨ ਕਹਿੰਦਾ ਹੈ। ਅਧਿਆਤਮਵਾਦ ਪੁਰਾਤਨ ਹੈ, ਵਿਗਿਆਨ ਆਧੁਨਿਕ ਹੈ। ਪੁਰਾਤਨ ਮਨੁੱਖ ਪਸ਼ੂਤਵ ਦੇ ਵਧੇਰੇ ਨੇੜੇ ਸੀ। ਉਸ ਵੇਲੇ ਉਹ ਮਨੁੱਖਤਾ ਦੇ ਨਿਆਣਪਣ ਵਿਚ ਸੀ, ਉਸ ਉੱਤੇ ਵਿਚਾਰ ਵਿਵੇਕ ਨਾਲੋਂ ਕਲਪਨਾ ਵਧੇਰੇ ਭਾਰੂ ਸੀ। ਉਸ ਕੋਲ ਪੜ੍ਹਾਈ-ਲਿਖਾਈ ਤੇ ਪੂਰਵ ਗਿਆਨ ਦੀ ਘਾਟ ਸੀ। ਇਸ ਲਈ ਉਹ ਬ੍ਰਹਮ-ਵਿਦਿਆ ਦੇ ਖੇਤਰ ਵਿਚ ਬੌਣਾ ਸੀ, ਪਰ ਉਸ ਕੋਲ ਜਗਿਆਸਾ ਸੀ, ਇਸ ਲਈ ਉਸ ਨੇ ਬੱਚਿਆਂ ਵਾਂਗ ਆਪਣੇ ਗਿਆਨ ਦਾ ਘਾਟਾ ਉਸ ਵੇਲੇ ਦੀ ਉਪਲਭਦ ਵਿਧੀ, ਕਲਪਨਾ ਨਾਲ ਪੂਰਾ ਕੀਤਾ। ਹੁਣ ਗਿਆਨ ਪੱਖੋਂ ਉਸ ਦੀ ਸਥਿਤੀ ਸੁਖਾਲੀ ਹੀ ਨਹੀਂ, ਸਿਆਣੀ ਹੋ ਗਈ ਹੈ, ਇਸ ਲਈ ਹੁਣ ਉਹ ਬਚਪਨੀਆਂ ਗੱਲਾਂ ਨਹੀਂ ਕਰ ਸਕਦਾ।

ਗੁਰੂ ਸਾਹਿਬ ਅਧਿਆਤਮਵਾਦੀ ਧਾਰਨਾ ਨਾਲ ਨਹੀਂ ਖੜ੍ਹਦੇ। ਉਨ੍ਹਾਂ ਅਨੁਸਾਰ ਇਸ ਪਰਿਵਰਤਨਸ਼ੀਲ ਬਹੁਰੰਗੀ ਸੰਸਾਰ ਦਾ ਇਕੋ ਸ੍ਰੋਤ ਹੈ, ਪਰ ਉਹ ਕੀ ਹੈ ਤੇ ਉਸ ਦਾ ਨਾਮ ਕੀ ਹੈ, ਇਹ ਵਿਗਿਆਨਕ ਖੋਜ ਦਾ ਵਿਸ਼ਾ ਹੈ। ਬਾਣੀ ਵਿਚ ਗੁਰੂ ਸਾਹਿਬ ਨੇ ਅਧਿਆਤਮ ਸ਼ਬਦ ਕਈ ਵਾਰ ਵਰਤਿਆ ਹੈ। ਉਨ੍ਹਾਂ ਨੇ ਇਸ ਨੂੰ ਮਨ ਜਾਂ ਅੰਦਰੂਨੀ ਆਪੇ ਦੇ ਅਰਥਾਂ ਵਿਚ ਵਰਤਿਆ ਹੈ। ਅਧਿਅਤਮ ਉਨ੍ਹਾਂ ਲਈ ਮਨਨ, ਆਪਾ-ਪੜਚੋਲਣ ਤੇ ਅੰਤਰਝਾਤ ਤੋਂ ਵੱਧ ਕੁਝ ਨਹੀਂ ਸੀ। ਉਨ੍ਹਾਂ ਨੇ ਇਸ ਨੂੰ ਨਾ ਕਿਸੇ ਵਿਧੀ ਨਾਲ ਜੋੜਿਆ ਹੈ, ਨਾ ਕਰਮ-ਕਾਂਡ ਨਾਲ, ਨਾ ਮੁਕਤੀ ਨਾਲ ਤੇ ਨਾ ਜੀਵਨ ਦੇ ਕਿਸੇ ਹੋਰ ਮਨੋਰਥ ਨਾਲ।

ਗਿਆਨ ਇਕ ਇਤਿਹਾਸਕ ਪ੍ਰਾਪਤੀ ਹੈ। ਇਹ ਪੁਰਾਤਨ ਤੋਂ ਆਧੁਨਿਕ ਵਲ ਵਧਦਾ ਹੈ ਤੇ ਚਲਦੇ-ਚਲਦੇ ਪੁਰਾਤਨ ਜਾਣਕਾਰੀ ਦੀਆਂ ਗਲਤੀਆਂ ਨੂੰ ਸੁਧਾਰਦਾ ਚਲਦਾ ਹੈ। ਇਸ ਲਈ ਅੱਜ ਦੇ ਵਿਗਿਆਨ-ਵਿਵੇਕੀ ਯੁਗ ਵਿਚ ਵਿਗਿਆਨ ਨੇ ਅਧਿਆਤਮਵਾਦ ਨੂੰ ਇਸ ਹੱਦ ਤੀਕ ਖੋਖਲਾ ਕਰ ਦਿੱਤਾ ਹੈ ਕਿ ਅਜੋਕੇ ਸੰਸਾਰ ਵਿਚ ਇਸ ਦੀ ਕੋਈ ਥਾਂ ਨਹੀਂ। ਫਿਰ ਕੀ ਅਧਿਆਤਮਵਾਦ ਵਿਚ ਇਕ ਗੱਲ ਵੀ ਸਹੀ ਨਹੀਂ ਹੈ? ਹਾਂ, ਬੱਸ ਇਕੋ ਗੱਲ ਹੈ। ਉਹ ਇਹ ਕਿ ਉਹ ਸਮਝਦਾ ਹੈ, ਇਹ ਸੰਸਾਰ ਅਸਥਿਰ ਹੈ ਤੇ ਇਸ ਦੇ ਪ੍ਰਬੰਧ ਦੀ ਵਾਗਡੋਰ ਕਿਸੇ ਹੋਰ ਥਾਂ ਹੈ। ਇਸ ਨੂੰ ਇਕ ਤਰ੍ਹਾਂ ਨਾਲ ਗੁਰਬਾਣੀ ਵੀ ਮੰਨਦੀ ਹੈ ਤੇ ਵਿਗਿਆਨ ਵੀ ਮੰਨਦਾ ਹੈ। ਇਸ ਤੋਂ ਅੱਗੇ ਸਭ ਲਈ ਸੰਸਾਰਕ ਮਾਯਾ ਭਾਵ ਧਰਤੀ, ਪਹਾੜ, ਹਵਾ, ਨਦੀਆਂ, ਇਤਿਹਾਸ, ਆਰਥਕਤਾ ਤੇ ਮਨੁੱਖੀ ਰਿਸ਼ਤੇ-ਨਾਤਿਆਂ ਆਦਿ ਅੱਗੇ ਬਰਾਬਰ ਦਾ ਪਰਦਾ ਤਣਿਆ ਹੋਇਆ ਹੈ; ਪਰ ਇਸ ਪਰਦੇ ਪਿਛਲੀ ਸੱਚਾਈ (ਪਰਮ-ਸਤਿ) ਤੀਕ ਪਹੁੰਚਣ ਦੀ ਸਭ ਦੀ ਵਿਉਂਤ (Approach) ਵੱਖੋ ਵੱਖਰੀ ਹੈ। ਇਹ ਪਰਦਾ ਚੀਰ ਕੇ ਉਸ ਸ੍ਰੋਤ ਨੂੰ ਜਾਣਨ ਤੇ ਪਛਾਣਨ ਦੇ ਮੁੱਦੇ ਉਤੇ ਗੁਰਬਾਣੀ ਤੇ ਵਿਗਿਆਨ ਆਪਣਾ ਰਸਤਾ ਅਧਿਆਤਮਵਾਦ ਤੋਂ ਅਲਗ ਕਰ ਲੈਂਦੇ ਹਨ। ਅਧਿਆਤਮਵਾਦ ਇਸ ਨੂੰ ਖਿਆਲ-ਉਡਾਰੀਆਂ ਤੇ ਵਿਸ਼ਵਾਸ ਰਾਹੀਂ ਪਾਉਣ ਦੀ ਕੋਸ਼ਿਸ਼ ਕਰਦਾ ਹੈ, ਜਦੋਂ ਕਿ ਗੁਰਬਾਣੀ ਤੇ ਵਿਗਿਆਨ ਤਰਕ, ਵਿਵੇਕ ਤੇ ਪ੍ਰਮਾਣਾਂ ਰਾਹੀਂ ਲੱਭਦੇ ਹਨ। ਅਧਿਆਤਮਵਾਦ ਦੀ ਰੀਤ ਵਿਸ਼ਵਾਸ ਕਰ ਕੇ ਕੰਠ ਕਰਨ ਦੀ ਹੈ, ਭਾਵ ਇਕ ਵਾਰ ਯਕੀਨ ਕੀਤੇ ਗਿਆਨ ਨੂੰ ਪੱਕਾ ਤੇ ਸੱਚਾ ਸਮਝਣ ਦੀ ਹੈ, ਜਦੋਂ ਕਿ ਗੁਰਬਾਣੀ ਤੇ ਵਿਗਿਆਨ ਇਸ ਨੂੰ ਪ੍ਰਮਾਣ ਦੀ ਕਸੌਟੀ 'ਤੇ ਪਰਖ ਕੇ ਨਵਿਆਉਣ ਦੇ ਹਾਮੀ ਹਨ। ਅਜੋਕੀ ਸਥਿਤੀ ਇਹ ਹੈ ਕਿ ਅਧਿਆਤਮਵਾਦੀ ਮਾਇਆ ਤੋਂ ਚੁੰਧਿਆ ਕੇ ਵਿਸ਼ਵਾਸ ਦੀ ਦੁਨੀਆਂ ਵਲ ਪਲਾਇਨ ਕਰਨਾ ਚਾਹੁੰਦੇ ਹਨ, ਜਦੋਂ ਕਿ ਵਿਗਿਆਨੀਆਂ ਨੇ ਨਵੇਂ ਔਜਾਰਾਂ ਦੀ ਮਦਦ ਨਾਲ ਪਦਾਰਥ ਦੇ ਅਣਦਿਸਦੇ ਅੰਦਰਵਾਰ ਦੀ ਪੁਣ-ਛਾਣ ਸ਼ੁਰੂ ਕੀਤੀ ਹੋਈ ਹੈ ਤੇ ਗੁਰਬਾਣੀ ਇਸ ਦੇ ਖੋਜ-ਕਾਰਜ ਨੂੰ ਜੀ ਆਇਆਂ ਕਹਿੰਦੀ ਹੈ।

ਮਨੁੱਖ ਨੂੰ ਪਦਾਰਥ ਦੀ ਵਿਗਿਆਨਕ ਖੁਦਾਈ ਵਿਚੋਂ ਹੀ ਉਹ ਚੀਜ਼ ਪ੍ਰਾਪਤ ਹੋਈ ਹੈ, ਜਿਸ ਨੂੰ ਜਾਣਨ ਦੀ ਉਸ ਨੂੰ ਸਦੀਆਂ ਤੋਂ ਤੜਪ ਸੀ। ਆਧੁਨਿਕ ਵਿਗਿਆਨੀ ਅਧਿਆਤਮਵਾਦੀਆਂ ਵਾਂਗ ਧਰਤੀ, ਹਵਾ, ਪਾਣੀ, ਅਗਨੀ, ਆਕਾਸ਼ ਆਦਿ ਪਰੰਪਰਾਗਤ ਪੰਜ ਭੂਤਾਂ (Elements) 'ਤੇ ਨਹੀਂ ਅਟਕੇ, ਸਗੋਂ ਉਨ੍ਹਾਂ ਨੇ ਸਾਰੇ ਮਾਦੇ ਦੀ ਪੜਤਾਲ ਕਰ ਕੇ ਸੌ ਤੋਂ ਵੀ ਵੱਧ ਤੱਤ ਲੱਭੇ ਹਨ। ਅੱਜ ਕੱਲ ਲੱਭੇ ਤੱਤਾਂ ਦੀ ਗਿਣਤੀ 118 ਹੈ ਤੇ ਹੋਰ ਖੋਜੇ ਜਾਣ ਦੀ ਸੰਭਾਵਨਾ ਹੈ। ਇਸ ਨਾਲ ਵੱਡੀ ਪ੍ਰਾਪਤੀ ਇਹ ਹੋਈ ਕਿ ਅਣਗਿਣਤ ਰੰਗਾਂ ਦੀ ਮਾਇਆ 118 ਕਿਸਮ ਦੀ ਬਣ ਕੇ ਰਹਿ ਗਈ ਹੈ। ਅਨੇਕ ਤੋਂ 118 ਤੀਕ ਸਿਮਟਣਾ ਆਧੁਨਿਕ ਬ੍ਰਹਮ-ਗਿਆਨ ਦੀ ਇਕ ਅਹਿਮ ਪ੍ਰਾਪਤੀ ਸੀ, ਪਰ 118 ਤੋਂ ਇਕ 'ਤੇ ਕਿਵੇਂ ਪਹੁੰਚਿਆ ਜਾਵੇ? ਇਸ ਕੰਮ ਲਈ ਤੱਤਾਂ ਦੀਆਂ ਸਭ ਤੋਂ ਛੋਟੀਆਂ ਇਕਾਈਆਂ ਭਾਵ ਉਨ੍ਹਾਂ ਦੇ ਐਟਮਾਂ ਦੇ ਅੰਦਰ ਝਾਕਿਆ ਜਾਣਾ ਜਰੂਰੀ ਸੀ। ਇਹ ਇਕ ਅਜਿਹੀ ਲੋਹੀਲੀ ਦੀਵਾਰ ਸੀ, ਜੋ ਮਨੁੱਖੀ ਅੱਖ ਤੋਂ ਖਰਬਾਂ ਵਰਚੂਅਲ (Virtual) ਮੀਲ ਅੰਦਰ ਸੱਚ ਨੂੰ ਛਪਾਈ ਬੈਠੀ ਸੀ। ਇਸ ਦੀਵਾਰ ਦੇ ਟੁੱਟਣ ਨਾਲ ਅਸਲੀਅਤ ਕਾਫੀ ਹੱਦ ਤੀਕ ਸਾਹਮਣੇ ਆ ਗਈ। ਉਨ੍ਹੀਵੀਂ ਸਦੀ ਦੇ ਅਖੀਰ ਤੇ ਵੀਹਵੀਂ ਸਦੀ ਦੇ ਸ਼ੁਰੂ ਵਿਚ, ਖਾਸ ਤੌਰ 'ਤੇ ਰੇਡੀਅਮ ਦੀ ਖੋਜ ਪਿਛੋਂ ਭੌਤਿਕ ਵਿਗਿਆਨੀਆਂ ਨੇ ਐਟਮ ਦਾ ਅੰਦਰੂਨੀ ਢਾਂਚਾ ਲੱਭਣ ਵਿਚ ਕਾਮਯਾਬੀ ਹਾਸਲ ਕਰ ਲਈ। ਉਨ੍ਹਾਂ ਨੇ ਸਭ ਤੱਤਾਂ ਦੇ ਐਟਮਾਂ 'ਚ ਇਕ ਸਾਂਝੀ ਗੱਲ ਇਹ ਲੱਭੀ ਕਿ ਇਨ੍ਹਾਂ ਵਿਚ ਇਲੈਕਟ੍ਰਾਨ, ਪ੍ਰੋਟੋਨ ਤੇ ਨਿਊਟ੍ਰਾਨ ਨਾਮਕ ਤਿੰਨ ਤਰ੍ਹਾਂ ਦੇ ਮਹੀਨ ਕਣ ਹੁੰਦੇ ਹਨ। ਇਨ੍ਹਾਂ ਵਿਚੋਂ ਨਿਊਟ੍ਰਾਨ ਤੇ ਪ੍ਰੋਟੋਨ ਇਨ੍ਹਾਂ ਦੇ ਕੇਂਦਰ ਵਿਚ ਇੱਕਠੇ ਪਏ ਹੁੰਦੇ ਹਨ ਅਤੇ ਇਲੈਕਟ੍ਰਾਨ ਇਨ੍ਹਾਂ ਗਿਰਦ ਤੇਜੀ ਨਾਲ ਚੱਕਰ ਕੱਟਦੇ ਹਨ। ਕਿਉਂਕਿ ਸਭ ਤੱਤਾਂ ਵਿਚ ਇਨ੍ਹਾਂ ਕਣਾਂ ਕੀ ਗਿਣਤੀ ਵੱਖ ਵੱਖ ਪਾਈ ਗਈ, ਇਸੇ ਲਈ ਇਹ ਇਕ ਦੂਜੇ ਤੋਂ ਭਿੰਨ ਸਨ। ਇਸੇ ਭਿੰਨਤਾ ਕਾਰਨ ਰੰਗੀ ਰੰਗੀ ਭਾਂਤੀ ਦਾ ਸੰਸਾਰ ਬਣਿਆ ਹੈ।

ਬ੍ਰਹਿਮੰਡ ਵਿਗਿਆਨ ਦੇ ਖੇਤਰ ਵਿਚ ਵਿਗਿਆਨ ਦੀ ਇਹ ਦੂਜੀ ਵੱਡੀ ਪੁਲਾਂਘ ਸੀ। ਇਸ ਨਾਲ ਪ੍ਰਤੱਖ ਮਾਯਾ ਦੇ ਅੰਦਰੂਨੀ ਤੱਤਾਂ ਭਾਵ ਸ੍ਰੋਤਾਂ ਦੀ ਗਿਣਤੀ 118 ਤੋਂ ਘਟ ਕੇ ਤਿੰਨ ਰਹਿ ਗਈ, ਪਰ ਗੁਰਬਾਣੀ ਦੀ ਗੱਲ ਤਾਂ ਇਕ 'ਤੇ ਪਹੁੰਚਣ ਦੀ ਹੈ। ਇਹ 'ਇਕ' ਇਨ੍ਹਾਂ ਤਿੰਨਾਂ ਵਿਚੋਂ ਹੀ ਇਕ ਹੈ ਜਾਂ ਚੌਥਾ ਕੋਈ ਹੋਰ? ਆਧੁਨਿਕ ਵਿਗਿਆਨ ਸਮਝਦਾ ਹੈ ਕਿ ਇਹ ਕੋਈ ਹੋਰ ਚੌਥਾ ਕਣ ਹੈ, ਜੋ ਐਟਮ ਵਿਚਲੇ ਤਿੰਨਾਂ ਕਣਾਂ ਨੂੰ, ਖਾਸ ਕਰ ਕੇ ਨਿਊਕਲੀਅਸ ਵਿਚਲੇ ਦੋ ਕਣਾਂ ਨੂੰ ਜੋੜ ਕੇ ਰੱਖਦਾ ਹੈ। ਜੇ ਇਹ ਚੌਥਾ ਕਣ ਉਨ੍ਹਾਂ ਨੂੰ ਬੰਨ੍ਹ ਕੇ ਇੱਕਠਾ ਨਾ ਰੱਖੇ ਤਾਂ ਐਟਮ ਦੀ ਰਚਨਾ ਖਿੰਡ ਜਾਵੇਗੀ ਤੇ ਬ੍ਰਹਿਮੰਡ ਆਪਣਾ ਵਜੂਦ ਧਾਰਨ ਨਹੀਂ ਕਰ ਸਕੇਗਾ। ਭਾਵੇਂ ਵਿਗਿਆਨੀ ਹਿੱਗੀਨਜ਼-ਬੋਸੋਨ ਨਾਂ ਵਾਲੇ ਇਸ 'ਰੱਬੀ' ਕਣ ਦੀ ਭਾਲ ਕਰ ਰਹੇ ਹਨ, ਪਰ ਜੇ ਇਹ ਜੋੜਨ ਵਾਲਾ ਚੌਥਾ ਤੱਤ ਮਿਲ ਜਾਂਦਾ ਹੈ ਤਾਂ ਕੀ ਇਹ ਗੁਰੂ ਨਾਨਕ ਦੀ ਧਾਰਨਾ ਵਾਲਾ ਪਰਮ-ਸਤਿ ਹੋਵੇਗਾ? ਸਿਧਾਂਤਕ ਤੌਰ 'ਤੇ ਨਹੀਂ, ਕਿਉਂਕਿ ਫਿਰ ਇਨ੍ਹਾਂ ਚਾਰਾਂ ਨੂੰ ਜੋੜੀ ਰੱਖਣ ਵਾਲੇ ਭਾਵ ਇਕ ਥਾਂ ਲਿਆਉਣ ਵਾਲੇ ਕਿਸੇ ਹੋਰ ਕਣ ਜਾਂ ਸ਼ਕਤੀ ਦੀ ਕਲਪਨਾ ਕਰਨੀ ਪਵੇਗੀ। ਉਂਜ ਵੀ ਹੋਰ ਕਣਾਂ ਨੂੰ ਜੋੜਨਵਾਲਾ ਰੱਬੀ ਕਣ ਮੂਲ-ਮੰਤਰੀ ਪਰਮ-ਸਤਿ ਹੋ ਹੀ ਨਹੀਂ ਸਕਦਾ, ਕਿਉਂਕਿ ਇਹ ਜੋੜਨ ਦਾ ਕੰਮ ਕਰਦਾ ਹੋਵੇਗਾ। ਪਰਮ-ਸਤਿ ਕਿਸੇ ਨੂੰ ਜੋੜਨ ਜਾਂ ਤੋੜਨ ਵਾਲਾ ਪੱਖਪਾਤੀ ਕਾਰਜ ਨਹੀਂ ਕਰਦਾ, ਉਹ ਤਾਂ ਨਿਰਵੈਰ ਭਾਵ ਉਦਾਸੀਨ ਹੈ।

ਹੁਣ ਜਦੋਂ ਵਿਗਿਆਨ ਦੇ ਰਸਤੇ ਪਰਮ-ਸਤਿ ਦੀ ਖੋਜ ਦਾ ਕੰਮ ਨੇੜੇ ਲੱਗਣ ਲੱਗਿਆ ਹੈ, ਭਾਵ ਗਿਆਨ ਦੇ ਅੰਮ੍ਰਿਤ ਵੇਲੇ ਨੇ ਲਾਲਿਮਾ ਫੜ੍ਹ ਲਈ ਹੈ ਤਾਂ ਅਧਿਆਤਮਵਾਦ ਦੀ ਨਿਰਾਰਥਕਤਾ ਹੋਰ ਵੀ ਸਪਸ਼ਟ ਹੋ ਗਈ ਹੈ। ਇਸ ਨਾਲ ਜਪੁਜੀ ਦੀ ਵਿਗਿਆਨਕ ਸੇਧ ਦੀ ਸਾਰਥਕਤਾ ਹੋਰ ਵੀ ਸਾਹਮਣੇ ਆ ਗਈ ਹੈ। ਇੱਥੇ ਆ ਕੇ ਸਿੱਖ ਵਿਦਵਾਨਾਂ ਨੂੰ ਬਣਦਾ ਹੈ ਕਿ ਹੰਭਲਾ ਮਾਰ ਕੇ ਤਿੰਨਾਂ ਉਪਲਭਦ ਲਘੂ-ਕਣਾਂ ਵਿਚੋਂ ਨਾਨਕੀ ਪਰਮ-ਸਤਿ ਦੀ ਨਿਸ਼ਾਨ-ਦੇਹੀ ਕਰਨ ਤੇ ਗੁਰੂ-ਆਸ਼ੇ ਮੁਤਾਬਿਕ ਇਸ ਦਾ 'ਸਤਿ ਨਾਮ' ਭਾਵ ਅਸਲ ਵਿਗਿਆਨਕ ਨਾਮ ਪ੍ਰਤੱਖ ਕਰਨ, ਪਰ ਉਹ ਇਸ ਨਾਜ਼ੁਕ ਮੋੜ 'ਤੇ ਵੀ ਨਾਮ ਖੋਜਣ ਦੀ ਥਾਂ ਨਾਮ ਜਪਣ ਨੂੰ ਹੀ ਮਹਾਨਤਾ ਦੇ ਰਹੇ ਹਨ। ਇਹ ਗੱਲ ਜਪੁਜੀ ਦੀ 32ਵੀਂ ਪਉੜੀ ਦੀ ਵਿਆਖਿਆ ਤੋਂ ਭਲੀ ਭਾਂਤ ਪ੍ਰਤੀਤ ਹੁੰਦੀ ਹੈ,

> ਇਕ ਦੂ ਜੀਭੌ ਲਖ ਹੋਹਿ
> ਲਖ ਹੋਵਹਿ ਲਖ ਵੀਸ॥
> ਲਖੁ ਲਖੁ ਗੇੜਾ ਆਖੀਅਹਿ
> ਏਕੁ ਨਾਮੁ ਜਗਦੀਸ॥
> ਏਤੁ ਰਾਹਿ ਪਤਿ ਪਵੜੀਆ
> ਚੜੀਐ ਹੋਇ ਇਕੀਸ॥
> ਸੁਣਿ ਗਲਾ ਆਕਾਸ ਕੀ
> ਕੀਟਾ ਆਈ ਰੀਸ॥
> ਨਾਨਕ ਨਦਰੀ ਪਾਈਐ
> ਕੂੜੀ ਕੂੜੈ ਠੀਸ॥੩੨॥

ਇਸ ਪਉੜੀ ਦਾ ਟੀਕਾ ਕਰਦਿਆਂ ਉੱਘੇ ਸਿੱਖ ਵਿਦਵਾਨ ਭਾਈ ਵੀਰ ਸਿੰਘ ਲਿਖਦੇ ਹਨ, "ਇਕ ਜੀਭ ਤੋਂ (ਸਾਡੀਆਂ) ਲਖ (ਜੀਭਾਂ) ਹੋ ਜਾਣ (ਤੇ) ਲਖ (ਜੀਭਾਂ) ਹੋ ਜਾਣ ਵੀਹ ਲਖ, (ਉਨ੍ਹਾਂ ਨਾਲ ਫਿਰ ਅਸੀਂ) ਲਖ ਲਖ ਵੇਰ ਜਗਤ ਦੇ ਮਾਲਕ (ਪਰਮੇਸ਼ੁਰ) ਦਾ ਇਕ ਨਾਮ ਲੈਂਦੇ ਰਹੀਏ। ਇਹ ਹੈ ਰਾਹ (ਜਿਸ) ਵਿਚ ਪਤੀ (ਦੇ ਮਹਲ) ਦੀਆਂ ਪਉੜੀਆਂ ਹਨ (ਉਨ੍ਹਾਂ ਉਤੇ) ਚੜ੍ਹਨ ਨਾਲ (ਜਗਤ ਦੇ) ਈਸ਼ਵਰ ਨਾਲ ਇਕ ਹੋਈਦਾ ਹੈ। (ਪ੍ਰੰਤੂ ਗੁਰਮੁਖਾਂ ਦੇ ਵਾਹਿਗੁਰੂ ਦਰ ਅੱਪੜ ਪੈਣ ਵਾਲੀਆਂ) ਅਰਸ਼ੀ ਗੱਲਾਂ ਸੁਣ ਕੇ (ਨਾਮ ਅਭਯਾਸ ਦੇ ਬਲ ਤੋਂ ਸੱਖਣੇ ਕਥਨੀ ਮਾਤਰ ਦੇ ਖੰਭਾਂ ਵਾਲੇ) ਕੀੜਿਆਂ ਨੂੰ ਰੀਸ ਆ ਜਾਂਦੀ ਹੈ (ਕਿ ਅਸੀਂ ਬੀ ਕੀਟ ਪੰਖਾਂ ਨਾਲ ਅਕਾਸ਼ ਦੇ ਧੁਰ ਪੁੱਜ ਜਾਵਾਂਗੇ ਪਰ) ਹੇ ਨਾਨਕ! (ਬ੍ਰਿਤੀ ਜਿਨ੍ਹਾਂ ਦੀ ਕੂੜੇ ਪਦਾਰਥਾਂ ਵਿਚ ਲੱਗ ਰਹੀ ਹੈ ਐਸੇ) ਕੂੜੇ (ਪੁਰਖਾਂ) ਦੀਆਂ ਗੱਪਾਂ ਕੂੜ ਹੀ ਹੁੰਦੀਆਂ ਹਨ, (ਜਗਤ ਦੇ ਈਸ਼ ਨੂੰ ਤਾਂ ਉਸ ਦੀ) ਨਦਰ (=ਮਿਹਰ ਦ੍ਰਿਸ਼ਟੀ) ਨਾਲ ਪਾਈਦਾ ਹੈ।"


ਦੂਜੇ ਸਭ ਟੀਕੇ ਇਸ ਪਉੜੀ ਦੀ ਇਸੇ ਤਰ੍ਹਾਂ ਦੀ ਵਿਆਖਿਆ ਕਰਦੇ ਹਨ, ਪਰ ਇਸ ਦੇ ਸਿੱਧੇ ਸਿੱਧੇ ਅਰਥ ਇਹ ਹਨ, "ਜੇ ਜੀਭਾਂ ਦੀ ਗਿਣਤੀ ਇਕ ਤੋਂ ਵਧ ਕੇ ਲੱਖ ਹੋ ਜਾਵੇ ਤੇ ਇਹ ਲੱਖ ਅੱਗੇ ਵੀਹ ਵੀਹ ਲੱਖ ਬਣ ਜਾਣ, ਤੇ ਫਿਰ ਇੰਨੀਆਂ ਜੀਭਾਂ ਨਾਲ ਲੱਖ ਲੱਖ ਵਾਰੀ ਮਾਲਾ ਦੇ ਗੇੜਿਆਂ ਰਾਹੀ ਜਗਦੀਸ ਦਾ ਨਾਮ ਜਪਿਆ ਜਾਵੇ, ਤੇ ਸੋਚਿਆ ਜਾਵੇ ਕਿ ਇਸ ਰਾਹ ਦੀਆਂ ਪਉੜੀਆਂ ਚੜ੍ਹ ਕੇ ਸਾਈਂ ਨੂੰ ਮਿਲਿਆ ਜਾ ਸਕਦਾ ਹੈ ਤਾਂ ਇਹ ਉਨ੍ਹਾਂ ਭਰਮੀ ਕੀਟ ਪਤੰਗਿਆਂ ਵਾਲੀ ਗੱਲ ਹੋ ਜਾਵੇਗੀ, ਜਿਨ੍ਹਾਂ ਨੂੰ ਆਕਾਸ਼ ਦੀਆਂ ਗੱਲਾਂ ਸੁਣ ਕੇ ਉੱਥੇ ਜਾਣ ਦੀ ਰੀਸ ਆ ਗਈ ਹੋਵੇ। ਨਾਨਕ! ਦੇਖਿਆਂ ਪਤਾ ਚਲਦਾ ਹੈ, ਭਾਵ ਅਨੁਭਵ ਦੱਸਦਾ ਹੈ ਕਿ ਝੂਠੀਆਂ ਗੱਲਾਂ ਦੇ ਝੂਠੇ ਪਰਿਣਾਮ ਨਿਕਲਦੇ ਹਨ, ਭਾਵ ਝੂਠੀ ਗੱਲ ਨਾਲ ਸੱਚ ਸਾਬਤ ਨਹੀਂ ਕੀਤਾ ਜਾ ਸਕਦਾ।"

ਕਿੰਨੀ ਲੋਹੜੇ ਦੀ ਗੱਲ ਹੈ ਕਿ ਅਜੋਕੇ ਵਿਦਵਾਨ ਗੁਰੂ ਸਾਹਿਬ ਦੀ ਇੰਨੀ ਸਪਸ਼ਟ ਲਿਖਤ ਦੀ ਵੀ ਉਲਟੀ ਵਿਆਖਿਆ ਕਰਦੇ ਹਨ! ਗੁਰੂ ਸਾਹਿਬ ਕਹਿੰਦੇ ਹਨ, ਜੇ ਮਨੁੱਖ ਦੀਆਂ ਕਰੋੜਾਂ ਜੀਭਾਂ ਵੀ ਹੋਣ ਤੇ ਉਨ੍ਹਾਂ ਵਿਚੋਂ ਹਰ ਇਕ ਨਾਲ ਉਹ ਲੱਖ ਲੱਖ ਵਾਰ ਜਗਦੀਸ਼ ਭਾਵ ਰਾਮ, ਰਹੀਮ, ਅੱਲਾ, ਵਾਹਿਗੁਰੂ ਆਦਿ ਕਿਸੇ ਰੱਬ ਦਾ ਨਾਂ ਇਹ ਸੋਚ ਕੇ ਜਪੇ ਕਿ ਇਹ ਉਸ ਰੱਬ ਨੂੰ ਮਿਲਣ ਵਾਲਾ ਰਾਹ ਹੈ ਤੇ ਇਸ 'ਤੇ ਚਲ ਕੇ ਉਹ ਉਸ ਨੂੰ ਮਿਲ ਪਵੇਗਾ, ਇਹ ਉਸ ਦੀ ਬਚਗਾਨੀ ਤੇ ਨਿਰਾਧਾਰ ਸੋਚ ਹੋਵੇਗੀ। ਇਹ ਗੱਲ ਉਨ੍ਹਾਂ ਨੇ ਆਪਣੀ ਨਦਰਿ (Observation) ਦੇ ਪਰਿਣਾਮਾਂ (Conclusions) ਨੂੰ ਆਪਣੀ ਸੂਝ-ਸਮਝ ਨਾਲ ਪ੍ਰਮਾਣਿਤ (Attest) ਕਰਕੇ ਲਿਖੀ ਹੈ; ਪਰ ਸਿੱਖ ਵਿਦਵਾਨ ਪਤਾ ਨਹੀਂ ਕਿਹੜੀ ਗੁਰਬਾਣੀ

(ਬਾਕੀ ਅਗਲੇ ਸਫੇ 'ਤੇ)

# ਸਿੱਖ ਧਰਮ ਅਤੇ ਅਵਤਾਰਵਾਦ

ਅਵਤਰਣ ਸੰਸਕ੍ਰਿਤ ਭਾਸ਼ਾ ਵਿਚ ਸੰਗਿਆ ਹੈ ਅਤੇ ਇਸ ਦਾ ਧਾਤੂ 'ਅਮ' ਹੈ, ਜਿਸ ਦਾ ਅਰਥ ਹੈ, 'ਹੇਠਾਂ ਉਤਰ ਰਿਹਾ ਜਾਂ ਹਵਾ ਵਿਚੋਂ ਜ਼ਮੀਨ ਉਤੇ ਆ ਰਿਹਾ।' ਅਵਤਾਰ ਦਾ ਧਾਤੂ 'ਅਸ' ਹੈ, ਜਿਸ ਦਾ ਭਾਵ ਹੈ ਉਤਰਨਾ। ਇਹ ਸ਼ਬਦ ਆਮ ਅਤੇ ਵਿਸ਼ੇਸ਼-ਦੋਹਾਂ ਅਰਥਾਂ ਵਿਚ ਵਰਤਿਆ ਗਿਆ ਹੈ। ਆਮ ਅਰਥਾਂ ਵਿਚ ਇਸ ਦੀ ਵਰਤੋਂ ਕਿਸੇ ਵੀ ਦੇਵਤੇ ਦੇ ਧਰਤੀ 'ਤੇ ਪਰਗਟ ਹੋਣ ਦੇ ਅਰਥਾਂ ਵਿਚ ਹੋਈ ਹੈ। ਵਿਸ਼ੇਸ਼ ਅਰਥਾਂ ਵਿਚ ਇਸ ਦੀ ਵਰਤੋਂ ਵਿਸ਼ਨੂੰ ਦੇ ਮੁੱਖ ਅਵਤਾਰਾਂ ਲਈ ਕੀਤੀ ਗਈ ਹੈ। ਇਸ ਦੇ ਤੀਸਰੇ ਅਰਥ ਵੀ ਹਨ, ਜਿਨ੍ਹਾਂ ਵਿਚ ਇਹ ਕਿਸੇ ਵੀ ਵਿਲੱਖਣ ਹਸਤੀ ਦੇ ਧਰਤੀ ਉਤੇ ਜਨਮ ਲੈਣ ਲਈ ਵਰਤਿਆ ਗਿਆ ਹੈ। ਹਿੰਦੂ ਧਰਮ ਅਨੁਸਾਰ ਈਸ਼ਵਰ ਆਪਣੀ ਯੋਗ ਮਾਇਆ ਰਾਹੀਂ ਸਮੇਂ ਸਮੇਂ ਧਰਤੀ 'ਤੇ ਲੋੜ ਅਨੁਸਾਰ ਖਾਸ ਰੂਪਾਂ ਵਿਚ ਪਰਗਟ ਹੁੰਦਾ ਹੈ। ਈਸ਼ਵਰ, ਜਿਸ ਨੂੰ ਵਿਸ਼ਨੂੰ ਵੀ ਕਿਹਾ ਗਿਆ ਹੈ, ਉਸ ਦੇ ਪ੍ਰਮੁੱਖ ਅਵਤਾਰ ਦਸ ਮੰਨੇ ਗਏ ਹਨ-ਮਤਸਯ, ਕੁਰਮ, ਵਾਮਨ, ਰਾਮ (ਪਰਸੁ ਰਾਮ), ਰਾਮ (ਰਾਮਾਇਣ ਦਾ ਨਾਇਕ), ਕ੍ਰਿਸ਼ਨ (ਭਗਵਤ ਗੀਤਾ ਵਿਚ ਪ੍ਰਮੁੱਖ ਹਸਤੀ), ਬੁੱਧ (ਸਿਧਾਰਥ) ਅਤੇ ਕਲਕੀ, ਜਿਸ ਨੇ ਹਾਲੇ ਪੈਦਾ ਹੋਣਾ ਹੈ। ਅਵਤਾਰਾਂ ਦੀ



**ਡਾ. ਗੁਰਨਾਮ ਕੌਰ, ਕੈਨੇਡਾ**

ਵਰਗ-ਵੰਡ ਵੀ ਹੈ ਜਿਵੇਂ ਪ੍ਰਮੁੱਖ ਅਤੇ ਗੌਣ, ਪੂਰਨ ਅਤੇ ਅਰਧ। ਹਿੰਦੂ ਧਰਮ ਦੇ ਵੱਖ ਵੱਖ ਸਰੋਤਾਂ ਵਿਚ ਅਵਤਾਰਾਂ ਦੀ ਗਿਣਤੀ ਵੱਖਰੀ ਵੱਖਰੀ ਹੈ; ਕੁਝ ਅਨੁਸਾਰ ਇਹ ਗਿਣਤੀ ਅੱਠ ਹੈ, ਕਈਆਂ ਅਨੁਸਾਰ ਦਸ ਅਤੇ ਕਈਆਂ ਅਨੁਸਾਰ ਸੋਲਾਂ ਹੈ। ਕੁਝ ਹੋਰ ਇਨ੍ਹਾਂ ਦੀ ਗਿਣਤੀ ਚੌਵੀ ਮੰਨਦੇ ਹਨ।

ਹਿੰਦੂ ਸ਼ਾਸਤਰਾਂ ਵਿਚ ਸ੍ਰਿਸ਼ਟੀ ਦੀ ਉਤਪਤੀ ਤੋਂ ਲੈ ਕੇ ਅਵਤਾਰਾਂ, ਉਨ੍ਹਾਂ ਦੀ ਸ਼੍ਰੇਣੀ ਵੰਡ, ਦੇਵੀ-ਦੇਵਤਿਆਂ ਦੇ ਪੈਦਾ ਹੋਣ ਦਾ ਲੰਬਾ-ਚੌੜਾ ਵਿਸਥਾਰ ਹੈ, ਜਿਸ ਵਿਚ ਜਾਣ ਦੀ ਇੱਥੇ ਸਾਨੂੰ ਲੋੜ ਨਹੀਂ ਜਾਪਦੀ ਅਤੇ ਇਹ ਵਿਸਥਾਰ ਵੱਖ ਵੱਖ ਸੋਮਿਆਂ ਵਿਚ ਵੱਖਰੇ ਵੱਖਰੇ ਹਨ। ਕਹਿ ਸਕਦੇ ਹਾਂ ਕਿ ਅਵਤਾਰਾਂ ਦੀ ਦਰਜਾਬੰਦੀ ਕੀਤੀ ਗਈ ਹੈ, ਜਿਸ ਅਨੁਸਾਰ ਕੁਝ ਅਵਤਾਰ ਵੱਡੇ ਹਨ ਤੇ ਕੁਝ ਛੋਟੇ ਹਨ। ਧਾਰਮਿਕ ਨੁਕਤੇ ਤੋਂ ਕੁਝ ਬਹੁਤ ਉਚੇ ਦਰਜੇ 'ਤੇ ਬਹੁਤ ਅਹਿਮ ਹਨ ਅਤੇ ਕੁਝ ਛੋਟੇ ਦਰਜੇ 'ਤੇ ਅਤੇ ਘੱਟ ਅਹਿਮ। ਦੂਜੀ ਧਿਆਨ ਦੇਣ ਯੋਗ ਗੱਲ ਇਹ ਹੈ ਕਿ ਵੱਖ ਵੱਖ ਸ਼ਾਸਤਰਾਂ ਵਿਚ ਨਾ ਸਿਰਫ ਇਨ੍ਹਾਂ ਦੀ ਗਿਣਤੀ ਵੱਖਰੀ ਵੱਖਰੀ ਹੈ, ਸਗੋਂ ਦਰਜਾ ਵੀ ਵੱਖਰਾ ਵੱਖਰਾ ਹੈ। ਮਿਸਾਲ ਵਜੋਂ ਕੁਝ ਥਾਂਈਂ ਤਿੰਨ ਵਿਊਹਾਂ ਸੰਕਰਸਨ, ਪ੍ਰਦੁਮਨ ਅਤੇ ਅਨਿਰੁਧ ਨੂੰ ਵਿਸ਼ਨੂੰ ਦੇ ਪ੍ਰਗਟਾਅ ਮੰਨਿਆ ਗਿਆ ਹੈ। ਕਿਸੇ ਹੋਰ ਥਾਂ 'ਤੇ ਵਿਸ਼ਨੂੰ ਨੂੰ ਗੋਵਿੰਦ ਅਤੇ ਨਾਰਾਇਣ ਦੇ ਨਾਲ ਸੰਕਰਸਨ ਦਾ ਸਹਾਇਕ ਵਿਊਹ ਮੰਨਿਆ ਗਿਆ ਹੈ। ਆਮ ਤੌਰ 'ਤੇ ਸਾਖਿਆਤ ਅਵਤਾਰਾਂ ਨੂੰ ਮੁੱਖ ਮੰਨਿਆਂ ਜਾਂਦਾ ਹੈ, ਜੋ ਪਰਮਾਤਮਾ ਦਾ ਸਿੱਧਾ ਪ੍ਰਗਟਾ ਕਹੇ ਜਾਂਦੇ ਹਨ ਅਤੇ ਆਵੇਸ਼ਾਵਤਾਰ ਗੌਣ ਸੁਭਾਅ ਦੇ ਮੰਨੇ ਗਏ ਹਨ। ਇਹ ਗੌਣ ਅਵੇਸ਼ਾਵਤਾਰ ਪਰਮਾਤਮਾ ਦੀ ਇੱਛਾ ਰਾਹੀਂ ਪਰਗਟ ਹੁੰਦੇ ਹਨ, ਜਿਵੇਂ ਮਨੁੱਖੀ ਰੂਪ ਵਿਚ ਰਾਮ ਅਤੇ ਕ੍ਰਿਸ਼ਨ; ਪਸ਼ੂਆਂ ਦੇ ਰੂਪ ਵਿਚ ਵਾਮਨ, ਮੱਛ ਅਤੇ ਨਰਸਿੰਘ; ਇੱਥੋਂ ਤੱਕ ਕਿ ਦਰੱਖਤ ਦੇ ਰੂਪ ਵਿਚ ਵੀ ਜਿਵੇਂ ਡੰਡਕ ਵਣ ਵਿਚ ਵਲਦਾਰ ਅੰਬ ਦਾ ਦਰੱਖਤ।

ਇਨ੍ਹਾਂ ਸਾਰੇ ਸ੍ਰੋਤਾਂ ਦੀ ਇੱਕ ਗੱਲ ਸਾਂਝੀ ਹੈ ਕਿ ਇਹ ਸਾਰੇ ਹੀ ਵੇਦਾਂ ਵਿਚ ਆਸਥਾ ਰੱਖਦੇ ਹਨ ਅਤੇ ਵਰਣ-ਆਸ਼ਰਮ ਧਰਮ ਦੀ ਸਮਾਜਕ ਵੰਡ ਨੂੰ ਜਿਉਂ ਦਾ ਤਿਉਂ ਮੰਨਦੇ ਹਨ। ਅਸਲ ਵਿਚ ਅਵਤਾਰਵਾਦ ਦੇ ਸਿਧਾਂਤ ਨੂੰ ਮੰਨਣ ਦਾ ਮੂਲ ਮਕਸਦ ਨਵੇਂ ਧਾਰਮਿਕ ਸਿਧਾਂਤਾਂ ਅਤੇ ਉਭਾਰਾਂ ਨੂੰ ਆਪਣੇ ਵਿਚ ਸਮੋ ਲੈਣਾ ਅਤੇ ਮਿਲਾ ਲੈਣਾ ਸੀ, ਭਾਵੇਂ ਉਨ੍ਹਾਂ ਦੀ ਵਿਚਾਰਧਾਰਾ ਬਿਲਕੁਲ ਉਲਟ ਹੀ ਕਿਉਂ ਨਾ ਹੋਵੇ। ਇਸ ਦੀ ਸਭ ਤੋਂ ਵੱਡੀ ਮਿਸਾਲ ਬੁੱਧ ਧਰਮ ਹੈ। ਬੁੱਧ ਧਰਮ ਨਾ ਹੀ ਵੇਦਾਂ ਦੀ ਪ੍ਰਭੁਸਤਾ ਨੂੰ ਮੰਨਦਾ ਹੈ ਅਤੇ ਨਾ ਹੀ ਵਰਣ-ਆਸ਼ਰਮ ਧਰਮ ਤੇ ਨਿਰਧਾਰਤ ਸਮਾਜਕ ਵੰਡ ਨੂੰ। ਬੁੱਧ ਧਰਮ ਦਾ ਆਪਣਾ ਪਾਲੀ ਬੋਲੀ ਵਿਚ 'ਧਮਪਦ' ਨਾਮ ਦਾ ਧਰਮ ਗ੍ਰੰਥ ਹੈ ਅਤੇ ਵਰਣ-ਵੰਡ ਨੂੰ ਬੁੱਧ ਧਰਮ ਵਿਚ ਬਿਲਕੁਲ ਨਕਾਰਿਆ ਗਿਆ ਹੈ; ਇਸ ਦੇ ਬਾਵਜੂਦ, ਜਿਵੇਂ ਉਪਰ ਜ਼ਿਕਰ ਕੀਤਾ ਹੈ, ਸਿਧਾਰਥ ਬੁੱਧ ਨੂੰ ਵਿਸ਼ਨੂੰ ਦੇ ਪ੍ਰਮੁੱਖ ਅਵਤਾਰਾਂ ਵਿਚ ਸ਼ੁਮਾਰ ਕਰ ਲਿਆ ਗਿਆ ਹੈ। ਵਿਸ਼ਨੂੰ ਦੇ ਦਸ ਅਵਤਾਰਾਂ ਵਿਚੋਂ ਦੋ ਅਵਤਾਰ ਰਾਮ (ਰਾਮਾਇਣ ਦਾ ਨਾਇਕ) ਅਤੇ ਕ੍ਰਿਸ਼ਨ (ਗੀਤਾ ਵਿਚ ਪ੍ਰਮੁੱਖ ਹਸਤੀ) ਬਹੁਤ ਪੂਜੇ ਜਾਂਦੇ ਹਨ। ਅਵਤਾਰਵਾਦ ਦਾ ਸਿਧਾਂਤ ਮੁੱਖ ਤੌਰ 'ਤੇ ਭਗਤੀ ਨਾਲ ਜੁੜਿਆ ਹੋਇਆ ਹੈ। ਅਵਤਾਰ ਮਨੁੱਖ ਅਤੇ ਪਰਮਾਤਮਾ ਵਿਚਾਲੇ ਵਿਚੋਲਾ ਹੈ। ਅਵਤਾਰ ਦੇ ਰੂਪ ਵਿਚ ਪਰਮਾਤਮਾ ਜ਼ਿਆਦਾ ਨਿੱਜੀ ਬਣ ਜਾਂਦਾ ਹੈ। ਇੱਕ 'ਵਿਚਾਰ' ਨਾਲੋਂ ਮਨੁੱਖ ਇੱਕ 'ਰੂਪ' ਜਾਂ 'ਆਕਾਰ' ਨਾਲ ਜ਼ਿਆਦਾ ਡੂੰਘਾ ਸਬੰਧ ਮਹਿਸੂਸ ਕਰਦਾ ਹੈ।

ਵਿਦਵਾਨਾਂ ਦਾ ਮੰਨਣਾ ਹੈ, ਜਿਵੇਂ ਸਵਰਗੀ ਸ. ਦਲਜੀਤ ਸਿੰਘ ਨੇ ਵੀ ਆਪਣੀ ਪੁਸਤਕ 'ਸਿਖਇਜ਼ਮ' ਵਿਚ ਜ਼ਿਕਰ ਕੀਤਾ ਹੈ ਕਿ ਵਿਸ਼ਨੂੰ ਦੇ ਅਵਤਾਰਾਂ ਦਾ ਸਿਧਾਂਤ ਵੇਦਾਂ ਤੋਂ ਪਿਛਲੇਰੇ ਕਾਲ ਵਿਚ ਬਣਾਇਆ ਗਿਆ। ਇਹ ਸਿਧਾਂਤ ਹਿੰਦੂ ਧਰਮ ਦਾ ਜਾਣਨਯੋਗ ਅੰਗ ਹੈ। ਇਹ ਹਿੰਦੂ ਧਰਮ ਨੂੰ ਦੂਜੀਆਂ ਸੰਪਰਦਾਵਾਂ ਨੂੰ ਇਹ ਕਹਿ ਕੇ ਆਪਣੇ ਵਿਚ ਸ਼ਾਮਲ ਕਰਨ ਦੇ ਯੋਗ ਬਣਾਉਂਦਾ ਹੈ ਕਿ ਉਨ੍ਹਾਂ ਦੇ ਦੇਵਤੇ ਜਾਂ ਪੈਗੰਬਰ ਇੱਕ ਪਰਮਾਤਮਾ ਜਾਂ ਵਿਸ਼ਨੂੰ ਦਾ ਹੀ ਪ੍ਰਗਟਾਅ ਹਨ।

ਸਿੱਖ ਧਰਮ ਵਿਚ ਅਵਤਾਰਵਾਦ ਦੇ ਪ੍ਰਾਪਤ ਸਿਧਾਂਤ ਨੂੰ ਸਿਰੇ ਤੋਂ ਨਕਾਰਿਆ ਗਿਆ ਹੈ ਅਤੇ ਇਸ ਦਾ ਅਧਾਰ ਸਿੱਖ ਧਰਮ ਦਰਸ਼ਨ ਦਾ ਪਰਮਸਤਿ ਦਾ ਸੰਕਲਪ ਹੈ; ਜਿਸ ਦਾ ਉਲੇਖ ਗੁਰੂ ਗ੍ਰੰਥ ਸਾਹਿਬ ਦੇ ਅਰੰਭ ਵਿਚ ਹੀ ਮੂਲ ਸਿਧਾਂਤ ਦੇ ਤੌਰ 'ਤੇ ਕਰ ਦਿੱਤਾ ਗਿਆ ਹੈ। ਇਹ ਮੂਲ ਸਿਧਾਂਤ ਉਸ ਪਰਮਸਤਿ ਦਾ ਵਰਨਣ ਹੈ ਜੋ 'ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ' ਤੱਕ ਦੀ ਬਾਣੀ ਹੈ, ਇਹ ਅਸਲ ਵਿਚ ਪਰਮਸਤਿ ਦੇ ਗੁਣਾਂ ਦਾ ਵਰਣਨ ਹੈ, ਜਿਸ ਨੂੰ ਮੂਲ ਮੰਤਰ ਵੀ ਕਿਹਾ ਜਾਂਦਾ ਹੈ। ਸਿੱਖ ਧਰਮ ਦਰਸ਼ਨ ਅਨੁਸਾਰ ੴ ਤੋਂ ਭਾਵ ਪਰਮ ਹਸਤੀ, ਜੋ ਇੱਕੋ ਇੱਕ ਸਤਿ ਹੈ। ਇਹ ਹਸਤੀ ਇਸ ਬ੍ਰਹਿਮੰਡ ਦੀ ਕਰਤਾ ਪੁਰਖ ਵੀ ਹੈ ਅਤੇ ਇਸ ਸੰਸਾਰ ਦਾ ਪਾਸਾਰ ਉਸ ਨੇ ਆਪਣੇ ਆਪ ਤੋਂ ਕੀਤਾ ਹੈ। ਪਰਮਸਤਿ ਸਮੇਂ ਅਤੇ ਸਥਾਨ ਤੋਂ ਉਤੇ ਹੈ ਅਤੇ ਉਹ ਜਨਮ ਅਤੇ ਮੌਤ ਵਿਚ ਨਹੀਂ ਆਉਂਦਾ, ਪਰ ਉਹ ਆਪਣੀ ਰਚਨਾ ਵਿਚ ਇੱਕ-ਰਸ ਵਿਆਪਕ ਹੈ। ਪਰਮਸਤਿ ਦੇ ਅਜੂਨੀ ਹੋਣ ਨਾਲ ਹੀ ਅਵਤਾਰਵਾਦ ਦਾ ਖੰਡਨ ਹੋ ਜਾਂਦਾ ਹੈ। ਗੁਰਮਤਿ ਦਰਸ਼ਨ ਅਨੁਸਾਰ ਉਪਜਨ ਅਤੇ ਬਿਨਸਨ ਦਾ ਸਿਧਾਂਤ ਉਸ ਦੀ ਰਚਨਾ 'ਤੇ ਲਾਗੂ ਹੁੰਦਾ ਹੈ, ਪਰਮਸਤਿ 'ਤੇ ਨਹੀਂ। ਇਸ ਲਈ ਇਹ ਸਾਰਾ ਪਾਸਾਰ, ਅਵਤਾਰ ਆਦਿ ਵੀ ਉਸ ਦੀ ਰਚਨਾ ਦਾ ਹਿੱਸਾ ਹਨ। ਗੁਰੂ ਨਾਨਕ ਦੇਵ ਜੀ ਨੇ ਜਪੁਜੀ ਵਿਚ ਈਸਰ, ਗੋਰਖ, ਬ੍ਰਹਮਾ, ਪਾਰਬਤੀ



ਦੇ ਨਾਂ ਪਰਮਸਤਿ ਦੀ ਰਚਨਾ ਦੇ ਤੌਰ 'ਤੇ ਵਰਤੇ ਹਨ।

ਗੁਰੂ ਨਾਨਕ ਦੇਵ ਜੀ ਅਨੁਸਾਰ ਗੁਰੂ ਹੀ ਬ੍ਰਹਮਾ, ਗੁਰੂ ਹੀ ਵਿਸ਼ਨੂੰ, ਗੋਰਖ ਅਤੇ ਪਾਰਬਤੀ ਹੈ। ਉਨ੍ਹਾਂ ਅਨੁਸਾਰ ਗੁਰੂ ਹੀ ਉਹ ਸਾਧਨ ਹੈ, ਜਿਸ ਦੀ ਮਿਹਰ ਨਾਲ ਉਸ ਇੱਕ ਪਰਮਸਤਿ ਦਾ ਗਿਆਨ ਅਤੇ ਅਨੁਭਵ ਪ੍ਰਾਪਤ ਹੁੰਦਾ ਹੈ। ਗੁਰਬਾਣੀ ਅਨੁਸਾਰ ਗੁਰੂ ਦਾ ਸ਼ਬਦ ਗੁਰੂ ਦੀ ਬਾਣੀ ਹੀ, ਗੁਰੂ ਹੈ, ਕਿਉਂਕਿ ਸ਼ਬਦ ਸਦੀਵੀ ਰਹਿਣ ਵਾਲਾ ਹੈ, ਜਦੋਂ ਕਿ ਸਰੀਰਕ ਰੂਪ ਵਿਚ ਗੁਰੂ ਬਿਨਸਨਹਾਰ ਹੈ। ਹਿੰਦੂ ਧਰਮ ਵਿਚ ਵਿਸ਼ਨੂੰ, ਬ੍ਰਹਮਾ ਅਤੇ ਮਹੇਸ਼ 'ਤ੍ਰੈਮੂਰਤੀ' ਨੂੰ ਸੁਤੰਤਰ ਤਾਕਤਾਂ ਮੰਨਿਆ ਗਿਆ ਹੈ। ਸਿੱਖ ਧਰਮ ਚਿੰਤਨ ਅਨੁਸਾਰ ਇਹ ਕੋਈ ਸੁਤੰਤਰ ਤਾਕਤਾਂ ਨਹੀਂ ਹਨ, ਪਰਮਸਤਿ ਦੀ ਰਚਨਾ ਦਾ ਹਿੱਸਾ ਹਨ ਅਤੇ ਉਸ ਦੀ ਰਚਨਾ ਦਾ ਹਿੱਸਾ ਹੋਣ ਕਰਕੇ ਉਸ ਦੀ ਉਸਤਤਿ ਕਰ ਰਹੇ ਹਨ। ਇਨ੍ਹਾਂ ਦੀ ਗਿਣਤੀ ਇੱਕ ਨਹੀਂ, ਅਨੇਕ ਹੈ, ਕਿਉਂਕਿ ਉਸ ਪਰਮਸਤਿ ਦੀ ਰਚਨਾ ਬੇਅੰਤ ਹੈ,

ਕੇਤੇ ਪਵਣ ਪਾਣੀ ਵੈਸੰਤਰ
ਕੇਤੇ ਕਾਨ ਮਹੇਸ॥
ਕੇਤੇ ਬਰਮੇ ਘਾੜਤਿ ਘੜੀਅਹਿ
ਰੂਪ ਰੰਗ ਕੇ ਵੇਸ॥ (ਪੰਨਾ 7)

ਗੁਰੂ ਨਾਨਕ ਦੇਵ ਜੀ ਨੇ ਰਾਗ ਮਾਰੂ ਵਿਚ ਸੰਕੇਤ ਕੀਤਾ ਹੈ ਕਿ ਬ੍ਰਹਿਮੰਡ ਦੀ ਰਚਨਾ ਤੋਂ ਪਹਿਲਾਂ ਪਰਮਾਤਮਾ ਸੁੰਨ-ਸਮਾਧੀ ਦੀ ਅਵਸਥਾ ਵਿਚ ਸੀ। ਸਭ ਤੋਂ ਪਹਿਲਾਂ ਉਸ ਨੇ ਆਪਣੇ ਆਪ ਤੋਂ ਅਚੇਤ ਕੁਦਰਤ ਪੈਦਾ ਕੀਤੀ। ਫਿਰ ਉਸ ਨੇ ਪੌਣ, ਪਾਣੀ, ਸਾਰੀ ਸ੍ਰਿਸ਼ਟੀ ਅਤੇ ਮਨੁੱਖ ਦੀ ਰਚਨਾ ਕੀਤੀ। ਮਨੁੱਖੀ ਸਰੀਰ ਵਿਚ ਉਸ ਨੇ ਆਪਣੀ ਜੋਤਿ ਰੱਖੀ। ਉਸ ਨੇ ਹੀ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਆਦਿ ਦੀ ਰਚਨਾ ਕੀਤੀ। ਇਹ ਸਾਰੀ ਸਿਰਜਣਾ ਉਸ ਨੇ ਆਪਣੇ ਭਾਣੇ ਵਿਚ ਹੀ ਕੀਤੀ ਹੈ। ਇਹ ਸਾਰੇ ਦੇਵੀ-ਦੇਵਤੇ, ਦਾਨਵ, ਅਵਤਾਰ ਆਦਿ ਇੱਕ ਨਹੀਂ, ਅਨੇਕ ਪੈਦਾ ਕੀਤੇ, ਜੋ ਉਸ ਦੇ ਹੁਕਮ ਅਧੀਨ ਕਾਰਜ ਕਰ ਰਹੇ ਹਨ ਅਤੇ ਦਿਨ ਰਾਤ ਉਸ ਇੱਕ ਦੀ ਉਸਤਤਿ ਕਰ ਰਹੇ ਹਨ। ਇਹ ਕੋਈ ਸੁਤੰਤਰ ਹਸਤੀਆਂ ਨਹੀਂ ਹਨ, ਸਗੋਂ ਉਸ ਇੱਕ ਪਰਮਸਤਿ ਦੀਆਂ ਪੈਦਾ ਕੀਤੀਆਂ ਹੋਈਆਂ ਹਨ,

ਜਾ ਤਿਸੁ ਭਾਣਾ ਤਾ ਜਗਤੁ ਉਪਾਇਆ॥
ਬਾਝੁ ਕਲਾ ਆਡਾਣੁ ਰਹਾਇਆ॥
ਬ੍ਰਹਮਾ ਬਿਸਨੁ ਮਹੇਸੁ ਉਪਾਏ
ਮਾਇਆ ਮੋਹੁ ਵਧਾਇਆ॥੧੪॥
ਹੁਕਮਿ ਉਪਾਏ ਦਸ ਅਵਤਾਰਾ॥
ਦੇਵ ਦਾਨਵ ਅਗਣਤ ਅਪਾਰਾ॥
(ਪੰਨਾ 1036-37)

ਹਿੰਦੂ ਧਰਮ ਦੀ ਤ੍ਰੈਮੂਰਤੀ ਵਿਚ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਹਨ। ਬ੍ਰਹਮਾ ਨੂੰ ਪੈਦਾ ਕਰਨ ਵਾਲਾ, ਵਿਸ਼ਨੂੰ ਨੂੰ ਪਾਲਣ ਵਾਲਾ ਅਤੇ ਮਹੇਸ਼ ਜਾਂ ਸ਼ਿਵਜੀ ਨੂੰ ਸੰਘਾਰ ਕਰਨ ਵਾਲਾ ਮੰਨਿਆ ਗਿਆ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਹਰ ਸੰਸਾਰ ਚੱਕਰ ਦੇ ਅਰੰਭ ਵੇਲੇ ਬ੍ਰਹਮਾ ਨੂੰ ਚਾਰੇ ਵੇਦ ਦਿੱਤੇ ਜਾਂਦੇ ਹਨ ਅਰਥਾਤ ਬ੍ਰਹਮਾ ਚਾਰੇ ਵੇਦਾਂ ਦਾ ਰਚੈਤਾ ਵੀ ਹੈ। ਗੁਰੂ ਅਮਰਦਾਸ ਇਸੇ ਸੰਦਰਭ ਵਿਚ ਦੱਸਦੇ ਹਨ ਕਿ ਅਕਾਲ ਪੁਰਖ ਨੇ ਬ੍ਰਹਮਾ ਨੂੰ ਚਾਰੇ ਵੇਦ ਦਿੱਤੇ। ਬ੍ਰਹਮਾ ਵੇਦਾਂ ਨੂੰ ਪੜ੍ਹ ਪੜ੍ਹ ਕੇ ਵਿਚਾਰ ਤਾਂ ਕਰਦਾ ਰਿਹਾ, ਪਰ ਉਹ ਦੈਵੀ ਹੁਕਮ ਨੂੰ ਨਹੀਂ ਸਮਝ ਸਕਿਆ। ਸਿੱਟੇ ਵਜੋਂ ਇਹ ਵਿਚਾਰ ਕਾਇਮ ਰਿਹਾ ਕਿ ਉਹ ਕਦੀ ਚੰਗੇ ਕੰਮਾਂ ਕਰਕੇ ਅਤੇ ਕਦੀ ਭੁੱਲਾਂ ਕਰਕੇ ਵਾਰ ਵਾਰ ਸਵਰਗ ਅਤੇ ਨਰਕ ਵਿਚਕਾਰ ਆਉਂਦਾ-ਜਾਂਦਾ ਰਿਹਾ। ਸਮੇਂ ਸਮੇਂ 'ਤੇ ਵੱਡੇ ਵੱਡੇ ਪੁਰਖ ਪੈਦਾ ਕੀਤੇ, ਜਿਨ੍ਹਾਂ ਨੂੰ ਲੋਕ ਅਵਤਾਰ ਕਰਕੇ ਬਿਆਨ ਕਰਦੇ ਰਹੇ, ਪਰ ਉਨ੍ਹਾਂ ਨੂੰ ਪਰਮਸਤਿ ਦਾ ਪਾਰਾਵਾਰ ਨਹੀਂ ਲੱਭਾ। ਇਸ ਦਾ ਅਰਥ ਇਹ ਬਣਦਾ ਹੈ ਕਿ ਅਵਤਾਰ ਵੀ ਪਰਮਸਤਿ ਦਾ ਅੰਤ ਨਹੀਂ ਪਾ ਸਕੇ; ਉਹ ਵੀ ਸੰਪੂਰਨ ਨਹੀਂ ਹਨ। ਇੱਥੇ ਇਸ਼ਾਰਾ ਸ੍ਰੀ ਰਾਮ ਚੰਦਰ ਅਤੇ ਸ੍ਰੀ ਕ੍ਰਿਸ਼ਨ ਵੱਲ ਹੈ, ਜੋ ਸਨ ਤਾਂ ਆਪਣੇ ਸਮੇਂ ਦੇ ਰਾਜੇ, ਪਰ ਲੋਕ ਉਨ੍ਹਾਂ ਨੂੰ ਅਵਤਾਰ ਜਾਣ ਕੇ ਗੁਣ ਗਾਉਂਦੇ ਰਹੇ। ਉਹ ਵੀ ਪਰਮਸਤਿ ਦੇ ਭੇਤ ਨੂੰ ਨਹੀਂ ਸਮਝ ਸਕੇ,

ਚਾਰੇ ਵੇਦ ਬ੍ਰਹਮੇ ਕਉ ਦੀਏ
ਪੜਿ ਪੜਿ ਕਰੇ ਵੀਚਾਰੀ॥
ਤਾ ਕਾ ਹੁਕਮੁ ਨ ਬੂਝੈ ਬਪੁੜਾ
ਨਰਕਿ ਸੁਰਗਿ ਅਵਤਾਰੀ॥੬॥
ਜੁਗਹ ਜੁਗਹ ਕੇ ਰਾਜੇ ਕੀਏ
ਗਾਵਹਿ ਕਰਿ ਅਵਤਾਰੀ॥
ਤਿਨ ਭੀ ਅੰਤੁ ਨ ਪਾਇਆ ਤਾ ਕਾ
ਕਿਆ ਕਰਿ ਆਖਿ ਵੀਚਾਰੀ॥ (ਪੰਨਾ 423)

ਇਸ ਦੀ ਪ੍ਰੋੜਤਾ ਕਰਦਿਆਂ ਗੁਰੂ ਅਮਰਦਾਸ ਨੇ ਫੁਰਮਾਇਆ ਹੈ ਕਿ ਅਵਤਾਰ ਪਰਮਾਤਮ-ਅੰਸ਼ ਦਾ ਇੱਕ ਨਿੱਕਾ ਜਿਹਾ ਹਿੱਸਾ ਹਨ, ਇਸੇ ਲਈ ਉਹ ਆਮ ਰਾਜਿਆਂ ਦੀ ਤਰ੍ਹਾਂ ਸੁੱਖ ਅਤੇ ਦੁੱਖ ਲਈ ਲੜਦੇ ਰਹੇ ਹਨ। ਸ਼ਿਵ ਅਤੇ ਬ੍ਰਹਮਾ ਪਰਮਾਤਮਾ ਦੀ ਸੇਵਾ ਤਾਂ ਕਰਦੇ ਹਨ, ਪਰ ਸੱਚ ਨੂੰ ਫਿਰ ਵੀ ਜਾਣ ਨਹੀਂ ਸਕੇ, ਕਿਉਂਕਿ ਪਰਮਾਤਮਾ ਦੇ ਨਿਰਭਉ, ਅਮੂਰਤ ਅਤੇ ਅਲਖ ਰੂਪ ਨਾਲ ਇਕਸੁਰ ਨਹੀਂ ਹੋਏ,

ਅੰਸਾ ਅਉਤਾਰੁ ਉਪਾਇਨੁ
ਭਾਉ ਦੂਜਾ ਕੀਆ॥
ਜਿਉ ਰਾਜੇ ਰਾਜੁ ਕਮਾਵਦੇ
ਦੁਖ ਸੁਖ ਭਿੜੀਆ॥
ਈਸਰੁ ਬ੍ਰਹਮਾ ਸੇਵਦੇ
ਅੰਤੁ ਤਿਨੀ ਨ ਲਹੀਆ॥ (ਪੰਨਾ 559)

ਗੁਰੂ ਅਮਰਦਾਸ ਜੀ ਨੇ ਵੱਖ ਵੱਖ ਅਵਤਾਰਾਂ ਦੀਆਂ ਵੱਖ ਵੱਖ ਸ਼ਕਤੀਆਂ ਦਾ ਜ਼ਿਕਰ ਕਰਦਿਆਂ ਇਸ ਤੱਥ ਵੱਲ ਧਿਆਨ ਦੁਆਇਆ ਹੈ ਕਿ ਇਹ ਸ਼ਕਤੀਆਂ ਉਨ੍ਹਾਂ ਦੇ ਪਰਮਾਤਮਾ ਹੋਣ ਦਾ ਪ੍ਰਤੀਕ ਨਹੀਂ ਹਨ। ਬ੍ਰਹਮਾ ਰਾਹੀਂ ਵੇਦ ਪਰਗਟ ਹੋਏ, ਪਰ ਆਪ ਉਹ ਮਾਇਆ-ਮੋਹ ਅਤੇ ਇੱਛਾਵਾਂ ਵਿਚੋਂ ਨਿਕਲ ਹੀ ਨਹੀਂ ਸਕਿਆ। ਮਹਾਦੇਵ ਜਾਂ ਸ਼ਿਵ ਨੂੰ ਅਧਿਆਤਮਕ ਗਿਆਨ ਦਾ ਪ੍ਰਤੀਕ ਮੰਨਿਆ ਜਾਂਦਾ ਹੈ, ਪਰ ਉਹ ਹਮੇਸ਼ਾ ਆਪਣੇ ਆਪ ਵਿਚ ਹੀ ਰੁੱਝਾ ਰਹਿੰਦਾ ਹੈ ਅਤੇ ਹਰ ਸਮੇਂ ਗੁੱਸੇ ਅਤੇ ਕ੍ਰੋਧ ਨਾਲ ਹੀ ਭਰਿਆ ਰਹਿੰਦਾ ਹੈ। ਵਿਸ਼ਨੂੰ (ਕ੍ਰਿਸ਼ਨ) ਆਪਣੇ ਆਪ ਨੂੰ ਅਵਤਾਰ ਧਾਰਨ ਵਿਚ ਹੀ ਮਸਰੂਫ ਰੱਖਦਾ ਹੈ। ਫਿਰ ਸੰਸਾਰ ਲਈ ਮੁਕਤੀ ਪ੍ਰਾਪਤ ਕਰਨ ਦਾ ਕਿਹੜਾ ਰਸਤਾ ਰਹਿ ਜਾਂਦਾ ਹੈ? ਗੁਰਮੁਖ ਹੀ, ਗੁਰੂ ਦੀ ਸਿੱਖਿਆ 'ਤੇ ਚੱਲਦਿਆਂ ਉਚੇ ਗਿਆਨ ਦੀ ਪ੍ਰਾਪਤੀ ਵਿਚ ਲੱਗਿਆ ਰਹਿੰਦਾ ਹੈ, ਗੁਰਮੁਖਿ ਹੀ ਇੱਛਾ ਅਤੇ ਅਗਿਆਨ ਦੇ ਹਨੇਰੇ ਤੋਂ ਛੁਟਕਾਰਾ ਪਾ ਸਕਦਾ ਹੈ ਅਤੇ ਸੰਸਾਰ ਸਾਗਰ ਨੂੰ ਪਾਰ ਕਰਦਾ ਹੈ,

ਬ੍ਰਹਮੈ ਵੇਦ ਬਾਣੀ ਪ੍ਰਗਾਸੀ
ਮਾਇਆ ਮੋਹ ਪਸਾਰਾ॥
ਮਹਾਦੇਉ ਗਿਆਨੀ ਵਰਤੈ
ਘਰਿ ਆਪਣੈ ਤਾਮਸੁ ਬਹੁਤੁ ਅਹੰਕਾਰਾ॥
ਕਿਸਨੁ ਸਦਾ ਅਵਤਾਰੀ ਰੂਧਾ
ਕਿਤੁ ਲਗਿ ਤਰੈ ਸੰਸਾਰਾ॥
ਗੁਰਮੁਖਿ ਗਿਆਨਿ ਰਤੇ ਜੁਗ ਅੰਤਰਿ
ਚੂਕੈ ਮੋਹ ਗੁਬਾਰਾ॥੨॥ (ਪੰਨਾ 559)

ਗੁਰੂ ਰਾਮਦਾਸ ਇਸੇ ਵਿਚਾਰ ਨੂੰ ਕਿ ਅਵਤਾਰ ਪਰਮਾਤਮਾ ਨਹੀਂ ਹਨ, ਹੋਰ ਪਰਪੱਕ ਕਰਦਿਆਂ ਦੱਸਦੇ ਹਨ ਕਿ ਤ੍ਰੈਮੂਰਤੀ ਦੇ ਤਿੰਨੇ ਦੇਵ-ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਆਪਣੇ ਅੰਦਰਲੇ 'ਅੰਹ' ਭਾਵ ਤੋਂ ਮੁਕਤ ਨਹੀਂ ਹੋ ਸਕੇ। ਇਸ 'ਅੰਹ' ਦੇ ਭਾਵਕਾਰਨ ਹੀ ਆਪਣੇ ਸਿਰਜਣਹਾਰ ਅਕਾਲ ਪੁਰਖ ਨੂੰ ਭੁੱਲ ਗਏ। ਇਸੇ 'ਹਉਮੈ ਕਾਰ' ਕਰਕੇ ਉਨ੍ਹਾਂ ਨੇ ਲੋਕਾਂ ਨੂੰ ਇੱਕ ਅਕਾਲ ਪੁਰਖ ਨਾਲ ਜੋੜਨ ਦੀ ਥਾਂ ਆਪਣੀ ਪੂਜਾ ਪਰਮਾਤਮਾ ਵਾਂਗ ਕਰਵਾਈ, ਜਦੋਂ ਕਿ ਉਹ ਪਰਮਾਤਮਾ ਨਾ ਹੋ ਕੇ ਉਸ ਦੀ ਸਿਰਜਣਾ ਦਾ ਇੱਕ ਹਿੱਸਾ ਸਨ। ਪਰਮਾਤਮਾ ਦੀ ਸੋਝੀ ਮਨੁੱਖ ਨੂੰ ਗੁਰੂ ਪਾਸੋਂ ਮਿਲਦੀ ਹੈ,

ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ
ਵਿਚਿ ਹਉਮੈ ਕਾਰ ਕਮਾਈ॥
ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ
ਹਰਿ ਗੁਰਮੁਖਿ ਸੋਝੀ ਪਾਈ॥੨॥
(ਪੰਨਾ 735)

ਗੁਰੂ ਅਰਜਨ ਦੇਵ ਸਪੱਸ਼ਟ ਕਰਦੇ ਹਨ ਕਿ ਅਕਾਲ ਪੁਰਖ ਵੱਲੋਂ ਸ੍ਰਿਸ਼ਟੀ ਰਚਨਾ ਅਨੇਕ ਵਾਰ ਹੋਈ ਹੈ, ਕਿਉਂਕਿ ਇਹ ਸਾਰੀ ਰਚਨਾ ਪਰਮਸਤਿ ਆਪਣੇ ਆਪ ਤੋਂ ਕਰਦਾ ਹੈ, ਇਸ ਲਈ ਉਸ ਨੇ ਆਪਣੇ ਆਪ ਦਾ ਪ੍ਰਗਟਾਵਾ ਅਨੇਕ ਤਰ੍ਹਾਂ ਨਾਲ ਕੀਤਾ ਹੈ। ਇਹ ਸਾਰੀ ਕੁਦਰਤ ਉਸ ਦਾ ਪਰਗਟ ਰੂਪ ਹੈ। ਉਸ ਵਲੋਂ ਰਚੀ ਗਈ ਹਰ ਚੀਜ਼ ਅੰਤ ਨੂੰ ਉਸ ਵਿਚ ਹੀ ਸਮਾ ਜਾਂਦੀ ਹੈ। ਕੋਈ ਵੀ ਉਸ ਦਾ ਅੰਤ ਨਹੀਂ ਪਾ ਸਕਦਾ। ਉਹ ਇਕ ਹੀ ਹੈ ਜਿਸ ਦੀ ਹੋਂਦ ਸਦੀਵੀ ਹੈ,

ਕਈ ਕੋਟਿ ਹੋਏ ਅਵਤਾਰ॥
ਕਈ ਜੁਗਤਿ ਕੀਨੋ ਬਿਸਥਾਰ॥
ਕਈ ਬਾਰ ਪਸਰਿਓ ਪਾਸਾਰ॥
ਸਦਾ ਸਦਾ ਇਕੁ ਏਕੰਕਾਰ॥ (ਪੰਨਾ 276)

ਵਿਸ਼ਨੂੰ ਦੇ ਦੋ ਅਵਤਾਰ ਸ੍ਰੀ ਰਾਮ ਚੰਦਰ ਅਤੇ ਸ੍ਰੀ ਕ੍ਰਿਸ਼ਨ ਪ੍ਰਮੁੱਖ ਮੰਨੇ ਜਾਂਦੇ ਹਨ। ਭਾਦੋਂ ਦੀ ਅਸ਼ਟਮੀ ਨੂੰ ਕ੍ਰਿਸ਼ਨ ਦਾ ਜਨਮ-ਦਿਨ ਮੰਨਿਆਂ ਜਾਂਦਾ ਹੈ। ਇਸ ਉਤੇ ਹੀ ਗੁਰੂ ਅਰਜਨ ਦੇਵ ਗੁਰਮਤਿ ਦਾ ਨਜ਼ਰੀਆ ਪੇਸ਼ ਕਰਦੇ ਹਨ ਕਿ ਇਹ ਕਹਿਣਾ ਕਿ ਪਰਮਾਤਮਾ ਅਸ਼ਟਮੀ ਵਾਲੇ ਦਿਨ ਪੈਦਾ ਹੋਇਆ, ਮਹਾ-ਮੂਰਖਤਾ ਹੈ। ਇਹ ਮੰਨਣਾ ਕਿ ਪਰਮਾਤਮਾ ਜਨਮ ਲੈਂਦਾ ਜਾਂ ਮਰਦਾ ਹੈ, ਤਰਕਹੀਣ ਹੈ। ਸਰੀਰ ਬਿਨਸਣਹਾਰ ਹੈ ਅਤੇ ਬਿਨਸਣਹਾਰ ਚੀਜ਼ ਸੰਪੂਰਨ ਕਿਵੇਂ ਹੋ ਸਕਦੀ ਹੈ? ਸਰੀਰ ਵਿਚ ਤਾਂ ਸੌ ਤਰ੍ਹਾਂ ਦੇ ਦੋਸ਼ ਹੁੰਦੇ ਹਨ। ਜਨਮ ਤੇ ਮੌਤ ਬੰਧਨ ਅਤੇ ਸੀਮਾ ਹਨ; ਬੰਧਨ ਅਤੇ ਸੀਮਾ ਅਸੀਮ ਤੇ ਅਨੰਤ ਉਤੇ ਲਾਗੂ ਨਹੀਂ ਹੁੰਦੇ। ਇਸ ਲਈ ਅਜਿਹਾ ਮੁੱਖ ਜਲ ਜਾਣਾ ਚਾਹੀਦਾ ਹੈ, ਜੋ ਕਹਿੰਦਾ ਹੈ ਕਿ ਪਰਮਾਤਮਾ ਨੇ ਜਨਮ ਲਿਆ,

ਸਗਲੀ ਥੀਤਿ ਪਾਸਿ ਡਾਰਿ ਰਾਖੀ॥
ਅਸਟਮ ਥੀਤਿ ਗੋਵਿੰਦ ਜਨਮਾਸੀ॥
ਭਰਮਿ ਭੂਲੇ ਨਰ ਕਰਤ ਕਚਰਾਇਣ॥
ਜਨਮ ਮਰਣ ਤੇ ਰਹਤ ਨਾਰਾਇਣ॥੧॥ ਰਹਾਉ॥
ਕਰਿ ਪੰਜੀਰ ਖਵਾਇਓ ਚੋਰ॥
ਓਹੁ ਜਨਮਿ ਨ ਮਰੈ ਰੇ ਸਾਕਤ ਢੋਰ॥੨॥
ਸਗਲ ਪਰਾਧ ਦੇਹਿ ਲੋਰੋਨੀ॥
ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ॥
ਜਨਮਿ ਨ ਮਰੈ ਨ ਆਵੈ ਨ ਜਾਇ॥
ਨਾਨਕ ਕਾ ਪ੍ਰਭੁ ਰਹਿਓ ਸਮਾਇ॥੧੪॥
(ਪੰਨਾ 1136)

ਵਿਸ਼ਨੂੰ ਦਾ ਦੂਜਾ ਪ੍ਰਮੁੱਖ ਅਵਤਾਰ ਸ੍ਰੀ ਰਾਮ ਚੰਦਰ ਨੂੰ ਮੰਨਿਆ ਜਾਂਦਾ ਹੈ।

# ਇਕ ਦੂ ਜੀਭੌ ਲਖ ਹੋਹਿ

*(ਪਿਛਲੇ ਸਫੇ ਦੀ ਬਾਕੀ)*

ਵਿਆਕਰਨ ਲਾ ਕੇ ਕਹਿੰਦੇ ਹਨ ਕਿ ਨਾਮ ਜਪਣਾ ਪਤਿ-ਪਰਮੇਸ਼ਰ ਨੂੰ ਮਿਲਣ ਦੀਆਂ ਪਉੜੀਆਂ ਹਨ? ਭਾਈ ਵੀਰ ਸਿੰਘ ਕਹਿੰਦੇ ਹਨ, "ਪਰਮੇਸ਼ੁਰ ਦਾ ਨਾਮ ਲੈਣ ਨਾਲ ਪਤੀ ਦੇ ਮਹਲ ਨੂੰ ਜਾਈਦਾ ਹੈ ਤੇ ਉਸ ਨਾਲ ਇਕ ਹੋਈਦਾ ਹੈ।" ਪ੍ਰੋ. ਸਾਹਿਬ ਸਿੰਘ ਕਹਿੰਦੇ ਹਨ ਕਿ ਕਰਤੇ ਜਾਪਾਂ ਨਾਲ ਮਿਲਣ ਦੀ ਲਾਲਸਾ ਰੱਖਣਾ ਅਹੰਕਾਰ ਹੈ, ਕਿਉਂਕਿ ਇਹ ਕੰਮ ਤਾਂ ਜਾਪਾਂ ਤੋਂ ਵੀ ਅੱਗੇ ਜਾ ਕੇ ਆਪਾ ਗਵਾਉਣ ਨਾਲ ਹੁੰਦਾ ਹੈ। ਨਾਲ ਹੀ ਉਹ ਪਲਟਵੇਂ (Reverse) ਅਰਥ ਕਰਦਿਆਂ ਲਿਖਦੇ ਹਨ ਕਿ ਜੇ ਪਰਮਾਤਮਾ ਹੀ ਮਿਹਰ ਦੀ ਨਜ਼ਰ ਕਰੇ ਤਾਂ ਉਸ ਨੂੰ ਮਿਲਿਆ ਜਾ ਸਕਦਾ ਹੈ। ਲਗਦਾ ਹੈ ਕਿ ਪ੍ਰੋ. ਸਾਹਿਬ ਸਿੰਘ ਨੂੰ ਇਸ ਤੁਕ ਦੇ ਢੁੱਕਵੇਂ (Logical) ਅਰਥ ਨਹੀਂ ਔੜ ਰਹੇ। ਕਦੇ ਉਹ ਕਹਿੰਦੇ ਹਨ ਕਿ ਉਸ ਦੇ ਮਿਲਣ ਦੀ ਕੋਸ਼ਿਸ਼ ਕਰਨਾ ਘਮੰਡੀ ਕਾਰਜ ਹੈ; ਕਦੇ ਕਹਿੰਦੇ ਹਨ, ਆਪਾ ਮਾਰਨ ਨਾਲ ਮਿਲਾਪ ਹੋ ਸਕਦਾ ਹੈ ਤੇ ਕਦੇ ਦੱਸਦੇ ਹਨ ਕਿ ਪਰਮਾਤਮਾ ਦੀ ਮਿਹਰ ਭਰੀ ਨਜ਼ਰ ਤੋਂ ਬਿਨਾ ਇਹ ਕੰਮ ਹੋ ਨਹੀਂ ਸਕਦਾ; ਪਰ ਉਹ ਇਹ ਵੀ ਨਹੀਂ ਦੱਸਦੇ ਕਿ ਨਾਮ ਜਪਣ ਨੂੰ ਗੁਰੂ ਸਾਹਿਬ ਨੇ ਹਉਮੈ-ਭਰਪੂਰ ਕੰਮ ਕਿੱਥੇ ਆਖਿਆ ਹੈ? ਪਉੜੀ ਵਿਚ ਤਾਂ ਆਪਾ ਗਵਾਉਣ ਤੇ ਪਰਮਾਤਮਾ ਦੀ ਮਿਹਰ ਦਾ ਵੀ ਜ਼ਿਕਰ ਨਹੀਂ। ਉਸ ਨੇ ਤਾਂ ਇਹ ਵੀ ਦੱਸਣਾ ਹੈ ਕਿ ਇਸ ਵਿਚ ਪਰਮਾਤਮਾ ਕਿੱਥੇ ਲਿਖਿਆ ਹੈ!

ਜੇ ਅਜੋਕੇ ਸਿੱਖ ਵਿਦਵਾਨ, ਪੁਜਾਰੀ ਤੇ ਪ੍ਰਚਾਰਕ ਗੁਰੂ ਸਾਹਿਬ ਦੀ ਇਸ ਪਉੜੀ ਦੇ ਅਰਥ ਚੰਗੀ ਤਰ੍ਹਾਂ ਜਾਣ ਲੈਣ ਤਾਂ ਯਕੀਨਨ ਉਹ ਪੂਜਾ ਪਾਠ ਦਾ ਧੰਦਾ ਛੱਡ ਕੇ ਸਰਬੱਤ ਦੇ ਭਲੇ ਦਾ ਕੋਈ ਹੋਰ ਕੰਮ ਕਰ ਲੈਣ। ਸਾਲਾਂ ਬੱਧੀ ਨਾਮ ਸਿਮਰਨ ਦੀ ਮਹਿਮਾ ਪਿਛੋਂ ਹੁਣ ਬੜਾ ਮੁਸ਼ਕਿਲ ਹੋਵੇਗਾ ਉਨ੍ਹਾਂ ਲਈ ਗੁਰੂ ਘਰ ਦੀ ਸਟੇਜ ਤੋਂ ਇਹ ਸੱਚ ਸਵੀਕਾਰਨਾ ਕਿ ਬਾਬੇ ਨਾਨਕ ਅਨੁਸਾਰ ਨਾਮ ਜਪਣ ਦਾ ਤਾਂ ਕੋਈ ਫਾਇਦਾ ਹੀ ਨਹੀਂ!

# ਨਵੀਨਤਮ ਸ਼ਬਦ ਸੋਚ ਅਤੇ ਵਿਲੱਖਣਤਾ ਦੀ ਪੈੜ

ਸਿੱਖ ਸਾਹਿਤ, ਪਰੰਪਰਾ ਅਤੇ ਇਤਿਹਾਸ ਵਿਚ ਗੁਰਬਾਣੀ ਦੀ ਵਿਆਖਿਆ ਦੇ ਵਿਭਿੰਨ ਪਾਸਾਰਾਂ ਦਾ ਵਰਣਨ ਹੈ। ਗੁਰਮਤਿ ਸਿਧਾਂਤਾਂ ਅਤੇ ਪਰੰਪਰਾਵਾਂ ਦੀ ਵਿਆਖਿਆ ਜਿਵੇਂ ਵਾਰਾਂ ਭਾਈ ਗੁਰਦਾਸ, ਜਨਮ ਸਾਖੀਆਂ, ਗੁਰ ਬਿਲਾਸ ਆਦਿ ਗ੍ਰੰਥਾਂ ਰਾਹੀਂ ਮੂਰਤੀਮਾਨ ਚਿੱਤਰੀ ਦਿਸਦੀ ਹੈ। ਗੁਰਮਤਿ ਵਿਦਵਾਨਾਂ ਨੇ ਗੁਰਬਾਣੀ ਦੀ ਵਿਆਖਿਆ ਕਰਨ ਦਾ ਉਘਾ ਕਾਰਜ ਨੇਪਰੇ ਲਾਇਆ ਹੈ। ਮਹਾਨ ਸੂਰਜਾਂ 'ਚ ਭਾਈ ਗੁਰਦਾਸ, ਭਾਈ ਮਨੀ ਸਿੰਘ, ਸੋਢੀ ਮਿਹਰਬਾਨ, ਸਾਧੂ ਅਨੰਦਘਨ, ਭਾਈ ਸੰਤੋਖ ਸਿੰਘ, ਪੰਡਿਤ ਤਾਰਾ ਸਿੰਘ ਨਰੋਤਮ, ਗਿਆਨੀ ਬਦਨ ਸਿੰਘ, ਸੰਤ ਅਮੀਰ ਸਿੰਘ, ਸੰਤ ਗੁਲਾਬ ਸਿੰਘ, ਪੰਡਿਤ ਨਰੈਣ ਸਿੰਘ, ਪੰਡਿਤ ਕਰਤਾਰ ਸਿੰਘ ਦਾਖਾ, ਭਾਈ ਵੀਰ ਸਿੰਘ, ਪ੍ਰਿੰ. ਤੇਜਾ ਸਿੰਘ, ਪ੍ਰੋ. ਸਾਹਿਬ ਸਿੰਘ ਆਦਿ ਨਾਂ

ਡਾ. ਅਮਰਜੀਤ ਟਾਂਡਾ

ਲਏ ਜਾ ਸਕਦੇ ਹਨ। ਵਿਦਵਾਨਾਂ ਨੇ ਉਘਾ ਕਾਰਜ ਗੁਰਬਾਣੀ ਦੀ ਵਿਆਖਿਆ ਕਰਨ ਲਈ ਅਰੰਭਿਆ, ਜੋ ਗੁਰਬਾਣੀ ਦੀ ਸੋਝੀ ਵਧਾਉਣ, ਸੋਚ 'ਚ ਵਾਧਾ, ਨਵੀਨ ਕਾਰਜ ਵਿਧੀਆਂ ਦੀ ਪਰੰਪਰਾਗਤ ਚੇਤਨਤਾ ਦੀਆਂ ਪੈੜਾਂ ਹਨ।

ਅਜੋਕੇ ਸਮੇਂ ਵਿਚ ਗੁਰਬਾਣੀ ਵਿਆਖਿਆ ਦੀ ਸ਼ਰਧਾ, ਸਿਰੜ ਅਤੇ ਸੋਝੀ ਦਾ ਪ੍ਰੋ. ਸਾਹਿਬ ਸਿੰਘ ਵਲੋਂ ਗੁਰੂ ਗ੍ਰੰਥ ਸਾਹਿਬ ਦਾ 10 ਭਾਗਾਂ ਵਿਚ ਰਚਿਆ ਹੋਇਆ ਸਟੀਕ ਅਹਿਮ ਕਾਰਜ ਸਮਝਿਆ ਜਾ ਰਿਹਾ ਹੈ। ਇੱਕ ਗੈਰ-ਸਿੱਖ ਹੀਰਾਨੰਦ ਦੇ ਘਰ ਜਨਮ ਲੈ ਕੇ ਪ੍ਰੋ. ਸਾਹਿਬ ਸਿੰਘ ਨੇ ਗੁਰਬਾਣੀ ਦੀ ਵਿਆਖਿਆਕਾਰੀ ਵਿਚ ਉਚੇਰੇ ਤੇ ਸੱਚੇ ਸੁੱਚਾ ਕਾਰਜ ਅਰੰਭੇ। ਖਾਲਸੇ ਦੀ ਰਹਿਤ ਧਾਰਨ ਕਰ ਕੇ ਨੱਥੂ ਰਾਮ ਤੋਂ ਸਾਹਿਬ ਸਿੰਘ ਦੇ ਰੂਪ ਵਿਚ ਆਏ। ਸਾਹਿਬ ਸਿੰਘ ਦਾ ਜਨਮ ਪਿੰਡ ਫੱਤੇਵਾਲ, ਜਿਲ੍ਹਾ ਸਿਆਲਕੋਟ (ਹੁਣ ਪਾਕਿਸਤਾਨ ਵਿਚ) ਭਾਈ ਹੀਰਾ ਚੰਦ ਦੇ ਘਰ ਮਾਤਾ ਨਿਹਾਲ ਦੇਵੀ ਦੀ ਕੁੱਖੋਂ 16 ਫਰਵਰੀ 1892 ਨੂੰ ਹੋਇਆ। ਪਿੰਡ ਦੇ ਨੇੜੇ ਵਸੇ ਕਸਬਾ ਫਤਿਹਗੜ੍ਹ ਤੋਂ ਅੱਠਵੀਂ ਕੀਤੀ। ਪਸਰੂਰ ਦੇ ਹਾਈ ਸਕੂਲ ਵਿਚ ਨੌਵੀਂ ਸ਼੍ਰੇਣੀ ਤੋਂ ਸੰਸਕ੍ਰਿਤ ਪੜ੍ਹਨੀ ਸ਼ੁਰੂ ਕੀਤੀ, ਪਰ ਦਸਵੀਂ ਤੋਂ ਅੱਗੇ ਉਹ ਨਹੀਂ ਪੜ੍ਹ ਸਕੇ। 15 ਸਾਲ ਦੀ ਉਮਰ ਵਿਚ ਪਿਤਾ ਜੀ ਦੇ ਅਕਾਲ ਚਲਾਣੇ ਪਿਛੋਂ ਕੁਝ ਚਿਰ ਅਧਿਆਪਕ ਲੱਗੇ ਰਹੇ ਅਤੇ ਫਿਰ ਡਾਕਖਾਨੇ ਵਿਚ ਕਲਰਕ; ਪਰ ਜਲਦ ਹੀ ਮੁੜ ਪੜ੍ਹਨ ਲੱਗ ਪਏ ਅਤੇ 1913 ਵਿਚ ਦਿਆਲ ਸਿੰਘ ਕਾਲਜ ਲਾਹੌਰ ਤੋਂ ਐਫ. ਏ. ਤੇ 1915 ਵਿਚ ਗੌਰਮਿੰਟ ਕਾਲਜ ਲਾਹੌਰ ਤੋਂ ਬੀ. ਏ. ਕੀਤੀ। ਗੁਰੂ ਨਾਨਕ ਖਾਲਸਾ ਕਾਲਜ, ਗੁੱਜਰਾਂਵਾਲਾ ਵਿਖੇ ਸੰਸਕ੍ਰਿਤ ਵਿਸ਼ੇ ਵਿਚ ਪ੍ਰੋਫੈਸਰ ਵਜੋਂ ਅਧਿਆਪਨ ਕਾਰਜ ਸ਼ੁਰੂ ਕੀਤਾ ਅਤੇ ਸਮੁੱਚਾ ਜੀਵਨ ਗੁਰਬਾਣੀ ਨੂੰ ਸਮਝਣ ਤੇ ਸਮਝਾਉਣ ਲਈ ਅਰਪਿਤ ਕਰ ਦਿੱਤਾ।

ਗੁਰਬਾਣੀ ਦੀ ਟੀਕਾਕਾਰੀ, ਗੁਰ-ਇਤਿਹਾਸ ਅਤੇ ਸਿੱਖ ਸਿਧਾਂਤਾਂ ਦੇ ਨਾਲ ਨਾਲ ਸਬੰਧਿਤ 50 ਤੋਂ ਵਧੇਰੇ ਹੋਰ ਪੁਸਤਕਾਂ ਵੀ ਲਿਖੀਆਂ ਹਨ। ਗੁਰਬਾਣੀ ਵਿਆਕਰਣ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਅਹਿਮ ਰਚਨਾਵਾਂ ਕਾਰਨ ਉਨ੍ਹਾਂ ਦੀ ਸਿੱਖਾਂ ਵਿਚ ਪਛਾਣ ਕਾਇਮ ਹੋਈ। ਵਿੱਦਿਅਕ ਅਦਾਰੇ ਕਿਸੇ ਨਾ ਕਿਸੇ ਰੂਪ ਵਿਚ ਗੁਰਬਾਣੀ ਦੀ ਵਿਆਖਿਆ ਦੇ ਕਾਰਜ ਵਿਚ ਸਰਗਰਮ ਹਨ ਜਿਵੇਂ ਕਿ ਉਦਾਸੀ, ਨਿਰਮਲੇ, ਸੇਵਾਪੰਥੀ, ਟਕਸਾਲਾਂ, ਸਿੰਘ ਸਭਾਵਾਂ, ਮਿਸ਼ਨਰੀ ਕਾਲਜ ਆਦਿ। ਸਭਾ ਪ੍ਰਣਾਲੀ ਗੁਰਬਾਣੀ ਦੀ ਵਿਆਖਿਆ ਦੇ ਆਧੁਨਿਕ ਸੰਦਰਭ ਵਿਚ ਨਵੀਂ ਸੋਚ ਸੇਧ ਦੀ ਤਸਵੀਰ ਹੈ, ਜੋ ਵੱਧ ਪ੍ਰਚਲਿਤ ਹੋ ਰਹੀ ਹੈ। 'ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ' ਰਾਹੀਂ ਗੁਰਬਾਣੀ ਦੀ ਆਧੁਨਿਕ ਵਿਆਖਿਆ ਦਾ ਮੁੱਢ ਭਾਈ ਵੀਰ ਸਿੰਘ ਨੇ ਬੰਨ੍ਹਿਆ, ਭਾਵੇਂ ਸੰਪਰਦਾਈ ਪ੍ਰਣਾਲੀ ਦੇ ਅੰਸ਼ ਵਿਆਖਿਆ ਵਿਚ ਨਜ਼ਰ ਆਉਂਦੇ ਹਨ, ਪਰ ਸ਼ਬਦ ਅਰਥਾਵਲੀ ਪ੍ਰਸੰਗ ਸਮਝ 'ਚ, ਸੇਧ 'ਚ ਨਵੀਨਤਮ ਉਪਰਾਲਾ ਹੈ। ਵਰਣਨ ਵਿਆਖਿਆ 'ਚ ਸੰਪਰਦਾਈ ਪਰੰਪਰਾਵਾਂ ਦਾ ਪ੍ਰਭਾਵ ਪੈ ਜਾਣਾ ਕੋਈ ਅਤਿਕਥਨੀ ਨਹੀਂ ਹੈ।

ਪ੍ਰਿੰ. ਤੇਜਾ ਸਿੰਘ, ਪ੍ਰੋ. ਸਾਹਿਬ ਸਿੰਘ, ਡਾ. ਸ਼ੇਰ ਸਿੰਘ ਤੇ ਹਜ਼ਾਰਾ ਸਿੰਘ ਸੋਢੀ ਵਰਗੇ ਵਿਦਵਾਨ ਸਭਾਈ ਪ੍ਰਣਾਲੀ ਦੇ ਪ੍ਰਭਾਵ ਅਧੀਨ ਗੁਰਬਾਣੀ ਵਿਆਖਿਆ ਦੇ ਚੰਦ ਤਾਰੇ ਹਨ। ਪ੍ਰਿੰ. ਤੇਜਾ ਸਿੰਘ ਦਾ 'ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਇਨ੍ਹਾਂ ਵਿਚੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੁਆਰਾ ਛਪਿਆ ਵਧੇਰੇ ਪਰਵਾਹ 'ਚ ਪਰਵਾਨ ਹੈ। ਮੂਲ ਪਾਠ ਦੇ ਸਾਹਮਣੇ ਪੰਨੇ 'ਤੇ ਗੁਰਬਾਣੀ ਦੇ ਔਖੇ ਸ਼ਬਦਾਂ ਦੇ ਅਰਥ ਲਿਖੇ ਹੋਏ ਹਨ, ਜੋ ਸਮਝਣ ਸੋਚਣ ਲਈ ਰੌਸ਼ਨੀ ਪ੍ਰਦਾਨ ਕਰਦੇ ਹਨ। ਫੁੱਟ-ਨੋਟ ਵਿਚ ਸ਼ਬਦਾਂ ਦੀ ਭਾਵਨਾ ਅਤੇ ਸਾਰ-ਸੰਖੇਪ ਮੌਜੂਦ ਹੈ। ਅਧਿਐਨ ਕਰਤਾ ਸਹਿਜੇ ਹੀ ਚੱਲ ਰਹੇ ਪ੍ਰਸੰਗ ਨੂੰ ਮਨ ਵਿਚ ਡੋਬ ਤਾਰੀ ਲਾ ਅਨੰਦਮਈ ਹੋ ਜਾਂਦਾ ਹੈ। ਸ਼ਬਦ ਨੂੰ ਸਮਝਣ ਲੱਗਿਆਂ ਪ੍ਰਸੰਗ ਵਿਸਰ ਨਹੀਂ ਸਕੇਗਾ। ਗੁਰਬਾਣੀ ਦੇ ਪ੍ਰਮਾਣ ਦੇਣ ਲੱਗਿਆਂ ਮੁਸ਼ਕਿਲ ਵੀ ਨਹੀਂ ਆਉਂਦੀ ਅਤੇ ਸੌਖਿਆਂ ਹੀ ਖੋਜਾਰਥੀ ਇਸ ਦੀ ਵਰਤੋਂ ਕਰ ਸਕਦੇ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਨ੍ਹਾਂ ਨੂੰ ਇੱਕ ਹਜ਼ਾਰ ਰੁਪਏ ਦਾ ਇਨਾਮ ਵੀ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਵਿਭਿੰਨ ਬਾਣੀਆਂ ਦੇ ਸਟੀਕ ਸੰਗਤ ਦੇ ਹੱਥਾਂ ਵਿਚ ਪੁਜਣ ਤੋਂ ਪਹਿਲਾਂ ਕਈ ਹੋਰ ਟੀਕੇ ਵੀ ਪੁੱਜ ਚੁਕੇ ਸਨ।


ਪ੍ਰੋ. ਸਾਹਿਬ ਸਿੰਘ ਦਾ ਇਕ ਚਿੱਤਰ

ਜਾਪੁ ਸਾਹਿਬ ਸਟੀਕ, ਫਰੀਦ ਜੀ ਦੇ ਸਲੋਕ ਸਟੀਕ, ਗੁਰੂ ਅੰਗਦ ਸਾਹਿਬ ਜੀ ਦੇ ਸਲੋਕ ਸਟੀਕ, ਦਸ ਵਾਰਾਂ ਸਟੀਕ, ਸਿਧ ਗੋਸਟਿ ਸਟੀਕ, ਸਤੇ ਬਲਵੰਡ ਦੀ ਵਾਰ ਸਟੀਕ ਅਤੇ ਜੈਤਸਰੀ ਕੀ ਵਾਰ ਸਟੀਕ ਇਨ੍ਹਾਂ ਟੀਕਿਆਂ ਵਿਚ ਸ਼ਾਮਲ ਸਨ। ਭਗਤਾਂ ਦੀ ਬਾਣੀ ਦਾ ਸਟੀਕ ਵੀ ਇਨ੍ਹਾਂ ਦੀ ਵੱਡੀ ਪ੍ਰਾਪਤੀ ਸੀ, ਜੋ ਸਿੰਘ ਬ੍ਰਦਰਜ਼, ਅੰਮ੍ਰਿਤਸਰ ਵਾਲਿਆਂ ਨੇ ਛਾਪੀ ਸੀ। ਆਪਣੀ ਸਵੈ-ਜੀਵਨੀ 'ਮੇਰੀ ਜੀਵਨ-ਕਹਾਣੀ' ਵਿਚ ਉਹ ਦੱਸਦੇ ਹਨ, "ਨਵੀਂ ਦਿੱਲੀ ਦੇ ਰਹਿਣ ਵਾਲੇ ਇੱਕ ਸੱਜਣ ਸਰਦਾਰ ਦਲੀਪ ਸਿੰਘ ਜੀ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਰਸ਼ਨ ਕਰਨ ਆਏ। ਮੈਨੂੰ ਭੀ ਸਿੱਖ ਮਿਸ਼ਨਰੀ ਕਾਲਜ ਆ ਕੇ ਮਿਲੇ। ਉਨ੍ਹਾਂ ਮੇਰੀਆਂ ਕੁਝ ਕਿਤਾਬਾਂ ਪੜ੍ਹੀਆਂ ਹੋਈਆਂ ਸਨ। ਮੇਰੇ ਪਾਸ ਉਹ ਘੰਟਾ ਕੁ ਬੈਠੇ। ਉਨ੍ਹਾਂ ਮੈਨੂੰ ਪ੍ਰੇਰਨਾ ਕੀਤੀ ਕਿ ਮੈਂ ਸਾਰੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਕਰ ਦਿਆਂ; ਪਰ ਮੇਰਾ ਮਨ ਨਾ ਮੰਨਿਆ।...ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਮੈਨੂੰ ਬੜਾ ਔਖਾ ਕੰਮ ਦਿਸ ਰਿਹਾ ਸੀ। ਫਿਰ ਇਸ ਨੂੰ ਛਾਪੇਗਾ ਕੌਣ? ਮੈਂ ਸਰਦਾਰ ਦਲੀਪ ਸਿੰਘ ਜੀ ਨੂੰ ਨਾਂਹ ਕਰ ਦਿੱਤੀ। ਉਹ ਚਲੇ ਗਏ। ਮੈਂ ਸੋਚਿਆ ਕਿ ਰੋਜ਼ਾਨਾ ਕਈ ਘੰਟੇ ਨਿੰਦਾ ਆਦਿਕ ਵਿਚ ਗੁਜ਼ਾਰ ਦੇਈਦੇ ਹਨ, ਜੇ ਮੈਂ ਟੀਕੇ ਦਾ ਕੰਮ ਸ਼ੁਰੂ ਕਰ ਦਿਆਂ ਤਾਂ ਇਸ ਭੈੜੇ ਪਾਸੇ ਵੱਲੋਂ ਬਚਿਆ ਰਹਾਂਗਾ। ਮੈਂ ਸਰਦਾਰ ਦਲੀਪ ਸਿੰਘ ਨੂੰ ਖਤ ਲਿਖ ਦਿੱਤਾ ਕਿ ਮੈਂ ਟੀਕਾ ਲਿਖਣ ਦਾ ਕੰਮ ਸ਼ੁਰੂ ਕਰ ਦਿਆਂਗਾ।"

ਅਜਿਹੀਆਂ ਪ੍ਰੇਰਨਾਵਾਂ ਦੇ ਨਤੀਜੇ ਵਜੋਂ ਗੁਰੂ ਗ੍ਰੰਥ ਸਾਹਿਬ ਦਾ ਸੰਪੂਰਨ ਟੀਕਾ ਲਿਖਣ ਦੀ ਚਿਣਗ ਪ੍ਰੋ. ਸਾਹਿਬ ਸਿੰਘ ਨੂੰ ਲੱਗੀ ਸੀ ਅਤੇ ਇਹ ਕਾਰਜ ਸੰਪੂਰਨ ਹੋਇਆ। ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਵਿਆਕਰਣਕ ਨਿਯਮਾਂ ਅਨੁਸਾਰ ਕੀਤਾ ਹੈ। ਭਾਸ਼ਾ ਨੂੰ ਵਿਆਕਰਣ ਦੇ ਨਿਯਮਾਂ ਤੋਂ ਬਿਨਾ ਸਮਝਣਾ ਕਠਿਨ ਹੁੰਦਾ ਹੈ। ਇਹ ਨਿਯਮ ਭਾਸ਼ਾ ਦੀ ਸੋਝੀ ਪੈਦਾ ਕਰਨ ਅਤੇ ਸ਼ਬਦ ਦੇ ਸਹੀ ਅਰਥ ਤਕ ਪਹੁੰਚਣ ਵਿਚ ਮਦਦ ਕਰਦੇ ਹਨ।

ਵਿਟਗਨਸਟਾਇਨ ਨੇ ਕਿਹਾ ਸੀ, "ਭਾਸ਼ਾ ਦੇ ਅੱਖਰ ਸ਼ਤਰੰਜ ਦੀ ਖੇਡ ਵਾਂਗ ਹੁੰਦੇ ਹਨ, ਤੇ ਮੋਹਰੇ ਨਿਰਧਾਰਿਤ ਨਿਯਮਾਂ ਅਨੁਸਾਰ ਆਪਣੀ ਚਾਲ ਚਲਦੇ ਰਹਿੰਦੇ ਹਨ।" ਭਾਸ਼ਾ ਦੀ ਖੇਡ ਪ੍ਰਾਚੀ ਹੈ, ਜਿਸ ਵਿਚ ਹਰ ਇੱਕ ਅੱਖਰ ਦਾ ਵਿਸ਼ੇਸ਼ ਅਰਥ ਹੁੰਦਾ ਹੈ ਅਤੇ ਜਦੋਂ ਉਹ ਸੰਦਰਭ ਬਦਲ ਲੈਂਦਾ ਹੈ ਤਾਂ ਉਸ ਦਾ ਅਰਥ ਵੀ ਬਦਲ ਜਾਂਦਾ ਹੈ। ਬਹੁਤ ਸਾਰੇ ਵਿਦਵਾਨ ਧਰਮ ਗ੍ਰੰਥ ਨੂੰ ਸਮਝਣ ਵਿਚ ਰੁਚੀ ਤਾਂ ਰੱਖਦੇ ਹਨ, ਪਰ ਉਨ੍ਹਾਂ ਦੀ ਵਿਆਖਿਆ ਕਰਨ ਤੋਂ ਨਾਂਹ ਕਰ ਦਿੰਦੇ ਹਨ। ਭਾਸ਼ਾ ਅਤੇ ਭਾਵਨਾ ਨੇੜੇ ਹੋਣੀਆਂ ਜਰੂਰੀ ਹੈ, ਜੋ ਪ੍ਰੋ. ਸਾਹਿਬ ਸਿੰਘ ਨੇ ਇਸ ਨੂੰ ਦਿਸ਼ਾ ਦਿੱਤੀ, ਤੇ ਗੁਰਬਾਣੀ ਨੂੰ ਸਮਝਣ ਦਾ ਯਤਨ ਕੀਤਾ। ਸ਼ਰਧਾਲੂ ਸ਼ਰਧਾਵੱਸ ਸ਼ਬਦ ਨਾਲ ਜੁੜਨ ਦੀ ਥਾਂ ਉਸ ਦੀ ਤਾਰਕਿਕ ਵਿਆਖਿਆ ਦੀ ਲੋੜ ਮਹਿਸੂਸ ਕਰਦੇ ਵੀ ਨਜ਼ਰ ਆਉਂਦੇ ਹਨ। ਬੌਧਿਕ ਪੱਧਰ 'ਤੇ ਸ਼ਬਦ ਦੀ ਸੋਝੀ ਹੋ ਜਾਣ ਉਤੇ ਉਹ ਵਹਿਮਾਂ, ਭਰਮਾਂ ਅਤੇ ਪਖੰਡਾਂ ਤੋਂ ਬਚ ਕੇ ਸਿੱਧਾ ਸ਼ਬਦ ਦੇ ਸੰਦੇਸ਼ ਨਾਲ ਤੁਰ ਪੈਂਦਾ ਹੈ। ਜੇ ਵੇਦਾਂ ਦਾ ਵਿਆਕਰਣ ਲਿਖਣਾ 'ਅਕਾਸ਼ ਬਾਣੀ' ਦੀ ਨਿਰਾਦਰੀ ਹੈ ਤਾਂ ਅੱਜ ਉਨ੍ਹਾਂ ਵੇਦਾਂ ਨੂੰ ਸਮਝਣਾ ਅਸੰਭਵ ਹੁੰਦਾ। ਬੋਲੀ ਸਦਾ ਬਦਲਦੀ ਆਈ ਹੈ। ਅੱਜ ਦੀ ਪੰਜਾਬੀ ਉਹ ਨਹੀਂ, ਜੋ ਅੱਜ ਤੋਂ ਪੰਜ ਸੌ ਸਾਲ ਪਹਿਲਾਂ ਸੀ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਉਸ ਪੰਜਾਬੀ ਬੋਲੀ ਵਿਚ ਉਚਾਰਨ ਕੀਤੀ ਗਈ ਹੈ, ਜੋ ਉਸ ਵੇਲੇ ਪ੍ਰਚਲਿਤ ਸੀ। ਤਦੋਂ ਦਾ ਕੋਸ਼, ਅੱਜ ਦੇ ਕੋਸ਼ ਨਾਲੋਂ ਵੱਖਰਾ ਸੀ, ਵਿਆਕਰਣ ਭੀ ਅੱਜ ਦੇ ਵਿਆਕਰਣ ਨਾਲੋਂ ਵਿਲੱਖਣ ਸੀ।

ਪ੍ਰੋ. ਸਾਹਿਬ ਸਿੰਘ ਨੇ ਤਰਕਪੂਰਨ ਢੰਗ ਨਾਲ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਸੰਪੂਰਨ ਕਰ ਕੇ ਪੇਸ਼ ਕੀਤਾ। ਭਾਵੇਂ ਵਿਆਕਰਣ ਦੇ ਨਿਯਮਾਂ ਨੂੰ ਪੂਰਨ ਤੌਰ 'ਤੇ ਗੁਰਬਾਣੀ 'ਤੇ ਲਾਗੂ ਨਹੀਂ ਕੀਤਾ ਜਾ ਸਕਦਾ, ਪਰ ਸਮਝਣ ਵਿਚ ਵਿਆਕਰਣ ਕਾਫੀ ਹੱਦ ਤਕ ਮਦਦ ਕਰਦੀ ਹੈ। ਉਨ੍ਹਾਂ ਨੇ ਗੁਰਬਾਣੀ ਵਿਆਕਰਣ ਤਿਆਰ ਕਰ ਕੇ ਸ਼ਬਦ ਦਾ ਉਚਾਰਨ ਅਤੇ ਇਸ ਦੇ ਅਰਥ ਨੂੰ ਸਮਝਣ ਦਾ ਰਾਹ ਉਲੀਕਿਆ। ਜੇ ਉਚਾਰਨ ਸਹੀ, ਸ਼ੁੱਧ ਹੋ ਜਾਵੇ ਤਾਂ ਅਰਥ ਆਪਣੇ ਆਪ ਹੀ ਸਮਝ ਆਉਣ ਲੱਗਦੇ ਹਨ। ਪਹਿਲਾਂ ਗੁਰਬਾਣੀ ਦੇ ਪਦ-ਛੇਦ ਕਰਨ ਵਾਲਿਆਂ ਨੇ ਗੁਰਬਾਣੀ ਨੂੰ ਸਮਝਣ ਵਿਚ ਸਰਲਤਾ ਪੈਦਾ ਕੀਤੀ ਸੀ ਅਤੇ ਫਿਰ ਉਚਾਰਨ ਸੇਧਾਂ ਦੱਸਣ ਵਾਲਿਆਂ ਨੇ ਗੁਰਬਾਣੀ ਦੇ ਸ਼ਬਦ ਦੀ ਸੋਝੀ ਪੈਦਾ ਕਰਨ ਵਿਚ ਮਦਦ ਕੀਤੀ। ਉਹ ਸ਼ਬਦ ਦੇ ਪੁਰਾਤਨ ਮੁਹਾਵਰੇ ਦੀ ਥਾਂ ਇਸ ਦੀ ਨਵੇਂ ਸਰੂਪ ਅਤੇ ਸੰਦਰਭ ਵਿਚ ਸਿਰਜਣਾ ਕਰ ਕੇ ਸੰਗਤ ਦੇ ਮਨ ਵਿਚ ਪਹਿਲਾਂ ਤੋਂ ਸਥਾਪਿਤ ਪ੍ਰਸੰਗ ਨੂੰ ਬਦਲ ਕੇ ਪੇਸ਼ ਕਰਦੇ ਹਨ। ਇੰਜ ਸੋਚ ਅਤੇ ਵਿਚਾਰਨ ਵਿਧੀ ਵੀ ਬਦਲ ਜਾਂਦੀ ਹੈ।

ਪ੍ਰੋ. ਸਾਹਿਬ ਦੀ ਸ਼ਬਦ ਨਵੀਨਤਮ ਅਰਥ ਕਰਨ ਵਿਚ ਵਿਲੱਖਣਤਾ ਸ਼ਲਾਘਾਯੋਗ ਕਦਮ ਹੈ। ਇਸ ਸੰਦਰਭ ਵਿਚ 'ਮਹਲਾ' ਅਤੇ ਇਸ ਨਾਲ ਜੁੜੇ ਹੋਏ ਅੰਕਾਂ ੧, ੨, ੩, ੪, ੫, ੯ ਦੇ ਉਚਾਰਨ ਨੂੰ ਗੁਰੂ ਗ੍ਰੰਥ ਸਾਹਿਬ ਦਰਪਣ ਦੇ ਮੁਢਲੇ ਪੰਨਿਆਂ ਵਿਚ ਦੇਖਿਆ ਜਾ ਸਕਦਾ ਹੈ। ਗੁਰਬਾਣੀ ਵਿਚੋਂ ਹੀ ਪ੍ਰਮਾਣ ਦੇ ਕੇ ਉਹ ਇਸ ਸ਼ਬਦ ਦਾ ਸਹੀ ਉਚਾਰਣ "ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਲਫਜ਼ 'ਰਹਤ', 'ਬਹਰੇ', 'ਬਹਲੇ', 'ਸਹਜੇ', 'ਗਹਲਾ', 'ਟਹਲ', 'ਮਹਰੇਰ' ਅਤੇ ਅਜਿਹੇ ਹੋਰ ਭੀ ਕਈ ਲਫ਼ਜ਼ ਆਉਂਦੇ ਹਨ, ਜਿਨ੍ਹਾਂ ਵਿਚ ਅੱਖਰ 'ਹ' ਆਉਂਦਾ ਹੈ। ਜਿਵੇਂ ਇਨ੍ਹਾਂ ਲਫ਼ਜ਼ਾਂ ਦਾ ਉਚਾਰਨ ਕੀਤਾ ਜਾਂਦਾ ਹੈ, ਤਿਵੇਂ ਲਫ਼ਜ਼ 'ਮਹਲਾ' ਦਾ ਉਚਾਰਨ ਕਰਨਾ ਹੈ।" ਸ਼ਬਦ ਦੇ ਨਾਲ ਦਿੱਤੇ ਅੰਕਾਂ ਸਬੰਧੀ ਉਚਾਰਨ ਸੇਧ ਦਿੰਦੇ ਕਹਿੰਦੇ ਹਨ ਕਿ ਇਨ੍ਹਾਂ ਅੰਕਾਂ ਨੂੰ ਇੱਕ, ਦੋ, ਤਿੰਨ, ਚਾਰ, ਪੰਜ ਅਤੇ ਨੌਂ ਪੜ੍ਹਨਾ ਗਲਤ ਹੈ।

ਪ੍ਰੋ. ਸਾਹਿਬ ਸਿੰਘ ਨੇ ਲੱਖਾਂ ਹੀ ਪ੍ਰਾਣੀਆਂ ਨੂੰ ਗੁਰੂ ਸਿਧਾਂਤ ਨਾਲ ਜੋੜਿਆ ਅਤੇ ਅੱਜ ਵੀ ਲੱਖਾਂ ਹੀ ਗੁਰੂ ਪ੍ਰੇਮੀ ਉਨ੍ਹਾਂ ਦੀਆਂ ਲਿਖਤਾਂ ਰਾਹੀਂ ਗੁਰੂ ਨਾਲ ਜੁੜ ਰਹੇ ਹਨ ਤੇ ਗੁਰਬਾਣੀ ਦਾ ਸ਼ੁੱਧਤਾ ਵਾਲਾ ਪ੍ਰਚਾਰ ਕਰ ਰਹੇ ਹਨ। ਸਿੱਖ ਦਾ ਅਰਥ ਸਿੱਖਣਾ ਹੈ, ਜੋ ਸਦਾ ਹੀ ਗੁਰੂ ਦਾ ਸਿਖਿਆਰਥੀ ਹੈ। ਪ੍ਰੋ. ਸਾਹਿਬ ਸਿੰਘ ਜਿਹੇ ਉਚ ਕੋਟੀ ਦੇ ਵਿਦਵਾਨਾਂ ਤੋਂ ਗੁਰਬਾਣੀ ਵਿਆਖਿਆ ਦੀ ਸੇਧ ਲੈ ਕੇ ਗੁਰਬਾਣੀ ਨੂੰ ਵੱਧ ਤੋਂ ਵੱਧ ਸਮਝਣ ਦੀ ਕੋਸ਼ਿਸ਼ ਕਰਨੀ ਜਰੂਰੀ ਹੈ।

# ਸਿੱਖ, ਸਿੱਖ ਧਰਮ ਅਤੇ ਪੁਜਾਰੀਵਾਦ

'ਪੰਜਾਬ ਟਾਈਮਜ਼' ਦੇ ਪਿਛਲੇ ਅੰਕ (12 ਸਤੰਬਰ) ਵਿਚ ਹਰਚਰਨ ਸਿੰਘ ਪਰਹਾਰ ਦਾ ਲੇਖ "ਸਿੱਖ ਧਰਮ ਬਨਾਮ ਪੁਜਾਰੀਵਾਦ" ਸਿੱਖਾਂ ਦੀਆਂ ਅੱਖਾਂ, ਜਿਨ੍ਹਾਂ 'ਤੇ ਪੁਜਾਰੀਆਂ ਦਾ ਪ੍ਰਭਾਵ ਕਾਲੇ ਮੋਤੀਆ ਬਿੰਦ ਦੀ ਪਰਤ ਵਾਂਗ ਪੱਕੇ ਤੌਰ 'ਤੇ ਚੜ੍ਹ ਚੁਕਾ ਹੈ, ਬਾਰੇ ਅਨੇਕਾਂ ਸਵਾਲ ਖੜ੍ਹੇ ਕਰਦਾ ਹੈ; ਪਰ ਸਿੱਖ ਪੁਜਾਰੀਆਂ ਦੇ ਗੜ੍ਹ ਗੁਰਦੁਆਰਾ ਸਾਹਿਬਾਨ ਅਤੇ ਡੇਰਿਆਂ ਦੀਆਂ ਰਸਮਾਂ ਤੇ ਕਸਮਾਂ ਵਿਚ ਇੰਨੇ ਉਲਝ ਚੁਕੇ ਹਨ ਕਿ ਇਸ ਦੇ ਲਈ ਸਿੰਘ ਸਭਾ ਲਹਿਰ ਤੋਂ ਵੀ ਵੱਡ ਅਕਾਰੀ ਤੇ ਪ੍ਰਭਾਵੀ ਸਿੱਖ ਜਨ ਜਾਗ੍ਰਿਤੀ ਲਹਿਰ ਦੀ ਲੋੜ ਹੈ।

ਅਮਰਜੀਤ ਸਿੰਘ ਮੁਲਤਾਨੀ
multaniny@gmail.com

ਪੁਜਾਰੀਵਾਦ ਦਾ ਨਸ਼ਾ ਬਹੁਤੇ ਸਿੱਖਾਂ 'ਤੇ ਇੰਨਾ ਤਾਰੀ ਹੋ ਗਿਆ ਹੈ ਕਿ ਉਸ ਦੀ ਕਾਟ ਲਈ ਨਸ਼ਾ ਛਡਾਊ ਜਿਹੇ ਕੈਂਪ ਯਾਨਿ ਮਜ਼ਬੂਤ ਧਿਰ ਦੀ ਤਿਆਰੀ ਵਕਤ ਦੀ ਸਭ ਤੋਂ ਵੱਡੀ ਲੋੜ ਹੈ। ਸਿੱਖਾਂ, ਜੋ ਆਪਣੇ ਧਰਮ ਦੇ ਨਿੱਘਰਨ ਤੋਂ ਅਤਿ ਦੁਖੀ ਹਨ, ਨੂੰ ਲਾਮਬੰਦ ਹੋ ਕੇ ਆਪਣੇ ਆਪ ਨੂੰ ਪੁਜਾਰੀਵਾਦ ਦਾ ਵਿਰੋਧੀ ਗਰਦਾਨਣਾ ਪਵੇਗਾ। ਇਨ੍ਹਾਂ ਸਿੱਖਾਂ ਨੂੰ ਆਪਣੇ ਆਚਰਨ ਰਾਹੀਂ ਆਮ ਬਹੁਗਿਣਤੀ ਸਿੱਖਾਂ ਵਿਚ ਇਹ ਪ੍ਰਭਾਵ ਸਥਾਪਿਤ ਕਰਨਾ ਪਵੇਗਾ ਕਿ ਉਨ੍ਹਾਂ 'ਤੇ ਪੁਜਾਰੀਆਂ-ਡੇਰਿਆਂ ਨਾਲੋਂ ਤੋੜ-ਵਿਛੋੜੇ ਕਾਰਨ ਗੁਰੂ ਨਾਨਕ ਦਾ ਅਸ਼ੀਰਵਾਦ ਘਟਿਆ ਨਹੀਂ, ਸਗੋਂ ਉਹ ਵਧੇਰੇ ਅਨੰਦਿਤ ਤੇ ਵਧੇਰੇ ਗੁਰੂ ਕਿਰਪਾ ਦੇ ਪਾਤਰ ਬਣ ਗਏ ਹਨ। ਇਹ ਯਤਨ ਲਗਾਤਾਰ ਜਾਰੀ ਰੱਖਣੇ ਪੈਣਗੇ ਤੇ ਉਹ ਵੀ ਲੰਬੇ ਸਮੇਂ ਤੱਕ, ਜਦ ਤੱਕ ਤੁਸੀਂ ਆਪਣੇ ਮਿਸ਼ਨ ਵਿਚ ਘੱਟੋ ਘੱਟ 50% ਸਫਲ ਨਹੀਂ ਹੁੰਦੇ, ਪਰ ਤੁਹਾਨੂੰ ਸੌ ਪ੍ਰਤੀਸ਼ਤ ਦੇ ਨਿਸ਼ਾਨੇ ਦੀ ਪ੍ਰਾਪਤੀ ਤਕ ਜਾਗਦੇ ਹੀ ਰਹਿਣਾ ਪਵੇਗਾ।

ਸਿੱਖਾਂ ਦੇ ਇਕ ਵੱਡੇ ਵਰਗ ਨੂੰ ਇਸ ਵੇਲੇ ਸੰਤ ਰਣਜੀਤ ਸਿੰਘ ਢੱਡਰੀਆਂ ਵਾਲਾ ਕਾਫੀ ਪ੍ਰਭਾਵਿਤ ਕਰ ਰਿਹਾ ਹੈ। ਆਪਣੇ ਸ਼ੁਰੂਆਤੀ ਦਿਨਾਂ ਵਿਚ ਉਸ ਨੇ ਵੀ ਕਾਫੀ ਕਮਲੀਆਂ ਘੱਟੀਆਂ ਸਨ, ਪਰ ਇਸ ਵਿਚ ਉਸ ਦਾ ਨਹੀਂ, ਸਗੋਂ ਉਸ ਦੀ ਘੱਟ ਉਮਰ ਦਾ ਦੋਸ਼ ਸੀ। ਇਕ ਤਾਂ ਹੁਣ ਉਹ ਥੋੜ੍ਹਾ ਸਿਆਣਾ ਹੋ ਗਿਆ ਹੈ। ਮੈਨੂੰ ਲੱਗਦਾ ਹੈ ਕਿ ਉਸ ਨੇ ਡੂੰਘਾ ਆਤਮ ਚਿੰਤਨ ਕਰਨ ਪਿਛੋਂ ਇਹ ਮੌਜੂਦਾ ਰੁਖ ਅਖਤਿਆਰ ਕੀਤਾ ਹੈ। ਇਹ ਵੀ ਲੱਗਦਾ ਹੈ, ਉਸ ਨੇ ਸਿੱਖ ਗ੍ਰੰਥਾਂ ਦਾ ਅਧਿਐਨ ਕਰਨ ਦੇ ਨਾਲ-ਨਾਲ ਮੌਜੂਦਾ ਸਿੱਖ ਸੰਸਥਾਵਾਂ, ਜਿਨ੍ਹਾਂ ਵਿਚ ਐਸ. ਜੀ. ਪੀ. ਸੀ. ਅਤੇ ਅਕਾਲ ਤਖਤ ਸ਼ਾਮਿਲ ਹੈ, ਤੋਂ ਇਲਾਵਾ ਆਪਣੇ ਸਮਕਾਲੀ ਟਕਸਾਲ 'ਤੇ ਵੀ ਡੂੰਘੀ ਖੋਜ ਬਾਰੇ ਵਿਚਾਰਾਂ ਨੂੰ ਪੱਕਿਆਂ ਕੀਤਾ ਹੈ। ਸਿੱਖ ਧਾਰਮਿਕ ਸੰਸਥਾਵਾਂ, ਹਮਾਮ ਤਾਂ ਦੂਰ ਰਿਹਾ, ਸ਼ਰੇਆਮ ਨੰਗੀਆਂ ਹੋ ਗਈਆਂ ਹਨ। ਸਿੱਖ ਭਾਵੇਂ ਇਸ ਪਾਸਿਓਂ ਅੱਖਾਂ ਮੀਟੀ ਰੱਖਣ, ਪਰ ਇਸ ਨਾਲ ਹਕੀਕਤ ਨਹੀਂ ਬਦਲਨੀ। ਅਕਾਲ ਤਖਤ ਤੇ ਐਸ. ਜੀ. ਪੀ. ਸੀ. ਅਜਿਹੀਆਂ ਦੋ ਸੰਸਥਾਵਾਂ ਹਨ, ਜਿਸ ਨਾਲ ਸਾਰੇ ਸੰਸਾਰ ਦੇ ਸਿੱਖ ਬਾਵਸਤਾ ਹਨ। ਇਨ੍ਹਾਂ ਦੇ ਕੰਮਾਂ 'ਤੇ ਸਾਰੇ ਸਿੱਖਾਂ ਦੀ ਨਜ਼ਰ ਹੁੰਦੀ ਹੈ। ਇਨ੍ਹਾਂ ਸੰਸਥਾਵਾਂ ਵਿਚ ਹੁੰਦੀਆਂ ਨੀਚ ਤੇ ਨਿੰਦਾਯੋਗ ਘਟਨਾਵਾਂ ਤੋਂ ਪੈਦਾ ਹੋਈ ਨਿਰਾਸ਼ਾ ਹੀ ਭਾਈ ਢੱਡਰੀਆਂ ਵਾਲੇ ਦੀ ਅਸਲ ਤਾਕਤ ਹਨ। ਜੋ ਸਿੱਖ ਅੱਜ ਉਸ ਨਾਲ ਡਟੇ ਖੜੇ ਹਨ, ਨੂੰ ਚਾਹੀਦਾ ਹੈ ਕਿ ਉਹ ਇਸ ਆਰ ਤੇ ਪਾਰ ਦੀ ਲੜਾਈ ਵਿਚ ਉਸ ਨਾਲ ਹੀ ਖੜਨ ਤੇ ਉਸ ਦੀ ਤਾਕਤ ਬਣਨ।

ਸਿੱਖਾਂ 'ਤੇ ਅਕਾਲ ਤਖਤ ਦੀ ਸਿਰਮੌਰਤਾ ਐਸ. ਜੀ. ਪੀ. ਸੀ. ਨੇ ਹੀ ਥੋਪੀ ਸੀ ਤੇ ਹੁਣ ਅਕਾਲ ਤਖਤ ਦੀ ਸ਼ਕਤੀ ਦਾ ਮਜ਼ਾਕ ਵੀ ਐਸ. ਜੀ. ਪੀ. ਸੀ. ਨੇ ਖੁਦ ਹੀ ਉਡਾਇਆ ਹੈ। ਸਭ ਜਾਣਦੇ ਹਨ ਕਿ ਅਕਾਲ ਤਖਤ ਦੇ ਜਥੇਦਾਰ ਹਰਪ੍ਰੀਤ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੇ ਲਾਪਤਾ ਸਰੂਪਾਂ 'ਤੇ ਐਕਸ਼ਨ ਲੈਣ ਲਈ ਐਸ. ਜੀ. ਪੀ. ਸੀ. ਨੂੰ ਹਦਾਇਤ ਦਿੱਤੀ ਸੀ। ਐਸ. ਜੀ. ਪੀ. ਸੀ. ਵੀ ਆਪਣੀ ਤੇ ਆਪਣਿਆਂ ਦੀ ਚਮੜੀ ਬਚਾਉਣ ਲਈ ਸਾਬਕਾ ਮੁੱਖ ਸਕੱਤਰ ਹਰਚਰਨ ਸਿੰਘ ਸਮੇਤ ਚੁਣ-ਚੁਣ ਕੇ ਬਲੀ ਦੇ ਬੱਕਰੇ ਲੱਭਦੀ ਹੈ। ਸਾਬਕਾ ਮੁੱਖ ਸਕੱਤਰ ਹਰਚਰਨ ਸਿੰਘ ਤਾਂ ਹਿਰਖ ਕਰਦਾ ਹੋਇਆ ਇਸ ਫਾਨੀ ਜਹਾਨ ਨੂੰ ਹੀ ਅਲਵਿਦਾ ਕਹਿ ਗਿਆ ਹੈ। ਬਾਕੀ ਬਲੀ ਦੇ ਬੱਕਰੇ ਵੀ ਜਦੋਂ ਪੂਰੇ ਦਮ ਨਾਲ ਮਿਆਂਕਣ ਲੱਗਦੇ ਹਨ ਤਾਂ ਪੋਲ ਖੁੱਲ੍ਹਣ ਦੇ ਡਰੋਂ ਐਸ. ਜੀ. ਪੀ. ਸੀ. ਦਾ ਨਾਮ ਧਰੀਕ ਪ੍ਰਧਾਨ ਦੇਸ਼ ਦੇ ਪ੍ਰਧਾਨ ਮੰਤਰੀ ਵਾਂਗ ਚੀਨੀ ਘੁਸਪੈਠ ਤੇ ਮਾਰੀ ਯੂ ਟਰਨ ਜਿਹਾ ਹੀ ਬਿਆਨ ਦਿੰਦਾ ਹੈ ਕਿ ਕਦੇ ਵੀ ਕੋਈ ਸਰੂਪ ਗੁੰਮ ਹੀ ਨਹੀਂ ਹੋਇਆ। ਅਜਿਹਾ ਬਿਆਨ ਦੇ ਕੇ ਨਰਿੰਦਰ ਮੋਦੀ ਨੇ ਵਿਰੋਧੀ ਧਿਰ ਨੂੰ ਝੂਠੇ ਸਾਬਤ ਕਰਨ ਦਾ ਯਤਨ ਕੀਤਾ ਸੀ, ਪਰ ਗੋਬਿੰਦ ਸਿੰਘ ਲੌਂਗੋਵਾਲ ਦੇ ਬਿਆਨ ਨੇ ਤਾਂ ਅਕਾਲ ਤਖਤ ਤੇ ਉਸ ਦੇ ਜਥੇਦਾਰ ਨੂੰ ਹੀ ਧਰਾਸ਼ਾਈ ਕਰ ਦਿੱਤਾ।

ਸਾਰੇ ਸਿੱਖਿਅਤ ਸਿੱਖਾਂ ਨੂੰ ਆਪਣੇ ਆਲੇ-ਦੁਆਲੇ ਦੀਆਂ ਕੰਧਾਂ 'ਤੇ ਲਿਖਿਆ ਜ਼ਰੂਰ ਪੜ੍ਹਨਾ ਚਾਹੀਦਾ ਹੈ। ਗੁਰੂ ਨਾਨਕ ਦੇ ਸਿੱਖਾਂ ਨੂੰ ਪੁਜਾਰੀਆਂ ਜਾਂ ਡੇਰੇਦਾਰਾਂ ਤੋਂ ਡਰਨ ਦੀ ਲੋੜ ਨਹੀਂ। ਸਿੱਖ ਨੂੰ ਕੋਈ ਤਾਕਤ ਡਰਾ ਨਹੀਂ ਸਕਦੀ, ਬਸ਼ਰਤੇ ਉਹ ਖੁਦ ਡਰਨਾ ਨਾ ਚਾਹੁੰਦੇ ਹੋਣ। ਤੁਸੀਂ ਇਕ ਵਾਰ ਹਿੰਮਤ ਤਾਂ ਕਰੋ, ਗੁਰੂ ਨਾਨਕ ਤੁਹਾਡੇ ਅੰਗ-ਸੰਗ ਖਲੋਤੇ ਹਨ, ਤੁਸੀਂ ਖੁਦ ਮਹਿਸੂਸ ਕਰੋਗੇ। ਸਿੱਖ ਧਰਮ 'ਤੇ ਗੁਰੂ ਨਾਨਕ ਦੇ ਸਿੱਖਾਂ ਦਾ ਏਕਾਧਿਕਾਰ ਹੈ। ਜਿਸ ਸਿੱਖ ਨੇ ਗੁਰੂ ਨਾਨਕ ਦੀ ਇਲਾਹੀ ਬਾਣੀ 'ਜਪੁਜੀ' ਪੜ੍ਹ ਤੇ ਸਮਝ ਲਈ ਹੈ, ਸਮਝ ਲਉ ਉਸ ਨੂੰ ਬ੍ਰਹਿਮੰਡ ਦੇ ਗਿਆਨ ਦਾ ਗਿਆਨ ਮਿਲ ਗਿਆ ਹੈ। ਉਸ ਨੂੰ ਦਸਮ ਗ੍ਰੰਥ ਤਾਂ ਦੂਰ ਦੀ ਗੱਲ, ਕਿਸੇ ਵੀ ਹੋਰ ਦੁਨੀਆਵੀ ਗ੍ਰੰਥ ਦੀ ਲੋੜ ਨਹੀਂ। ਸਿੱਖ ਲਈ ਕਿਸੇ ਵੀ ਕਿਸਮ ਦੀ ਧਾਰਮਿਕ ਕੱਟੜਤਾ ਅਰਥਹੀਣ ਹੈ। ਸਿੱਖ ਇਹ ਸਭ ਨਿਗੁਣੀਆਂ ਤੇ ਕੋਝੀਆਂ ਹਰਕਤਾਂ ਤੋਂ ਕਿਤੇ ਉਚਾ ਮੁਕਾਮ ਰੱਖਦਾ ਹੈ। ਸਿੱਖਾਂ ਨੂੰ ਗੁਰੂ ਨਾਨਕ ਵੱਲੋਂ ਦੇਸ਼-ਦੇਸ਼ਾਂਤਰਾਂ ਦੀਆਂ ਕੀਤੀਆਂ ਯਾਤਰਾਵਾਂ ਤੋਂ ਸਬਕ ਲੈਣਾ ਚਾਹੀਦਾ ਹੈ, ਹਰ ਸਿੱਖ ਨੂੰ ਅਹਿਦ ਕਰ ਲੈਣਾ ਚਾਹੀਦਾ ਹੈ ਕਿ ਉਹ ਮੌਜੂਦਾ ਸਮੇਂ ਵਿਚ ਸਿੱਖ ਅਤੇ ਸਿੱਖ ਧਰਮ ਦੇ ਦੋਖੀਆਂ ਵੱਲੋਂ ਸਿੱਖੀ ਬਾਣੇ ਵਿਚ, ਜੋ ਸਿੱਖ ਧਰਮ ਵਿਰੋਧੀ ਕਾਰਵਾਈਆਂ ਹੋ ਰਹੀਆਂ ਹਨ, ਵਿਚ ਨਾ ਉਲਝ ਕੇ ਖੁਦ ਅਤੇ ਆਪਣੇ ਵਰਗਿਆਂ ਨਾਲ ਮਿਲ ਕੇ ਸਿੱਖ ਧਰਮ ਦੇ ਪ੍ਰਚਾਰ ਤੇ ਪਸਾਰ ਲਈ ਹਮੇਸ਼ਾ ਤਤਪਰ ਰਹਿਣਾ ਹੈ।

ਅਸੀਂ ਜੱਗ ਬੀਤੀਆਂ ਕਰਨ ਵਿਚ ਵਧੇਰੇ ਸੁਆਦ ਤੇ ਧਰਵਾਸ ਮਾਣਦੇ ਹਾਂ, ਪਰ ਮੇਰਾ ਨਿੱਜੀ ਮੱਤ ਹੈ ਕਿ ਜੱਗ ਬੀਤੀਆਂ ਨਾਲੋਂ ਹੱਡ ਬੀਤੀਆਂ ਕਰਨੀਆਂ ਚਾਹੀਦੀਆਂ ਹਨ। ਇਸੇ ਕਰਕੇ ਮੈਂ ਆਪਣੇ ਆਲੇ-ਦੁਆਲੇ ਤੇ ਨਿੱਜ ਨਾਲ ਬੀਤੀਆਂ ਘਟਨਾਵਾਂ ਦਾ ਹੀ ਜ਼ਿਕਰ ਕਰਦਾ ਹਾਂ। ਮੈਂ ਗੱਲ ਗੋਲ ਕਰਨ ਨਾਲੋਂ, ਜਿਵੇਂ ਦੀ ਹੈ, ਉਵੇਂ ਦੀ ਕਰਦਾ ਹਾਂ। ਮੇਰੀ ਆਪਣੀ ਨਿੱਜੀ ਜ਼ਿੰਦਗੀ ਵਿਚ ਸਾਲ 2014 ਦੌਰਾਨ ਇਕ ਅਜਿਹੀ ਘਟਨਾ ਵਾਪਰੀ, ਜਿਸ ਨੇ ਮੈਨੂੰ ਗੁਰਦੁਆਰੇ ਤੋਂ ਡਰਨ ਵਾਲੇ ਇਕ ਆਮ ਅਖੌਤੀ ਸਿੱਖ ਤੋਂ ਇਕ ਪਰਿਪੂਰਨ ਸਿੱਖ ਵਿਚ ਤਬਦੀਲ ਕਰ ਦਿੱਤਾ। ਮੈਂ ਇਸ ਘਟਨਾ ਦਾ ਸਿਵਾਏ ਦੋ ਵਿਅਕਤੀਆਂ ਦੇ ਕਿਸੇ ਨਾਲ ਜ਼ਿਕਰ ਨਹੀਂ ਕੀਤਾ, ਪਰ ਉਸ ਪਿਛੋਂ ਆਈ ਤਬਦੀਲੀਆਂ ਤੋਂ ਹੁਣ ਸਾਰੇ ਵਾਕਿਫ ਹਨ, ਕਿਉਂਕਿ ਮੈਂ ਧਾਰਮਿਕ ਘੜਮੱਸ ਵਿਚ ਗੁਰੂ ਨਾਨਕ ਦੇ ਸਿੱਖ ਦੀ ਬਾਤ ਜ਼ਰੂਰ ਪਾਉਂਦਾ ਹਾਂ। ਮੈਂ ਆਪਣੇ ਹਰ ਜਾਣਨ ਵਾਲੇ ਨੂੰ ਧਾਰਮਿਕ ਬੋਝੇ ਲਾਹ ਸੁੱਟ ਕੇ ਇਕ ਵਧੀਆ ਸਿੱਖ ਬਣਨ ਦੀ ਜ਼ਰੂਰ ਬੇਨਤੀ ਕਰਦਾ ਹਾਂ। ਉਸ ਘਟਨਾ ਵਾਲੇ ਦਿਨ ਤੋਂ ਬਾਅਦ ਅੱਜ ਤੱਕ ਮੈਂ ਕਿਸੇ ਵੀ ਗੁਰਦੁਆਰਾ ਸਾਹਿਬ ਦੇ ਨੇੜੇ-ਤੇੜੇ ਵੀ ਨਹੀਂ ਗਿਆ, ਸਿਵਾਏ ਇੱਕ ਜਾਂ ਦੋ ਵਾਰ; ਉਹ ਵੀ ਪੱਤਰਕਾਰ ਹਰਬਖਸ਼ ਸਿੰਘ ਟਾਹਲੀ ਦੇ ਕਹਿਣ 'ਤੇ। ਮੈਂ ਇਥੇ ਇਕ ਵੱਡੇ ਗੁਰੂ ਘਰ ਵਿਚ ਪਿਛਲੇ ਸਾਲ ਤਿੰਨ ਮਹੀਨਿਆਂ ਲਈ ਸਿਟੀ ਦੀ ਤਰਫੋਂ ਇਮੀਗ੍ਰਾਂਟਾਂ ਨੂੰ ਇੰਗਲਿਸ਼ ਸਿਖਾਉਣ ਜਾਂਦਾ ਰਿਹਾ ਹਾਂ। ਘਰੋਂ ਸਿੱਧੇ ਗੁਰੂ ਘਰ ਦੇ ਜੋੜਾ ਘਰ, ਫਿਰ ਸਿੱਧੇ ਲਿਫਟ ਰਾਹੀਂ ਚੌਥੀ ਮੰਜ਼ਿਲ 'ਤੇ; ਢਾਈ ਘੰਟਿਆਂ ਦੀ ਕਲਾਸ ਲੈ ਕੇ ਫਿਰ ਲਿਫਟ ਰਾਹੀਂ ਹੇਠਲੀ ਮੰਜ਼ਿਲ ਤੋਂ ਜੋੜਾ ਘਰ। ਘਰ ਆ ਕੇ ਲੰਚ ਕਰਨਾ। ਉਸ 2014 ਦੀ ਘਟਨਾ ਨੇ ਮੈਨੂੰ ਆਤਮਿਕ ਤੇ ਨੈਤਿਕ ਤੌਰ 'ਤੇ ਇੰਨਾ ਮਜਬੂਤ ਕੀਤਾ ਹੈ, ਇਹ ਬਿਆਨ ਨਹੀਂ ਕੀਤਾ ਜਾ ਸਕਦਾ।

ਹਰ ਕਿਸੇ ਨੂੰ ਇਸ ਗੱਲ ਦਾ ਪਤਾ ਹੈ ਕਿ ਗੁਰੂ ਨਾਨਕ ਵੀ ਇਕੱਲਾ ਹੀ ਸੀ, ਤੇ ਕਿਵੇਂ ਉਸ ਯੁਗ ਪੁਰਸ਼ ਨੇ ਸੜ੍ਹਦੀ, ਬਲਦੀ ਲੋਕਾਈ ਨੂੰ ਸ਼ੀਤਲ ਚਿੱਤ ਹੋ ਕਿ ਬਿਨਾ ਕਿਸੇ ਧਾਰਮਿਕ ਬੰਧਨਾਂ ਦੇ ਇਸੇ ਜਨਮ ਵਿਚ ਖੁਦ ਹੀ ਮਹਾਮਾਨਵ ਬਣਨ ਦਾ ਸੌਖਾ ਰਸਤਾ ਦੱਸਿਆ। ਮੈਂ ਹਰ ਵਕਤ ਆਪਣੇ ਆਪ ਨੂੰ ਗੁਰੂ ਨਾਨਕ ਦੀ ਕਿਰਪਾ ਨਾਲ ਸਰਸ਼ਾਰ ਮਹਿਸੂਸ ਕਰਦਾ ਹਾਂ। ਹਰ ਸਿੱਖ ਗੁਰੂ ਨਾਨਕ ਦਾ ਹੈ ਤੇ ਉਹ ਸਿੱਖ, ਸਿੱਖ ਧਰਮ ਦਾ ਦੂਤ ਹੈ, ਜਿਨ੍ਹਾਂ ਦੇ ਮੋਢਿਆਂ 'ਤੇ ਸਵਾਰ ਹੋ ਕੇ ਸਿੱਖ ਧਰਮ ਨੇ ਵਿਸ਼ਵ ਦਾ ਧਰਮ ਬਣਨਾ ਹੈ।

# ਘੁੱਗੀ ਅਤੇ ਸੱਪ

**ਰਾਜਸਥਾਨੀ ਲੋਕ ਕਹਾਣੀਆਂ-12**





**ਵਿਜੇਦਾਨ ਦੇਥਾ**
ਅਨੁਵਾਦ: ਡਾ. ਹਰਪਾਲ ਸਿੰਘ ਪੰਨੂ
ਫੋਨ: +91-94642 51454

***ਵਿਜੇਦਾਨ ਦੇਥਾ (ਪਹਿਲੀ ਸਤੰਬਰ 1926-10 ਨਵੰਬਰ 2013) ਰਾਜਸਥਾਨੀ ਲੋਕਧਾਰਾ ਦਾ ਬੜਾ ਅਹਿਮ ਨਾਂ ਹੈ। ਉਹਨੇ ਰਾਜਸਥਾਨੀ ਲੋਕ ਕਹਾਣੀ ਇਕੱਠੀਆਂ ਕੀਤੀਆਂ। ਇਸ ਤੋਂ ਇਲਾਵਾ ਮੌਲਿਕ ਕਹਾਣੀਆਂ ਦੀ ਰਚਨਾ ਵੀ ਕੀਤੀ। ਡਾ. ਹਰਪਾਲ ਸਿੰਘ ਪੰਨੂ ਨੇ ਉਸ ਦੀਆਂ ਇਕੱਠੀਆਂ ਕੀਤੀਆਂ ਰਾਜਸਥਾਨੀ ਲੋਕ ਕਹਾਣੀਆਂ ਨੂੰ ਪੰਜਾਬੀ ਰੂਪ ਦਿੱਤਾ ਹੈ। ਇਸ ਵਾਰ 'ਘੁੱਗੀ ਅਤੇ ਸੱਪ' ਨਾਂ ਦੀ ਲੋਕ ਕਹਾਣੀ ਪਾਠਕਾਂ ਦੇ ਰੂਬਰੂ ਕਰ ਰਹੇ ਹਾਂ। -ਸੰਪਾਦਕ***

ਇੱਕ ਸੀ ਭੋਲੀ ਭਾਲੀ ਘੁੱਗੀ। ਸੰਘਣੇ ਫੈਲੇ ਪਿੱਪਲ ਦੀ ਇੱਕ ਖੋੜ ਵਿਚ ਸੀ ਉਸਦਾ ਆਲ੍ਹਣਾ। ਹਰ ਸਾਲ ਇਸ ਵਿਚ ਆਂਡੇ ਦਿੰਦੀ। ਪੂਰੇ ਪਿਆਰ ਅਤੇ ਮਮਤਾ ਨਾਲ ਉਹ ਆਂਡਿਆਂ ਨੂੰ ਨਿੱਘੇ ਰਖਦੀ ਪਰ ਕਿਸਮਤ ਖਰਾਬ! ਪਿੱਪਲ ਦੀ ਜੜ੍ਹ ਵਿਚ ਖੁੱਡ ਅੰਦਰ ਪਾਪੀ ਕਾਲਾ ਸੱਪ ਵੀ ਰਹਿੰਦਾ ਸੀ। ਨਿੱਕੇ ਨਿੱਕੇ ਬੱਚਿਆਂ ਦੇ ਖੰਭ ਆਉਣ ਹੀ ਲਗਦੇ ਕਿ ਉਦੀਂ ਖਾ ਜਾਂਦਾ। ਘੁੱਗੀ ਵਿਚਾਰੀ ਖੂਨ ਦੇ ਹੰਝੂ ਵਹਾਉਂਦੀ, ਮਿੰਨਤਾਂ ਕਰਦੀ, ਹੱਥ ਜੋੜਦੀ ਕਿ ਬੱਚੇ ਨਾ ਖਾਹ। ਹਰ ਵਾਰ ਸੱਪ ਕਿਹਾ ਕਰਦਾ- ਉਹੋ, ਐਤਕਾਂ ਵੱਡੀ ਭੁੱਲ ਹੋ ਗਈ। ਅੱਗੇ ਤੋਂ ਖਿਆਲ ਰੱਖੂੰਗਾ। ਕਿਧਰਿਉਂ ਹੋਰ ਕੁਝ ਖਾ ਲਊਂਗਾ ਪਰ ਤੂੰ ਕਿਤੇ ਹੋਰ ਥਾਂ ਨਾ ਜਾਈਂ। ਤੇਰੇ ਬੱਚਿਆਂ ਨੂੰ ਬਾਜ ਜਾਂ ਇੱਲਾਂ ਵੀ ਤਾਂ ਖਾ ਸਕਦੀਆਂ ਨੇ, ਮੈਂ ਉਨ੍ਹਾਂ ਤੋਂ ਬਚਾਊਂਗਾ, ਰਾਖੀ ਰੱਖਿਆ ਕਰੂੰਗਾ।

ਘੁੱਗੀ ਸੀ ਵਿਚਾਰੀ ਸਾਊ, ਯਕੀਨ ਕਰ ਲੈਂਦੀ ਸੱਪ 'ਤੇ, ਉਥੀ ਰਹੀ ਜਾਂਦੀ ਪਰ ਨਾਗ ਤਾਂ ਨਾਗ ਸੀ, ਹਰ ਵਾਰ ਧੋਖਾ ਕਰਦਾ।

ਜਦੋਂ ਵਿਚਾਰੀ ਘੁੱਗੀ ਦੀ ਹੋਰ ਪੇਸ਼ ਨਾ ਗਈ, ਉਸ ਨੇ ਪਿੱਪਲ ਛੱਡ ਦਿੱਤਾ, ਦੂਜੇ ਪਿੱਪਲ ਉਪਰ ਆਲ੍ਹਣਾ ਪਾ ਲਿਆ। ਵੱਡੇ ਵੱਡੇ ਮੋਤੀਆਂ ਵਰਗੇ ਪੰਜ ਆਂਡੇ ਦਿੱਤੇ। ਦਿਨ ਰਾਤ ਪਹਿਰਾ ਦਿੰਦੀ, ਨਿੱਘ ਦਿੰਦੀ। ਭੁਖੀ ਮਰੀ ਜਾਂਦੀ, ਚੋਗਾ ਚੁਗਣ ਵੀ ਨਾ ਜਾਂਦੀ। ਸਮਾਂ ਪੂਰਾ ਹੋਇਆ, ਗੁਲਾਬ ਦੇ ਫੁੱਲਾਂ ਵਰਗੇ ਪੰਜ ਬੱਚੇ ਨਿਕਲ ਆਏ। ਘੁੱਗੀ ਦੀ ਖੁਸ਼ੀ ਦਾ ਕੋਈ ਠਿਕਾਣਾ ਨਾ। ਬੱਚਿਆਂ ਨੂੰ ਮੋਤੀਆਂ ਦਾ ਚੋਗਾ ਚੁਗਾਉਂਦੀ, ਮਿੱਠੇ ਗੀਤ ਸੁਣਾਉਂਦੀ। ਬੱਚਿਆਂ ਦੇ ਖੰਭ ਨਿਕਲਣ ਲੱਗੇ ਸਨ ਕਿ ਉਹੀ ਪਾਪੀ ਸੱਪ ਲਭਦਾ ਲਭਾਉਂਦਾ ਇਸ ਪਿੱਪਲ ਉਪਰ ਚੜ੍ਹ ਆਇਆ। ਗੁੱਸੇ ਨਾਲ ਜ਼ਹਿਰ ਉਗਲਦਾ, ਫੁੰਕਾਰੇ ਮਾਰਦਾ ਆਲ੍ਹਣੇ ਵਾਲੀ ਟਾਹਣੀ ਤੱਕ ਪੁੱਜ ਗਿਆ। ਸੱਪ ਦਾ ਫੁੰਕਾਰਾ ਸੁਣ ਕੇ ਘੁੱਗੀ ਦੇ ਗੀਤ ਉਪਰ ਤਾਂ ਜਿਵੇਂ ਬਿਜਲੀ ਡਿੱਗੀ ਹੋਵੇ। ਮੌਤ ਇਸ ਦੇ ਸਾਹਮਣੇ ਕੀ? ਮੌਤ ਤੋਂ ਹਜ਼ਾਰ ਗੁਣਾ ਵਧ ਡਰੀ। ਬੋਲੀ ਕੁਝ ਨਹੀਂ, ਮਰੀਆਂ ਮਰੀਆਂ ਅੱਖਾਂ ਨਾਲ ਸੱਪ ਵੱਲ ਦੇਖਦੀ ਰਹੀ ਪਰ ਸੱਪ ਨੇ ਚੁੱਪ ਥੋੜ੍ਹਾ ਰਹਿਣਾ ਸੀ? ਬੋਲਿਆ- ਤੂੰ ਲੁਕ ਛਿਪ ਕੇ ਇੱਥੇ ਭੱਜ ਆਈ। ਪਗਲੀ ਇਹ ਦੱਸ, ਮੌਤ ਦੀਆਂ ਅੱਖਾਂ ਤੋਂ ਕੋਈ ਛਿਪ ਸਕਦਾ ਹੈ? ਬੋਲ, ਹੁਣ ਕਿੱਥੇ ਜਾਏਂਗੀ! ਇਸ ਵਾਰੀ ਬੱਚੇ ਬੜੇ ਸੁਹਣੇ ਤੰਦਰੁਸਤ ਦਿੱਤੇ। ਖਾਣ ਦਾ ਮਜ਼ਾ ਆ ਜਾਊ ਇੱਕ ਵੇਰ।

ਡਰਾਉਣੇ ਖਤਰਨਾਕ ਜਾਨਵਰ ਦੀ ਸ਼ਕਲ ਦੇਖ ਕੇ ਅਤੇ ਬੋਲ ਸੁਣ ਕੇ ਬੱਚਿਆਂ ਦੇ ਤਾਂ ਹੋਸ਼ ਉਡ ਗਏ। ਚੁੰਝਾਂ ਖੰਭਾਂ ਵਿਚ ਲੁਕੋ ਲਈਆਂ। ਚਾਰੇ ਪਾਸੇ ਉਡਦੀ ਫਿਰਦੀ ਘੁੱਗੀ ਨੇ ਮੀਂਹ ਵਾਂਗ ਹੰਝੂ ਵਹਾਏ ਪਰ ਸੱਪ ਦਾ ਜ਼ਹਿਰੀਲਾ ਮਨ ਕਿੱਥੇ ਪਸੀਜਦਾ? ਵਿਚਾਰੀ ਦਾ ਮੌਤ ਅੱਗੇ ਕੀ ਜ਼ੋਰ? ਰੋ ਰੋ ਮਿੰਨਤ ਕਰਨ ਬਿਨਾਂ ਹੋਰ ਕੋਈ ਰਸਤਾ ਨਹੀਂ ਪਰ ਸੱਪ ਨੂੰ ਉਸ ਦੇ ਰੋਣ ਧੋਣ ਨਾਲ ਕੀ ਵਾਸਤਾ? ਰਹਿਮ ਤਰਸ ਦੇ ਬੰਧਨ ਮੌਤ ਕਦੋਂ ਮਨਜ਼ੂਰ ਕਰਦੀ ਹੈ? ਥੱਕ ਹਾਰ ਕੇ ਦੁਸ਼ਟ ਨਾਗ ਅੱਗੇ ਉਸ ਨੇ ਆਖਰੀ ਮਿੰਨਤ ਕੀਤੀ: ਅੱਜ ਮੈਂ ਸੋਮਵਾਰੀ ਮੱਸਿਆ ਦਾ ਵਰਤ ਰੱਖਿਆ ਹੋਇਆ ਹੈ। ਅੱਜ ਦੇ ਦਿਨ ਮੇਰੀਆਂ ਆਂਦਰਾਂ ਨਾ ਸਾੜ। ਤੈਨੂੰ ਵੱਡਾ ਪਾਪ ਲੱਗੇਗਾ ਇਸ ਦਾ। ਇੱਕ ਦਿਨ ਦਾ ਕੀ ਹੈ, ਕੱਲ੍ਹ ਨੂੰ ਖਾ ਲਵੀਂ!

ਸੱਪ ਨੇ ਵੀ ਕਿਤੋਂ ਸੁਣਿਆ ਹੋਇਆ ਸੀ ਕਿ ਸੋਮਵਾਰੀ ਮੱਸਿਆ ਦੇ ਦਿਨ ਪਾਪ ਕਰਨਾ ਬਹੁਤ ਮਹਿੰਗਾ ਪੈਂਦਾ ਹੈ। ਕਹਿਣ ਲੱਗਾ- ਚਲੋ ਕੋਈ ਗੱਲ ਨਹੀਂ। ਮੈਨੂੰ ਬਹੁਤੀ ਕੀ ਕਾਹਲ? ਅੱਜ ਨਹੀਂ ਤਾਂ ਕੱਲ੍ਹ ਸਹੀ। ਅੱਜ ਤੇਰੀ ਗੱਲ ਮੰਨ ਕੇ ਮੈਂ ਭੁੱਖਾ ਚਲਾ ਜਾਨਾ ਫਿਰ ਪਰ ਯਾਦ ਰੱਖੀਂ, ਕੱਲ੍ਹ ਨੂੰ ਨਹੀਂ ਮੈਂ ਛੱਡਣੇ ਤੇਰੇ ਬੱਚੇ। ਨਾਲੇ ਪਾਗਲਾਂ ਵਾਂਗ ਰੋਣ ਧੋਣ ਨਾ ਕਰਿਆ ਕਰ। ਖਾਣ ਦਾ ਮੇਰਾ ਸਾਰਾ ਸੁਆਦ ਕਿਰਕਿਰਾ ਹੋ ਜਾਂਦੈ। ਘੁੱਗੀ ਦਾ ਵਿਚਾਰੀ ਦਾ ਕੀ ਜ਼ੋਰ? ਅੱਖਾਂ ਪੂੰਝ ਕੇ ਬੋਲੀ- ਠੀਕ ਐ। ਤੈਨੂੰ ਬੁਰੀ ਲਗਦੀ ਆਂ ਤਾਂ ਨਹੀਂ ਰੋਂਦੀ। ਸੱਪ ਬੱਚਿਆਂ ਦੇ ਗੁਲਾਬੀ ਰੰਗ ਨੂੰ ਦੇਖਦਾ ਦੇਖਦਾ ਹੇਠਾਂ ਉਤਰ ਕੇ ਖੁੱਡ ਵਿਚ ਛੁਪ ਕੇ ਬੈਠ ਗਿਆ।

ਘੁੱਗੀ ਦਾ ਜ਼ੋਰ ਆਪਣੀਆਂ ਅੱਖਾਂ ਉਤੇ, ਆਪਣਿਆਂ ਹੰਝੂਆਂ ਉਪਰ। ਹੋਰ ਕੀ ਕਰਦੀ? ਆਲ੍ਹਣੇ ਵਿਚ ਬੈਠੀ ਹੰਝੂ ਵਹਾਉਣ ਲੱਗੀ। ਇਸ ਵੇਲੇ ਵੀ ਨਾ ਵਹਾਏ ਫਿਰ ਹੰਝੂਆਂ ਦਾ ਕਰਨਾ ਵੀ ਕੀ? ਕੁਦਰਤੀ ਇੱਕ ਕਬੂਤਰ ਉਡਦਾ ਉਡਦਾ ਆ ਕੇ ਉਸੇ ਟਾਹਣੀ 'ਤੇ ਬੈਠ ਗਿਆ ਜਿੱਥੇ ਘੁੱਗੀ ਰੋ ਰਹੀ ਸੀ। ਪੁੱਛਿਆ- ਕੀ ਗੱਲ ਹੋਈ ਭੈਣ? ਰੋ ਕਿਉਂ ਰਹੀ ਹੈਂ? ਤੇਰਾ ਰੋਣਾ ਦੇਖਿਆ ਨਹੀਂ ਜਾਂਦਾ।

ਘੁੱਗੀ ਦੇ ਹਟਕੋਰੇ ਹੋਰ ਉਚੇ ਹੋ ਗਏ, ਬੋਲੀ- ਪਾਪੀ ਸੱਪ ਹਰ ਸਾਲ ਮੇਰੇ ਬੱਚਿਆਂ ਨੂੰ ਖਾ ਜਾਂਦੈ। ਮੈਂ ਪਹਿਲਾ ਠਿਕਾਣਾ ਛੱਡ ਕੇ ਇਸ ਪਿੱਪਲ 'ਤੇ ਆ ਗਈ, ਉਸ ਨੇ ਇੱਥੇ ਵੀ ਪਿੱਛਾ ਨਹੀਂ ਛੱਡਿਆ। ਸੁੰਘਦਾ ਸੁੰਘਦਾ ਇੱਥੇ ਆ ਪੁੱਜਾ। ਅੱਜ ਤਾਂ ਸੋਮਵਾਰੀ ਮੱਸਿਆ ਦੇ ਦਿਨ ਕਰ ਕੇ ਡਰ ਗਿਆ ਪਰ ਕੱਲ੍ਹ ਨੂੰ ਮੇਰੇ ਬੱਚਿਆਂ ਨੂੰ ਖਾ ਜਾਊਗਾ। ਤੂੰ ਹੀ ਦੱਸ ਰੋਵਾਂ ਨਾ ਤਾਂ ਕੀ ਕਰਾਂ? ਇਸ ਤੋਂ ਵੱਧ ਕੁਝ ਕਰਨ ਦੀ ਤਾਕਤ ਮੇਰੇ ਵਿਚ ਹੋਰ ਹੈ ਈ ਨਹੀਂ!



ਘੁੱਗੀ ਦੀ ਹਾਲਤ ਦੇਖ ਕੇ ਕਬੂਤਰ ਨੂੰ ਬੜਾ ਦੁੱਖ ਹੋਇਆ। ਸੋਚਣ ਲੱਗਾ, ਕੀ ਕਰੀਏ। ਸਿਰੇ ਦਾ ਅਕਲਮੰਦ ਸੀ ਕਬੂਤਰ। ਰਸਤਾ ਲੱਭ ਲਿਆ। ਘੁੱਗੀ ਦੇ ਹੰਝੂ ਪੂੰਝ ਕੇ ਕਹਿਣ ਲੱਗਾ- ਹੁਣ ਰੋਣਾ ਬੰਦ ਕਰ। ਮੈਂ ਇਸ ਦੁਸ਼ਟ ਨੂੰ ਮਰਵਾ ਕੇ ਰਹੂੰਗਾ, ਇਤਬਾਰ ਕਰ। ਅਕਲ ਦੀ ਤਾਕਤ ਅੱਗੇ ਸਰੀਰਕ ਬਲ ਕੀ ਮੁਕਾਬਲਾ ਕਰੂ? ਧਿਆਨ ਨਾਲ ਮੇਰੀ ਗੱਲ ਸੁਣ।

ਘੁੱਗੀ ਦੇ ਸਿਰ 'ਤੇ ਹੱਥ ਰੱਖ ਕੇ ਕਬੂਤਰ ਨੇ ਢਾਰਸ ਬੰਨ੍ਹਾਈ- ਤੂੰ ਇਉਂ ਕਰ। ਨਿਉਲੇ ਨੂੰ ਖਾਣੇ ਦਾ ਨਿਉਂਦਾ ਦੇ। ਨਿਉਲਾ ਸੱਪ ਦਾ ਜੱਦੀ ਦੁਸ਼ਮਣ ਹੈ, ਜਦੋਂ ਉਸ ਦੀ ਨਿਗ੍ਹਾ ਸੱਪ ਉਪਰ ਪਈ, ਫਿਰ ਨ੍ਹੀਂ ਛਡਦਾ। ਬੋਟੀ ਬੋਟੀ ਕਰ ਦੇਊਗਾ, ਦੇਖੀਂ...। ਇਹ ਗੱਲ ਘੁੱਗੀ ਨੂੰ ਜਚ ਗਈ, ਥੋੜ੍ਹੀ ਦੇਰ ਵਾਸਤੇ ਦੁੱਖ ਵੀ ਭੁੱਲ ਗਈ। ਚੁੰਨੀ ਦੇ ਪੱਲੇ ਨਾਲ ਹੰਝੂ ਪੂੰਝੇ। ਕਬੂਤਰ ਨੂੰ ਕਿਹਾ- ਆਲ੍ਹਣੇ ਦਾ ਖਿਆਲ ਰੱਖੀਂ, ਮੈਂ ਹੁਣੇ ਆਈ। ਉਡ ਗਈ। ਥੋੜ੍ਹੀ ਦੂਰ ਹੀ ਗਈ ਸੀ ਅਜੇ, ਇੱਕ ਝਾੜੀ ਨੇੜੇ ਨਿਉਲਾ ਖੇਡਦਾ ਦਿਸਿਆ। ਤੁਰੰਤ ਡਲੇ ਵਾਂਗ ਜ਼ਮੀਨ 'ਤੇ ਉਤਰੀ। ਨਿਉਲੇ ਨੂੰ ਰਾਮ ਰਾਮ ਕਰ ਕੇ ਬੋਲੀ- ਨਿਉਲੇ ਵੀਰ, ਅੱਜ ਮੈਂ ਸੂਰਜ ਪੂਜਣਾ ਹੈ। ਤੈਨੂੰ ਨਿਉਂਦਾ ਦੇਣ ਆਈ ਆਂ। ਤੈਨੂੰ ਮੇਰੇ ਆਲ੍ਹਣੇ ਤੱਕ ਆਉਣ ਦੀ ਖੇਚਲ ਕਰਨੀ ਪਵੇਗੀ।

ਨਿਉਲਾ ਖੁਸ਼ੀ-ਖੁਸ਼ੀ ਉਸ ਦੇ ਪਿੱਛੇ ਪਿੱਛੇ ਤੁਰ ਪਿਆ। ਘੁੱਗੀ ਨੇ ਨਿਉਲੇ ਅਤੇ ਕਬੂਤਰ ਨੂੰ ਪਹਿਲਾਂ ਸ਼ਰਬਤ ਪਿਲਾਇਆ, ਫੇਰ ਵੰਨ-ਸਵੰਨੇ ਖਾਣੇ ਤਿਆਰ ਕਰਨ ਲੱਗੀ। ਨੇੜੇ ਬਿਠਾ ਕੇ ਦੋਵਾਂ ਨੂੰ ਹੱਥਾਂ ਨਾਲ ਬੁਰਕੀਆਂ ਖਵਾਈਆਂ। ਨਿਉਲਾ ਇਸ ਸੇਵਾ ਤੋਂ ਬੜਾ ਖੁਸ਼ ਹੋਇਆ, ਕਹਿੰਦਾ- ਭੈਣ ਸੁਖੀ ਵੱਸੇਂ। ਕਦੇ ਕੋਈ ਕੰਮ ਹੋਵੇ ਮੈਨੂੰ ਦੱਸੀਂ।

ਨਿਉਲੇ ਨੇ ਇਹ ਬਾਤ ਕਹੀ, ਸੁਣਦਿਆਂ ਘੁੱਗੀ ਦੀਆਂ ਅੱਖਾਂ 'ਚੋਂ ਫਿਰ ਹੰਝੂ ਵਗਣ ਲੱਗੇ। ਹਉਕੇ ਲੈਂਦੀ ਬੋਲੀ- ਵੀਰ ਮੇਰੇ ਉਪਰ ਸੰਕਟ ਆਇਆ ਹੋਇਐ, ਇਸੇ ਕਰ ਕੇ ਤੈਨੂੰ ਯਾਦ ਕੀਤਾ। ਤੇਰੇ ਬਿਨਾਂ ਮੈਨੂੰ ਦੁੱਖ ਵਿਚੋਂ ਕੋਈ ਨਹੀਂ ਕੱਢ ਸਕਦਾ। ਮੇਰੀ ਅਰਦਾਸ ਤਾਂ ਰੱਬ ਵੀ ਨਹੀਂ ਸੁਣਦਾ ਤਾਂ ਹੀ ਤੇਰੇ ਕੋਲ ਆਈ। ਮੇਰੀ ਮਦਦ ਕਰ।

ਘੁੱਗੀ ਨੇ ਰੋਂਦੀ-ਰੋਂਦੀ ਨੇ ਨਿਉਲੇ ਨੂੰ ਸਾਰੀ ਕਹਾਣੀ ਸੁਣਾ ਦਿੱਤੀ। ਆਖਰ ਦਿਲ ਵਿੰਨ੍ਹਵੀਂ ਚੀਕ ਮਾਰ ਕੇ ਨਿਉਲੇ ਦੇ ਪੈਰ ਫੜ ਲਏ। ਬੋਲੀ- ਮੇਰੇ ਬੱਚਿਆਂ ਦੀ ਰਾਖੀ ਕਰਨੀ ਪਵੇਗੀ, ਮੈਂ ਤੇਰੇ ਬੱਚਿਆਂ ਨੂੰ ਅਸੀਸਾਂ ਦਿਆਂਗੀ।

ਨਿਉਲੇ ਨੇ ਕਿਹਾ- ਅਸੀਸ ਤੋਂ ਵੱਡੀ ਕੋਈ ਚੀਜ਼ ਨਹੀਂ ਦੁਨੀਆਂ ਵਿਚ। ਤੂੰ ਹੁਣ ਕਿਸੇ ਗੱਲ ਦਾ ਫਿਕਰ ਨਾ ਕਰ। ਇਹ ਤਾਂ ਇੱਕੋ ਸੱਪ ਹੈ। ਹਜ਼ਾਰ ਸੱਪ ਵੀ ਆ ਜਾਣ, ਤੇਰੇ ਬੱਚਿਆਂ ਦਾ ਕੁਝ ਨਹੀਂ ਵਿਗੜਨ ਦਿਆਂਗਾ। ਸਵੇਰੇ ਉਸ ਨੂੰ ਤੇਰੇ ਨੇੜੇ ਆ ਕੇ ਫੁੰਕਾਰਾ ਤਾਂ ਮਾਰਨ ਦੇ।

ਘੁੱਗੀ ਨੂੰ ਨਿਉਲੇ ਦੀਆਂ ਗੱਲਾਂ ਸੱਚ ਤਾਂ ਲੱਗੀਆਂ ਪਰ ਡਰ ਨਹੀਂ ਹਟਿਆ। ਬੱਚਿਆਂ ਦੀ ਮੌਤ ਦਾ ਡਰ ਇਹੋ ਜਿਹਾ ਡਰਾਉਣਾ ਹੁੰਦਾ ਹੈ।

ਅਗਲੇ ਦਿਨ ਸੂਰਜ ਚੜ੍ਹਿਆ। ਦਾਤਣ ਕੁਰਲੀ ਕਰ ਕੇ ਸੱਪ ਦਰਖਤ ਉਪਰ ਚੜ੍ਹ ਕੇ ਘੁੱਗੀ ਦੇ ਆਲ੍ਹਣੇ ਵੱਲ ਵਧਣ ਲੱਗਾ। ਜ਼ੋਰ ਦਾ ਫੁੰਕਾਰਾ ਮਾਰ ਕੇ ਉਸ ਨੇ ਫਣ ਉਚਾ ਕੀਤਾ ਹੀ ਸੀ ਕਿ ਨਿਉਲੇ ਨੇ ਗਰਦਣ ਤੋਂ ਫੜ ਲਿਆ। ਸੱਪ ਦੇ ਡੇਲੇ ਬਾਹਰ ਨਿਕਲ ਆਏ। ਨਿਉਲੇ ਨੇ ਉਸ ਨੂੰ ਦਰਖਤ ਤੋਂ ਹੇਠਾਂ ਸੁੱਟਿਆ ਤੇ ਆਪ ਫਟਾਫਟ ਹੇਠ ਛਾਲਾਂ ਮਾਰੀ। ਸੱਪ ਤੇਜ਼ੀ ਨਾਲ ਦੁਬਾਰਾ ਦਰਖਤ 'ਤੇ ਚੜ੍ਹਨ ਦੀ ਕੋਸ਼ਿਸ਼ ਕਰਨ ਲੱਗਾ ਤਾਂ ਨਿਉਲੇ ਨੇ ਉਸ ਦੀ ਪੂਛ ਦੰਦਾਂ ਵਿਚ ਫੜ ਲਈ। ਇੱਕ ਪਾਸੇ ਸੱਪ ਖਿੱਚੇ, ਦੂਜੇ ਪਾਸੇ ਨਿਉਲਾ। ਸੱਪ ਦੀ ਪੂਛ ਟੁੱਟ ਗਈ ਤੇ ਦੁੱਖ ਨਾਲ ਚੀਕਦਾ ਹੋਇਆ ਜ਼ਮੀਨ 'ਤੇ ਲੋਟਣੀਆਂ ਖਾਣ ਲੱਗਿਆ। ਕ੍ਰੋਧ ਵਿਚ ਦੰਦ ਪੀਸਦੇ ਹੋਏ ਨਿਉਲੇ ਨੇ ਕਿਹਾ- ਬੜੇ ਦਿਨ ਹੋ ਗਏ ਸਨ ਤੈਨੂੰ ਵਿਚਾਰੀ ਘੁੱਗੀ ਨੂੰ ਦੁੱਖ ਦਿੰਦੇ ਹੋਏ। ਚੰਡਾਲ, ਤੇਰੇ ਦਿਲ ਵਿਚ ਰਤਾ ਵੀ ਤਰਸ ਨਹੀਂ? ਮਾਸੂਮ ਬੱਚਿਆਂ ਨੂੰ ਮਾਰ ਕੇ ਖਾਂਦੇ ਹੋਏ ਤੈਨੂੰ ਸ਼ਰਮ ਨਹੀਂ ਆਈ? ਹੁਣ ਤਾਕਤਵਰ ਹੈਂ ਤਾਂ ਆ, ਮੇਰੇ ਨਾਲ ਟੱਕਰ ਲੈ।

ਨਿਉਲੇ ਨੇ ਸੱਪ ਦੇ ਟੁਕੜੇ-ਟੁਕੜੇ ਕਰ ਦਿੱਤੇ। ਦੇਖਦੇ-ਦੇਖਦੇ ਬੇਅੰਤ ਕੀੜੀਆਂ ਸੁੰਘਦੀਆਂ-ਸੁੰਘਾਉਂਦੀਆਂ ਉਧਰ ਆ ਗਈਆਂ। ਕੀੜੀਆਂ ਸਾਹਮਣੇ ਸੱਪ ਦੀ ਕੀ ਔਕਾਤ? ਚਟਮ ਕਰ ਗਈਆਂ। ਖੁਸ਼ੀ ਵਿਚ ਘੁੱਗੀ ਘੁੱਗੂੰ ਘੂੰ, ਘੁਗੂੰ ਘੂੰ ਕਰਦੀ ਗੀਤ ਗਾਉਣ ਲੱਗੀ। ਕਬੂਤਰ ਨੇ ਖੁਸ਼ੀ ਨਾਲ ਗੁਟਰਗੂੰ ਗੁਟਰਗੂੰ ਕਹਿ ਕੇ ਗੀਤ ਗਾਏ। ਘੁੱਗੀ ਨੇ ਖੁਸ਼ੀ ਨਾਲ ਨਿਉਲੇ ਨੂੰ ਜੱਫੀ ਪਾ ਲਈ, ਕਹਿੰਦੀ- ਨਿਉਲੇ ਵੀਰ, ਨਿਉਲੇ ਵੀਰ, ਸਾਰੀ ਉਮਰ ਮੈਂ ਤੇਰਾ ਅਹਿਸਾਨ ਨਹੀਂ ਭੁੱਲਦੀ।

ਉਸ ਪਿੱਪਲ 'ਤੇ ਘੁੱਗੀ ਹਰ ਸਾਲ ਅੰਡੇ ਦਿੰਦੀ, ਬੱਚੇ ਕੱਢਦੀ ਹੈ। ਹਰ ਸਾਲ ਗੁਲਾਬ ਦੇ ਫੁੱਲਾਂ ਜਿਹੇ ਬੱਚੇ। ਖੇਡਦੀ ਹੈ, ਖਿਡਾਉਂਦੀ ਹੈ। ਉਨ੍ਹਾਂ ਨੂੰ ਮੋਤੀਆਂ ਦਾ ਚੋਗਾ ਚੁਗਾਉਂਦੀ ਹੈ। ਹਰ ਸਾਲ ਸੋਮਵਾਰੀ ਮੱਸਿਆ ਨੂੰ ਖੀਰ ਕੜਾਹ ਬਣਾ ਕੇ ਨਿਉਲੇ ਤੇ ਕਬੂਤਰ ਨੂੰ ਖੁਆਉਂਦੀ ਹੈ, ਤਿਉਹਾਰ ਮਨਾਉਂਦੀ ਹੈ। ਸਾਰੇ ਇੱਕ ਦੂਜੇ ਨੂੰ ਮਿਲ ਕੇ ਖੁਸ਼ ਹੁੰਦੇ ਹਨ, ਦੁਆਵਾਂ ਦਿੰਦੇ ਹਨ।

***(ਛਪ ਰਹੀ ਕਿਤਾਬ 'ਰਾਜਸਥਾਨੀ ਕਥਾ ਸਾਗਰ' ਵਿਚੋਂ)***

---

# ਵਿਰਸੇ ਦੀ ਸਾਂਝ ਅਤੇ ਸੁਨੇਹੇ

**ਸੁਰਿੰਦਰ ਸਿੰਘ ਤੇਜ**

ਹਦੀਕਾ ਕਿਆਨੀ ਅਤੇ ਆਲੀਆ ਰਸ਼ੀਦ ਦੀ ਗਾਇਕੀ ਤੋਂ ਭਾਰਤੀ ਬਹੁਤੇ ਵਾਕਫ ਨਹੀਂ। ਦੋਵੇਂ ਬਹੁ-ਵਿਧਾਈ ਪਾਕਿਸਤਾਨੀ ਗਾਇਕਾਵਾਂ ਹਨ। ਅੱਜ ਕੱਲ੍ਹ ਭਾਰਤੀ ਸ਼ਾਸਤਰੀ ਸੰਗੀਤ ਵਲ ਵੱਧ ਰੁਚਿਤ ਹਨ ਜਿਸ ਨੂੰ ਪਾਕਿਸਤਾਨ ਵਿਚ ਹੁਣ ਸਿਰਫ 'ਕਲਾਸਿਕੀ ਮੌਸਿਕੀ' ਕਿਹਾ ਜਾਂਦਾ ਹੈ। ਇਸ ਨਾਲ ਭਾਰਤੀ, ਹਿੰਦੋਸਤਾਨੀ ਜਾਂ ਇੰਡੀਅਨ ਸ਼ਬਦ ਜੋੜਨ ਤੋਂ ਪਰਹੇਜ਼ ਕੀਤਾ ਜਾਂਦਾ ਹੈ। ਹਦੀਕਾ ਅਤੇ ਆਲੀਆ ਸ਼ਾਸਤਰੀ ਸੰਗੀਤ ਦੇ ਆਪੋ-ਆਪਣੇ ਪ੍ਰੋਗਰਾਮਾਂ ਦਾ ਆਗਾਜ਼ ਸਰਸਵਤੀ ਵੰਦਨਾ ਨਾਲ ਕਰਦੀਆਂ ਹਨ; ਪ੍ਰਬੰਧਕਾਂ ਅਤੇ ਕੱਟੜਪੰਥੀਆਂ ਦੇ ਵਿਰੋਧ ਤੇ ਧਮਕੀਆਂ ਦੇ ਬਾਵਜੂਦ। ਦੋਵਾਂ ਦਾ ਤਰਕ ਹੈ ਕਿ ਸਰਸਵਤੀ ਦੀ ਅਰਾਧਨਾ ਤੋਂ ਬਿਨਾ ਸ਼ਾਸਤਰੀ ਸੰਗੀਤ ਅਧੂਰਾ ਹੈ। ਆਲੀਆ ਜਿਓਤੀਹੀਣ ਹੈ। ਉਹ ਧਰੁਪਦ ਗਾਇਕਾ ਹੈ। ਭੁਪਾਲ ਦੇ ਗੁੰਡੇਚਾ ਬੰਧੂਆਂ (ਉਮਾਕਾਂਤ ਤੇ ਰਮਾਕਾਂਤ) ਦੀ ਸ਼ਾਗਿਰਦ ਰਹੀ ਹੈ। ਗੁੰਡੇਚਾ ਬੰਧੂ ਭੁਪਾਲ ਦੇ ਹੀ ਡਾਗਰ ਘਰਾਣੇ ਤੋਂ ਹਨ- ਉਸਤਾਦ ਜ਼ਿਆ ਫਰੀਦੂਦੀਨ ਡਾਗਰ ਤੇ ਉਸਤਾਦ ਜ਼ਿਆ ਮੋਹੀਊਦੀਨ ਡਾਗਰ ਦੇ ਪੱਕੇ ਮੁਰੀਦ। ਧਰੁਪਦ ਗਾਇਕੀ ਦੀ ਡਾਗਰਵਾਣੀ ਦੇ ਪ੍ਰਚਾਰਕ। ਆਲੀਆ ਹੁਣ ਪਾਕਿਸਤਾਨ ਵਿਚ ਡਾਗਰਵਾਣੀ ਦੀ ਪਰਚਮਬਰਦਾਰ ਹੈ।

ਫੌਜ਼ੀਆ ਅਸਲਮ-ਖਾਨ ਦੀ ਕਿਤਾਬ 'ਸਾਇਰਨ ਸੌਂਗ' (ਆਕਸਫੋਰਡ ਯੂਨੀਵਰਸਿਟੀ ਪ੍ਰੈੱਸ, ਕਰਾਚੀ) ਵਿਚ ਹਦੀਕਾ ਅਤੇ ਆਲੀਆ ਸਮੇਤ ਹੋਰ ਪਾਕਿਸਤਾਨੀ ਗਾਇਕਾਵਾਂ ਬਾਰੇ ਬੜੇ ਕਿੱਸੇ ਸ਼ਾਮਲ ਹਨ। ਲਾਹੌਰ ਦੀ ਜੰਮਪਲ ਪਰ ਹੁਣ ਅਮਰੀਕਾ ਵਿਚ ਵਸੀ ਹੋਈ ਫੌਜ਼ੀਆ ਖੁਦ ਵੀ ਗਾਇਕਾ ਹੈ। ਉਂਜ ਬੁਨਿਆਦੀ ਤੌਰ 'ਤੇ ਉਹ ਫਿਲਮਸਾਜ਼ ਹੈ। ਉਸ ਦੀ ਕਿਤਾਬ ਉਨ੍ਹਾਂ ਪਾਕਿਸਤਾਨੀ ਗਾਇਕਾਵਾਂ ਬਾਰੇ ਹੈ ਜਿਨ੍ਹਾਂ ਨੇ ਆਪਣੀ ਗਾਇਕੀ ਰਾਹੀਂ ਪਾਕਿਸਤਾਨੀ ਸਮਾਜਿਕ ਜੀਵਨ ਨੂੰ ਨਵੀਂ ਦਿਸ਼ਾ ਦਿੱਤੀ ਅਤੇ ਔਰਤ ਜ਼ਾਤ ਬਾਰੇ ਕਈ ਭਰਮ ਤੋੜੇ। ਕਿਤਾਬ ਵਿਚ ਕਲਕੱਤਾ ਤੋਂ ਦਿੱਲੀ ਤੇ ਬੰਬਈ ਗਈ ਅਤੇ ਫਿਰ ਬਟਵਾਰੇ ਮਗਰੋਂ ਬੰਬਈ ਤੋਂ ਲਾਲਾਮੂਸਾ (ਗੁਜਰਾਤ, ਪਾਕਿਸਤਾਨ) ਪੁੱਜੀ ਰੌਸ਼ਨ ਆਰਾ ਬਾਰੇ ਵੀ ਅਧਿਆਇ ਸ਼ਾਮਲ ਹੈ ਅਤੇ ਮਲਿਕਾ-ਇ-ਤਰਨੁੰਮ ਨੂਰ ਜਹਾਂ, ਮਲਿਕਾ ਪੁਖਰਾਜ, ਫਰੀਦਾ ਖਾਨੁਮ, ਆਬਿਦਾ ਪਰਵੀਨ ਤੇ ਇਕਬਾਲ ਬਾਨੋ ਬਾਰੇ ਵੀ ਨਿੱਗਰ ਜਾਣਕਾਰੀ ਹੈ। ਇਨ੍ਹਾਂ ਸਾਰੀਆਂ ਗਾਇਕਾਵਾਂ ਨੇ ਪਾਕਿਸਤਾਨੀ ਸੰਗੀਤ ਨੂੰ ਦੁਨੀਆਂ ਭਰ ਵਿਚ ਮਕਬੂਲ ਬਣਾਇਆ। ਇਸੇ ਤਰ੍ਹਾਂ ਲੋਕ ਗਾਇਕਾ ਰੇਸ਼ਮਾ ਨਾਲ ਲੰਮੀ ਮੁਲਾਕਾਤ ਵੀ ਇਸ ਕਿਤਾਬ ਦਾ ਮੁੱਖ ਹਿੱਸਾ ਹੈ। ਇਸ ਵਾਰਤਾਲਾਪ ਦੌਰਾਨ ਉਹ ਦਾਅਵਾ ਕਰਦੀ ਹੈ ਕਿ ਉਸ ਨੇ ਕਦੇ ਵੀ ਰਿਆਜ਼ ਨਹੀਂ ਕੀਤਾ। ਜਦੋਂ ਉਸ ਨੂੰ ਦੱਸਿਆ ਜਾਂਦਾ ਹੈ ਕਿ ਹੋਰ ਨਾਮਵਰ ਗਾਇਕਾਵਾਂ ਤਾਂ ਰੋਜ਼ ਘੰਟਿਆਂਬੱਧੀ ਰਿਆਜ਼ ਕਰਦੀਆਂ ਹਨ ਤਾਂ ਰੇਸ਼ਮਾ ਬੜੇ ਸਹਿਜ-ਭਾਅ ਜਵਾਬ ਦਿੰਦੀ ਹੈ: "ਉਨ੍ਹਾਂ ਨੂੰ ਤਿੰਨ ਟਾਈਮ ਢੇਰ ਸਾਰੀਆਂ ਰੋਟੀਆਂ ਨਹੀਂ ਪਕਾਉਣੀਆਂ ਪੈਂਦੀਆਂ।"

ਮੈਨੂੰ ਇਸ ਕਿਤਾਬ ਵਿਚ ਨਾਰਵੇ ਵਸੀ ਹੋਈ ਗਾਇਕਾ ਦੀਆ ਖਾਨ, 1960ਵਿਆਂ ਵਿਚ 'ਐ ਵਤਨ ਕੇ ਸਜੀਲੇ ਜਵਾਨੋਂ' ਅਤੇ 'ਸੋਹਣੀ ਧਰਤੀ ਅੱਲ੍ਹਾ ਰੱਖੇ' ਵਰਗੇ ਦੇਸ਼ ਭਗਤੀ ਦੇ ਗੀਤ ਗਾਉਣ ਵਾਲੀ ਸ਼ਹਿਨਾਜ਼ ਬੇਗ਼ਮ, 1965 ਵਿਚ ਨੂਰ ਜਹਾਂ ਦੇ ਨਾਲ 'ਪ੍ਰਾਈਡ ਆਫ ਪਾਕਿਸਤਾਨ' (ਪਾਕਿਸਤਾਨ ਦੀ ਗੌਰਵ) ਦੇ ਐਜਾਜ਼ ਨਾਲ ਸਨਮਾਨੀ ਗਈ ਫਿਰਦੌਸੀ ਬੇਗਮ ਅਤੇ ਗ਼ਜ਼ਲ ਗਾਇਕਾ ਸੁਰੱਈਆ ਮੁਲਤਾਨੀਕਰ ਬਾਰੇ ਲੇਖਣੀਆਂ ਚੰਗੀਆਂ ਲੱਗੀਆਂ। ਇਹ ਰਚਨਾਵਾਂ ਨਵੀਂ ਜਾਣਕਾਰੀ ਦਿੰਦੀਆਂ ਹਨ। ਸ਼ਹਿਨਾਜ਼ ਬੇਗਮ ਅਤੇ ਫਿਰਦੌਸੀ ਬੇਗਮ ਹੁਣ ਬੰਗਲਾਦੇਸ਼ ਵਿਚ ਰਹਿੰਦੀਆਂ ਹਨ। ਦੋਵੇਂ ਢਾਕਾ ਵਿਚ ਆਪੋ ਆਪਣੀਆਂ ਸੰਗੀਤ ਅਕੈਡਮੀਆਂ ਚਲਾਉਂਦੀਆਂ ਹਨ। ਇਕ ਅਧਿਆਇ ਇੰਦੂ ਮਿੱਠਾ ਅਤੇ ਸ਼ਮਾ ਕਿਰਮਾਨੀ ਬਾਰੇ ਹੈ ਜਿਨ੍ਹਾਂ ਨੇ ਪਾਕਿਸਤਾਨ ਵਿਚ ਭਾਰਤੀ ਸ਼ਾਸਤਰੀ ਨਰਿੱਤਾਂ-ਭਰਤ ਨਾਟਿਅਮ ਤੇ ਓੜੀਸ਼ੀ ਦਾ ਪਰਚਮ ਬੁਲੰਦ ਰੱਖਿਆ ਹੋਇਆ ਹੈ। ਫੈਜ਼ ਅਹਿਮਦ ਫੈਜ਼ ਦੀਆਂ ਨਜ਼ਮਾਂ ਗਾਉਣ ਵਾਲੀ ਟੀਨਾ ਸਾਨੀ ਨੂੰ ਵੀ ਕਾਫੀ ਪ੍ਰਮੁੱਖਤਾ ਮਿਲੀ ਹੈ ਪਰ ਨਿਆਰਾ ਨੂਰ ਬਾਰੇ ਕੁਝ ਵੀ ਦਰਜ ਨਹੀਂ ਹਾਲਾਂਕਿ ਫੈਜ਼ ਦੇ ਕਲਾਮ ਨੂੰ ਸਭ ਤੋਂ ਵੱਧ ਉਸ ਨੇ ਗਾਇਆ ਅਤੇ ਪੂਰੇ ਜਲਾਲ ਨਾਲ ਗਾਇਆ।

ਕਿਤਾਬ ਅਜੇ ਭਾਰਤ 'ਚ ਉਪਲਬਧ ਨਹੀਂ। ਦੋ ਮਹੀਨੇ ਬਾਅਦ ਮਾਰਕੀਟ 'ਚ ਆਏਗੀ। ਮੈਨੂੰ ਇਸ ਦੀ ਪੀਡੀਐਫ ਫਾਈਲ ਨਿਊਜ਼ੀਲੈਂਡ ਵਸੇ ਇਕ ਪਾਕਿਸਤਾਨੀ ਮਿੱਤਰ ਨੇ ਭੇਜੀ; ਇਸ ਸੁਨੇਹੇ ਨਾਲ ਕਿ ਬਟਵਾਰਾ ਹੋਰ ਵੀ ਸ਼ਦੀਦ ਹੋਣ ਤੋਂ ਰੋਕੀਏ। ਸਾਂਝੇ ਵਿਰਸੇ ਦੀ ਬਰਕਰਾਰੀ ਦੇ ਯਤਨ ਜਾਰੀ ਰੱਖੀਏ। ਬੜਾ ਪਿਆਰਾ ਹੈ ਇਹ ਸੁਨੇਹਾ।

**ਸਾਹਿਤ ਸਿਰਜਣਾ ਦਾ ਕਾਰਖਾਨਾ:** ਸਾਹਿਤ ਸਿਰਜਣਾ ਦੇ ਕਾਰਖਾਨੇ ਵਰਗਾ ਹੈ ਦਾਊਂ ਪਰਿਵਾਰ। ਇਨ੍ਹਾਂ ਦੇ ਘਰ 'ਚ ਸਿਰਜਣਸ਼ੀਲਤਾ ਦਾ ਪਰਵਾਹ ਲਗਾਤਾਰ ਚਲਦਾ ਰਹਿੰਦਾ ਹੈ। ਕਿਤਾਬਾਂ ਦੀ ਗਿਣਤੀ ਪੱਖੋਂ ਤਾਂ ਇਹ ਪ੍ਰਭਾਵ ਬਣਦਾ ਹੈ, ਜਿਵੇਂ ਮਨਮੋਹਨ ਸਿੰਘ ਦਾਊਂ ਤੇ ਦਲਜੀਤ ਕੌਰ ਦਾਊਂ ਦਰਮਿਆਨ ਵੱਧ ਲਿਖਣ ਦਾ ਮੁਕਾਬਲਾ ਚੱਲ ਰਿਹਾ ਹੋਵੇ। ਹੁਣ ਤਾਂ ਬੇਟਾ ਉਤਮਵੀਰ ਸਿੰਘ ਦਾਊਂ ਵੀ ਇਸੇ ਅਮਲ ਦਾ ਹਿੱਸਾ ਬਣ ਗਿਆ ਹੈ।

ਰਫਤਾਰ ਬਹੁਤੀ ਵਾਰੀ ਰਚਨਾਕਾਰੀ ਦਾ ਮਿਆਰ ਘਟਾ ਦਿੰਦੀ ਹੈ ਪਰ ਦਾਊਂ ਪਰਿਵਾਰ 'ਤੇ ਇਹ ਸਿਧਾਂਤ ਲਾਗੂ ਨਹੀਂ ਹੁੰਦਾ। ਦਲਜੀਤ ਕੌਰ ਦਾਊਂ ਦਾ ਕਾਵਿ ਸੰਗ੍ਰਹਿ 'ਜੀਰਾਂਦਿ' ਇਸ ਦੀ ਨਵੀਂ ਨਕੋਰ ਮਿਸਾਲ ਹੈ। ਥੋੜ੍ਹਾ ਜਿਹਾ ਫਰਕ ਵੀ ਹੈ। ਸਾਰੀਆਂ ਕਵਿਤਾਵਾਂ ਨਵੀਆਂ ਨਹੀਂ। ਔਰਤ ਮਨ ਦੀ ਸਰਬਕਾਲੀ ਵਿਥਿਆ ਨੂੰ ਜ਼ੁਬਾਨ ਦੇਣ ਵਾਲੀਆਂ ਕਈ ਪੁਰਾਣੀਆਂ ਕਵਿਤਾਵਾਂ ਨੂੰ ਨਵੀਆਂ ਕਵਿਤਾਵਾਂ ਨਾਲ ਮਿਲਾ ਕੇ ਚੰਗੇਰੀ ਤਰਤੀਬ ਦਿੱਤੀ ਗਈ ਹੈ। ਸਾਡੇ ਸਮਾਜਿਕ-ਪਰਿਵਾਰਕ ਪਰਿਵੇਸ਼ ਵਿਚ ਔਰਤ-ਜ਼ਾਤ ਨਾਲ ਦੁਜੈਲੇ ਵਰਤਾਓ ਤੋਂ ਉਪਜੀ ਪੀੜਾ ਦੀ ਇਹੋ ਕਾਵਿਕ ਤਰਤੀਬ 'ਜੀਰਾਂਦਿ' ਨੂੰ ਜ਼ਿਕਰਯੋਗ ਬਣਾਉਂਦੀ ਹੈ।

**ਸੁਨੀਲ ਦੱਤ ਦੀ ਸੰਵੇਦਨਾ:** ਸੁਨੀਲ ਦੱਤ ਕਮਜ਼ੋਰ ਅਦਾਕਾਰ ਪਰ ਸੰਵੇਦਨਸ਼ੀਲ ਫਿਲਮਸਾਜ਼ ਸੀ। ਆਪਣੀ ਪਤਨੀ ਨਰਗਿਸ ਦੇ ਜਿਊਂਦੇ ਜੀਅ ਉਸ ਨੇ ਚਾਰ ਫਿਲਮਾਂ 'ਯਿਹ ਰਾਸਤੇ ਹੈਂ ਪਿਆਰ ਕੇ' (1962), 'ਮੁਝੇ ਜੀਨੇ ਦੋ' (1963), 'ਯਾਦੇਂ' (1964) ਅਤੇ 'ਰੇਸ਼ਮਾ ਔਰ ਸ਼ੇਰਾ' (1971) ਦਾ ਨਿਰਮਾਣ ਕੀਤਾ। ਆਖਰੀ ਦੋਵਾਂ ਦਾ ਨਿਰਦੇਸ਼ਨ ਵੀ ਉਸ ਨੇ ਖੁਦ ਕੀਤਾ। ਚੌਹੇਂ ਫਿਲਮਾਂ ਲੀਕ ਤੋਂ ਕੁਝ ਹਟਵੀਆਂ ਸਨ। ਕੁਝ ਨਵਾਂ ਦਿਖਾਉਣ ਦੀ ਇੱਛਾ ਉਨ੍ਹਾਂ ਦੇ ਨਿਰਮਾਣ ਵਿਚ ਮੌਜੂਦ ਸੀ। 'ਰੇਸ਼ਮਾ ਔਰ ਸ਼ੇਰਾ' ਰਾਹੀਂ ਤਾਂ ਸੁਨੀਲ ਦੱਤ ਨੇ ਹਿੰਦੀ ਦੇ ਦੋ ਨਵ-ਉਭਰਦੇ ਕਵੀਆਂ-ਬਾਲਕਵੀ ਬੈਰਾਗੀ ਤੇ ਊਧਵ ਕੁਮਾਰ ਨੂੰ ਫਿਲਮ ਜਗਤ ਵਿਚ ਦਾਖਲਾ ਦਿੱਤਾ। ਦੋਵਾਂ ਨੇ ਗੀਤ ਵੀ ਕਮਾਲ ਦੇ ਲਿਖੇ: 'ਤੂ ਚੰਦਾ ਮੈਂ ਚਾਂਦਨੀ', 'ਨਫਰਤ ਕੀ ਏਕ ਹੀ ਠੋਕਰ ਨੇ' (ਬਾਲਕਵੀ); 'ਮੈਂ ਆਜ ਪਵਨ ਮੇਂ ਪਾਊਂ' (ਊਧਵ ਕੁਮਾਰ)। ਦੋ ਕੌਮੀ ਐਵਾਰਡ ਜਿੱਤਣ ਦੇ ਬਾਵਜੂਦ ਫਿਲਮ ਫਲਾਪ ਹੋਈ। ਲੋਕ ਫਿਲਮ ਨੂੰ ਭੁੱਲ ਗਏ ਪਰ ਜੈਦੇਵ (ਵਰਮਾ) ਦਾ ਸੰਗੀਤ ਅਤੇ ਤਿੰਨੋਂ ਸਾਹਿਤਕ ਗੀਤ ਅੱਜ ਤਕ ਨਹੀਂ ਭੁੱਲੇ।

# ਯਾਦ ਝਰੋਖਾ

# ਭੈਅ ਦਾ ਅੰਤ

ਹਰਕੰਵਲ ਸਿੰਘ
ਫੋਨ: 91-94632-22943

ਮੌਕੇ ਦੇ ਕਾਂਗਰਸੀ ਐੱਮ. ਐੱਲ. ਏ. ਦੇ ਪਿੰਡ ਨੂੰ ਜਾਂਦੀ ਡੇਢ ਕੁ ਕਿੱਲੋਮੀਟਰ ਦੀ ਕੱਚੀ ਸੜਕ ਨੂੰ ਪੱਕਾ ਕਰਵਾਉਣ ਵਾਸਤੇ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਤੋਂ ਮਿੱਟੀ ਪੁਆਉਣ ਦੀ 'ਕਾਰ ਸੇਵਾ' ਕਰਵਾਈ ਜਾਣੀ ਸੀ। 'ਭਾਰਤ ਸੇਵਕ ਸਮਾਜ' ਦੇ ਬੈਨਰ ਹੇਠ ਇਸ ਮੰਤਵ ਲਈ ਹੁਸ਼ਿਆਰਪੁਰ ਤਹਿਸੀਲ ਦੇ ਪ੍ਰਾਇਮਰੀ ਸਕੂਲਾਂ ਦੇ 30 ਕੁ ਅਧਿਆਪਕਾਂ ਦਾ ਇਕ 10 ਰੋਜ਼ਾ ਕੈਂਪ ਲਾਇਆ ਗਿਆ। ਇਸ ਕੈਂਪ ਦੇ ਆਖਰੀ ਦਿਨ, ਪ੍ਰਬੰਧਕਾਂ ਨਾਲ ਹੋਏ ਬੋਲ-ਬੁਲਾਰੇ ਕਾਰਨ ਕੈਂਪਰਾਂ ਵੱਲੋਂ ਖਾਣੇ ਦਾ ਬਾਈਕਾਟ ਕਰ ਦਿੱਤਾ ਗਿਆ। ਇਹ ਖਬਰ ਅਗਲੇ ਦਿਨ ਕੁਝ ਅਖਬਾਰਾਂ ਦੀ ਸੁਰਖੀ ਬਣ ਗਈ।

ਇਸ ਹਲਕੀ ਜਿਹੀ ਹੜਤਾਲ ਲਈ ਮੁੱਖ ਦੋਸ਼ੀ ਗਰਦਾਨੇ ਜਾਣ ਦੇ ਕਸੂਰ ਵਿਚ ਮੇਰੀ ਘਰ ਤੋਂ ਦੂਰ-ਦੁਰਾਡੇ ਦੀ ਬਦਲੀ ਦੇ ਹੁਕਮ ਜਾਰੀ ਹੋ ਗਏ; ਜਿਲੇ ਅੰਦਰ ਦਰਿਆ ਸਤਲੁਜ ਦੇ ਲਹਿੰਦੇ ਕੰਢੇ ਦੇ ਸਭ ਤੋਂ ਆਖਰੀ ਸਰਕਾਰੀ ਮਿਡਲ ਸਕੂਲ ਬਜਰੂੜ ਵਿਚ, ਜਿਸ ਨੂੰ ਉਦੋਂ, ਇਕ ਤਰ੍ਹਾਂ ਨਾਲ ਅਧਿਆਪਕਾਂ ਲਈ ਖੁੱਲ੍ਹੀ ਜੇਲ੍ਹ ਸਮਝਿਆ ਜਾਂਦਾ ਸੀ।

ਪਿਛਲੀ ਸਦੀ ਦੇ ਸੱਠਵਿਆਂ ਦਾ ਅਰੰਭ ਸੀ। ਅਧਿਆਪਕ ਜਥੇਬੰਦੀ ਅਜੇ ਬਹੁਤੀ ਮਜ਼ਬੂਤ ਨਹੀਂ ਸੀ, ਜਦੋਂ ਕਿ ਅਫਸਰਸ਼ਾਹੀ ਹੰਕਾਰ ਨਾਲ ਆਫਰੀ ਹੋਈ ਫਿਰਦੀ ਸੀ। ਜਥੇਬੰਦੀ ਦੇ ਵੱਡੇ-ਵੱਡੇ ਆਗੂਆਂ ਨੂੰ ਵੀ ਅਜਿਹੀਆਂ ਸਜ਼ਾਵਾਂ ਮਿਲ ਰਹੀਆਂ ਸਨ। ਉਹ ਵੀ ਦੂਰ-ਦੁਰਾਡੇ ਬਦਲ ਕੇ ਘਰੋਂ-ਬੇਘਰ ਕੀਤੇ ਜਾ ਰਹੇ ਸਨ। ਮੈਂ ਤਾਂ ਅਜੇ ਯੂਨੀਅਨ ਦਾ ਇਕ ਛੋਟਾ ਜਿਹਾ ਸਿਪਾਹੀ ਹੀ ਸਾਂ, ਇਸ ਲਈ ਮੇਰੀ ਇਹ ਬਦਲੀ ਰੁਕਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਇਸ ਮਜਬੂਰੀ ਵਿਚ ਨਵੇਂ ਥਾਂ ਜਾਣਾ ਹੀ ਪੈਣਾ ਸੀ।

ਉਦੋਂ ਪ੍ਰਾਇਮਰੀ ਸਕੂਲਾਂ ਦੇ ਅਧਿਆਪਕਾਂ ਨੂੰ ਤਨਖਾਹਾਂ ਏ. ਡੀ. ਆਈ. (ਅਸਿਸਟੈਂਟ ਡਿਸਟ੍ਰਿਕਟ ਇੰਸਪੈਕਟਰ) ਦੇ ਦਫਤਰ ਵਿਚ ਬੁਲਾ ਕੇ ਵੰਡੀਆਂ ਜਾਂਦੀਆਂ ਸਨ। ਹੁਸ਼ਿਆਰਪੁਰ ਸ਼ਹਿਰ 'ਚ ਸੁਤਹਿਰੀ ਰੋਡ, 'ਤੇ ਇਕ ਵੱਡੀ ਕੋਠੀ ਵਿਚ ਚੱਲ ਰਹੇ ਏ. ਡੀ. ਆਈ. ਸ੍ਰੀ ਐਲ. ਡੀ. ਸ਼ਰਮਾ ਦੇ ਦਫਤਰ ਦੇ ਵਿਹੜੇ ਵਿਚ ਤਨਖਾਹ ਲੈਣ ਲਈ ਆਏ ਹੋਏ ਅਧਿਆਪਕਾਂ ਦਾ ਤਕੜਾ ਮਜਮਾ ਲੱਗਾ ਹੋਇਆ ਸੀ। 10 ਕੁ ਵਜੇ ਚਪੜਾਸੀ ਗੁਰਦੇਵ ਚੰਦ ਵੱਲੋਂ ਮੈਨੂੰ ਅਵਾਜ਼ ਮਾਰ ਕੇ ਅੰਦਰ ਆਉਣ ਲਈ ਕਿਹਾ ਗਿਆ। ਮੇਰਾ ਮੱਥਾ ਤਾਂ ਠਣਕਿਆ, ਪਰ ਤਨਖਾਹ ਤਾਂ ਵਸੂਲ ਕਰਨੀ ਹੀ ਸੀ। ਮੇਰੇ ਦਫਤਰ ਦੇ ਅੰਦਰ ਜਾਂਦਿਆਂ ਸਾਰ ਹੀ ਏ. ਡੀ. ਆਈ. ਸਾਹਿਬ ਨੇ ਨਾਲ ਦੇ ਕਮਰੇ 'ਚ ਬੈਠੇ ਕਲਰਕ ਬੈਜਨਾਥ, ਜੋ ਇਕ ਸੇਵਾ ਮੁਕਤ ਨਾਇਬ ਸੂਬੇਦਾਰ ਸੀ, ਨੂੰ ਮੇਰੀ ਤਨਖਾਹ ਲਿਆਉਣ ਦਾ ਆਦੇਸ਼ ਦਿੱਤਾ। ਉਨ੍ਹਾਂ ਨੇ ਤੁਰੰਤ 112 ਰੁਪਏ ਲਿਆ ਕੇ ਮੇਰੇ ਹੱਥ 'ਚ ਫੜਾ ਦਿੱਤੇ, ਰਜਿਸਟਰ 'ਤੇ ਲੱਗੀ ਟਿਕਟ 'ਤੇ ਦਸਤਖਤ ਕਰਵਾਏ ਅਤੇ ਨਾਲ ਹੀ ਇਕ ਫਾਰਗੀ ਰਿਪੋਰਟ ਵੀ ਮੈਨੂੰ ਥਮਾ ਦਿੱਤੀ। ਏ. ਡੀ. ਆਈ. ਸਾਹਿਬ, ਜਿਨ੍ਹਾਂ ਦੀ ਪਹਿਲ-ਕਦਮੀ 'ਤੇ ਮੈਨੂੰ ਇਹ ਸਜ਼ਾ ਮਿਲ ਰਹੀ ਸੀ, ਨੇ ਫਰਮਾਇਆ, "ਤੁਹਾਡੀ ਸਹੂਲਤ ਲਈ ਫਾਰਗੀ ਅੱਜ ਬਾਅਦ ਦੁਪਹਿਰ ਦੀ ਪਾਈ ਗਈ ਹੈ। ਤੁਹਾਨੂੰ ਕੱਲ ਸਵੇਰੇ 12 ਵਜੇ ਤੋਂ ਪਹਿਲਾਂ ਨਵੇਂ ਸਕੂਲ 'ਚ ਹਾਜ਼ਰ ਹੋਣਾ ਪਵੇਗਾ, ਕਿਉਂਕਿ ਤੁਹਾਡੇ ਕਸੂਰ ਕਰਕੇ ਪ੍ਰਬੰਧਕੀ ਅਧਾਰ 'ਤੇ ਹੋਈ ਬਦਲੀ ਕਾਰਨ, ਤੁਹਾਡੇ ਲਈ ਜੁਆਇਨਿੰਗ ਟਾਈਮ ਦੀ ਕੋਈ ਵਿਵਸਥਾ ਨਹੀਂ ਹੈ।"

ਤਨਖਾਹ ਤੇ ਫਾਰਗੀ ਰਿਪੋਰਟ ਹੱਥ 'ਚ ਫੜ ਕੇ ਜਦੋਂ ਮੈਂ ਦਫਤਰੋਂ ਬਾਹਰ ਨਿਕਲਿਆ ਤਾਂ ਮੇਰੇ ਅੰਦਰ ਘਬਰਾਹਟ ਦਾ ਹੋਣਾ ਤਾਂ ਲਾਜ਼ਮੀ ਹੀ ਸੀ। ਅਜੇ ਉਮਰ ਵੀ ਥੋੜ੍ਹੀ ਹੀ ਸੀ। ਘਰੋਂ ਬਾਹਰ ਜਾ ਕੇ ਇਸ ਤਰ੍ਹਾਂ ਇੱਕਲੇ ਰਹਿਣ ਦਾ ਤਜ਼ਰਬਾ ਵੀ ਕੋਈ ਨਹੀਂ ਸੀ। ਤਿੰਨ ਦਿਨ ਬਾਅਦ ਹੋਣ ਵਾਲਾ ਬੀ. ਏ. ਫਾਈਨਲ ਦਾ ਫਿਲਾਸਫੀ ਦਾ 'ਬੀ' ਪੇਪਰ ਵੀ ਅਜੇ ਰਹਿੰਦਾ ਸੀ। ਬਦਲੀ ਦੇ ਅਜਿਹੇ ਕੇਸਾਂ ਵਿਚ 7 ਦਿਨਾਂ ਦੇ ਜੁਆਇਨਿੰਗ ਟਾਈਮ ਦੇ ਨਿਯਮ ਹੋਣ ਬਾਰੇ ਵੀ ਪੂਰਾ ਗਿਆਨ ਨਹੀਂ ਸੀ। ਇਨ੍ਹਾਂ ਹਾਲਾਤਾਂ ਵਿਚ ਕੁਦਰਤੀ ਤੌਰ 'ਤੇ, ਭਵਿੱਖ ਹਨੇਰਾ ਜਿਹਾ ਦਿਸਿਆ।

ਦਫਤਰੋਂ ਬਾਹਰ ਆ ਕੇ ਮੈਂ ਆਪਣੇ ਗੁਰੂ ਤੇ ਪਰਮ ਮਿੱਤਰ ਚੌਧਰੀ ਗੁਰਬਚਨ ਸਿੰਘ ਨੂੰ ਸਾਰੀ ਗੱਲ ਦੱਸੀ। ਉਨ੍ਹਾਂ ਦੇ ਨਾਲ ਆਪਣੇ ਸਾਰੇ ਤੌਖਲੇ ਸਾਂਝੇ ਕੀਤੇ। ਉਹ ਕਾਫੀ ਤਜ਼ਰਬੇਕਾਰ, ਸਿਆਣੇ ਤੇ ਸੁਹਿਰਦ ਸਾਥੀ ਸਨ। ਉਨ੍ਹਾਂ ਨੇ ਬਜਰੂੜ ਦੇ ਸਟੇਸ਼ਨ ਬਾਰੇ ਕੁਝ ਸਿਆਣੇ ਸਾਥੀਆਂ ਕੋਲੋਂ ਜਾਣਕਾਰੀ ਹਾਸਲ ਕੀਤੀ। ਫਾਸਲਾ ਕਾਫੀ ਸੀ ਅਤੇ ਬੜੀ ਮੁਸ਼ਕਿਲ ਨਾਲ ਹੀ ਸ਼ਾਮ ਤੱਕ ਉਥੇ ਪੁੱਜਿਆ ਜਾ ਸਕਦਾ ਸੀ। ਫਿਰ ਵੀ ਉਨ੍ਹਾਂ ਮੈਨੂੰ ਹੌਂਸਲਾ ਦਿੱਤਾ, "ਕੋਈ ਗੱਲ ਨਹੀਂ, ਮੈਂ ਵੀ ਤਨਖਾਹ ਲੈ ਲੈਂਦਾ ਹਾਂ ਅਤੇ ਤੈਨੂੰ ਉਥੇ ਛੱਡ ਕੇ ਆਉਂਦਾ ਹਾਂ।"

ਇਹ ਕਹਿ ਕੇ ਉਹ ਕਲਰਕ ਦੇ ਦਫਤਰ ਵਿਚ ਚਲੇ ਗਏ ਅਤੇ ਬਾਬੂ ਬੈਜਨਾਥ ਨੂੰ ਤਨਖਾਹ ਦੀ ਅਦਾਇਗੀ ਜ਼ਰਾ ਛੇਤੀ ਕਰਨ ਲਈ ਬੇਨਤੀ ਕੀਤੀ। ਚੌਧਰੀ ਸਾਹਿਬ ਆਪ ਵੀ ਸਾਬਕਾ ਫੌਜੀ ਸਨ ਅਤੇ ਉਨ੍ਹਾਂ ਨੇ ਬਾਬੂ ਬੈਜ ਨਾਥ ਅਧੀਨ ਹੌਲਦਾਰ ਵਜੋਂ ਕੰਮ ਵੀ ਕੀਤਾ ਹੋਇਆ ਸੀ; ਪ੍ਰੰਤੂ ਬਾਬੂ ਬੈਜ ਨਾਥ ਨੇ ਅਫਸਰ ਤੋਂ ਡਰਦਿਆਂ ਇਸ ਲਿਹਾਜਦਾਰੀ ਨੂੰ ਵੀ ਅਣਡਿੱਠ ਕਰ ਦਿੱਤਾ ਅਤੇ ਉਨ੍ਹਾਂ ਨੂੰ ਸਾਫ ਜਵਾਬ ਦੇ ਦਿੱਤਾ, "ਸਾਹਿਬ ਦਾ ਹੁਕਮ ਹੈ ਕਿ ਤੁਹਾਨੂੰ ਤਨਖਾਹ ਸਭ ਤੋਂ ਬਾਅਦ ਵਿਚ ਦੇਣੀ ਹੈ।"

ਇਸ ਤਰ੍ਹਾਂ, ਉਹ ਵੀ ਨਿਰਾਸ਼ ਜਿਹੇ ਹੋ ਕੇ ਬਾਹਰ ਆ ਗਏ ਅਤੇ ਮੇਰੇ ਨਾਲ ਬੱਸ ਸਟੈਂਡ ਵੱਲ ਤੁਰ ਪਏ। ਮੇਰੇ ਕੋਲ ਸਮਾਨ ਵੀ ਕੋਈ ਨਹੀਂ ਸੀ। ਇਕ ਕਾਮਰੇਡੀ ਝੋਲਾ ਸੀ, ਜਿਸ ਵਿਚ 'ਪ੍ਰੀਤ ਲੜੀ' ਮੈਗਜ਼ੀਨ, ਡਾਇਰੀ ਤੇ ਕੁਝ ਹੋਰ ਕਾਗਜ਼-ਪੱਤਰ ਸਨ। ਕੱਪੜਾ ਕੋਈ ਨਹੀਂ ਸੀ, ਲੋੜ ਹੀ ਨਹੀਂ ਸੀ ਸਮਝੀ, ਘਰੋਂ ਇਸ ਕੰਮ ਲਈ ਤਿਆਰ ਹੋ ਕੇ ਥੋੜ੍ਹੋ ਆਏ ਸੀ। ਜੇਬ ਵਿਚ ਤਨਖਾਹ ਦੇ 112 ਰੁਪਏ ਜ਼ਰੂਰ ਸਨ। ਫਿਰ ਵੀ ਭਵਿੱਖ ਵਿਚ ਇਕ ਬਹੁਤ ਵੱਡੀ ਮੁਸੀਬਤ ਮੂੰਹ ਅੱਡੀ ਖੜੀ ਦਿਖਾਈ ਦਿੰਦੀ ਸੀ। ਸ਼ਾਮ ਤੱਕ ਬਜਰੂੜ ਪੁੱਜਣਾ ਸੀ, ਤੇ ਉਹ ਵੀ ਇੱਕਲਿਆਂ।

ਖੈਰ! ਚੌਧਰੀ ਸਾਹਿਬ ਨੇ ਕਾਫੀ ਹੌਂਸਲਾ ਦਿੱਤਾ ਅਤੇ ਉਹ ਗੜਸ਼ੰਕਰ ਤੱਕ ਮੇਰੇ ਨਾਲ ਗਏ, ਪਰ ਬੜੇ ਉਦਾਸ ਜਿਹੇ ਮੂਡ ਵਿਚ। ਉਥੇ ਉਹ ਮੈਨੂੰ ਬਜਰੂੜ ਜਾਣ ਵਾਲੀ ਵਿਕਟਰੀ ਟਰਾਂਸਪੋਰਟ ਦੀ ਬੱਸ ਵਿਚ ਬਿਠਾ ਆਏ। 45 ਸੀਟਾਂ ਵਾਲੀ ਪੁਰਾਣੇ ਮਾਡਲ ਦੀ ਬੱਸ ਛੇਤੀ ਹੀ ਨੱਕੋ-ਨੱਕ ਭਰ ਗਈ। ਮੈਂ ਵਿਚਾਲੇ ਜਿਹੇ ਖਿੜਕੀ ਨਾਲ ਲੱਗਦੀ ਸੀਟ 'ਤੇ ਬੈਠ ਗਿਆ ਤਾਂ ਜੋ ਨਵੇਂ ਇਲਾਕੇ ਬਾਰੇ ਕੁਝ ਜਾਣਕਾਰੀ ਮਿਲਦੀ ਰਹੇ ਅਤੇ ਰਾਹ-ਖਹਿੜਾ ਵੀ ਦੇਖਦਾ ਜਾਵਾਂ। ਦੋ-ਢਾਈ ਵਜੇ ਗੜਸ਼ੰਕਰੋਂ ਤੁਰੀ ਬੱਸ ਪੈਰ-ਪੈਰ 'ਤੇ ਰੁਕਦੀ ਰਹੀ। ਹਰ ਪਿੰਡ ਦੇ ਅੱਡੇ 'ਤੇ ਸਵਾਰੀਆਂ ਉਤਰਦੀਆਂ ਤਾਂ ਸਨ, ਪਰ ਚੜ੍ਹਦੀ ਕੋਈ ਟਾਵੀਂ-ਟੱਲੀ ਹੀ ਸੀ। ਇੰਜ, ਪੌਣੇ ਕੁ ਘੰਟੇ ਵਿਚ ਸਿੰਘਪੁਰ ਦੇ ਅੱਡੇ 'ਤੇ ਜਾ ਕੇ, ਬੱਸ 'ਚੋਂ ਸਾਰੀਆਂ ਹੀ ਸਵਾਰੀਆਂ ਉਤਰ ਗਈਆਂ। ਸਵਾਰੀ ਵਜੋਂ, ਬੱਸ ਵਿਚ ਮੈਂ ਇੱਕਲਾ ਹੀ ਰਹਿ ਗਿਆ। ਜਾਂ ਫਿਰ ਅੱਗੇ ਬੱਸ ਦਾ ਚਾਲਕ ਸੀ ਅਤੇ ਪਿੱਛੇ ਆਖਰੀ ਸੀਟ 'ਤੇ ਬੈਠਾ ਹੋਇਆ ਇਕ ਸਰਦਾਰ ਜੀ ਕੰਡਕਟਰ।

ਖਾਲੀ ਹੋਈ ਬੱਸ ਦੇਖ ਕੇ ਮੇਰੀ ਘਬਰਾਹਟ ਤਾਂ ਹੋਰ ਵਧਣੀ ਹੀ ਸੀ। ਅੱਗੇ ਸੜਕ ਵੀ ਕੋਈ ਨਹੀਂ ਸੀ, ਬੱਸ ਖੱਡੋ-ਖੱਡ ਡਿੱਕੇ-ਡੋਲੇ ਖਾਂਦੀ ਹੋਈ ਜਾ ਰਹੀ ਸੀ। ਹੋਰ ਨਾ ਕੋਈ ਆ ਰਿਹਾ ਸੀ, ਨਾ ਜਾ ਰਿਹਾ ਸੀ। ਢੋਲਵਾਹੇ ਜੇ. ਬੀ. ਟੀ. ਕਰਦਿਆਂ ਅਤੇ ਸਕੂਲ ਵੱਲੋਂ ਮਾਤਾ ਚਿੰਤਪੁਰਨੀ ਤੇ ਜਵਾਲਾ ਜੀ ਦੇ ਟੂਰ 'ਤੇ ਜਾਣ ਸਮੇਂ ਪਹਾੜਾਂ ਦੇ ਮਨਮੋਹਣੇ ਦ੍ਰਿਸ਼ ਤਾਂ ਕਈ ਦੇਖੇ ਸਨ, ਪਰ ਐਨੀ ਦੂਰ ਤੱਕ ਖੱਡ 'ਚ ਚੱਲਦੀ ਬੱਸ ਪਹਿਲੀ ਵਾਰ ਦੇਖ ਰਿਹਾ ਸੀ। ਮੈਂ ਹੌਂਸਲਾ ਜਿਹਾ ਕਰਕੇ ਪਿਛਲੀ ਸੀਟ 'ਤੇ ਬੈਠੇ ਅਤੇ ਕੁਝ ਗੁਣਗੁਣਾ ਰਹੇ ਕੰਡਕਟਰ ਕੋਲ ਗਿਆ ਤੇ ਉਸ ਕੋਲੋਂ ਪੁੱਛਿਆ, "ਭਾਅ ਜੀ! ਕੀ ਹੁਸ਼ਿਆਰਪੁਰ ਜਿਲੇ ਦੀ ਹੱਦ ਹੁਣ ਮੁੱਕ ਚੱਲੀ ਹੈ?"

ਮੈਨੂੰ ਦੱਸਿਆ ਗਿਆ ਸੀ ਕਿ ਬਜਰੂੜ ਜਿਲੇ ਦੇ ਆਖਰੀ ਸਿਰੇ 'ਤੇ ਹੈ।

ਮੇਰੀ ਇਸ ਉਤਸਕਤਾ ਨੂੰ ਦੇਖਦਿਆਂ ਕੰਡਕਟਰ ਨੇ ਸਹਿਜੇ ਹੀ ਉੱਤਰ ਦਿੱਤਾ, "ਨਹੀਂ, ਤੁਸੀਂ ਕਿੱਥੇ ਜਾਣਾ?"

"ਬਜਰੂੜ!" ਮੇਰਾ ਹਉਕਾ ਜਿਹਾ ਨਿਕਲ ਗਿਆ।

"ਉਹ ਤਾਂ ਅਜੇ ਬਹੁਤ ਦੂਰ ਹੈ। ਪਹਿਲੀ ਵਾਰ ਜਾ ਰਹੇ ਹੋ ਉਥੇ?"

"ਹਾਂ ਜੀ। ਮੇਰੀ ਉਥੇ ਬਤੌਰ ਅਧਿਆਪਕ ਬਦਲੀ ਹੋਈ ਹੈ।"

"ਕੋਈ ਗੱਲ ਨਹੀਂ।" ਮੇਰੀ ਘਬਰਾਹਟ ਨੂੰ ਭਾਂਪਦਿਆਂ ਉਨ੍ਹਾਂ ਦਿਲਾਸਾ ਦਿੱਤਾ, "ਉਥੇ ਤੁਹਾਨੂੰ ਕਿਸੇ ਅਧਿਆਪਕ ਨਾਲ ਮਿਲਾ ਦੇਵਾਂਗੇ।"

ਇਸ ਤਰ੍ਹਾਂ ਦੇ ਹਮਦਰਦੀ ਭਰੇ ਜਵਾਬ ਨਾਲ ਮੇਰਾ ਮਾਨਸਿਕ ਤਣਾਅ ਕੁਝ ਘਟ ਤਾਂ ਗਿਆ, ਪਰ ਨਵੇਂ ਥਾਂ ਦੇ ਲੋਕਾਂ ਬਾਰੇ, ਉਥੇ ਆਉਣ ਵਾਲੀਆਂ ਮੁਸ਼ਕਿਲਾਂ ਆਦਿ ਬਾਰੇ ਮਨ ਅੰਦਰ ਉਧੇੜ-ਬੁਣ ਨਿਰੰਤਰ ਜਾਰੀ ਰਹੀ। ਮੈਂ ਮੁੜ ਆਪਣੀ ਸੀਟ 'ਤੇ ਜਾ ਕੇ ਬੈਠ ਚੁਕਾ ਸਾਂ। ਗੁਰਬਖਸ਼ ਸਿੰਘ ਪ੍ਰੀਤ ਲੜੀ ਦੀਆਂ ਲਿਖਤਾਂ ਵਿਚ, ਢਹਿੰਦੇ ਮਨ ਨੂੰ ਧਰਵਾਸਾ ਦੇਣ ਲਈ ਵਾਰ-ਵਾਰ ਲਿਖੇ ਜਾਂਦੇ ਸ਼ਬਦ: 'ਹਰ ਹਨੇਰੇ ਤੋਂ ਬਾਅਦ ਰੌਸ਼ਨ ਰਿਸ਼ਮਾਂ ਹਮੇਸ਼ਾ ਉਜਾਗਰ ਹੁੰਦੀਆਂ ਹਨ' ਯਾਦ ਤਾਂ ਆ ਰਹੇ ਸਨ, ਪਰ ਆਪਣੀ ਇਸ ਅਣਕਿਆਸੀ ਮੁਸੀਬਤ ਵਿਚ ਇਹ ਮੈਨੂੰ ਐਵੇਂ ਹਵਾਈ ਗੱਲਾਂ ਹੀ ਜਾਪ ਰਹੀਆਂ ਸਨ।

ਚੰਗੇ ਭਾਗਾਂ ਨੂੰ ਘਾਟਾਂ ਟੱਪਦਿਆਂ ਹੀ ਕਾਹਨਪੁਰ ਖੂਹੀ ਤੋਂ ਬੱਸ ਵਿਚ ਨਵੀਆਂ ਸਵਾਰੀਆਂ ਚੜ੍ਹਨੀਆਂ ਸ਼ੁਰੂ ਹੋ ਗਈਆਂ। ਸ਼ਿਵਾਲਿਕ ਦੀ ਸਭ ਤੋਂ ਨਿਚਲੀ ਧਾਰ ਰਾਹੀਂ ਪਈ ਹੋਈ ਇਸ ਕੁਦਰਤੀ ਵੰਡ ਕਾਰਨ ਇਹ ਇਲਾਕਾ, ਓਪਰੀ ਨਜ਼ਰੇ ਦੇਖਿਆਂ ਥੋੜ੍ਹਾ ਵੱਖਰਾ ਜਿਹਾ ਹੀ ਜਾਪਦਾ ਸੀ। ਸੜਕ ਤਾਂ ਅਸਲੋਂ ਹੀ ਕੱਚੀ, ਚਿੱਬ-ਖੜਿੱਬੀ ਤੇ ਧੂੜ ਨਾਲ ਭਰੀ ਪਈ ਸੀ। ਹੁਣ ਹਰ ਅੱਡੇ ਤੋਂ ਸਵਾਰੀ ਬਿਠਾਈ ਜਾ ਰਹੀ ਸੀ ਅਤੇ ਬੱਸ ਅੰਦਰ ਰੌਣਕ ਮੁੜ ਪਰਤਣੀ ਸ਼ੁਰੂ ਹੋ ਗਈ। ਨੂਰਪੁਰ ਬੇਦੀ ਜਾ ਕੇ ਤਾਂ ਬੱਸ ਮੁੜ ਪੂਰੀ ਤਰ੍ਹਾਂ ਭਰ ਗਈ। ਸੁੱਖਣਾ ਸੁੱਖਦਿਆਂ, ਅੰਤ ਨੂੰ 7 ਕੁ ਵਜੇ, ਬਜਰੂੜ ਵੀ ਆ ਗਿਆ। ਇਥੇ ਕਾਫੀ ਸਵਾਰੀਆਂ ਉਤਰੀਆਂ। ਉਂਜ ਬੱਸ ਨੇ ਅਜੇ ਥੋੜ੍ਹਾ ਹੋਰ ਅੱਗੇ ਜਾਣਾ ਸੀ। ਮੈਨੂੰ ਵੀ ਉਤਰਨ ਦਾ ਇਸ਼ਾਰਾ ਮਿਲਿਆ। ਕੰਡਕਟਰ ਸਾਹਿਬ ਨੇ ਪਿਛਲੀ ਬਾਰੀ 'ਚ ਖੜੋ ਕੇ, ਕੁਝ ਕੁ ਦੂਰੀ 'ਤੇ ਖੜੇ ਤਿੰਨ-ਚਾਰ ਸੱਜਣਾਂ ਨੂੰ ਅਵਾਜ਼ ਦਿੱਤੀ, "ਇਹ ਤੁਹਾਡੇ ਨਵੇਂ ਅਧਿਆਪਕ ਆਏ ਹਨ, ਇਨਾਂ ਨੂੰ ਸਾਂਭ ਲਵੋ।"

ਉਨ੍ਹਾਂ ਸੱਜਣਾਂ ਵਿਚ ਸਕੂਲ ਦੇ 2 ਅਧਿਆਪਕ ਵੀ ਸਨ। ਉਨ੍ਹਾਂ ਨੇ ਮੈਨੂੰ ਰਸਮੀ ਜਿਹਾ 'ਜੀ ਆਇਆਂ' ਕਿਹਾ। ਮੇਰੇ ਪਿਛਲੇ ਇਲਾਕੇ ਬਾਰੇ ਮੁਢਲੀ ਪੁੱਛ-ਪੜਤਾਲ ਕੀਤੀ ਅਤੇ ਮੈਨੂੰ ਪਿੰਡ ਵੱਲ ਲੈ ਤੁਰੇ। ਬੜਾ ਵੱਡਾ ਪਿੰਡ ਸੀ ਬਜਰੂੜ, ਇਸ ਪੱਛੜੇ ਹੋਏ ਇਲਾਕੇ ਵਿਚ ਵੀ। ਗਿਆਨੀ ਸੋਹਣ ਸਿੰਘ, ਜੋ ਬੁੱਲੋਵਾਲ ਲਾਗਲੇ ਇਕ ਪਿੰਡ ਦੇ ਹੀ ਸਨ, ਮੈਨੂੰ ਆਪਣੇ ਘਰ ਲੈ ਗਏ। ਉਨ੍ਹਾਂ ਦੀ ਪਹਿਲੀ ਨਿਯੁਕਤੀ ਹੀ ਇਥੇ ਹੋਈ ਸੀ। ਉਹ ਕਈ ਵਰਿਆਂ ਤੋਂ ਇਕ ਵੱਡੇ ਜਿਮੀਂਦਾਰ, ਜੋ ਆਪ ਪਰਿਵਾਰ ਸਮੇਤ ਹਿਮਾਚਲ ਪ੍ਰਦੇਸ਼ ਵਿਚ ਬਿਲਾਸਪੁਰ ਰਹਿੰਦਾ ਸੀ, ਦੇ ਪੁਰਾਣੀ ਕਿਸਮ ਦੇ ਦੋ ਮੰਜ਼ਿਲੇ ਮਕਾਨ 'ਚ ਰਹਿੰਦੇ ਸਨ। ਜਿਮੀਂਦਾਰ ਸਥਾਨਕ ਮੁਜਾਰਿਆਂ ਤੋਂ ਫਸਲ ਦਾ ਹਿਸਾਬ-ਕਿਤਾਬ ਲੈਣ ਹੀ ਆਇਆ ਕਰਦਾ ਸੀ। ਉਸ ਦੇ ਘਰ ਦੀ ਸਮੁੱਚੀ ਸਾਂਭ-ਸੰਭਾਲ ਗਿਆਨੀ ਜੀ ਦੇ ਸਪੁਰਦ ਹੀ ਸੀ। ਕਣਕ ਦੀ ਫਸਲ ਆ ਚੁਕੀ ਸੀ, ਇਸ ਲਈ ਜਿਮੀਂਦਾਰ ਵੀ ਆਇਆ ਹੋਇਆ ਸੀ ਅਤੇ ਆਪਣੀ ਰੋਟੀ-ਪਾਣੀ ਦੇ ਇੰਤਜਾਮ ਲਈ ਉਸ ਨੇ ਆਪਣਾ ਇਕ ਗਰੀਬੜਾ ਜਿਹਾ ਰਿਸ਼ਤੇਦਾਰ ਵੀ ਨੌਕਰ ਵਜੋਂ ਨਾਲ ਲਿਆਂਦਾ ਹੋਇਆ ਸੀ। ਇਸ ਲਈ ਮੈਨੂੰ ਰਾਤ ਦੀ ਰੋਟੀ ਸੌਖਿਆਂ ਹੀ ਮਿਲ ਗਈ। ਸਵੇਰੇ ਚਾਹ ਨਾਲ ਰਾਤ ਦੀ ਬਚੀ ਹੋਈ ਦਾਲ ਨਾਲ ਬਰੇਕ-ਫਾਸਟ ਵੀ ਮਿਲ ਗਿਆ। ਉਪਰੰਤ ਮੈਂ ਤੇ ਗਿਆਨੀ ਜੀ ਸਕੂਲ ਚਲੇ ਗਏ।

ਸਕੂਲ ਜਾ ਕੇ ਜਦੋਂ ਮੈਂ ਆਪਣੀ ਹਾਜ਼ਰੀ ਰਿਪੋਰਟ ਦਿੱਤੀ ਤਾਂ ਸਕੂਲ ਮੁਖੀ ਪੰਡਿਤ ਵਿਸ਼ਵਾਨਾਥ ਜੀ ਮੈਨੂੰ ਦੇਖ ਕੇ ਬੇਹੱਦ ਦੁਖੀ ਹੋਏ। ਮੇਰੇ ਹਾਜ਼ਰ ਹੋਣ ਨਾਲ ਉਨ੍ਹਾਂ ਨੂੰ ਆਪਣੇ ਇਕ ਬਹੁਤ ਹੀ ਵਫਾਦਾਰ ਅਧਿਆਪਕ ਨੂੰ ਤੁਰੰਤ ਰਿਲੀਵ ਕਰਨਾ ਪੈਣਾ ਸੀ। ਇਸ ਲਈ ਉਹ ਬੇਹੱਦ ਘਬਰਾਹਟ 'ਚ ਘਿਰੇ ਹੋਏ ਦਿਖਾਈ ਦੇ ਰਹੇ ਸਨ, ਪਰ ਸਿੱਧੂ ਰਾਮ ਬਹੁਤ ਖੁਸ਼ ਦਿਖਾਈ ਦੇ ਰਿਹਾ ਸੀ। ਉਸ ਦੀ ਬਦਲੀ ਉਸ ਦੀ ਮਰਜੀ ਅਨੁਸਾਰ ਉਸ ਦੇ ਪਿੰਡ ਹਰੋਲੀ ਦੀ ਹੋਈ ਸੀ। ਇਸ ਲਈ ਉਸ ਨੂੰ ਵੀ ਉਸੇ ਦਿਨ ਨਵੇਂ ਸਕੂਲ 'ਚ ਹਾਜ਼ਰ ਹੋਣਾ ਪੈਣਾ ਸੀ। ਇਸ ਕਰਕੇ ਉਸ ਨੇ ਤੁਰੰਤ ਆਪਣੇ ਚਾਰਜ ਵਜੋਂ, ਇਕ ਪੁਰਾਣੇ ਜਿਹੇ ਟਰੰਕ ਦੀਆਂ ਚਾਬੀਆਂ, ਕੁਝ ਰਜਿਸਟਰ, ਕੁਝ ਸਫੈਦ ਕਾਗਜ਼ ਤੇ ਹੋਰ ਲਕਾ-ਤੁਕਾ ਹੈਡਮਾਸਟਰ ਸਾਹਿਬ ਦੀ ਮੇਜ 'ਤੇ ਰੱਖਣਾ ਸ਼ੁਰੂ ਕਰ ਦਿੱਤਾ।

ਜਿਲੇ ਅੰਦਰ, ਔਝੜੇ ਰਾਹਾਂ ਵਾਲੇ, ਦੂਰ-ਦੁਰਾਡੇ ਦਾ ਸਕੂਲ ਹੋਣ ਕਰਕੇ ਇਥੇ ਕਿਸੇ ਉਪਰਲੇ ਅਫਸਰ ਦੀ ਛਾਪੇਮਾਰੀ ਦੀਆਂ ਤਾਂ ਕੋਈ ਸੰਭਾਵਨਾਵਾਂ ਹੀ ਨਹੀਂ ਸਨ ਦਿਖਾਈ ਦਿੰਦੀਆਂ, ਜਿਸ ਕਰਕੇ ਸਕੂਲ ਦਾ ਆਪਣਾ ਹੀ ਇਕ 'ਰਾਮ ਰਾਜ' ਸੀ, ਜੋ ਸਕੂਲ ਮੁਖੀ ਨੇ ਆਪਣੀ ਸ਼ਰਾਫਤ ਤੇ ਸਮਝਦਾਰੀ ਨਾਲ ਸਿਰਜਿਆ ਹੋਇਆ ਸੀ। ਇਹ ਕਈ ਪੱਖਾਂ ਤੋਂ ਹੈਰਾਨੀਜਨਕ ਵੀ ਸੀ ਤੇ ਅਰਾਮਦਾਇਕ ਵੀ। ਮਿਸਾਲ ਵਜੋਂ ਮੈਂ ਦੇਖਿਆ ਕਿ ਸਕੂਲ ਦੇ ਪੀ. ਟੀ. ਸਾਹਿਬ ਨੇ ਆਉਂਦਿਆਂ ਹੀ ਵਿਸਲ ਵਜਾ ਕੇ ਵਿਦਿਆਰਥੀਆਂ ਨੂੰ ਜਮਾਤਵਾਰ ਖੜ੍ਹੇ ਕਰ ਲਿਆ। ਇੰਦਰ ਸਿੰਘ ਪੀ. ਟੀ. ਆਈ. ਸਾਬਕਾ ਫੌਜੀ ਸਨ, ਪਰ ਸਕੂਲ ਵਿਚ ਉਹ ਤੇੜ ਲੂੰਗੀ ਬੰਨ੍ਹ ਕੇ ਆਏ ਹੋਏ ਸਨ। ਪਹਿਲਾਂ ਉਨ੍ਹਾਂ ਹਾਰਮੋਨੀਅਮ ਨਾਲ ਰਾਸ਼ਟਰੀ ਗੀਤ 'ਜਨ ਗਨ ਮਨ' ਕਰਵਾਇਆ ਅਤੇ ਫਿਰ ਇਕ ਗਜ਼ਲਨੁਮਾ ਗੀਤ ਦਾ ਉਚਾਰਨ ਕਰਵਾਇਆ, ਜਿਸ ਦੇ ਕੁਝ ਬੋਲ ਇਸ ਤਰ੍ਹਾਂ ਸਨ,

"ਤੂੰ ਕਦਮ ਵਧਾ ਲੈ ਇਕ ਪਾਸੇ,
ਤੂੰ ਧਿਆਨ ਲਗਾ ਲੈ ਇਕ ਪਾਸੇ,
ਦੋ ਬੇੜੀਆਂ ਵਾਲਾ ਡੁੱਬ ਮਰਦਾ,
ਤੂੰ ਪੈਰ ਟਕਾ ਲੈ ਇਕ ਪਾਸੇ।"

ਅਜਿਹੇ ਹੀ ਦੋ ਕੁ ਹੋਰ ਬੰਦ ਉਨ੍ਹਾਂ ਐਨੀ ਦਮਦਾਰ ਅਵਾਜ਼ ਵਿਚ ਆਪ ਗਾਏ ਤੇ ਬੱਚਿਆਂ ਤੋਂ ਗਵਾਏ ਕਿ ਸਕੂਲ ਦੇ ਆਲੇ-ਦੁਆਲੇ ਦੇ, ਦੂਰ ਤੱਕ ਹਰਿਆਲੀ ਬਿਖੇਰਦੇ, ਅੰਬਾਂ ਦੇ ਬਾਗ ਸੱਚੀਂ-ਮੁੱਚੀਂ ਝੂਮ ਉਠੇ। ਇਸ ਨਾਲ ਮਨ ਇਕ ਵਾਰ ਤਾਂ ਅਸਲੋਂ ਹੀ ਅਨੰਦਿਤ ਜਿਹਾ ਹੋ ਗਿਆ। ਇਸ ਪਿਛੋਂ ਕਲਾਸਾਂ ਨੂੰ ਆਪੋ-ਆਪਣੇ ਟਿਕਾਣਿਆਂ ਵੱਲ ਮਾਰਚ ਕਰਨ ਦਾ ਹੁਕਮ ਦੇ ਕੇ ਪੀ. ਟੀ. ਸਾਬ੍ਹ ਪਤਾ ਨਹੀਂ ਕਿੱਧਰ ਚਲੇ ਗਏ ਤੇ ਮੁੜ ਉਹ ਦੁਪਹਿਰੋਂ ਬਾਅਦ ਹੀ ਬਾਕਾਇਦਾ ਸਿਵਲ ਡਰੈੱਸ ਵਿਚ ਪਰਤੇ।

(ਬਾਕੀ ਅਗਲੇ ਸਫੇ 'ਤੇ)






ਪਿੰਡ ਬਜਰੂੜ ਵਿਖੇ ਬਣਿਆ ਇਤਿਹਾਸਕ ਗੁਰਦੁਆਰਾ ਅਤੇ (ਸੱਜੇ) ਗੁਰਦੁਆਰੇ ਦਾ ਇਤਿਹਾਸ ਦਰਸਾਉਂਦਾ ਬੋਰਡ

## ਪਿੰਡ ਬਜਰੂੜ



ਪਿੰਡ ਬਜਰੂੜ ਵਿਖੇ ਸ਼ਹੀਦ ਹਰਦੀਪ ਸਿੰਘ ਸੰਧੂ ਦੀ ਯਾਦ 'ਚ ਬਣਿਆ ਗੇਟ

# ਵਣ ਇਸ਼ਨਾਨ



ਤੁਸਾਂ ਜਲ ਇਸ਼ਨਾਨ, ਧੁੱਪ ਇਸ਼ਨਾਨ ਅਤੇ ਸ਼ਾਇਦ ਚਿੱਕੜ ਇਸ਼ਨਾਨ ਬਾਰੇ ਜ਼ਰੂਰ ਸੁਣਿਆ ਹੋਣੈ, ਪਰ ਇੱਕ ਹੋਰ ਇਸ਼ਨਾਨ ਬਾਰੇ ਪਤਾ ਲੱਗਾ। ਜਦ ਮੈਂ ਡਾਕਟਰ ਦੇ ਵਾਕ ਇਨ ਕਲਿਨਿਕ ਵਿਚ ਆਪਣੀ ਵਾਰੀ ਉਡੀਕਦਿਆਂ ਉੱਥੇ ਪਏ ਕੁਝ ਰਸਾਲੇ ਫਰੋਲਣ ਲੱਗਾ। ਇੱਕ ਲੇਖ ਵਿਚ ਬੜੀ ਦਿਲਚਸਪ ਜਾਣਕਾਰੀ ਹਾਸਲ ਹੋਈ। ਜਾਪਾਨ ਦੇ ਕਿਸੇ ਡਾਕਟਰ ਕਿੰਗ ਲੀ ਨੇ ਇੱਕ ਕਿਤਾਬ ਲਿਖੀ ਹੈ, 'ਸ਼ਿਨਰਿਨ ਯੋਕੂ'।

ਹਰਜੀਤ ਦਿਓਲ, ਬਰੈਂਪਟਨ

ਸ਼ਿਨਰਿਨ ਕਹਿੰਦੇ ਹਨ ਜੰਗਲ ਨੂੰ ਅਤੇ ਯੋਕੂ ਦਾ ਮਤਲਬ ਇਸ਼ਨਾਨ ਭਾਵ ਫੌਰੈਸਟ ਬਾਥਿੰਗ ਜਾਂ ਵਣ ਇਸ਼ਨਾਨ।

ਸੈਂਕੜੇ ਸਾਲ ਪਹਿਲਾਂ ਤੋਂ ਮਨੁੱਖ ਨੇ ਜਾਣ ਲਿਆ ਸੀ ਕਿ ਕੁਦਰਤ ਨਾਲ ਨੇੜਤਾ ਇਨਸਾਨੀ ਸਿਹਤ ਲਈ ਲਾਭਦਾਇਕ ਹੈ। ਮਹਾਤਮਾ ਗਾਂਧੀ ਨੇ ਕੁਦਰਤੀ ਉਪਚਾਰਾਂ ਬਾਰੇ ਆਪਣੇ ਤਜਰਬੇ ਆਪਣੀਆਂ ਲਿਖਤਾਂ ਰਾਹੀਂ ਸਾਂਝੇ ਕੀਤੇ ਹਨ। ਸਰ ਅਡੋਲਫ ਜਸਟ ਨਾਮੀ ਇਕ ਪ੍ਰਕਿਰਤੀ ਪ੍ਰੇਮੀ ਨੇ ਆਪਣੀ ਪੁਸਤਕ 'ਰਿਟਰਨ ਟੂ ਨੇਚਰ' ਵਿਚ ਕੁਦਰਤ ਨਾਲ ਮਨੁੱਖੀ ਸਿਹਤ ਦਾ ਤਾਲਮੇਲ ਬਿਆਨਿਆ ਹੈ। ਕਵੀਆਂ ਨੇ ਆਪਣੇ ਸ਼ਬਦਾਂ ਨਾਲ ਅਤੇ ਚਿੱਤਰਕਾਰਾਂ ਨੇ ਬੁਰਸ਼ ਤੇ ਰੰਗਾਂ ਨਾਲ ਕੁਦਰਤ ਦੀ ਸੁੰਦਰਤਾ ਨੂੰ ਚਿਤਰਿਆ ਹੈ। ਅਕਸਰ ਹਸਪਤਾਲਾਂ ਵਿਚ ਵੀ ਬੜੇ ਮਨਮੋਹਕ ਲੈਂਡਸਕੇਪ (ਕੁਦਰਤੀ ਦ੍ਰਿਸ਼) ਦੀਵਾਰਾਂ 'ਤੇ ਲੱਗੇ ਮਿਲਦੇ ਹਨ, ਕਿਉਂਕਿ ਇਹ ਮਰੀਜ਼ਾਂ ਨੂੰ ਮਾਨਸਿਕ ਸਕੂਨ ਪਹੁੰਚਾਉਣ ਦਾ ਕਾਰਗਰ ਵਸੀਲਾ ਹੁੰਦੇ ਹਨ। ਵਿਗਿਆਨੀਆਂ ਨੇ ਖੋਜਾਂ ਰਾਹੀਂ ਨਤੀਜੇ ਕੱਢੇ ਹਨ ਕਿ ਕੁਦਰਤ ਨਾਲ ਦੋਸਤੀ ਬੜੀ ਲਾਹੇਵੰਦ ਹੈ।

ਇੱਕ ਮਹਿਲਾ ਨੇ ਆਪਣਾ ਤਜਰਬਾ ਸਾਂਝਾ ਕਰਦਿਆਂ ਲਿਖਿਆ ਹੈ ਕਿ ਰੋਜ਼ਮੱਰਾ ਦੀ ਮਸ਼ੀਨੀ ਜ਼ਿੰਦਗੀ ਤੋਂ ਅੱਕ ਕੇ ਉਸ ਨੇ ਆਪਣੀ ਮਾਨਸਿਕ ਅਤੇ ਸਰੀਰਕ ਅਰੋਗਤਾ ਲਈ ਫਾਰੈਸਟ ਬਾਥਿੰਗ ਦਾ ਪ੍ਰਯੋਗ ਕਰਨ ਬਾਰੇ ਫੈਸਲਾ ਕੀਤਾ ਤੇ ਕੰਮ ਤੋਂ ਲੰਮੀ ਛੁੱਟੀ ਲੈ ਕਿਸੇ ਘਣੇ ਜੰਗਲਾਂ ਵਾਲੇ ਇਲਾਕੇ ਜਾ ਡੇਰੇ ਲਾਏ। ਇਸ ਪੱਧਤੀ ਦੀਆਂ ਹਦਾਇਤਾਂ ਮੁਤਾਬਕ ਉਹ ਬਿਨਾ ਕੈਮਰਾ ਅਤੇ ਫੋਨ ਦੇ, ਘਣੇ ਜੰਗਲ ਵਿਚ ਜਾ ਕੁਝ ਘੰਟੇ ਉੱਥੇ ਬਿਤਾਉਂਦੀ। ਦਰੱਖਤਾਂ ਦੇ ਪੱਤਿਆਂ ਨਾਲ ਖਹਿ ਕੇ ਲੰਘਦੀ ਹਵਾ ਦੀ ਅਵਾਜ਼ ਤੇ ਪੰਛੀਆਂ ਦੀਆਂ ਚਹਿਚਹਾਟਾਂ ਦਾ ਸੰਗੀਤ ਸੁਣਦੀ। ਵਹਿੰਦੇ ਪਾਣੀ ਦੀ ਕਲ ਕਲ ਨਾਲ ਇੱਕਸੁਰਤਾ ਰੱਖ ਪੈਰ ਪਾਣੀ ਵਿਚ ਡਬੋ ਲੈਂਦੀ। ਦਰੱਖਤਾਂ ਦੇ ਪੱਤਿਆਂ ਵਿਚੋਂ ਛਣ ਕੇ ਆਉਂਦੀ ਧੁੱਪ ਦਾ ਸੇਕ ਮਾਣਦੀ। ਉਸ ਦੀਆਂ ਪੰਜੇ ਇੰਦਰੀਆਂ-ਨੱਕ, ਕੰਨ, ਅੱਖਾਂ, ਮੂੰਹ ਅਤੇ ਚਮੜੀ ਕੁਦਰਤ ਦੀਆਂ ਘੁੱਟਾਂ ਭਰਦਿਆਂ ਅਲੋਕਾਰ ਮਾਨਸਿਕ ਸਕੂਨ ਦਾ ਅਨੁਭਵ ਕਰਦੀਆਂ। ਆਪਣੀ ਵੇਕੇਸ਼ਨ ਤੋਂ ਵਾਪਸ ਪਰਤ ਕੇ ਉਸ ਨੇ ਆਪਣੇ ਆਪ ਨੂੰ ਵਿਲੱਖਣ ਰੂਪ ਵਿਚ ਨਰੋਆ ਮਹਿਸੂਸ ਕੀਤਾ। ਜ਼ਿੰਦਗੀ ਦੇ ਤਣਾਅ ਗਾਇਬ ਹੋ ਗਏ ਸਨ ਤੇ ਉਹ ਇੱਕ ਨਵੀਂ ਊਰਜਾ ਨਾਲ ਭਰ ਗਈ ਸੀ। ਉਸ ਦਾ ਤਜਰਬਾ ਸਫਲ ਰਿਹਾ ਸੀ।

ਇੱਕ ਰਿਪੋਰਟ ਅਨੁਸਾਰ ਇੱਕ ਅਮਰੀਕੀ ਆਪਣਾ 93% ਔਸਤ ਸਮਾਂ ਇਨਡੋਰ (ਇਮਾਰਤਾਂ ਅੰਦਰ) ਬਿਤਾਉਂਦਾ ਹੈ। ਅੰਦਾਜ਼ਨ 2050 ਤੱਕ ਦੁਨੀਆਂ ਦੀ 66% ਅਬਾਦੀ ਕੰਕਰੀਟਾਂ ਦੇ ਜੰਗਲ ਭਾਵ ਸ਼ਹਿਰਾਂ ਵਿਚ ਰਹਿਣ ਲੱਗ ਜਾਵੇਗੀ। ਮਸ਼ੀਨੀ ਜੀਵਨ ਚੱਕਰ ਅਤੇ ਕੁਦਰਤ ਤੋਂ ਦੂਰੀ ਮਾਨਸਿਕ ਤੇ ਸਰੀਰਕ ਗੁੰਝਲਾਂ ਦਾ ਕਾਰਨ ਬਣ ਰਹੀ ਹੈ, ਪਰ ਜੇ ਰੋਜ਼ਾਨਾ ਦੋ ਘੰਟੇ ਕਿਸੇ ਤਰ੍ਹਾਂ ਵਣ ਇਸ਼ਨਾਨ ਦਾ ਮੌਕਾ ਪੈਦਾ ਕਰ ਲਿਆ ਜਾਵੇ ਤਾਂ ਕਾਫੀ ਹੱਦ ਤੱਕ ਜ਼ਿੰਦਗੀ ਦੇ ਤਣਾਓ ਅਤੇ ਅਵਸਾਦਾਂ ਤੋਂ ਨਿਜਾਤ ਪਾਈ ਜਾ ਸਕਦੀ ਹੈ। ਜ਼ਿਆਦਾ ਨਾ ਸਹੀ ਤਾਂ ਘਣੇ ਦਰੱਖਤਾਂ ਵਿਚਾਲੇ ਪਾਣੀ ਦੇ ਸੋਮਿਆਂ ਲਾਗੇ ਸੈਰ ਕਰਦਿਆਂ (ਬਿਨਾ ਈਅਰ ਫੋਨ ਤੋਂ) ਕੁਝ ਸਮਾਂ ਕੁਦਰਤ ਨਾਲ ਗੁਫਤਗੂ ਕੀਤੀ ਜਾ ਸਕਦੀ ਹੈ, ਜਿਸ ਨਾਲ ਸਰੀਰਕ ਬੈਟਰੀ ਰਿਚਾਰਜ ਹੁੰਦੀ ਰਹੇ। ਧਰਮ ਅਸਥਾਨਾਂ ਵਿਚ ਜੋ ਆਤਮਕ ਸਕੂਨ ਪਰੋਸਿਆ ਜਾਂਦਾ ਹੈ, ਉਹ ਬਿਨਾ ਮੀਟਰ ਤੋਂ ਕੁੰਡੀ ਲਾ ਕੇ ਸਿੱਧਾ ਕੁਦਰਤ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ। ਲੋੜ ਹੈ ਤਾਂ ਸਿਰਫ ਕੁਦਰਤ ਦੀ ਨੇੜਤਾ ਦਾ ਨਿੱਘ ਮਾਣ ਸਕਣ ਦੀ।

# ਕੁੱਬੇ ਦੇ ਵੱਜੀ ਲੱਤ

ਪੰਜਾਬ ਵਿਚ ਬੇਰੁਜ਼ਗਾਰੀ ਤਾਂ ਕਦੇ ਘਟੀ ਹੀ ਨਹੀਂ, ਸਗੋਂ ਦਿਨੋ ਦਿਨ ਵਧਦੀ ਹੀ ਜਾਂਦੀ ਹੈ। ਉਪਰੋਂ ਨਸ਼ਾ ਹਰੇਕ ਪਿੰਡ ਪਿੰਡ ਬੇਖੌਫ ਵਿਕ ਰਿਹਾ ਹੈ। ਵਿਹਲੀ ਮੰਡੀਰ ਨੂੰ ਪਤਾ ਹੀ ਨਹੀਂ ਲੱਗਦਾ ਕਿ ਕਦੋਂ ਉਹ ਸੁਆਦ ਚੱਖਦੀ ਚੱਖਦੀ ਨਸ਼ਿਆਂ ਦੀ ਆਦੀ ਹੋ ਜਾਂਦੀ ਹੈ। ਫਿਰ ਇਸ ਦੀ ਪੂਰਤੀ ਲਈ ਚੋਰੀਆਂ, ਲੁੱਟਾਂ-ਖੋਹਾਂ ਦਾ ਰਸਤਾ ਚੁਣਿਆ

ਅਮਰ ਮੀਨੀਆਂ (ਗਲਾਸਗੋ)
ਫੋਨ: 0044-78683-70984

ਜਾਂਦਾ ਹੈ। ਨਸ਼ਿਆਂ ਦੀ ਦਲਦਲ ਵਿਚ ਤਾਂ ਸਾਰੇ ਵਰਗਾਂ ਦੇ ਮੁੰਡੇ-ਕੁੜੀਆਂ ਫਸ ਜਾਂਦੇ ਹਨ, ਪਰ ਲੁੱਟਾਂ-ਖੋਹਾਂ, ਚੋਰੀਆਂ ਦੇ ਪਾਂਧੀ ਗਰੀਬ ਜਾਂ ਮੱਧਵਰਗੀ ਪਰਿਵਾਰਾਂ ਦੇ ਬੱਚੇ ਬਣਦੇ ਹਨ। ਇੱਕ ਨਾ ਇੱਕ ਦਿਨ ਇਹ ਪੁਲਿਸ ਦੇ ਅੜਿੱਕੇ ਆ ਜਾਂਦੇ ਹਨ, ਪਰ ਜੇਲ੍ਹ ਤੱਕ ਬਹੁਤ ਘੱਟ ਪਹੁੰਚਦੇ ਹਨ। ਪਿੰਡ ਦੇ ਮੋਹਤਬਰ ਛੁਡਵਾਉਣ ਪਹੁੰਚ ਜਾਂਦੇ ਹਨ। ਗਰੀਬ ਮਾਪੇ 15-20 ਹਜ਼ਾਰ ਵਿਆਜੂ ਫੜ ਕੇ ਪੁਲਿਸ ਦਾ ਮੱਥਾ ਡੰਮ ਦਿੰਦੇ ਹਨ; ਇਸ ਵਿਚ ਮੋਹਤਬਰਾਂ ਦਾ ਵੀ ਕਮਿਸ਼ਨ ਹੁੰਦਾ ਹੈ। ਮਾਪੇ ਕਰਜ਼ੇ ਦੀਆਂ ਕਿਸ਼ਤਾਂ ਤਾਰਨ ਲੱਗਦੇ ਹਨ। ਮੁੰਡੇ ਦੋ-ਚਾਰ ਮਹੀਨੇ ਅਰਾਮ ਕਰਕੇ ਮੁੜ ਉਹੀ ਹਥਿਆਰ ਚੁੱਕ ਲੈਂਦੇ ਹਨ। ਵਿਕਸਿਤ ਮੁਲਕਾਂ ਵਿਚ ਅਪਰਾਧੀ ਨੂੰ ਕੋਈ ਛੁਡਾਉਣ ਲਈ ਨਹੀਂ ਜਾਂਦਾ। ਕਾਨੂੰਨ ਆਪਣਾ ਕੰਮ ਕਰਦਾ ਹੈ, ਦੋਸ਼ੀ ਨੂੰ ਸਜ਼ਾ ਮਿਲਦੀ ਹੈ ਤੇ ਬੇਗੁਨਾਹ ਬਰੀ ਹੁੰਦੇ ਹਨ। ਪੰਜਾਬ ਵਿਚ ਵੀ ਜੇ ਦੋਸ਼ੀਆਂ ਨੂੰ ਕਟਹਿਰੇ 'ਚ ਖੜ੍ਹਾ ਕੀਤਾ ਜਾਵੇ ਤਾਂ ਇਸ ਨਾਲ ਅਪਰਾਧ ਵੀ ਘਟੇਗਾ ਤੇ ਭੋਲੇ-ਭਾਲੇ ਮਾਪੇ ਗੰਦੀ ਔਲਾਦ ਕਰਕੇ ਕਰਜ਼ਈ ਨਹੀਂ ਹੋਣਗੇ।

2017 ਦੀਆਂ ਅਸੈਂਬਲੀ ਚੋਣਾਂ ਤੋਂ ਪਹਿਲਾਂ ਮੇਰੇ ਗੁਆਂਢੀ ਪਿੰਡ ਦੇ ਦੋ ਨਸ਼ੇੜੀ ਜੋ ਲੁੱਟਾਂ-ਖੋਹਾਂ ਦੀਆਂ ਵਾਰਦਾਤਾਂ ਕਰਕੇ ਸਾਰੇ ਇਲਾਕੇ ਵਿਚ ਮਸ਼ਹੂਰ ਹੋ ਚੁਕੇ ਸਨ। ਲੋਕਾਂ ਦੀ ਨਜ਼ਰ ਵਿਚ ਆਉਣ ਕਰਕੇ ਦੂਰ-ਦੁਰਾਡੇ ਪਿੰਡਾਂ ਵਿਚ ਵਾਰਦਾਤਾਂ ਕਰਨ ਲੱਗੇ। ਇਕ ਵਾਰ ਬਠਿੰਡੇ ਵੱਲ ਕਿਸੇ ਮੋਟਰਸਾਈਕਲ ਵਾਲੇ ਨੂੰ ਲੁੱਟ ਕੇ ਉਸ ਦੇ ਪਿੰਡ ਵੱਲ ਦੀ ਹੀ ਸੜਕ ਨੂੰ ਪੈ ਗਏ। ਚੋਰ ਬਿਗਾਨੇ ਇਲਾਕੇ ਤੋਂ ਅਣਜਾਣ ਸਨ ਤੇ ਉਹ ਬੰਦਾ ਕੱਚੇ ਰਸਤੇ ਰਾਹੀਂ ਉਨ੍ਹਾਂ ਤੋਂ ਪਹਿਲਾਂ ਪਿੰਡ ਪਹੁੰਚ ਗਿਆ। ਉਸੇ ਸੜਕ 'ਤੇ ਸ਼ਮਸ਼ਾਨਘਾਟ ਸੀ ਤੇ ਪਿੰਡ ਦੇ ਲੋਕ ਮੁਰਦਾ ਫੂਕਣ ਆਏ ਸਨ। ਜਦੋਂ ਉਸ ਨੇ ਸਾਰੀ ਗੱਲ ਦੱਸੀ ਤਾਂ ਸਲਾਹ ਹੋਈ ਕਿ ਮੁਰਦਾ ਤਾਂ ਬਾਅਦ 'ਚ ਫੂਕਾਂਗੇ ਪਹਿਲਾਂ ਚੋਰਾਂ ਦਾ ਸਵਾਗਤ ਹੋ ਜਾਵੇ। ਲੋਕਾਂ ਨੇ ਚਿਖਾ ਵਾਸਤੇ ਚਿਣੇ ਅਣਘੜਤ ਤਰੈਂਬੜ ਚੁੱਕ ਲਏ। ਦੋਹਾਂ ਦੀ ਚੰਗੀ ਤੌਣੀ ਲਾ ਕੇ ਪੁਲਿਸ ਹਵਾਲੇ ਕੀਤੇ। ਦੂਜੇ ਦਿਨ ਹੀ ਪਿੰਡ ਦਾ ਸਰਪੰਚ ਸਿਕੰਦਰ ਸਿੰਘ ਮਲੂਕਾ ਦੀ ਸਿਫਾਰਸ਼ ਨਾਲ ਦੋਹਾਂ ਨੂੰ ਛੁਡਵਾ ਲਿਆਇਆ। ਵੋਟਾਂ ਦਾ ਮਸਲਾ ਸੀ, ਪਰ ਉਹ ਦੋ ਵੋਟਾਂ ਕਿਸੇ ਦੇ ਹੱਕ ਵਿਚ ਵੀ ਨਾ ਭੁਗਤ ਸਕੀਆਂ। ਬਾਦਲ ਸਾਹਿਬ ਦੀ ਕਿਲੀ ਚਾਹਲਾਂ ਵਾਲੀ ਰੈਲੀ ਵਿਚ ਲੋਕਾਂ ਦੀਆਂ ਜੇਬਾਂ ਸਾਫ ਕਰਦੇ ਫੜੇ ਗਏ। ਇਸ ਵਾਰ ਨਾ ਘਰਵਾਲਿਆਂ ਕੋਈ ਕੋਸ਼ਿਸ਼ ਕੀਤੀ ਤੇ ਨਾ ਹੀ ਕੋਈ ਪੰਚਾਇਤੀਆ ਛੁਡਾਉਣ ਗਿਆ। ਪੁਲਿਸ ਨੇ ਚਿੱਟੇ ਦਾ ਕੇਸ ਪਾ ਕੇ ਚਲਾਨ ਕਰ ਦਿੱਤਾ। ਵੋਟਾਂ ਵਾਲੇ ਦਿਨ ਦੋਨੋਂ ਫਰੀਦਕੋਟ ਜੇਲ੍ਹ 'ਚ ਬੈਠੇ ਸਨ। ਪਤਾ ਲੱਗਾ ਹੈ ਕਿ ਦੋਵੇਂ ਜੇਲ੍ਹ ਤੋਂ ਬਾਹਰ ਆ ਕੇ ਸੁਧਰ ਗਏ ਸਨ।

ਚਾਰ ਪੰਜ ਸਾਲ ਪਹਿਲਾਂ ਮੇਰੇ ਇਕ ਮਿੱਤਰ ਦੀ ਕਰੀਬੀ ਰਿਸ਼ਤੇਦਾਰੀ ਵਿਚ ਵੀਹ ਕੁ ਸਾਲ ਦਾ ਮੁੰਡਾ ਆਪਣੇ ਪਿੰਡ ਦੀ ਕੁੜੀ ਨਾਲ ਫਰਾਰ ਹੋ ਗਿਆ। ਪੰਜ-ਸੱਤ ਹਜ਼ਾਰ ਕੁੜੀ ਨੇ ਘਰੋਂ ਚੋਰੀ ਕਰ ਲਿਆ ਤੇ ਪੰਦਰਾਂ ਕੁ ਹਜ਼ਾਰ ਮੁੰਡੇ ਕੋਲ ਸੀ। ਹਫਤਾ ਦਸ ਦਿਨ ਸ਼ਿਮਲੇ ਘੁੰਮਣ ਪਿਛੋਂ ਖਾਲੀ ਨੰਗ ਹੋ ਕੇ ਪਟਿਆਲੇ ਕਿਸੇ ਜਾਣ-ਪਛਾਣ ਵਾਲੇ ਕੋਲ ਪਹੁੰਚੇ। ਪੁਲਿਸ ਰਿਪੋਰਟ ਹੋ ਚੁਕੀ ਸੀ ਤੇ ਘਰ ਵਾਲੇ ਰਿਸ਼ਤੇਦਾਰੀਆਂ ਵਿਚ ਕਰੋਲੇ ਦੇ ਚੁਕੇ ਸਨ। ਪੁਲਿਸ ਤੋਂ ਡਰਦਿਆਂ ਉਸ ਬੰਦੇ ਨੇ ਠਾਣੇ ਇਤਲਾਹ ਦੇ ਦਿੱਤੀ ਤੇ ਪ੍ਰੇਮੀ ਜੋੜਾ ਹਵਾਲਾਤ ਪਹੁੰਚ ਗਿਆ। ਦੋਵੇਂ ਇਕੋ ਪਿੰਡ ਦੇ ਹੋਣ ਕਰਕੇ ਵਿਆਹ ਹੋਣਾਂ ਤਾਂ ਮੁਸ਼ਕਿਲ ਸੀ ਤੇ ਕੁੜੀ ਦੇ ਵਾਰਸ ਕਿਸੇ ਸਮਝੌਤੇ ਲਈ ਵੀ ਰਾਜ਼ੀ ਨਾ ਹੋਏ। ਕੁੜੀ ਦਾ ਜਨਮ ਸਰਟੀਫਿਕੇਟ ਵੇਖਿਆ ਤਾਂ ਅਠਾਰਾਂ ਸਾਲਾਂ ਤੋਂ ਦੋ ਤਿੰਨ ਮਹੀਨੇ ਘੱਟ ਉਮਰ ਸੀ। ਪੁਲਿਸ ਨੇ ਨਾਬਾਲਗ ਲੜਕੀ ਨਾਲ ਬਲਾਤਕਾਰ ਦਾ ਕੇਸ ਦਰਜ ਕਰਕੇ ਮੁੰਡਾ ਜੇਲ੍ਹ ਭੇਜ ਦਿੱਤਾ। ਜਿਲਾ ਅਦਾਲਤ ਨੇ ਜ਼ਮਾਨਤ ਰੱਦ ਕਰ ਦਿੱਤੀ ਤੇ ਮਾਮਲਾ ਚੰਡੀਗੜ੍ਹ ਹਾਈ ਕੋਰਟ ਤੱਕ ਪਹੁੰਚ ਗਿਆ। ਚੰਡੀਗੜ੍ਹ ਹਾਈ ਕੋਰਟ ਵਿਚ ਮੇਰਾ ਰਿਸ਼ਤੇਦਾਰ ਵਕਾਲਤ ਕਰਦਾ ਹੈ। ਇਸ ਕਰਕੇ ਮੇਰੇ ਮਿੱਤਰ ਨੇ ਮੇਰੇ ਤੱਕ ਪਹੁੰਚ ਕੀਤੀ ਤੇ ਮੈਨੂੰ ਸਾਰੀ ਕਹਾਣੀ ਦਾ ਪਤਾ ਲੱਗਾ। ਚੰਡੀਗੜ੍ਹ ਤੋਂ ਸਾਡੇ ਵਕੀਲ ਨੇ ਮੁੰਡੇ ਦੀ ਜ਼ਮਾਨਤ ਕਰਵਾ ਦਿੱਤੀ।

ਪੰਜ ਸੱਤ ਦਿਨਾਂ ਬਾਅਦ ਉਸੇ ਮਿੱਤਰ ਦਾ ਮੈਨੂੰ ਫੋਨ ਆਇਆ, "ਪਿੰਡ ਦਾ ਸਰਪੰਚ ਕਹਿ ਰਿਹਾ ਹੈ ਕਿ ਮੈਂ ਰਾਜ਼ੀਨਾਮਾ ਕਰਵਾ ਦਿੰਦਾ ਹਾਂ, ਕੁੜੀ ਵਾਲੇ ਪੰਜ ਲੱਖ ਮੰਗਦੇ ਆ। ਚਾਰ ਕੁ ਲੱਖ 'ਚ ਮੰਨ ਜਾਣਗੇ। ਤੁਸੀਂ ਪੈਸਿਆਂ ਦਾ ਬੰਦੋਬਸਤ ਕਰੋ।" ਦੱਸ ਕਿਵੇਂ ਕਰੀਏ?

ਮੈਂ ਪੁੱਛਿਆ, "ਮੁੰਡੇ ਵਾਲਿਆਂ ਕੋਲ ਇੰਨੇ ਪੈਸੇ ਹੈਗੇ ਆ?"

ਉਹ ਕਹਿੰਦਾ, "ਡੇਢ ਕੁ ਕਿੱਲਾ ਪੈਲੀ ਆ, ਜਾਂ ਤਾਂ ਗਹਿਣੇ ਕਰਨਾ ਪਊ ਜਾਂ ਅੱਧਾ ਕਿੱਲਾ ਵੇਚਣਾ ਪਊ।"

ਮੈਂ ਤਿੰਨ-ਚਾਰ ਸਵਾਲ ਇਕੱਠੇ ਹੀ ਕਰ ਦਿੱਤੇ, "ਮੁੰਡਾ ਕੀ ਕੰਮ ਕਰਦਾ? ਜੇ ਅੱਧਾ ਕਿੱਲਾ ਵੇਚ ਦਿੱਤਾ ਤਾਂ ਕੀ ਉਹ ਦੋ-ਚਹੁੰ ਸਾਲਾਂ 'ਚ ਮੁੜ ਖਰੀਦ ਲਵੇਗਾ? ਸਜ਼ਾ ਕਿੰਨੀ ਕੁ ਹੋ ਸਕਦੀ ਹੈ?"

ਉਸ ਦਾ ਜਵਾਬ ਸੀ, "ਮੁੰਡਾ ਹੈ ਤਾਂ ਖਿਡਾਰੀ, ਪਰ ਹੈ ਸਿਰਫ ਤਾਸ਼ ਦਾ। ਸਵੇਰੇ ਸ਼ਾਮ ਤਾਸ਼ ਹੀ ਕੁੱਟਦਾ। ਪੰਜ ਤੋਂ ਸੱਤ ਸਾਲ ਲਈ ਅੰਦਰ ਜਾ ਸਕਦੈ।"

ਮੈਂ ਤਾਂ ਆਪਣੀ ਸਲਾਹ ਦੇ ਕੇ ਫੋਨ ਕੱਟ ਦਿੱਤਾ, "ਭਰਾਵਾ ਉਹਨੂੰ ਪੰਜ ਸੱਤ ਸਾਲ ਪਤਲੀ ਦਾਲ ਹੀ ਪਿਲਾਓ ਤਾਂ ਚੰਗੇ ਰਹੋਗੇ। ਪੈਲੀ ਵੀ ਬਚ ਜਾਊ, ਕੁੜੀ ਵਾਲਿਆਂ ਦਾ ਗੁੱਸਾ ਵੀ ਮੱਠਾ ਹੋ ਜਾਊ ਤੇ ਹੋ ਸਕਦਾ ਕੁਝ ਅਕਲ ਵੀ ਆ ਜਾਵੇ।"

ਕੁਝ ਦਿਨ ਪਹਿਲਾਂ ਉਸੇ ਮਿੱਤਰ ਦਾ ਫੋਨ ਆਇਆ, ਕਹਿੰਦਾ, "ਬਚ ਗਏ ਭਰਾਵਾ, ਤਿੰਨ ਕੁ ਸਾਲ ਜੇਲ੍ਹ ਦੇ ਪ੍ਰਸ਼ਾਦੇ ਛਕ ਕੇ ਮੁੰਡਾ ਪਿਛਲੇ ਮਹੀਨੇ ਘਰ ਆ ਗਿਆ ਹੈ। ਕੁੜੀ ਅਗਲਿਆਂ ਨੇ ਵਿਆਹ ਦਿੱਤੀ ਸੀ। ਉਹ ਦੋ ਜੁਆਕਾਂ ਦੀ ਮਾਂ ਬਣ ਗਈ ਹੈ ਤੇ ਮੁੰਡਾ ਬਣ ਗਿਆ ਬੰਦੇ ਦਾ ਪੁੱਤ। ਪਾਠੀ ਬੋਲਦੇ ਨਾਲ ਹੀ ਪਸ਼ੂਆਂ ਨੂੰ ਪੱਠਾ ਦੱਥਾ ਪਾਉਣ ਲੱਗ ਪੈਂਦਾ ਏ। ਤਾਸ਼ ਦੀ ਢਾਣੀ ਵੱਲ ਤਾਂ ਮੂੰਹ ਵੀ ਨਹੀਂ ਕਰਦਾ।"

ਕੁੱਬੇ ਦੇ ਲੱਤ ਵੱਜੀ ਰਾਸ ਆ ਗਈ!

# ਭੈਅ ਦਾ ਅੰਤ

*(ਪਿਛਲੇ ਸਫੇ ਦੀ ਬਾਕੀ)*

ਬਾਕੀ ਸਾਰਾ ਸਟਾਫ ਤੁਰੰਤ ਹੀ ਸਾਥੀ ਸਿੱਧੂ ਰਾਮ ਨੂੰ ਵਿਦਾਇਗੀ ਪਾਰਟੀ ਦੇਣ 'ਚ ਰੁੱਝ ਗਿਆ। ਸਮਾਂ ਥੋੜ੍ਹਾ ਹੋਣ ਕਰਕੇ ਮਿਠਾਈ-ਸ਼ਿਠਾਈ ਦਾ ਤਾਂ ਬਹੁਤਾ ਪ੍ਰਬੰਧ ਨਹੀਂ ਸੀ, ਚਾਹ ਦਾ ਕੱਪ ਜ਼ਰੂਰ ਸਾਰਿਆਂ ਨੂੰ ਮਿਲਿਆ ਅਤੇ ਸਿੱਧੂ ਰਾਮ ਦੀਆਂ ਇਕ ਹਰਮਨ ਪਿਆਰੇ ਅਧਿਆਪਕ ਵਜੋਂ ਸਿਫਤਾਂ ਸੁਣਨ ਨੂੰ ਮਿਲੀਆਂ। ਉਹ ਪਹਿਲੀ ਜਮਾਤ ਨੂੰ ਪੜ੍ਹਾਉਂਦੇ ਸਨ ਤੇ ਸਕੂਲ ਦੀ ਕਲਰਕੀ ਦਾ ਕੰਮ ਵੀ ਸੰਭਾਲਦੇ ਸਨ।

ਉਨ੍ਹਾਂ ਬਾਰੇ ਬੋਲਦਿਆਂ ਸਕੂਲ ਮੁਖੀ ਤਾਂ ਕੁਝ ਵਧੇਰੇ ਹੀ ਭਾਵੁਕ ਹੋ ਗਏ। ਕਹਿਣ ਲੱਗੇ, "ਮੈਨੂੰ ਸਮਝ ਨਹੀਂ ਆ ਰਿਹਾ ਕਿ ਹੁਣ ਮੇਰਾ ਇਹ ਸਕੂਲ ਚੱਲੇਗਾ ਕਿਵੇਂ? ਸਕੂਲ ਦੀ ਤਾਂ ਮਾਂ ਹੀ ਤੁਰ ਚੱਲੀ ਹੈ।"

ਉਨ੍ਹਾਂ ਦੀਆਂ ਤੇ ਹੋਰ ਬੁਲਾਰਿਆਂ ਦੀਆਂ ਅਜਿਹੀਆਂ ਦੁਖੀ ਭਾਵਨਾਵਾਂ ਨੂੰ ਮਹਿਸੂਸ ਕਰਕੇ ਮੈਨੂੰ ਬਹੁਤ ਹੀ ਗਿਲਾਨੀ ਜਿਹੀ ਮਹਿਸੂਸ ਹੋ ਰਹੀ ਸੀ। ਇਸ ਵਾਸਤੇ ਮੈਂ ਆਪਣੇ-ਆਪ ਨੂੰ ਵੱਡਾ ਦੋਸ਼ੀ ਸਮਝ ਰਿਹਾ ਸਾਂ। ਮੇਰੇ ਕੋਲ ਉਨ੍ਹਾਂ ਨੂੰ ਦਿਲਾਸਾ ਦੇਣ ਲਈ ਵੀ ਕੋਈ ਸ਼ਬਦ ਨਹੀਂ ਸਨ। ਵਿਦਾਇਗੀ ਪਾਰਟੀ ਪਿਛੋਂ ਸਾਰੇ 7-8 ਅਧਿਆਪਕ ਸਿੱਧੂ ਰਾਮ ਨੂੰ ਤੋਰ ਕੇ ਬੜੇ ਹੀ ਗਮਗੀਨ ਜਿਹੇ ਮਾਹੌਲ ਵਿਚ ਅੱਧੀ ਛੁੱਟੀ ਦੀ ਘੰਟੀ ਵਜਾ ਕੇ ਆਪੋ-ਆਪਣੇ ਘਰਾਂ ਨੂੰ ਦੁਪਹਿਰ ਦਾ ਖਾਣਾ ਖਾਣ/ਅਰਾਮ ਕਰਨ ਲਈ ਚਲੇ ਗਏ। ਸਕੂਲ ਵਿਚ ਮੈਂ ਇੱਕਲਾ ਹੀ ਰਹਿ ਗਿਆ। ਕਿਸੇ ਨੇ ਮੈਨੂੰ ਬੁਲਾਇਆ ਤੱਕ ਨਹੀਂ, ਗਿਆਨੀ ਸੋਹਣ ਸਿੰਘ ਨੇ ਵੀ ਨਹੀਂ। ਇਥੋਂ ਤੱਕ ਕਿ ਸਕੂਲ ਦੇ ਚਪੜਾਸੀ ਸਰਵਣ ਸਿੰਘ ਨੇ ਵੀ, ਜੋ ਪ੍ਰਾਇਮਰੀ ਹਿੱਸੇ ਦੇ ਇਕ ਕੋਨੇ ਵਿਚ ਬਣੀ ਹੋਈ ਕੋਠੜੀ 'ਚ ਰਹਿੰਦਾ ਸੀ।

ਅਜਿਹੀ ਸ਼ਰਮਸਾਰੀ ਤੇ ਉਦਾਸੀ ਦੇ ਮਾਹੌਲ ਵਿਚ ਮੈਂ ਸਕੂਲ ਦੇ ਦਫਤਰ ਵਿਚ ਜਾ ਬੈਠਾ। ਸਕੂਲ ਮੁਖੀ ਦੀ ਮੇਜ਼ 'ਤੇ ਕੁਝ ਸਫੈਦ ਕਾਗਜ਼, ਕਾਰਬਨ ਪੇਪਰ, ਇਕ ਸਰਕਾਰੀ ਚਿੱਠੀ, ਗੱਤਿਆਂ ਨਾਲ ਚਿਪਕਾਏ ਹੋਏ ਟਾਈਮ-ਟੇਬਲ ਤੇ ਹਾਜ਼ਰੀ ਰਜਿਸਟਰ ਆਦਿ ਪਏ ਸਨ। ਵਿਹਲਿਆਂ ਵਜੋਂ ਮੈਂ ਸਰਕਾਰੀ ਚਿੱਠੀ ਚੁੱਕ ਕੇ ਪੜ੍ਹਨੀ ਸ਼ੁਰੂ ਕਰ ਦਿੱਤੀ। ਸਿੱਖਿਆ ਵਿਭਾਗ ਦੇ ਜਿਲੇ ਦੇ ਦਫਤਰ ਤੋਂ ਆਇਆ ਹੋਇਆ ਇਕ ਸਰਕੂਲਰ ਸੀ, ਜਿਸ ਰਾਹੀਂ 15 ਮਈ ਦੀ ਸਟੇਟਮੈਂਟ ਮੰਗੀ ਗਈ ਸੀ; ਪੰਜ ਪਰਤਾਂ ਵਿਚ, 10 ਤਾਰੀਖ ਤੱਕ। ਇਹ ਸਾਰਾ ਕੰਮ ਸ਼ਾਇਦ ਸਿੱਧੂ ਰਾਮ ਨੇ ਹੀ ਕਰਨਾ ਸੀ। ਮੈਂ ਹਿਸਾਬ ਲਾਇਆ ਕਿ ਇਹ ਡਾਕ ਭੇਜਣ ਦੀ ਨਿਯਤ ਮਿਤੀ 'ਚ ਸਿਰਫ 4 ਦਿਨ ਹੀ ਬਾਕੀ ਸਨ। ਹੋ ਸਕਦਾ ਇਸੇ ਲਈ ਹੈਡਮਾਸਟਰ ਸਾਹਿਬ ਨੂੰ ਸਿੱਧੂ ਰਾਮ ਦੇ ਚਲੇ ਜਾਣ ਕਾਰਨ ਐਨੀ ਘਬਰਾਹਟ ਮਹਿਸੂਸ ਹੋ ਰਹੀ ਹੋਵੇ। ਮੈਂ ਸੋਚਿਆ, "ਇਹ ਕੰਮ ਤਾਂ ਮੈਂ ਵੀ ਕਰ ਸਕਦਾ ਹਾਂ।"

ਸਰਕੂਲਰ ਨੂੰ ਦੋ ਵਾਰ ਪੜ੍ਹ ਕੇ ਮੈਂ ਕਾਗਜ਼, ਕਾਰਬਨ ਪੇਪਰ, ਪੱਕੀ ਪੈਨਸਿਲ ਤੇ ਰੂਲਰ ਆਦਿ ਚੁੱਕੇ ਅਤੇ ਸਾਰੇ ਮੰਗੇ ਹੋਏ ਕਾਗਜ਼ਾਤ ਤਿਆਰ ਕਰਨੇ ਸ਼ੁਰੂ ਕਰ ਦਿੱਤੇ। ਟੀਚਰਜ਼ ਟਾਈਮ-ਟੇਬਲ ਤੇ ਸਟਾਫ ਸਟੇਟਮੈਂਟ ਵਿਚ ਸਿੱਧੂ ਰਾਮ ਦੀ ਥਾਂ ਮੈਂ ਆਪਣਾ ਨਾਂ ਤੇ ਹੋਰ ਆਪਣੇ ਸਾਰੇ ਸਬੰਧਿਤ ਵੇਰਵੇ ਭਰ ਦਿੱਤੇ। ਕਲਾਸ ਟਾਈਮ-ਟੇਬਲ ਦੀਆਂ ਤਾਂ ਪੰਜ ਕਾਪੀਆਂ ਹੀ ਬਣਾਉਣੀਆਂ ਸਨ, ਵਿਦਿਆਰਥੀਆਂ ਦੀ ਜਮਾਤਵਾਰ ਗਿਣਤੀ, ਹਾਜ਼ਰੀ ਰਜਿਸਟਰਾਂ ਵਿਚੋਂ ਦੇਖ ਕੇ ਲਿਖ ਦਿੱਤੀ। ਇਸ ਤਰ੍ਹਾਂ ਹਰ ਡਾਕੂਮੈਂਟ ਦੀਆਂ ਕਾਰਬਨ ਪੇਪਰਾਂ ਦੀ ਮਦਦ ਨਾਲ 5 ਦੀ ਥਾਂ 6-6 ਕਾਪੀਆਂ ਬਣਾ ਕੇ ਅਤੇ ਨਾਲ ਫਾਰਵਰਡਿੰਗ ਲੈਟਰ ਵੀ ਲਿਖ ਕੇ, ਸਾਰਾ ਕੰਮ ਐਨ ਟਿੱਚ ਕਰਕੇ ਮੁੱਖ ਅਧਿਆਪਕ ਦੀ ਮੇਜ਼ 'ਤੇ ਰੱਖ ਦਿੱਤਾ।

ਦੋ ਕੁ ਘੰਟੇ ਦੀ ਅੱਧੀ ਛੁੱਟੀ ਮਨਾ ਕੇ ਜਦੋਂ ਪੰਡਿਤ ਜੀ ਵਾਪਸ ਆਏ ਤਾਂ ਮੇਜ਼ 'ਤੇ ਪਏ ਉਪਰੋਕਤ ਕਾਗਜ਼ਾਂ ਵੱਲ ਦੇਖ ਕੇ ਥੋੜ੍ਹਾ ਹੈਰਾਨ ਹੋ ਗਏ। ਮੈਨੂੰ ਪੁੱਛਣ ਲੱਗੇ, "ਇਹ ਕੰਮ ਕਿਸ ਨੇ ਕੀਤਾ ਹੈ?"

"ਜੀ ਮੈਂ ਕੀਤਾ ਹੈ।" ਮੈਂ ਕਿਹਾ।

"ਇਹ ਹੈਂਡਰਾਈਟਿੰਗ ਤੁਹਾਡਾ ਹੈ?"

"ਹਾਂ ਜੀ!"

ਬਸ ਫਿਰ ਕੀ ਸੀ, ਪੰਡਿਤ ਜੀ ਨੂੰ ਤਾਂ ਜਿਵੇਂ ਇਕ ਨਿਵੇਕਲਾ ਜਿਹਾ ਚਾਅ ਚੜ੍ਹ ਗਿਆ ਹੋਵੇ। ਉਹ ਦੂਜੇ ਅਧਿਆਪਕਾਂ ਨੂੰ ਵੀ ਅਵਾਜ਼ਾਂ ਮਾਰਨ ਲੱਗ ਪਏ, "ਸ਼ਾਸਤਰੀ ਜੀ!, ਗਿਆਨੀ ਜੀ! ਏਧਰ ਆਓ, ਦੇਖੋ ਹਮਨੇ ਕੁਛ ਖੋਇਆ ਨਹੀਂ, ਕੁਛ ਪਾਇਆ ਹੈ।"

ਤਿੰਨ-ਚਾਰ ਹੋਰ ਅਧਿਆਪਕ ਮੇਜ਼ ਦੁਆਲੇ ਇੱਕਠੇ ਹੋ ਗਏ, ਉਹ ਵੀ ਹੈਰਾਨ ਸਨ। ਕਾਗਜ਼ਾਂ ਦੀ ਫਰੋਲਾ-ਫਰਾਲੀ ਕਰਨ ਲੱਗੇ। ਇਕ ਜਣੇ ਨੇ ਸਵਾਲ ਕੀਤਾ, "ਤੁਸੀਂ ਕਦੇ ਪਹਿਲਾਂ ਵੀ ਇਹ ਸਟੇਟਮੈਂਟ ਤਿਆਰ ਕੀਤੀ ਹੈ?"

"ਨਹੀਂ ਜੀ! ਮੈਂ ਤਾਂ ਪ੍ਰਾਇਮਰੀ ਸਕੂਲ ਵਿਚ ਹੀ ਕੰਮ ਕੀਤਾ ਹੈ।"

ਨਾਲ ਹੀ ਮੁੱਖ ਅਧਿਆਪਕ ਜੀ ਨੇ ਤੁਰੰਤ ਮੈਨੂੰ ਇਹ ਪੁੱਛ ਲਿਆ, "ਤੁਸੀਂ ਅੱਧੀ ਛੁੱਟੀ ਵਿਚ ਰੋਟੀ ਖਾਣ ਨਹੀਂ ਗਏ?"

ਮੈਂ ਨਾਂਹ ਵਿਚ ਉੱਤਰ ਦਿੱਤਾ ਅਤੇ ਕਿਹਾ, "ਅਜੇ ਇਥੇ ਮੇਰਾ ਕੋਈ ਟਿਕਾਣਾ ਹੀ ਨਹੀਂ ਹੈ ਜੀ।"

ਇਸ ਗੱਲ 'ਤੇ ਉਹ ਐਨੇ ਭਾਵੁਕ ਹੋਏ ਕਿ ਉਨ੍ਹਾਂ ਆਪਣੇ ਬੱਚਿਆਂ ਨੂੰ ਅਵਾਜ਼ਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ, "ਓਏ ਅਸ਼ਵਨੀ, ਕੁੜੇ ਪੁਸ਼ਪਾਂ (ਉਨ੍ਹਾਂ ਦੀ ਬੇਟੀ ਪ੍ਰਸ਼ਪਾ ਦਾ ਛੋਟਾ ਨਾਂ) ਦੌੜ ਕੇ ਘਰ ਨੂੰ ਜਾਵੇ ਅਤੇ ਆਪਣੀ ਮੰਮੀ ਕੋਲੋਂ ਛੇਤੀ ਰੋਟੀ ਬਣਵਾ ਕੇ ਲਿਆਓ ਮਾਸਟਰ ਜੀ ਲਈ।"

ਦੋਵੇਂ ਬੱਚੇ ਦੌੜਦੇ ਹੋਏ ਗਏ ਅਤੇ 20-25 ਮਿੰਟਾਂ 'ਚ ਰੋਟੀ ਵਾਲਾ ਇਕ ਟਿਫਨ ਲੈ ਆਏ। ਛੋਲਿਆਂ ਦੀ ਤਰੀ ਨਾਲ ਮੈਂ 3 ਫੁਲਕੇ ਖਾਧੇ ਤੇ 2 ਵਾਪਸ ਕਰ ਦਿੱਤੇ।

ਐਨੇ 'ਚ ਦੂਜੇ ਅਧਿਆਪਕਾਂ ਨੇ, ਵਿਸ਼ੇਸ਼ ਤੌਰ 'ਤੇ ਮੈਥ ਮਾਸਟਰ ਸਾਹਿਬ ਨੇ, ਜੋ ਕੁਝ ਵਧੇਰੇ ਹੀ ਖੁਸ਼ਕ-ਮਿਜਾਜ਼ ਸਨ, ਨੇ ਮੇਰੇ ਬਣਾਏ ਹੋਏ ਸਾਰੇ ਦਸਤਾਵੇਜ਼ ਚੈਕ ਕਰ ਲਏ ਸਨ। ਸਾਰੇ ਹੀ ਪੂਰੀ ਤਰ੍ਹਾਂ ਦਰੁਸਤ ਪਾਏ ਗਏ।

ਵੇਲਾ ਸੰਭਾਲਦਿਆਂ ਮੈਂ ਮੁੱਖ ਅਧਿਆਪਕ ਜੀ ਨੂੰ ਬੇਨਤੀ ਕੀਤੀ, "ਮੈਂ ਕਾਹਲੀ-ਕਾਹਲੀ ਵਿਚ ਆਪਣਾ ਕੋਈ ਸਮਾਨ ਨਾਲ ਨਹੀਂ ਲਿਆ ਸਕਿਆ, ਇਸ ਲਈ ਮੈਨੂੰ ਤਿੰਨ ਦਿਨ ਦੀ ਛੁੱਟੀ ਚਾਹੀਦੀ ਹੈ।"

ਬੱਸ ਤਾਂ ਅਗਲੇ ਦਿਨ 7 ਵਜੇ ਸਵੇਰੇ ਜਾਣੀ ਸੀ, ਕਿਉਂਕਿ ਉਦੋਂ ਬਜਰੂੜ ਨੂੰ ਵਿਕਟਰੀ ਟਰਾਂਸਪੋਰਟ ਦੀਆਂ ਸ਼ਾਮ ਨੂੰ ਸਿਰਫ 2 ਬੱਸਾਂ ਹੀ ਆਉਂਦੀਆਂ ਸਨ। ਇਕ ਗੜਸ਼ੰਕਰ ਤੋਂ ਅਤੇ ਦੂਜੀ ਊਨੇ ਤੋਂ। ਇਹ ਦੋਵੇਂ ਅਗਲੇ ਦਿਨ ਸਵੇਰੇ 7 ਵਜੇ ਮੁੜਦੀਆਂ ਸਨ। ਇਸ ਬੇਲੋੜੀ ਦੇਰੀ 'ਤੇ ਕਾਬੂ ਪਾਉਣ ਲਈ ਮੁੱਖ ਅਧਿਆਪਕ ਨੇ ਤੁਰੰਤ ਪਿੰਡ 'ਚੋਂ ਇਕ ਵਧੀਆ ਜਿਹਾ ਸਾਈਕਲ ਮੰਗਵਾਇਆ ਅਤੇ ਅੱਠਵੀਂ ਜਮਾਤ ਦੇ ਸਭ ਤੋਂ ਸਿਆਣੇ ਤੇ ਸਿਹਤਮੰਦ ਵਿਦਿਆਰਥੀ 'ਗਿਆਨ' ਨੂੰ ਹੁਕਮ ਦਿੱਤਾ, "ਮਾਸਟਰ ਜੀ ਨੂੰ ਤੁਰੰਤ ਸਰਾਂ ਦੇ ਪੱਤਣ 'ਤੇ ਛੱਡ ਕੇ ਆਓ।"

ਬੇੜੀ ਰਾਹੀਂ ਇਥੋਂ ਸਤਲੁਜ ਦਰਿਆ ਪਾਰ ਕਰਕੇ ਅੱਗੋਂ ਕੀਰਤਪੁਰ ਸਾਹਿਬ ਤੋਂ ਨੰਗਲ-ਹੁਸ਼ਿਆਰਪੁਰ ਦੀ ਬੱਸ ਮਿਲ ਜਾਣੀ ਸੀ।

ਇਸ ਤਰ੍ਹਾਂ ਮੈਂ ਉਸੇ ਦਿਨ ਹੁਸ਼ਿਆਰਪੁਰ ਪੁੱਜ ਗਿਆ। 'ਮਾਮੇ ਚਾਹ ਵਾਲੇ' ਦੀ ਦੁਕਾਨ 'ਤੇ ਖੜਾ ਆਪਣਾ ਸਾਈਕਲ ਚੁੱਕ ਕੇ ਦੇਰ ਰਾਤ ਆਪਣੇ ਘਰ ਵੀ ਪਹੁੰਚ ਗਿਆ। ਜਿਸ ਨਾਲ ਸਾਇਕਾਲੋਜੀ ਦੇ ਪਰਚੇ ਦੀ ਤਿਆਰੀ ਲਈ ਇਕ ਦਿਨ ਦਾ ਖੁੱਲ੍ਹਾ ਸਮਾਂ ਵੀ ਮੈਨੂੰ ਮਿਲ ਗਿਆ।

ਇਸ ਤਰ੍ਹਾਂ ਬਜਰੂੜ ਦੇ ਸਕੂਲ ਵਿਚ ਮੇਰਾ ਇਹ ਪਹਿਲਾ ਦਿਨ, ਮੇਰੇ ਅਧਿਆਪਕ ਵਜੋਂ 31 ਵਰ੍ਹਿਆਂ ਦੇ ਜੀਵਨ ਕਾਲ ਦੀ ਸ਼ਾਇਦ ਇਕ ਅਹਿਮ ਯਾਦਗਾਰੀ ਘਟਨਾ ਹੋ ਨਿਬੜੀ। ਆਪਣੀ ਪਹਿਲੀ ਸਜ਼ਾ ਵਜੋਂ ਇਥੇ ਬਿਤਾਏ ਗਏ ਦੋ ਵਰ੍ਹੇ ਮੇਰੇ ਜੀਵਨ ਅੰਦਰ ਆਤਮ-ਵਿਸ਼ਵਾਸ ਦੇ ਵਿਕਾਸ ਪੱਖੋਂ ਸਰਬਉੱਤਮ ਭੂਮਿਕਾ ਨਿਭਾ ਗਏ।

###

# ਚੱਲ ਫਕੀਰਾ ਕਾਹਮੇਂ ਚੱਲੀਏ...!




ਪਿੰਡ ਕਾਹਮੇ ਦਾ ਪੁਰਾਣਾ ਬੱਸ ਅੱਡਾ

ਬੰਗਾ-ਨਵਾਂਸ਼ਹਿਰ ਮੁੱਖ ਮਾਰਗ 'ਤੇ ਪੈਂਦਾ ਪਿੰਡ ਕਾਹਮਾ ਇਲਾਕੇ ਦੇ ਪੁਰਾਣੇ ਅਤੇ ਇਤਿਹਾਸਕ ਵੱਡੇ ਪਿੰਡਾਂ 'ਚੋਂ ਇਕ ਹੈ। ਤਿੰਨ ਸਦੀਆਂ ਤੋਂ ਵੱਧ ਹੋ ਗਏ ਕਾਹਮਾ ਵਸੇ ਨੂੰ, ਉਦੋਂ ਜਰੂਰ ਇਥੇ ਸੰਘਣੇ ਦਰਖਤਾਂ ਦੇ ਜੰਗਲਾਂ ਜਿਹੇ ਝੁੰਡ ਹੋਣਗੇ। ਆਵਾਜਾਈ ਦੇ ਸਾਧਨ ਵਿਰਲੇ-ਟਾਵੇਂ ਹੋਣਗੇ। ਹੁਣ ਤਾਂ ਜੰਗਲ 'ਚ ਮੰਗਲ ਲੱਗਾ ਹੋਇਐ। ਆਵਾਜਾਈ ਦੇ ਸਾਧਨਾਂ ਦੀ ਭਰਮਾਰ ਹੈ। ਕਾਹਮਾ ਤੇ ਆਲੇ-ਦੁਆਲੇ ਦਾ ਇਲਾਕਾ ਸੁਖ-ਸਹੂਲਤਾਂ ਨਾਲ ਵਧੀਆ ਜ਼ਿੰਦਗੀ ਮਾਣ ਰਹੇ ਨੇ। ਪਿੰਡ ਦੇ ਬਹੁਤੇ ਵਾਸੀ ਵਿਦੇਸ਼ਾਂ 'ਚ ਸੈਟਲ ਨੇ। ਆਪਣੀ ਕਿਰਤ ਕਮਾਈ ਦੀ ਦਸਵੰਦ ਦੇ ਰੂਪ ਵਿਚ ਮਾਇਆ ਭੇਜ ਪਿੰਡ ਨੂੰ ਹਰਿਆ-ਭਰਿਆ, ਵਿਕਾਸ ਭਰਪੂਰ ਤੇ ਹਰਮਨ ਪਿਆਰਾ ਵੇਖਣਾ ਚਾਹੁੰਦੇ ਨੇ।



ਇਕਬਾਲ ਸਿੰਘ ਜੱਬੋਵਾਲੀਆ
ਫੋਨ: 917-375-6395

ਪਿੰਡ ਭੂਤਾਂ, ਬੈਂਸਾਂ, ਕਰੀਹਾ, ਮੰਗੂਵਾਲ, ਲੋਧੀਪੁਰ, ਮੁਸਾਪੁਰ, ਮੱਲਪੁਰ, ਜੱਬੋਵਾਲ ਤੇ ਖਟਕੜ ਕਲਾਂ ਜਿਹੇ ਪਿੰਡ ਕਾਹਮੇ ਅੱਡੇ ਨੂੰ ਲੱਗਦੇ ਹਨ। ਛੋਟੇ ਕਸਬੇ ਦਾ ਰੂਪ ਧਾਰਨ ਕੀਤਾ ਹੋਇਐ ਕਾਹਮੇ ਨੇ। ਅੱਡੇ 'ਤੇ ਹਮੇਸ਼ਾ ਗਹਿਮਾ-ਗਹਿਮੀ ਰਹਿੰਦੀ ਐ। ਅਮਰਜੀਤ ਦੀ ਚਾਹ ਤੇ ਮਠਿਆਈ (ਅਮਰਜੀਤ ਤੋਂ ਪਹਿਲਾਂ ਮਹਿੰਦਰ ਸਿੰਘ ਮੁੰਦਰੀ ਦੀ ਚਾਹ, ਮਠਿਆਈ ਦੀ ਦੁਕਾਨ), ਗੁਰਮੀਤ ਬਾਵਾ ਨਾਲ ਗਾਉਣ ਵਾਲੇ ਸੁਰਜੀਤ ਸਿੰਘ ਜੀਤ ਦੀ ਮੱਛੀ ਤੇ ਹਲਵਾਈ ਦੀ ਦੁਕਾਨ, ਡਾ. ਸ਼ਰਮਾ, ਨਾਲ ਪੈਚਰਾਂ ਵਾਲੀ ਦੁਕਾਨ, ਕਰੀਹੇ ਵਾਲੇ ਚੰਨਣ ਦੇ ਬੇਟਿਆਂ ਬਬਲੀ ਹੋਰਾਂ ਦਾ ਟੈਂਟ ਹਾਊਸ, ਝਟਕੰਈ ਖਜ਼ਾਨ ਦਾ ਖੋਖਾ ਤੇ ਠੇਕਾ...! ਖਾਣ-ਪੀਣ ਦੇ ਸ਼ੌਕੀਨ ਘਰਾਂ ਨੂੰ ਤੁਰਨ ਲੱਗੇ ਠੇਕੇ ਤੋਂ ਦਿਨ ਭਰ ਦੀ ਥਕਾਵਟ ਲਾਹ ਕੇ ਤੁਰਦੇ। ਹੋਰ ਆਲੇ ਦੁਆਲੇ ਦੇ ਪਿੰਡਾਂ ਦੀਆਂ ਲੋੜਾਂ ਪੂਰਦੀਆਂ ਦੁਕਾਨਾਂ; ਅੱਡੇ ਤੋਂ ਪਿੰਡ (ਕਾਹਮੇ) ਵੱਲ ਧੁਰ ਤੱਕ ਦੁਕਾਨਾਂ।

ਕਾਹਮੇ ਦੇ ਗੁਆਂਢੀ ਪਿੰਡ ਖਟਕੜ ਕਲਾਂ ਵਿਖੇ 23 ਮਾਰਚ ਨੂੰ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਜਾਂਦੇ ਨੇ। ਕਾਹਮੇ ਅੱਡੇ ਦੀਆਂ ਵਾਹਵਾ ਰੌਣਕਾਂ, ਸਪੀਕਰ 'ਚ ਵੱਜਦੇ ਗੀਤ! ਸ. ਭਗਤ ਸਿੰਘ ਦਾ ਮੇਲਾ ਵੇਖਣ ਦਾ ਬੜਾ ਚਾਅ ਹੁੰਦੇ ਇਲਾਕੇ 'ਚ! ਕਾਹਮੇ ਅੱਡੇ ਤੋਂ ਸ. ਭਗਤ ਸਿੰਘ ਦੇ ਬੁੱਤ ਤੱਕ ਵੱਖ ਵੱਖ ਤਰ੍ਹਾਂ ਦੀਆਂ ਦੁਕਾਨਾਂ!

ਉਨ੍ਹੀਂ ਦਿਨੀਂ ਕਾਹਮੇ ਅੱਡੇ ਤੋਂ ਸ਼ਹੀਦ ਭਗਤ ਸਿੰਘ ਦੇ ਬੁੱਤ ਤੋਂ ਅੱਗੇ ਬਾਂਧੀਆਂ ਤੱਕ ਮੁੱਖ ਸੜਕ ਦੀ ਵਾਹਵਾ ਸਫਾਈ ਤੇ ਕਲੀ (ਚੂਨਾ) ਪਾ ਕੇ ਧੁਰ ਤੱਕ ਸ਼ਿੰਗਾਰੀ ਹੁੰਦੀ ਐ। ਅਸਾਂ ਛੋਟੇ ਛੋਟੇ ਸਾਂ, ਜਦੋਂ ਉਸ ਵੇਲੇ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਸ਼ਹੀਦ ਭਗਤ ਸਿੰਘ ਦੇ ਬੁੱਤ 'ਤੇ ਸ਼ਰਧਾ ਦੇ ਫੁੱਲ ਭੇਟ ਕਰਨ ਆਏ ਸਨ।

ਸਮੇਂ ਸਮੇਂ ਦੀਆਂ ਪੰਚਾਇਤਾਂ ਨੇ ਕਾਹਮੇ ਨੂੰ ਹਮੇਸ਼ਾ ਚੜ੍ਹਦੀ ਕਲਾ 'ਚ ਰੱਖਣ ਦੀ ਕੋਸ਼ਿਸ਼ ਕੀਤੀ, ਜਿਨ੍ਹਾਂ 'ਚ ਸ. ਰਾਮ ਸਿੰਘ, ਸ. ਬੰਤਾ ਸਿੰਘ, ਸ. ਸਵਰਨ ਸਿੰਘ, ਸ. ਜੋਗਿੰਦਰ ਸਿੰਘ, ਸ. ਸ਼ਿਵਦੇਵ ਸਿੰਘ, ਸ. ਮਹਾਂ ਸਿੰਘ, ਸ. ਅਮਰੀਕ ਸਿੰਘ ਅਸਮਾਨਪੁਰੀਆ, ਸ. ਮਲਕੀਤ ਸਿੰਘ ਠਾਣੇਦਾਰ, ਸ. ਪਿਆਰਾ ਸਿੰਘ, ਸ. ਸੰਤੋਖ ਸਿੰਘ, ਸ੍ਰੀਮਤੀ ਸੁਨੀਤਾ ਕੁਮਾਰੀ, ਸ੍ਰੀਮਤੀ ਬਲਵੀਰ ਕੌਰ ਤੇ ਸ. ਸਤਨਾਮ ਸਿੰਘ ਦੀ ਘਰ ਵਾਲੀ ਸ੍ਰੀਮਤੀ ਪਰਮਿੰਦਰਜੀਤ ਕੌਰ ਦੇ ਨਾਂ ਉਚੇਚੇ ਲਏ ਜਾ ਸਕਦੇ ਹਨ।

ਅੱਧੀ ਸਦੀ ਤੋਂ ਵੱਧ ਹੋ ਗਿਐ ਕਾਹਮੇ 'ਚ ਟੂਰਨਾਮੈਂਟ ਹੁੰਦਿਆਂ। 54 ਟੂਰਨਾਮੈਂਟ ਹੋ ਗਏ ਤੇ 55ਵਾਂ ਟੂਰਨਾਮੈਂਟ ਕਰੋਨਾ ਦੀ ਮਾਰ ਕਰ ਕੇ ਰਹਿ ਗਿਐ। ਸਮੇਂ ਸਮੇਂ ਦੇ ਖਿਡਾਰੀਆਂ ਨੇ ਮਿਹਨਤ ਕਰਕੇ ਇਲਾਕੇ 'ਚ ਪਿੰਡ ਦੀ ਗੂੜ੍ਹੀ ਪਛਾਣ ਬਣਾਈ।

ਕਾਹਮੇ ਦੇ ਖਿਡਾਰੀ-ਬਿਹਾਰੀ, ਸ਼ੀਰੀ, ਮੀਕਾ, ਭੁਪਿੰਦਰ, ਬਹਾਦਰ, ਪਰਮਜੀਤ ਪੰਮਾ (ਕਾਮਰੇਡ), ਬਿੰਦਾ ਗੋਲਕੀਪਰ, ਧਿਆਨ ਸਿੰਘ, ਮੋਹਣ ਸਿੰਘ ਘੁੱਗੀ, ਸ਼ਮਿੰਦਰ, ਬਿੱਲਾ, ਮਾਸਟਰ ਦਵਿੰਦਰ ਸਿੰਘ ਝੁੱਲਕੂ, ਮਾਸਟਰ ਅਮਰਜੀਤ ਸਿੰਘ ਕੰਦੋਲਾ, ਅਮਰੀਕ ਸਿੰਘ ਲੇਹਲ ਤੇ ਜਸਵੀਰ ਸਿੰਘ ਲੇਹਲ (ਦੋਵੇਂ ਭਰਾ); ਅਮਰਜੀਤ ਸਿੰਘ ਝੁੱਲਕੂ (ਗੋਲਕੀਪਰ); ਗੋਗੀ, ਨਿੰਮਾ (ਬੋਕ), ਛੰਨਾ ਤੇ ਬਿੱਟੂ (ਚਾਰੇ ਸਕੇ ਭਰਾ); ਸੋਹਣ ਸਿੰਘ, ਸੁਖਦੇਵ ਸਿੰਘ, ਲਖਵਿੰਦਰ ਤੇ ਸੁਰਜੀਤ (ਛੰਨੇ ਦੇ ਕਜ਼ਨ); ਸ. ਗੁਰਮੇਲ ਸਿੰਘ ਸੈਣੀ, ਰਾਮ ਕਿਸ਼ਨ, ਸ਼ਿੰਦਾ ਲੰਬੜ, ਗੁਰਨਾਮ ਗਾਮਾ, ਸ਼ਿੰਦਾ ਸਟਾਪਰ, ਸ਼ਿੰਦੀ ਮਾਹਲ, ਜੋਗਾ, ਜੈਲਾ ਡੀਜ਼ਲ, ਜੀਤ ਅਸਮਾਨਪੁਰੀਆ, ਮਨਜੀਤ ਜੀਤਾ, ਨਾਗੀ ਸਟਾਪਰ, ਦੀਪਕ ਕੁਮਾਰ ਮਾਲਟੂ, ਰਾਜਿੰਦਰ ਛੋਟੂ (ਸੀ. ਆਰ. ਪੀ. ਦਾ ਖਿਡਾਰੀ), ਨੀਰਾ, ਪਿੰਕੀ (ਬਿਜਲੀ ਬੋਰਡ ਲੁਧਿਆਣਾ), ਗੁਰਦਾਵਰ, ਗੇਲਾ ਬਲੋਚ, ਬਲਵਿੰਦਰ ਰਾਓ, ਕਮਲਜੀਤ ਫੌਜੀ; ਰਾਜੂ ਤੇ ਕਾਲਾ (ਦੋਵੇਂ ਭਰਾ); ਕੁਲਵਿੰਦਰ ਕਿੰਦਾ, ਅਮਰਜੀਤ ਅੰਬੀ, ਪਾਲੀ ਅਸਮਾਨਪੁਰੀਆ, ਜਰਨੈਲ ਜੈਲਾ, ਦਿਲਾਵਰ ਤੇ ਸ. ਸਤਨਾਮ ਸਿੰਘ ਸ਼ਾਮਾ ਸਮੇਤ ਕਈ ਹੋਰ ਵਧੀਆ ਫੁੱਟਬਾਲ ਖਿਡਾਰੀ ਹੋਏ। ਸੁਰਜੀਤ ਸਿੰਘ ਕੰਦੋਲਾ ਬਾਸਕਿਟਬਾਲ ਦਾ ਤਕੜਾ ਖਿਡਾਰੀ ਹੋਇਐ।

ਸ਼ੀਰੀ ਤੇ ਬਿਹਾਰੀ ਹੋਰਾਂ ਤੋਂ ਪਹਿਲਾਂ ਦੇ ਖਿਡਾਰੀ ਸ. ਕਰਮ ਸਿੰਘ ਹੱਟੀ ਵਾਲਾ, ਹਰਜਗਦੀਸ਼ ਭੱਠੇ ਵਾਲਾ, ਸ. ਗੁਰਬਚਨ ਸਿੰਘ ਪਟਵਾਰੀ, ਸ. ਅਜੀਤ ਸਿੰਘ ਨਾਗੀ (ਫੌਜ ਤੇ ਕਾਹਮਾ ਟੀਮ ਦਾ ਖਿਡਾਰੀ), ਸ. ਧਿਆਨ ਸਿੰਘ ਬਾਂਸਲ ਤੇ ਸ. ਸੋਹਣ ਸਿੰਘ ਬਾਂਸਲ (ਸਮੇਂ ਸਮੇਂ ਨਾਲ ਗਿਆਰਾਂ ਟੀਮ ਮੈਂਬਰ ਛੰਨੇ ਹੋਰਾਂ ਦੇ ਪਰਿਵਾਰ ਵਿਚੋਂ ਹੋਏ ਨੇ)।

ਪਰਮਜੀਤ ਕਾਹਮਾ ਆਪਣੇ ਸਮੇਂ ਦਾ ਵਧੀਆ ਫੁੱਟਬਾਲ ਖਿਡਾਰੀ ਰਿਹੈ। ਸਟੇਟ ਕਲਰ ਜੇਤੂ ਪਰਮਜੀਤ ਨੇ 1978 'ਚ ਟੀਮ 'ਚ ਖੇਡ ਕੇ ਚੈਂਪੀਅਨਸ਼ਿਪ ਜਿੱਤੀ ਸੀ। ਪੀ. ਐਸ. ਯੂ. ਦਾ ਧੱਕੜ ਤੇ ਸਰਗਰਮ ਲੀਡਰ ਰਿਹੈ। ਕਦੇ ਸਮਾਂ ਸੀ, ਜਦੋਂ 'ਪਰਮਜੀਤ ਕਾਹਮਾ, ਪਰਮਜੀਤ ਕਾਹਮਾ' ਹੁੰਦੀ ਸੀ। ਲਹਿਰ 'ਚ ਪੈਣ ਕਰਕੇ ਖੇਡ ਪਿਛੇ ਰਹਿ ਗਈ, ਨਹੀਂ ਤਾਂ ਹੁਣ ਨੂੰ ਉਹ ਵੀ ਭਾਰਤ ਦੇ ਤਕੜੇ ਕਲੱਬਾਂ ਦਾ ਖਿਡਾਰੀ ਤੇ ਕੋਚ ਹੋਣਾ ਸੀ। ਉਹ ਪੰਜਾਬ ਸਟੂਡੈਂਟਸ ਯੂਨੀਅਨ ਦਾ ਸੂਬਾ ਜਨਰਲ ਸਕੱਤਰ ਰਿਹੈ। ਹਮੇਸ਼ਾ ਸਰਗਰਮੀਆਂ 'ਚ ਰਹਿਣ ਵਾਲਾ ਮੀਡੀਏ 'ਚ ਬੜੀ ਦਿਲਚਸਪੀ ਰੱਖਦੈ। ਉਹ ਬਲਾਕ ਸੰਮਤੀ ਬੰਗਾ ਦਾ ਮੈਂਬਰ ਵੀ ਰਹਿ ਚੁੱਕੈ।

ਕਾਹਮੇ ਦਾ ਗੁਆਂਢੀ ਪਿੰਡ ਮੰਗੂਵਾਲ ਵੀ ਜ਼ਬਰਦਸਤ ਖਿਡਾਰੀਆਂ ਦਾ ਪਿੰਡ ਐ। ਇਲਾਕੇ ਦੇ ਟੂਰਨਾਮੈਂਟਾਂ ਦੇ ਆਖਰੀ ਮੁਕਾਬਲਿਆਂ 'ਚ ਘੁੰਮ ਘੁੰਮਾ ਕੇ ਗੁਆਂਢੀ ਪਿੰਡ ਆਪਸ ਵਿਚ ਭਿੜਦੇ ਨੇ, ਕਿਉਂਕਿ ਦੋਹਾਂ ਪਿੰਡਾਂ ਦੇ ਟਾਪ ਦੇ ਖਿਡਾਰੀ ਖੇਡਦੇ ਹੁੰਦੇ ਨੇ। ਕਦੇ ਕਾਹਮਾ ਭਾਰੂ ਹੋ ਜਾਂਦੈ, ਕਦੇ ਮੰਗੂਵਾਲ। ਮੰਗੂਵਾਲ 'ਚ ਨਿਰੰਜਨ ਦਾਸ ਭਗਤ ਵਰਗੇ ਖਿਡਾਰੀ ਖੇਡਦੇ ਰਹੇ ਹਨ। 1987 'ਚ ਮੰਗੂਵਾਲ 'ਚ ਕਰਾਈ ਗਈ ਪਹਿਲੀ ਫੁੱਟਬਾਲ ਲੀਗ 'ਚ ਕਾਹਮੇ ਨੇ ਪਹਿਲਾ ਸਥਾਨ ਲਿਆ ਸੀ।

ਮੰਗੂਵਾਲੀਏ ਗੁਰਪਾਲ ਫੌਜੀ ਨੇ ਕਾਹਮਾ ਦੇ ਹਾਈ ਸਕੂਲ ਵਿਚ ਪੜ੍ਹਾਉਣ ਦੇ ਨਾਲ ਨਾਲ ਫੁੱਟਬਾਲ ਦੇ ਬੜੇ ਖਿਡਾਰੀ ਤਿਆਰ ਕੀਤੇ। ਗਰਾਊਂਡ 'ਚ ਉਹ ਖਿਡਾਰੀਆਂ ਬਰਾਬਰ ਭੱਜਦਾ। 1986 ਤੋਂ 2019 ਤੱਕ ਕਾਹਮਾ ਸਕੂਲ ਤੇ ਅਕੈਡਮੀ 'ਚ ਨਾਮਵਰ ਫੁੱਟਬਾਲ ਖਿਡਾਰੀ ਝੋਲੀ ਪਾਏ। ਉਨ੍ਹਾਂ ਵਿਚੋਂ ਰਾਜਿੰਦਰ ਕੁਮਾਰ (ਭਾਰਤੀ ਟੀਮ ਦਾ ਖਿਡਾਰੀ), ਦੀਪਕ ਕੁਮਾਰ (ਬੀ. ਐਸ. ਐਫ. ਦਾ ਖਿਡਾਰੀ), ਪਰਮਜੀਤ ਪੈਮਾ (ਨੈਸ਼ਨਲ ਖਿਡਾਰੀ ਪੰਜਾਬ ਪੁਲਿਸ), ਕਮਲਜੀਤ ਫੌਜੀ ਜੇ. ਸੀ. ਟੀ. ਦਾ ਖਿਡਾਰੀ), ਕਮਲਦੀਪ ਰਾਜੂ (ਨੈਸ਼ਨਲ ਖਿਡਾਰੀ), ਲਾਡੀ, ਗੁਰਪ੍ਰੀਤ ਸਿੰਘ ਠੋਨੀ ਤੇ ਕਈ ਹੋਰ ਖਿਡਾਰੀ ਤਿਆਰ ਕੀਤੇ।



ਸਤਨਾਮ ਸਿੰਘ ਤੇ ਗੁਰਪਾਲ ਫੌਜੀ ਖਿਡਾਰੀਆਂ ਨਾਲ

ਜਲੰਧਰ ਦੂਰਦਰਸ਼ਨ ਦਾ ਮੌਜੂਦਾ ਡਾਇਰੈਕਟਰ ਪੁਨੀਤ ਸਹਿਗਲ ਵੀ ਕਾਹਮੇ ਤੋਂ ਹੈ। ਮੈਨੂੰ ਯਾਦ ਐ, ਜਦੋਂ ਪੁਨੀਤ ਸਹਿਗਲ ਨੇ ਬੰਗਾ ਕਾਲਜ ਦੇ ਸਾਲਾਨਾ (ਯੂਥ ਫੈਸਟੀਵਲ) ਫੰਕਸ਼ਨ 'ਤੇ ਪਾਟੇ ਕੱਪੜੇ ਪਾ ਕੇ ਮਜਨੂੰ ਦਾ ਕਿਰਦਾਰ ਨਿਭਾਇਆ ਸੀ! ਉਸ ਕਿਰਦਾਰ ਨੂੰ ਕਾਲਜ ਸਟਾਫ, ਮੁੰਡੇ-ਕੁੜੀਆਂ ਤੇ ਜੱਜਾਂ ਨੇ ਬੜਾ ਪਸੰਦ ਕੀਤਾ ਸੀ। ਉਸ ਵੇਲੇ ਪੁਨੀਤ ਦੀ ਸਾਰੇ ਪਾਸੇ ਬੱਲੇ ਬੱਲੇ ਹੋਈ ਤੇ ਉਸ ਪਿਛੋਂ ਉਹ ਜਲੰਧਰ ਦੂਰਦਰਸ਼ਨ ਨਾਲ ਜੁੜ ਗਿਆ ਸੀ।

ਕਾਹਮੇ ਦਾ ਸਿੱਧੂ ਸਟੂਡੀਓ ਪਿੰਡ ਦੀਆਂ ਗਤੀਵਿਧੀਆਂ, ਟੂਰਨਾਮੈਂਟਾਂ ਅਤੇ ਇਲਾਕੇ ਦੀਆਂ ਸਰਗਰਮੀਆਂ ਆਪਣੇ ਕੈਮਰੇ 'ਚ ਕੈਦ ਕਰੀ ਰੱਖਦੈ। ਕਾਹਮੇ ਸਟੇਜਾਂ 'ਤੇ ਤੁਰਲੇ ਵਾਲੀਆਂ ਪੱਗਾਂ ਅਤੇ ਟਣਕਦੀਆਂ ਅਵਾਜ਼ਾਂ ਵਾਲੇ ਸੁਰਜੀਤ ਜੀਤ ਤੇ ਰੂਪ ਲਾਲ। ਕਿਸੇ ਵੇਲੇ ਸ਼ਿਵ ਕੁਮਾਰ ਬਟਾਲਵੀ ਦੀਆਂ ਗਜ਼ਲਾਂ ਦਾ ਤਵਾ ਰਿਕਾਰਡ ਕਰਾਉਣ ਵਾਲਾ ਕੁਲਦੀਪ ਦੀਪਕ ਅੱਜ ਕੱਲ੍ਹ ਟਰਾਂਟੋ ਤੋਂ ਰੇਡੀਓ ਚਲਾ ਰਿਹੈ।

ਪਿੰਡ ਵਾਸੀਆਂ ਦੀ ਸੁੱਖ-ਸਹੂਲਤ ਲਈ ਪਿੰਡ 'ਚ ਸਟੇਟ ਬੈਂਕ, ਸਹਿਕਾਰੀ ਕੋਆਪ੍ਰੇਟਿਵ ਬੈਂਕ ਤੇ ਸੁਸਾਇਟੀ ਬੈਂਕ ਹੈ। ਪਟਿਆਲਾ ਬੈਂਕ ਬੰਦ ਹੋ ਚੁਕੀ ਹੈ।

ਪਿੰਡ 'ਚ ਵੀ ਕਰਿਆਨੇ ਦੀਆਂ ਦੁਕਾਨਾਂ ਹਨ। ਸਭ ਤੋਂ ਪੁਰਾਣੀ ਸ. ਕਰਮ ਸਿੰਘ ਦੀ ਦੁਕਾਨ ਹੈ, ਜਿਥੋਂ ਘਰਾਂ ਦੀਆਂ ਰੋਜ਼ਾਨਾ ਖਾਣ-ਪੀਣ ਅਤੇ ਹੋਰ ਲੋੜੀਂਦੀਆਂ ਵਸਤਾਂ ਤੇ ਸਕੂਲੀ ਬੱਚਿਆਂ ਦੇ ਸਮਾਨ ਦੇ ਨਾਲ ਨਾਲ ਕੱਪੜਾਂ ਵੀ ਵਿਕਦਾ ਹੁੰਦਾ ਸੀ। ਹੁਣ ਸਿਰਫ ਕਰਿਆਨਾ ਹੈ। ਸ. ਕਰਮ ਸਿੰਘ ਤੋਂ ਬਾਅਦ ਹੁਣ ਉਹਦਾ ਪੋਤਰਾ ਹਰਮਿੰਦਰ ਸਿੰਘ ਬਿੰਦਾ ਦੁਕਾਨ ਸਾਂਭਦਾ ਹੈ। ਉਹ ਵੀ ਸਕੂਲਾਂ 'ਚ ਨੈਸ਼ਨਲ ਖਿਡਾਰੀ ਰਹਿ ਚੁਕੈ। ਪਿੰਡ 'ਚ ਕਦੇ ਆਟਾ ਪੀਹਣ ਦੀ ਚੱਕੀ ਹੁੰਦੀ ਸੀ, ਸਮੇਂ ਦੇ ਨਾਲ ਹੁਣ ਉਹ ਬੰਦ ਹੋ ਚੁਕੀ ਹੈ। ਕਾਹਮੇ ਦੇ ਬਣੇ ਇੰਜਣ ਕਦੇ ਦੂਰ ਦੂਰ ਇਲਾਹਾਬਾਦ ਤੱਕ ਵਿਕਣ ਜਾਂਦੇ ਸਨ।

ਕਾਹਮੇ ਦੀ ਘੁਮਿਆਰ ਬਰਾਦਰੀ ਦੇ ਬਣਾਏ ਮਿੱਟੀ ਦੇ ਕੱਚੇ ਭਾਂਡਿਆਂ ਨੂੰ ਬੜਾ ਪਸੰਦ ਕੀਤਾ ਜਾਂਦੈ। ਤੌੜੀਆਂ, ਘੜੇ, ਚਾਟੀਆਂ ਤੇ ਦੀਵਾਲੀ ਮੌਕੇ ਦੀਵੇ ਅਤੇ ਘਰ ਦਾ ਹੋਰ ਲੋੜੀਂਦਾ ਸਮਾਨ ਤਿਆਰ ਕਰਨ ਲਈ ਬੜੀ ਮਿਹਨਤ ਕੀਤੀ ਜਾਂਦੀ ਐ। ਤੌੜੀ ਦਾ ਸਾਗ ਤੇ ਚਾਟੀ ਦੀ ਲੱਸੀ ਹੋਟਲਾਂ-ਢਾਬਿਆਂ ਨਾਲੋਂ ਕਈ ਗੁਣਾਂ ਸੁਆਦ! ਸ਼ਰਬਤ ਵਰਗਾ ਘੜੇ ਦਾ ਸੁਆਦੀ ਪਾਣੀ ਬੰਦੇ ਨੂੰ ਨਿਹਾਲ ਕਰ ਦਿੰਦੈ! ਮਿੱਟੀ ਦੇ ਬਣੇ ਭਾਂਡੇ ਇਨਸਾਨ ਨੂੰ ਕਈ ਬੀਮਾਰੀਆਂ ਤੋਂ ਰਹਿਤ ਰੱਖਦੇ ਨੇ।

ਮੇਨ ਰੋਡ ਤੋਂ ਕਾਹਮੇ ਜਾਂ ਭੂਤਾਂ ਨੂੰ ਮੁੜਨ ਲੱਗਿਆਂ ਤੇਜ਼ੀ ਨਾਲ ਆਉਂਦੇ ਵਾਹਨਾਂ (ਖਾਸ ਕਰ ਬੱਸਾਂ ਜਾਂ ਟਰੱਕਾਂ) ਨਾਲ ਸਾਇਕਲ, ਮੋਟਰ-ਸਾਇਕਲ ਜਾਂ ਸਕੂਟਰ ਬਗੈਰਾ ਨਾਲ ਟਕਰਾ ਕੇ ਕਈ ਵਾਰ ਵੱਡੇ ਹਾਦਸੇ ਵਾਪਰ ਜਾਂਦੇ ਨੇ।

ਹਲਕਾ ਨਵਾਂਸ਼ਹਿਰ ਤੋਂ ਵਿਧਾਇਕ ਅਤੇ ਖੇਤੀਬਾੜੀ ਮੰਤਰੀ ਸ. ਦਿਲਬਾਗ ਸਿੰਘ ਸੈਣੀ ਜੇ ਥੋੜ੍ਹੇ ਸਾਲ ਹੋਰ ਜਿਉਂਦੇ ਰਹਿ ਜਾਂਦੇ ਤਾਂ ਹਾਦਸੇ ਟੱਲ ਜਾਣੇ ਸਨ, ਕਿਉਂਕਿ ਉਹ ਇਲਾਕੇ ਦੇ ਵਿਕਾਸ ਦਾ ਹਰ ਤਰ੍ਹਾਂ ਨਾਲ ਬੜਾ ਖਿਆਲ ਰੱਖਦੇ ਸਨ। ਇਲਾਕੇ ਦੀ ਜਿੰਦ-ਜਾਨ ਸ. ਦਿਲਬਾਗ ਸਿੰਘ ਨੇ ਵੈਸੇ ਆਪਣੇ ਆਪ ਨੂੰ ਕਦੇ ਲੀਡਰ ਜਾਂ ਸਿਆਸਤਦਾਨ ਨਹੀਂ ਸੀ ਕਿਹਾ, ਹਮੇਸ਼ਾ ਇਲਾਕੇ ਦਾ ਸੇਵਾਦਾਰ ਮੰਨਿਆ। ਇਲਾਕਾ ਵੀ ਉਸ ਨੂੰ ਮਸੀਹੇ ਵਾਂਗ ਪੂਜਦਾ ਸੀ। ਨਵਾਂਸ਼ਹਿਰ ਦੀ ਸ਼ੂਗਰ ਮਿੱਲ ਵੀ ਉਸ ਦੀ ਹਿੰਮਤ ਸਦਕਾ ਹੋਂਦ ਵਿਚ ਆਈ। ਇਲਾਕਾ ਨਿਵਾਸੀ ਉਸ ਨੂੰ ਅੱਜ ਵੀ ਯਾਦ ਕਰਦੇ ਨੇ। ਉਸ ਪਿੱਛੋਂ ਉਸ ਦਾ ਬੇਟਾ ਚੰਨੀ, ਭਤੀਜਾ ਪ੍ਰਕਾਸ਼ ਸਿੰਘ, ਗੁਰਇਕਬਾਲ ਕੌਰ ਬਬਲੀ (ਸ. ਪ੍ਰਕਾਸ਼ ਸਿੰਘ ਦੀ ਪਤਨੀ) ਤੇ ਹੁਣ ਪ੍ਰਕਾਸ਼ ਸਿੰਘ ਦਾ ਨੌਜਵਾਨ ਵਿਧਾਇਕ ਬੇਟਾ ਅੰਗਦ ਸੈਣੀ।

ਪਿੰਡ ਕਾਹਮੇ ਨੂੰ ਇਕ ਮੁਸਲਮਾਨ ਜਾਗੀਰਦਾਰ ਨਜਾਮੇ ਨੇ ਵਸਾਇਆ ਹੋਇਐ। ਇਸ ਪਿੰਡ ਵਿਚ ਕਦੇ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਆਏ ਸਨ। ਵੱਖ ਵੱਖ ਧਰਮਾਂ ਦੇ ਲੋਕ ਇਸ ਪਿੰਡ 'ਚ ਰਹਿੰਦੇ ਹਨ। ਜੱਟ, ਸੈਣੀ, ਆਦਿਧਰਮੀ, ਤਰਖਾਣ, ਲੁਹਾਰ, ਜੁਲਾਹੇ, ਮਰਾਸੀ-ਮੁਸਲਮਾਨ, ਨਾਈ, ਛੀਂਬੇ, ਝਿਉਰ, ਸਾਹਸੀਂ, ਪੰਡਿਤ, ਅਰੋੜੇ ਖੱਤਰੀ, ਭਾਪੇ, ਬਾਜ਼ੀਗਰ, ਘੁਮਿਆਰ, ਸਿਕਲੀਗਰ ਤੇ ਸਹਿਗਲ ਪਰਿਵਾਰ-ਇਹ ਸਾਰੇ ਕਾਹਮੇ ਦਾ ਮਾਣ ਹਨ। ਹਰ ਇਕ ਦੇ ਧਰਮ ਦੀ ਕਦਰ ਹੈ। ਵੱਡਾ ਪਿੰਡ ਹੋਣ ਕਰਕੇ ਗੁਰੂ ਗ੍ਰੰਥ ਸਾਹਿਬ ਵਿਚ ਸ਼ਰਧਾ ਰੱਖਣ ਵਾਲਿਆਂ ਲਈ ਪਿੰਡ ਦੇ ਵੱਖ ਵੱਖ ਹਿੱਸਿਆਂ 'ਚ ਗੁਰਦੁਆਰੇ ਬਣੇ ਹੋਏ ਨੇ! ਗੁੱਗਾ ਜਾਹਰ ਪੀਰ ਦੀ ਜਗ੍ਹਾ (ਅਸਥਾਨ) ਹੈ। ਬੜਾ ਪੁਰਾਣਾ ਇਕ ਸ਼ਿਵ ਮੰਦਿਰ ਤੇ ਇਕ ਪੁਰਾਣੀ ਮਸਜਿਦ ਹੈ। ਇਹ ਮਸੀਤ ਸ਼ਾਹ ਜਿੰਦਾ ਫਕੀਰ ਦੇ ਨਾਂ ਨਾਲ ਜਾਣੀ ਜਾਂਦੀ ਹੈ। ਹਰ ਸਾਲ ਇਥੇ ਭਾਰੀ ਮੇਲਾ ਲੱਗਦੈ। ਸਮੂਹ ਨਗਰ ਨਿਵਾਸੀ ਸ਼ਾਹ ਜਿੰਦਾ 'ਤੇ ਲੱਗਦੇ ਮੇਲੇ ਦੀਆਂ ਖੁਸ਼ੀਆਂ ਸਾਂਝੀਆਂ ਕਰਦੇ ਹਨ। ਪਿੰਡ ਦੀ ਵੋਟ ਤਿੰਨ ਕੁ ਹਜ਼ਾਰ ਹੈ।

ਬੜੇ ਸਾਲਾਂ ਤੋਂ ਛਿੰਝ ਹੁੰਦੀ ਆ ਰਹੀ ਹੈ। ਸਮੂਹ ਪਿੰਡ ਦਾ ਬੜਾ ਯੋਗਦਾਨ ਹੁੰਦੈ। ਬੁੱਧ ਸਿੰਘ, ਫੱਤਾ ਤੇ ਹੋਰ ਨਾਮੀ-ਗਰਾਮੀ ਪਹਿਲਵਾਨ ਇਥੇ ਆ ਕੇ ਕੁਸ਼ਤੀਆਂ ਲੜਦੇ ਰਹੇ ਹਨ।

ਸਿਖਿਆ ਦੇ ਖੇਤਰ ਵਿਚ ਇਸ ਪਿੰਡ ਦੀ ਬੜੀ ਦੇਣ ਹੈ। ਅਧਿਆਪਕ, ਮੁੱਖ ਅਧਿਆਪਕ ਤੇ ਪ੍ਰਿੰਸੀਪਲ ਪਿੰਡ ਦੇ ਮਾਣ ਵਿਚ ਵਾਧਾ ਕਰਦੇ ਹਨ ਜਿਵੇਂ ਕੇਵਲ ਕ੍ਰਿਸ਼ਨ ਸਹਿਗਲ (ਪੁਨੀਤ ਸਹਿਗਲ ਦਾ ਡੈਡੀ), ਸ. ਦਵਿੰਦਰ ਸਿੰਘ, ਸ. ਮਲਕੀਤ ਸਿੰਘ, ਸ. ਅਵਤਾਰ ਸਿੰਘ (ਐਸ. ਐਨ. ਕਾਲਜ ਬੰਗਾ ਦਾ ਕਲਰਕ), ਸ੍ਰੀ ਰਾਮ ਮੂਰਤੀ ਭੱਟੀ (ਰਿਟਾਇਰ ਪ੍ਰਿੰਸੀਪਲ), ਸ੍ਰੀ ਸੰਤੋਖ ਦਾਸ (ਰਿਟਾਇਰ ਪ੍ਰਿੰਸੀਪਲ), ਸ੍ਰੀ ਗਿਆਨ ਚੰਦ (ਰਿਟਾਇਰ ਪ੍ਰਿੰਸੀਪਲ), ਸ. ਸੁਰਜੀਤ ਸਿੰਘ (ਇਸ ਵਕਤ ਕੈਨੇਡਾ), ਸ. ਅੰਮ੍ਰਿਤਪਾਲ ਸਿੰਘ, ਸ. ਲਖਵੀਰ ਸਿੰਘ, ਸੁੱਚਾ ਸਿੰਘ ਤੇ ਹਿਤੇਸ਼ ਸਹਿਗਲ (ਪੁਨੀਤ ਸਹਿਗਲ ਦਾ ਭਰਾ) ਹੋਏ ਨੇ।

ਕਾਹਮਾ ਵਾਸੀ ਸਭ ਤੋਂ ਪਹਿਲਾਂ ਵਲੈਤ ਗਏ, ਫਿਰ ਕੈਨੇਡਾ ਤੇ ਫਿਰ ਅਮਰੀਕਾ। ਅਮਰੀਕਾ ਵਿਚ

(ਬਾਕੀ ਅਗਲੇ ਸਫੇ 'ਤੇ)






(ਉਪਰ) ਵਿਲੇਜ ਯੂਥ ਕਲੱਬ ਦੇ ਮੈਂਬਰ ਪਿੰਡ ਦੇ ਖਿਡਾਰੀਆਂ ਨਾਲ ਅਤੇ (ਖੱਬੇ) ਪਿੰਡ ਕਾਹਮਾ ਦੀ 1985-86 ਦੀ ਫੁੱਟਬਾਲ ਟੀਮ

# ਫੋਟੋਆਂ ਕੁਸਕਦੀਆਂ ਰਹਿੰਦੀਆਂ ਨੇ...

ਕਦੇ ਕਦੇ ਪੁਰਾਣੀਆਂ ਫੋਟੋਆਂ ਦਾ ਝੋਲਾ ਫਰੋਲਣ ਲੱਗਦਾ ਹਾਂ, ਤਾਂ ਚੰਗਾ ਚੰਗਾ ਲੱਗਦਾ ਹੈ। ਕਈ ਭੁੱਲੇ ਵਿਸਰੇ ਤੇ ਗੁੰਮੇ-ਗੁਆਚੇ ਚਿਹਰੇ ਅੱਖਾਂ ਮੂਹਰੇ ਆ ਜਾਂਦੇ ਨੇ। ਬੀਤੇ ਸਮਿਆਂ ਦੀਆਂ ਯਾਦਾਂ ਝੁਰਮਟ ਪਾਉਣ ਲੱਗਦੀਆਂ ਨੇ ਤੇ ਦੂਰ ਦੁਰੇਡੀਆਂ ਥਾਂਵਾਂ ਹਾਕਾਂ ਮਾਰਦੀਆਂ ਜਾਪਦੀਆਂ ਨੇ। ਫੋਟੋਆਂ ਕੁਸਕਦੀਆਂ ਨੇ ਹਮੇਸ਼ਾ ਤੇ ਕੁਝ ਕਹਿੰਦੀਆਂ ਨੇ। ਜੋ ਚਿਹਰੇ ਸੰਸਾਰ ਛੱਡ ਗਏ ਤੇ ਸਿਰਫ ਫੋਟੋਆਂ ਵਿਚ ਹੀ ਜੀਵੰਤ ਨੇ, ਉਨ੍ਹਾਂ ਨੂੰ ਦੇਖ ਕੇ ਮਨ ਉਦਾਸ ਹੋ ਜਾਂਦੈ ਤੇ ਕਲੇਜੇ ਹੌਲ ਜਿਹਾ ਮੱਲੋ ਮੱਲੀ ਪੈਣ ਲੱਗਦਾ ਹੈ। ਪਤਾ ਨਹੀਂ ਕਿਉਂ, ਪੁਰਾਣੀਆਂ ਫੋਟੋਆਂ ਵਾਲਾ ਝੋਲਾ ਤੇ ਡੱਬਾ ਕਿਉਂ ਫਰੋਲਣ ਲੱਗਦਾ ਹਾਂ!

ਨਵੀਆਂ-ਪੁਰਾਣੀਆਂ ਫੋਟੋਆਂ ਨਾਲ ਮੇਰੇ ਕੋਲ ਕਈ ਝੋਲੇ ਭਰੇ ਪਏ ਨੇ ਤੇ ਇੱਕ-ਦੋ ਡੱਬੇ ਵੀ। ਹੁਣ ਚਾਹੇ ਵਿਹਲ ਨਹੀਂ ਹੈ ਵੇਖਣ ਦੀ (ਹੁਣ ਤਾਂ ਲੈਪ ਟਾਪ ਜਾਂ ਗੂਗਲ ਡਰਾਈਵ ਹੀ ਫੋਟੋਆਂ ਸਾਂਭ ਲੈਂਦਾ ਹੈ, ਝੋਲੇ ਦੀ ਲੋੜ ਨਹੀਂ ਹੈ), ਪਰ ਪੁਰਾਣੇ ਝੋਲਿਆਂ ਵਿਚਲੀਆਂ ਫੋਟੋਆਂ ਸਾਂਭਾਂ ਕਿਥੇ? ਕਿਸ ਨੂੰ ਦੇਵਾਂ? ਕਿਸੇ ਦਾ ਕੀ ਤੁਅੱਲਕ ਹੈ ਉਨ੍ਹਾਂ ਫੋਟੋਆਂ ਨਾਲ?


ਬੜੀ ਵਾਰ ਪੁਰਾਣੀਆਂ ਫੋਟੋਆਂ ਦੇਖਦਿਆਂ ਮੇਰੀ ਕਲਮ ਤੋਂ ਕਈ ਕੁਝ ਲਿਖਿਆ ਗਿਆ ਹੈ, ਜੋ ਪਾਠਕ ਪਸੰਦ ਕਰਦੇ ਰਹੇ ਨੇ। ਜਿਵੇਂ ਕਿਹਾ ਹੈ ਕਿ ਵਿਛੜਿਆਂ ਦੀਆਂ ਫੋਟੋਆਂ ਮਨ ਉਦਾਸ ਕਰ ਜਾਂਦੀਆਂ ਨੇ, ਜੇ ਕੋਈ ਫੋਟੋ ਅੱਗੇ ਆ ਵੀ ਜਾਵੇ ਤਾਂ ਪਲ ਵਿਚ ਮੂਧੀ ਮਾਰ ਦਿੰਦਾ ਹਾਂ, ਉਦਾਸੀ ਤੋਂ ਬਚਣ ਲਈ। ਵਿਛੜ ਗਿਆਂ ਦੀਆਂ ਫੋਟੋਆਂ ਦੇਖ ਉਨ੍ਹਾਂ ਦੀ ਯਾਦ ਤੰਗ ਕਰਦੀ ਹੈ।

---

ਅੱਜ ਜਦ ਫੋਟੋਆਂ ਵਾਲਾ ਝੋਲਾ ਫਰੋਲਿਆ ਤਾਂ ਉਹ ਦਿਨ ਵੀ ਚੇਤੇ ਆਇਆ, ਜਦ ਆਪਣੇ ਤਾਏ ਰਾਮ ਨਾਲ ਫਿਰੋਜ਼ਪੁਰ ਗਿਆ ਸਾਂ, ਵਿਸਾਖੀ ਦਾ ਦਿਨ ਸੀ। ਪੰਜ ਕੁ ਸਾਲ ਦਾ ਹੋਵਾਂਗਾ, ਤਾਏ ਰਾਮ ਨੇ ਕਿਸ਼ਤੀ ਵਿਚ ਬਿਠਾ ਕੇ ਅੱਧਾ ਕੁ ਝੂਟਾ ਦਿਵਾਇਆ ਸੀ। ਪਾਣੀ ਤੋਂ ਬਹੁਤ ਡਰ ਆਇਆ ਤੇ ਰੋਣ ਲੱਗਿਆ ਸਾਂ, ਤਾਂ ਤਾਏ ਨੇ ਮਲਾਹ ਨੂੰ ਆਖਿਆ ਸੀ, "ਲਾਹ ਦੇ ਬਈ ਸਾਨੂੰ, ਜਵਾਕ ਡਰ ਗਿਆ ਸਾਡਾ...!" ਮਲਾਹ ਨੇ ਮੈਨੂੰ ਪੁਚਕਾਰਦਿਆਂ ਕਿਸ਼ਤੀ ਮੋੜੀ, ਕਿਨਾਰੇ ਲਿਆ ਲਾਹ ਦਿੱਤਾ ਤੇ ਬਾਹਰ ਆ ਕੇ ਮੈਂ ਖੁਸ਼ ਹੋ ਰਿਹਾ ਸਾਂ। ਮੁੜ ਕਦੇ ਕਿਸ਼ਤੀ ਨਾ ਬੈਠਿਆ। ਵਰ੍ਹਿਆਂ ਦੇ ਵਰ੍ਹੇ ਬੀਤ ਗਏ ਨੇ। ਬਥੇਰੇ ਦਰਿਆਵਾਂ, ਨਦੀਆਂ ਝੀਲਾਂ ਤੇ ਸਮੁੰਦਰਾਂ ਦੇ ਕੰਢਿਆਂ ਉਤੇ ਤੁਰਿਆ ਹਾਂ, ਦੇਸ਼-ਵਿਦੇਸ਼ ਵੀ। ਖੈਰ!

---

ਇੱਕ ਫੋਟੋ ਲੰਡਨ ਦੀ ਇਕ ਝੀਲ ਦੀ ਹੈ, 2010 ਦੀ। ਦਸ ਸਾਲ ਲੰਘ ਗਏ ਨੇ। ਕਿਸ਼ਤੀ ਵਿਚ ਬੈਠਾ ਹਾਂ। ਨੇੜੇ ਹੀ ਬੱਤਖਾਂ ਦਾ ਪੂਰ ਤੈਰ ਰਿਹਾ ਹੈ, ਉਸ ਨੂੰ ਦੇਖ ਰਿਹਾਂ। ਮਸਤ ਨੇ ਬੱਤਖਾਂ ਦੇ ਦੁੱਧ ਧੋਤੇ ਜੋੜੇ! ਬੇਫਿਕਰ। ਬੇ-ਗਰਜ। ਬੇ-ਨਿਆਜ! ਪਾਣੀ ਹੀ ਇਨ੍ਹਾਂ ਦਾ ਸੰਸਾਰ ਹੈ, ਪਾਣੀ ਹੀ ਇਨ੍ਹਾਂ ਦਾ ਜੀਵਨ ਹੈ। ਇਹ ਪਾਣੀ ਲਈ ਹੀ ਪੈਦਾ ਹੋਈਆਂ ਨੇ। ਬੱਤਖਾਂ ਦੇ ਪੂਰ ਦੀ ਫੋਟੋ ਖਿੱਚਦਾ ਹਾਂ ਤਾਂ ਨਾਲ ਬੈਠਾ ਅੰਕਲ ਇੰਦਰਜੀਤ ਸਿੰਘ ਜੀਤ ਮੇਰੀ ਫੋਟੋ ਖਿੱਚਦਾ ਹੈ। ਕਹਿੰਦਾ ਹੈ, ਆਪਣੇ ਅੰਕਲ ਦੀ ਖਿੱਚੀ ਫੋਟੋ ਯਾਦ ਰੱਖੀਂ ਨਿੱਕਿਆ!!



ਜੀਤ ਅੰਕਲ ਇਸੇ ਸਾਲ ਪੂਰਾ ਹੋ ਗਿਆ। ਊਸ਼ਾ ਔਂਟੀ ਨਾਲ ਫੋਨ ਉਤੇ ਅਫਸੋਸ ਕਰਨ ਨੂੰ ਦਿਲ ਕਰਦੈ, ਪਰ ਫੋਨ ਨਹੀਂ ਹੈਗਾ ਮੇਰੇ ਕੋਲ। ਪੁਰਾਣੇ ਫੋਨ ਉਤੇ ਰਿੰਗ ਨਹੀਂ ਜਾਂਦੀ।

ਇਹ ਸੰਸਾਰ ਵਿਛੜਦਿਆਂ-ਮਿਲਦਿਆਂ ਦਾ ਮੇਲਾ ਹੈ ਭਾਈ!! ਕਈ ਵਾਰੀ ਫੋਟੋਆਂ ਨਾਲ ਵੀ ਦੁੱਖ-ਸੁੱਖ ਸਾਂਝਾ ਕਰਨਾ ਪੈਂਦਾ ਹੈ।

ਅੱਜ ਮੈਂ ਇਉਂ ਹੀ ਕੀਤਾ ਹੈ, ਫੋਟੂ ਨਾਲ ਦੁਖ ਸਾਂਝਾ ਕਰਦਿਆਂ ਅੱਖਾਂ ਭਰੀਆਂ, ਫੋਟੋ ਕੁਸਕੀ ਤੇ ਹੋਰ ਉਦਾਸ ਹੋ ਗਈ।

---

ਇਕ ਹੋਰ ਫੋਟੋ ਵੀ ਲੰਡਨ ਦੀ ਹੈ, 15 ਸਾਲ ਪੁਰਾਣੀ ਭਾਵ 2005 ਦੀ। 'ਦੇਸੀ ਰੇਡੀਓ' ਸਾਊਥਹਾਲ ਦੀ ਲਾਇਬਰੇਰੀ ਦੀ। ਮੈਂ ਲੰਡਨ ਸਾਂ। ਕੜਕਦੀ ਠੰਢ ਦੇ ਦਿਨ। ਕਿਣਮਿਣ ਕਿਣਮਿਣ। ਕਦੇ ਕਦੇ ਸੂਰਜ ਸਿਰੀ ਚੁੱਕਦਾ ਤਾਂ ਕਾਲੀਆਂ ਬੋਲੀਆਂ ਵਲੈਤਣ ਬੱਦਲੀਆਂ ਆ ਮਧੋਲਦੀਆਂ ਸਲ੍ਹਾਭੇ ਜਿਹੇ ਸੂਰਜ ਨੂੰ। ਤੇਜ ਝੱਖੜ ਝੁਲਦੇ। ਪਤਾ ਨਹੀ ਸੀ ਲਗਦਾ, ਕਦੋਂ ਮੀਂਹ ਹਟ ਗਿਆ, ਕਦੋਂ ਵਰ੍ਹ ਪਿਆ। ਸਵੇਰੇ ਸਾਝਰੇ ਉਠ ਕੇ ਰੇਡੀਓ ਦੇ ਸਟੂਡੀਓ ਵਿਚ ਅਮਰ ਤੇ ਅਜੀਤ ਖਹਿਰੇ ਨਾਲ ਰਿਕਾਰਡਿੰਗਾਂ ਕਰਨ ਡਹਿ ਪੈਂਦਾ। ਦੇਰ ਰਾਤੀ ਵਿਹਲੇ ਹੁੰਦੇ। ਮੋਟੀ ਮੂੰਗਫਲੀ ਤੇ ਇਟਾਲੀਅਨ ਵਾਈਨ 'ਵਾਜਾਂ ਮਾਰਦੀ। ਪਤਾ ਨਹੀਂ ਸੀ ਲਗਦਾ, ਕਦੋਂ ਦਿਨ ਚੜ੍ਹਿਆ ਹੈ ਤੇ ਕਦ ਸੂਰਜ ਛੁਪਿਆ ਅਤੇ ਕਦੋਂ ਰਾਤ ਸਿਰ ਉਤੇ ਆਣ ਖੜ੍ਹੀ ਹੈ। ਕਦ ਮੀਂਹ ਪਿਆ, ਕਦ ਮੀਂਹ ਹਟਿਆ। ਲੰਡਨ ਦੇ ਸਲ੍ਹਾਭੇ ਮੌਸਮ ਵਿਚ ਮੈਂ ਸਿਰ ਉਤੇ ਪਟਕਾ ਬੰਨ੍ਹ ਕੇ ਰੱਖਦਾ। ਇੰਡੀਆ ਪਰਤਣ ਵੇਲੇ ਤਕ ਬਹੁਤਾ ਈ ਉਦਾਸ ਹੋ ਗਿਆ ਸਾਂ।

ਇਕ ਦਿਨ ਲਾਇਬਰੇਰੀ ਵਿਚੋਂ ਕੋਈ ਕਿਤਾਬ ਫੋਲ ਰਿਹਾ ਸਾਂ। ਅਜੀਤ ਖਹਿਰੇ ਨੇ ਆਖਿਆ, "ਲੈ ਦੇਖ! ਮੈਂ ਤੇਰੀ ਫੋਟੋ ਖਿੱਚਾਂ। ਉਦਾਸੇ ਮੂੰਹ ਫੋਟੋ ਨਾ ਖਿਚਵਾ, ਜਰਾ ਹੱਸ ਉਏ...!" ਮੈਂ ਉਤਲੇ ਮਨੋਂ ਹੱਸਿਆ ਸਾਂ। ਅਜੀਤ ਨੇ ਸੱਚੇ ਮਨੋਂ ਫੋਟੋ ਖਿੱਚੀ ਸੀ। ਅੱਜ ਪਤਾ ਨਹੀਂ, ਅਮਰ ਕਿਥੇ ਐ? ਅਜੀਤ ਦਾ ਕੀ ਹਾਲ ਐ? ਰੇਡੀਓ ਦਾ ਪੁਰਾਣਾ ਲਾਣਾ-ਬਾਣਾ ਕਿਥੇ ਗਿਆ? ਭੁਲਦੇ ਨਹੀਂ ਭੁਲਾਏ! ਅੱਜ ਇਸ ਫੋਟੋ ਨੇ ਸਭ ਚੇਤੇ ਕਰਵਾਏ।

ਸਭਨਾ ਦੀ ਖੈਰ ਸੁਖ ਮੰਗਦਾ ਹਾਂ। ਬੜੇ ਕਮਾਲ ਦੇ ਯਾਦਗਾਰੀ ਦਿਨ ਸਨ। ਰੱਬ ਖੈਰ ਕਰੇ!

---

ਕੌਣ ਕਹਿੰਦਾ ਹੈ ਕਿ ਫੋਟੋਆਂ ਨਹੀਂ ਬੋਲਦੀਆਂ? ਬਿਲਕੁਲ ਬੋਲਦੀਆਂ ਨੇ ਫੋਟੋਆਂ, ਕੋਈ ਉਨ੍ਹਾਂ ਨੂੰ ਬੁਲਾਉਣ ਵਾਲਾ ਹੋਵੇ! ਦੁੱਖ-ਸੁੱਖ ਸਾਂਝਾ ਕਰਨ ਵਾਲਾ ਹੋਵੇ ਕੋਈ ਫੋਟੋਆਂ ਨਾਲ। ਕਰਦੀਆਂ ਨੇ ਦੁੱਖ-ਸੁੱਖ ਸਾਂਝੇ ਤੇ ਹੁੰਗਾਰੇ ਵੀ ਭਰਦੀਆਂ ਨੇ ਫੋਟੋਆਂ! ਫੋਟੋਆਂ ਸਾਨੂੰ ਅਤੀਤ ਚੇਤੇ ਕਰਵਾਉਂਦੀਆਂ ਰਹਿੰਦੀਆਂ ਨੇ, ਅਸੀਂ ਉਦੋਂ ਕਿਹੋ ਜਿਹੇ ਸਾਂ, ਅੱਜ ਕਿਹੋ ਜਿਹੇ ਹਾਂ? ਅਸੀਂ ਕਿੰਨੇ ਤਿੱਖੇ ਸਾਂ, ਕਿੰਨੇ ਭੋਲੇ ਸਾਂ। ਸਾਡੀਆਂ ਅੱਖਾਂ ਉਦੋਂ ਕੀ ਕਹਿੰਦੀਆਂ ਸਨ ਤੇ ਅੱਜ ਕੀ ਕਹਿੰਦੀਆਂ ਨੇ! ਇਹ ਸਭ ਹਾਲ ਹਵਾਲ ਫੋਟੋਆਂ ਹੀ ਦੱਸਦੀਆਂ ਨੇ ਸਾਨੂੰ। ਮੇਰਾ ਦਿਲ ਕਰਦਾ ਹੈ ਕਿ ਹਫਤੇ ਵਿਚ ਮੈਂ ਪੁਰਾਣੀਆਂ ਫੋਟੋਆਂ ਦੇ ਝੋਲੇ ਤੇ ਡੱਬੇ ਦੋ ਵਾਰ ਜ਼ਰੂਰ ਫਰੋਲਿਆ ਕਰਾਂ!

*-ਨਿੰਦਰ ਘੁਗਿਆਣਵੀ*
*ਫੋਨ: 91-94174-21700*

## ਕਾਵਿ ਜਗਤ

### ਅਤਿਵਾਦੀ ਕੌਣ!

ਨਿਹੱਥੇ ਮਾਂਵਾਂ ਦੇ ਪੁੱਤ ਜਿਨ੍ਹਾਂ ਮਾਰੇ ਨੇ
ਅਤਿਵਾਦੀ ਉਹ ਸਾਰੇ ਨੇ।
ਅਣਪਛਾਤੇ ਕਹਿ ਜਿਨ੍ਹਾਂ ਸਾੜੇ ਨੇ
ਅਤਿਵਾਦੀ ਉਹ ਸਾਰੇ ਨੇ।
ਬੇ-ਪੱਤ ਕੀਤੀਆਂ ਔਰਤਾਂ,
ਜਿਨ੍ਹਾਂ ਕੱਪੜੇ ਪਾੜੇ ਨੇ।
ਅਤਿਵਾਦੀ ਉਹ ਸਾਰੇ ਨੇ।
ਕਾਨੂੰਨ ਦੇ ਨਸ਼ੇ 'ਚ ਮਾਰੇ
ਜਿਨ੍ਹਾਂ ਲਲਕਾਰੇ ਨੇ,
ਅਤਿਵਾਦੀ ਉਹ ਸਾਰੇ ਨੇ।
ਨਿਰਦੋਸ਼ ਜੇਲ੍ਹੀਂ ਜਿਨ੍ਹਾਂ ਤਾੜੇ ਨੇ
ਅਤਿਵਾਦੀ ਉਹ ਸਾਰੇ ਨੇ।
ਜਿਨ੍ਹਾਂ ਵੱਸਦੇ ਘਰ ਉਜਾੜੇ ਨੇ
ਅਤਿਵਾਦੀ ਉਹ ਸਾਰੇ ਨੇ।
ਜੋ ਇਨਸਾਨੀਅਤ ਦੇ ਹਤਿਆਰੇ ਨੇ
ਅਤਿਵਾਦੀ ਉਹ ਸਾਰੇ ਨੇ।
ਲਾਸ਼ਾਂ ਵੱਟੇ ਸਟਾਰ ਲਏ ਚਾਰੇ ਨੇ
ਅਤਿਵਾਦੀ ਉਹ ਸਾਰੇ ਨੇ।
ਜਿਨ੍ਹਾਂ ਕੀਤੇ ਘਪਲੇ ਸਰਕਾਰੇ ਨੇ
ਅਤਿਵਾਦੀ ਉਹ ਸਾਰੇ ਨੇ।
ਜੋ ਰਿਸ਼ਵਤਾਂ ਦੇ ਵਣਜਾਰੇ ਨੇ
ਅਤਿਵਾਦੀ ਉਹ ਸਾਰੇ ਨੇ।
ਜੋ ਝੂਠੇ ਐਨਕਾਊਂਟਰ ਦੇ ਕਰਦੇ ਕਾਰੇ ਨੇ
ਅਤਿਵਾਦੀ ਉਹ ਸਾਰੇ ਨੇ।
ਕਾਨੂੰਨ ਤੋੜਨ ਦੇ ਕਰਦੇ ਜੋ ਇਸ਼ਾਰੇ ਨੇ
ਅਤਿਵਾਦੀ ਉਹ ਸਾਰੇ ਨੇ।
ਅਣਮਨੁੱਖੀ ਤਸ਼ੱਦਦ ਜੋ ਕਰਦੇ ਭਾਰੇ ਨੇ।
ਅਤਿਵਾਦੀ ਉਹ ਸਾਰੇ ਨੇ।
ਲੋਕਤੰਤਰ 'ਚ ਤਾਨਾਸ਼ਾਹ
ਬਣੇ ਜੋ ਰਜਵਾੜੇ ਨੇ
ਅਤਿਵਾਦੀ ਉਹ ਸਾਰੇ ਨੇ।
ਭੜਕਾਊ ਭਾਸ਼ਣ,
ਹਿੰਸਕ ਜੋ ਲਾਉਂਦੇ ਨਾਹਰੇ ਨੇ
ਅਤਿਵਾਦੀ ਉਹ ਸਾਰੇ ਨੇ।
ਏਹ ਸੂਲਾਂ ਵਾਂਗ ਉਨ੍ਹਾਂ ਨੂੰ ਚੁੱਭਣੇ ਸਾਰੇ ਨੇ
'ਸੁਖਵਿੰਦਰਾ' ਤੇਰੇ ਬੋਲ ਕਰਾਰੇ ਨੇ।

*-ਸੁਖਵਿੰਦਰ ਸਿੰਘ ਬੋਦਲਾਂ ਵਾਲਾ*

### ਦੜ ਵੱਟ

ਦੜ ਵੱਟ, ਕਸ਼ਟ ਕੱਟ
ਸਮਾਂ ਤੂੰ ਕੱਢ
ਸੁੱਖ ਦੇ ਦਿਨ ਆਉਣਗੇ
ਭਲੇ ਦਿਨ ਆਉਣਗੇ।

ਕਾਲੀਆਂ ਬੋਲੀਆਂ ਡਰਾਉਣੀਆਂ
ਰਾਤਾਂ ਸਹਿਜੇ ਹੀ ਲੰਘ ਜਾਣਗੀਆਂ
ਕੱਕਰ ਭਰੀਆਂ ਸੀਤਲ ਰਾਤਾਂ
ਆਖਿਰ ਨੂੰ ਭੁੱਲ ਜਣਗੀਆਂ
ਦੜ ਵੱਟ...।

ਕੱਲਮ ਕੱਲਿਆਂ ਸੁੰਨੀਆਂ ਰਾਤਾਂ
ਕਦੇ ਤਾਂ ਰੌਣਕਾਂ ਲਾਉਣਗੀਆਂ
ਬਿਖੜੇ ਪੈਂਡੇ ਔਖੀਆਂ ਵਾਟਾਂ
ਅੰਤਾਂ ਨੂੰ ਮੁੱਕ ਜਾਣਗੀਆਂ
ਦੜ ਵੱਟ...।

ਬਿਰਹੋਂ ਹਨੇਰ 'ਚ ਡੁੱਬੀਆਂ ਰਾਤਾਂ
ਦੇਖੀਂ ਜਦ ਰੁਸ਼ਨਾਉਣਗੀਆਂ
ਆਸਾਂ ਰੱਖ ਕੇ ਕੱਟੀਆਂ ਰਾਤਾਂ
ਸੱਜਰਾ ਰੰਗ ਲਿਆਉਣਗੀਆਂ
ਦੜ ਵੱਟ...।

ਦੋਜਖ ਭਰੀਆਂ ਬੋਝਲ ਰਾਤਾਂ
ਚਮਕ ਦਮਕ ਕਦੇ ਲਾਉਣਗੀਆਂ
ਕੱਲਮ ਕੱਲਿਆਂ ਘੁਲਦਿਆਂ ਰਾਤਾਂ
ਸਰਘੀ ਵੇਲਾ ਲਿਆਉਣਗੀਆਂ
ਦੜ ਵੱਟ...।

ਤੱਕਦੀਆਂ ਰਾਹਾਂ ਪਈਆਂ ਰਾਤਾਂ
ਸੱਜਣਾਂ ਨੂੰ ਭਰਮਾਉਣਗੀਆਂ
ਦਿਲ ਵਿਛੋੜੇ ਤਾਂਘੇ ਰਾਤਾਂ
ਸੱਜਣਾਂ ਖਬਰ ਪਹੁੰਚਾਉਣਗੀਆਂ
ਦੜ ਵੱਟ...।

ਕਿੱਥੇ ਲੁਕਿਆਂ ਮਾਹੀ ਰਾਤਾਂ
ਕੱਲਿਆਂ ਨੂੰ ਕੀ ਭਾਉਣਗੀਆਂ
ਦਿਲ 'ਚ ਉਮੰਗਾਂ ਯਾਰ ਮਿਲਣ ਦੀਆਂ
ਮੁੜ ਰਾਤਾਂ ਉਹ ਆਉਣਗੀਆਂ
ਦੜ ਵੱਟ, ਕਸ਼ਟ ਕੱਟ
ਸੁੱਖ ਦੇ ਦਿਨ ਆਉਣਗੇ।

*-ਕਲਵੰਤ ਸਿੰਘ ਸਹੋਤਾ*
*ਫੋਨ: 604-589-5919*

# ਚੱਲ ਫਕੀਰਾ ਕਾਹਮੇ ਚੱਲੀਏ...!

*(ਪਿਛਲੇ ਸਫੇ ਦੀ ਬਾਕੀ)*

ਤਾਂ 'ਕਾਹਮਾ, ਕਾਹਮਾ' ਹੋਈ ਪਈ ਐ! ਹੁਣ ਤਾਂ ਸਾਰੇ ਮੁਲਕਾਂ 'ਚ ਕਾਹਮੇ ਵਾਲੇ ਝੰਡੇ ਗੱਡੀ ਬੈਠੇ ਨੇ। ਹੋਟਲਾਂ-ਰੈਸਟੋਰੈਂਟਾਂ ਵਿਚ ਬੜਾ ਨਾਂ ਹੈ। ਇਥੋਂ ਦੇ ਹਲਵਾਈ ਸਭ ਮੁਲਕਾਂ 'ਚ ਮਸ਼ਹੂਰ ਨੇ। ਗੋਰਿਆਂ ਨੂੰ ਵੀ ਮਠਿਆਈਆਂ ਖਾਣ ਲਾ ਦਿੱਤੈ! 2018 'ਚ ਆਸਟ੍ਰੇਲੀਆ ਦੀ ਬਾਡੀ-ਬਿਲਡਿੰਗ ਮੁਕਾਬਲੇ 'ਚੋਂ ਪਹਿਲਾ ਸਥਾਨ ਪ੍ਰਾਪਤ ਕਰਨ ਵਾਲਾ (ਜੈਲੇ ਡੀਜ਼ਲ ਦਾ ਭਤੀਜਾ) ਕਮਲਦੀਪ ਵੀ ਕਾਹਮੇ ਦੀ ਦੇਣ ਹੈ। ਨਿਊ ਜਰਸੀ (ਅਮਰੀਕਾ) ਵਿਖੇ ਰੱਸਾ-ਕਸ਼ੀ ਟੀਮ ਦਾ ਖਿਡਾਰੀ ਪਹਿਲਵਾਨ ਰਾਣੇ ਦੇ ਭਰਾ ਪੰਮੇ ਨੂੰ ਹਰ ਕੋਈ ਜਾਣਦੈ।

ਸ. ਸਤਨਾਮ ਸਿੰਘ ਦੇ ਘਰਵਾਲੀ ਮੈਡਮ ਪਰਮਿੰਦਰਜੀਤ ਕੌਰ ਪਿੰਡ ਦੀ ਸਰਪੰਚ ਹੈ। ਸ. ਸਤਨਾਮ ਸਿੰਘ ਹਮੇਸ਼ਾ ਉਸ ਦਾ ਸਾਥ ਦਿੰਦਾ ਹੈ। ਸਾਰੀ ਨੱਠ-ਭੱਜ ਉਹੀ ਕਰਦੈ। ਉਸ ਨਾਲ ਪਿੰਡ ਦੇ ਚਾਲੀ-ਪੰਤਾਲੀ (ਮੁੰਡੇ) ਹੋਰ ਵੀ ਸੇਵਾਦਾਰ ਹਨ। ਪਰ ਵੀਹ-ਪੱਚੀ ਸੇਵਾਦਾਰ ਚੌਵੀ ਘੰਟੇ ਤਿਆਰ ਰਹਿੰਦੇ ਹਨ। ਪਿੰਡ ਦੇ ਵਿਕਾਸ, ਖੇਡਾਂ ਅਤੇ ਪਿੰਡ 'ਚ ਲੋੜਵੰਦ ਗਰੀਬ ਪਰਿਵਾਰਾਂ ਨਾਲ ਹਮੇਸ਼ਾ ਹਰ ਤਰ੍ਹਾਂ ਨਾਲ ਖੜ੍ਹਦਾ ਹੈ। ਬਾਹਰਲੇ ਮੁਲਕਾਂ 'ਚ ਰਹਿੰਦੇ ਕਾਹਮੇ ਦੇ ਦਾਨੀ ਸੱਜਣਾਂ ਦੇ ਨਾਲ ਨਾਲ ਕਈ ਵਾਰ ਵਿਦੇਸ਼ਾਂ 'ਚ ਰਹਿੰਦੇ ਮੰਗੂਵਾਲ ਦੇ ਦਾਨੀ ਪਰਿਵਾਰ ਵੀ ਗਰੀਬ ਪਰਿਵਾਰਾਂ ਲਈ ਮਾਇਆ ਦੀ ਮਦਦ ਭੇਜ ਦਿੰਦੇ ਹਨ। ਪਿੰਡ ਦੇ ਸਾਥੀ ਸੱਜਣ ਹਮੇਸ਼ਾ ਸੰਪਰਕ ਵਿਚ ਰਹਿੰਦੇ ਨੇ। ਪਿੰਡ ਦਾ ਹਰ ਕੰਮ ਮੂਹਰੇ ਹੋ ਕੇ ਕਰਦੇ ਨੇ। ਜਰਨੈਲ ਸਿੰਘ, ਗੁਰਦਾਵਰ ਸਿੰਘ, ਅਮਰੀਕ ਸਿੰਘ ਲੇਹਲ, ਹਰਵਿੰਦਰ ਸਿੰਘ ਬਿੰਦਾ, ਗੁਰਨਾਮ ਗਾਮਾ, ਮਨਜੀਤ ਠੇਕੇਦਾਰ, ਰਾਮ ਪ੍ਰਕਾਸ਼ ਠੇਕੇਦਾਰ, ਜਸਵਿੰਦਰ ਸਿੰਘ, ਅਜਮੇਰ ਸਿੰਘ ਗੁੱਡੂ, ਕਸ਼ਮੀਰ ਸਿੰਘ, ਮਨਜੀਤ ਲਾਲ ਪੰਚ ਤੇ ਹੋਰ ਸੇਵਾਦਾਰ ਹਨ।

ਸ. ਸੁੱਚਾ ਸਿੰਘ ਕਾਹਮਾ ਵਿਲੇਜ਼ ਯੂਥ ਕਲੱਬ ਦੇ ਫਾਊਂਡਰ ਹਨ। ਨਾਲ ਸ. ਪਿਆਰਾ ਸਿੰਘ ਰੌਸ਼ਨ, ਸ. ਸੁਰਿੰਦਰ ਸਿੰਘ ਤੇ ਬਾਬਾ ਚੈਨ ਸਿੰਘ ਹਨ। ਇਹ ਅੱਜ ਕੱਲ੍ਹ ਟੋਰਾਂਟੋ ਰਹਿੰਦੇ ਹਨ ਤੇ ਕਾਹਮਾ-ਟੋਰਾਂਟੋ ਐਸੋਸੀਏਸ਼ਨ ਬਣਾਈ ਹੋਈ ਹੈ।

ਬੜੇ ਸਾਲ ਪਹਿਲਾਂ ਬਣਾਈ ਉਸ ਸੰਸਥਾ ਨੂੰ ਚਲਦੀ ਰੱਖਣ ਲਈ ਸ. ਸਤਨਾਮ ਸਿੰਘ ਬੜੇ ਵਧੀਆ ਤਰੀਕੇ ਨਾਲ ਚਲਾ ਰਿਹੈ। ਇਸ ਵਕਤ ਵਿਲੇਜ਼ ਯੂਥ ਕਲੱਬ ਵਲੋਂ ਪਿੰਡ ਵਿਚ ਸਾਫ-ਸਫਾਈ ਦਾ ਬੜਾ ਖਿਆਲ ਰੱਖਿਆ ਜਾਂਦੈ। ਕੂੜਾ ਸੁੱਟਣ ਲਈ ਸ਼ਹਿਰਾਂ ਦੀਆਂ ਮਿਊਂਸਪਲ ਕਮੇਟੀਆਂ ਵਾਂਗ ਡਰੰਮ ਰੱਖੇ ਹੋਏ ਨੇ। ਮੀਂਹ ਦੇ ਪਾਣੀ ਅਤੇ ਰੋਜ਼ਾਨਾ ਨਿਕਾਸ ਦੇ ਪਾਣੀ ਦਾ ਪ੍ਰਬੰਧ ਵਧੀਆ ਢੰਗ ਨਾਲ ਕੀਤਾ ਹੋਇਐ। ਅੱਡੇ ਨੇੜਲੇ ਵੱਡੇ ਛੱਪੜ ਦੇ ਗੰਦੇ ਪਾਣੀ ਨੂੰ ਤਿੰਨ ਹਿੱਸਿਆਂ ਵਿਚ ਵੰਡ ਕੇ ਪਾਣੀ ਸਾਫ ਕੀਤਾ ਹੋਇਐ। ਪਿੰਡ 'ਚ ਸਾਈਨ-ਬੋਰਡ ਲੱਗੇ ਹੋਏ ਨੇ। ਸਾਫ-ਸਫਾਈ ਰੱਖਣ 'ਚ ਪਿੰਡ ਦੇ ਸਮੂਹ ਨਗਰ ਨਿਵਾਸੀ ਵੀ ਬੜਾ ਸਾਥ ਦਿੰਦੇ ਨੇ।

ਉਹ ਅਮਰੀਕਾ ਅਤੇ ਟੋਰਾਂਟੋ ਤੇ ਵੈਨਕੂਵਰ ਸਮੇਤ ਕੈਨੇਡਾ ਦੇ ਕਈ ਸ਼ਹਿਰਾਂ 'ਚ ਘੁੰਮ ਆਇਐ। ਉਥੇ ਵਸਦੇ ਪਿੰਡ ਵਾਸੀਆਂ, ਰਿਸ਼ਤੇਦਾਰਾਂ ਤੇ ਯਾਰਾਂ-ਬੇਲੀਆਂ ਨੇ ਬੜਾ ਮਾਣ-ਸਤਿਕਾਰ ਦਿੱਤਾ। ਕਾਹਮਾ ਵਾਸੀਆਂ ਨੇ ਪਿੰਡ ਦੇ ਭਲਾਈ ਕੰਮਾਂ ਵਾਸਤੇ ਵਾਹਵਾ ਮਾਇਆ ਦਿੱਤੀ। ਵਿਦੇਸ਼ਾਂ ਵਿਚੋਂ ਮਾਇਆ ਇਕੱਤਰ ਕਰਕੇ ਉਹ ਕਾਹਮੇ ਦੇ ਵਿਕਾਸ, ਖੇਡਾਂ, ਹੈਲਥ ਕਲੱਬ ਅਤੇ ਲੋਕ ਭਲਾਈ ਦੇ ਕਾਰਜਾਂ 'ਤੇ ਲਾ ਰਿਹੈ। ਪੱਚੀ ਲੱਖ ਰੁਪਏ ਦੀ ਲਾਗਤ ਨਾਲ ਪਿੰਡ ਵਿਚ ਦੋ ਜਿੰਮ ਬਣੇ ਹੋਏ ਨੇ। ਇਕ ਨੌਜਵਾਨਾਂ ਲਈ ਤੇ ਦੂਜਾ ਔਰਤਾਂ ਲਈ। ਪਿੰਡ ਜੱਬੋਵਾਲ, ਮੱਲਪੁਰ, ਬੈਂਸਾਂ, ਭੂਤਾਂ, ਮੰਗੂਵਾਲ, ਕਰੀਹਾ ਦੇ ਨੌਜਵਾਨ ਜਿੰਮ ਕਰਨ ਆਉਂਦੇ ਨੇ, ਪਰ ਜ਼ਿਆਦਾਤਰ ਕਾਹਮੇ ਦੇ ਗੱਭਰੂ ਹੁੰਦੇ ਨੇ। ਅੱਠ ਸਾਲ ਤੋਂ ਸਤਾਰਾਂ ਸਾਲ ਤੱਕ ਦੇ ਬੱਚਿਆਂ ਲਈ ਜਿੰਮ ਬਿਲਕੁਲ ਮੁਫਤ ਹੈ। ਖਾਣਾ-ਪੀਣਾ, ਰਿਹਾਇਸ਼ ਤੇ ਦਾਖਲਾ ਮੁਫਤ ਹੈ।

ਸ. ਸਤਨਾਮ ਸਿੰਘ ਵਿਲੇਜ਼ ਯੂਥ ਕਲੱਬ ਦਾ ਪ੍ਰਧਾਨ, ਫੁੱਟਬਾਲ ਅਕੈਡਮੀ ਦਾ ਪ੍ਰਧਾਨ, ਜਿੰਮ ਦਾ ਪ੍ਰਧਾਨ ਤੇ ਹਰ ਸਾਲ ਪਿੰਡ 'ਚ ਹੁੰਦੀ ਛਿੰਝ ਦੀ ਜ਼ਿੰਮੇਵਾਰੀ ਵਧੀਆ ਢੰਗ ਨਾਲ ਨਿਭਾਉਂਦਾ ਹੈ। ਸ. ਅਜਮੇਰ ਸਿੰਘ ਗੁੱਡੂ ਵੀ ਹਮੇਸ਼ਾ ਨਾਲ ਜ਼ਿੰਮੇਵਾਰੀਆਂ ਨਿਭਾ ਰਿਹੈ। ਗੱਲ ਕੀ, ਪਿੰਡ ਦੇ ਵਿਕਾਸ ਕੰਮਾਂ ਤੇ ਖੇਡਾਂ 'ਚ ਸਾਥੀਆਂ ਦੇ ਸਹਿਯੋਗ ਨਾਲ ਹਰ ਤਰ੍ਹਾਂ ਸੇਵਾ ਨਿਭਾ ਰਿਹੈ। ਪੰਜਾਬ ਪੁਲਿਸ ਵਿਚ ਏ. ਐਸ. ਆਈ. ਦੀ ਨੌਕਰੀ ਦੇ ਨਾਲ ਨਾਲ ਸ. ਦਿਲਬਾਗ ਸਿੰਘ ਤੋਂ ਲੈ ਕੇ ਚੰਨੀ, ਸ. ਪ੍ਰਕਾਸ਼ ਸਿੰਘ, ਵਿਧਾਇਕਾ ਬੀਬੀ ਗੁਰਇਕਬਾਲ ਕੌਰ ਬਬਲੀ ਤੇ ਹੁਣ ਅੰਗਦ ਸੈਣੀ ਤੱਕ ਨਾਲ ਅੰਗ ਰੱਖਿਅਕ ਦੇ ਤੌਰ 'ਤੇ ਹਮੇਸ਼ਾ ਨਾਲ ਹੈ।

ਕਾਹਮੇ ਦੇ ਦਰਿਯਾ ਦਿਲ ਭਰਾਵਾਂ-ਜੀਤਾ ਤੇ ਦਾਵਰੀ ਦੀ ਬਦੌਲਤ ਮੈਂ (ਇਕਬਾਲ ਜੱਬੋਵਾਲੀਆ) ਅਮਰੀਕਾ ਦੀ ਧਰਤੀ 'ਤੇ ਬੈਠਾ ਹਾਂ। ਮੇਰੀ ਖੁਸ਼ਗਵਾਰ ਜ਼ਿੰਦਗੀ 'ਚ ਦੋਹਾਂ ਭਰਾਵਾਂ ਦੀ ਬੜੀ ਦੇਣ ਹੈ। ਮੇਰਾ ਰੋਮ ਰੋਮ ਅਤੇ ਸਵਾਸ ਸਵਾਸ ਦੋਹਾਂ ਭਰਾਵਾਂ ਤੇ ਕਾਹਮੇ ਦੀ ਮਿੱਟੀ ਲਈ ਆਖਰੀ ਸਵਾਸਾਂ ਤੱਕ ਰਿਣੀ ਰਹੇਗਾ।

ਕਾਹਮੇ ਦੇ ਵਿਕਾਸ ਕਾਰਜਾਂ, ਖੇਡਾਂ, ਹੈਲਥ ਕਲੱਬ ਅਤੇ ਲੋਕ ਭਲਾਈ ਵਰਗੇ ਕੰਮਾਂ ਤੋਂ ਪੰਜਾਬ ਦੇ ਹੋਰ ਪਿੰਡਾਂ ਨੂੰ ਵੀ ਸੇਧ ਲੈਣੀ ਚਾਹੀਦੀ ਹੈ, ਜੋ ਨਸ਼ਿਆਂ ਤੋਂ ਬਚਾਉਣ ਲਈ ਪਿੰਡ ਦੇ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਦੇ ਹਨ। ਫੁੱਟਬਾਲ ਤਾਂ ਕਾਹਮੇ ਦੀ ਮਿੱਟੀ ਤੇ ਪਾਣੀ 'ਚ ਸਮਾਇਆ ਹੋਇਐ। ਪਿੰਡ ਦੀਆਂ 'ਏ' ਅਤੇ 'ਬੀ' ਦੋਵੇਂ ਟੀਮਾਂ ਹਮੇਸ਼ਾ ਤਿਆਰ ਰਹਿੰਦੀਆਂ ਨੇ। ਕਾਹਮਾ ਇਲਾਕੇ ਦੀ ਵਧੀਆ ਮਿਸਾਲ ਬਣਦਾ ਜਾ ਰਿਹੈ।

"ਚੱਲ ਫਕੀਰਾ ਕਾਹਮੇ ਚੱਲੀਏ,
ਮਿਲਣ ਖਿਡਾਰੀ ਮੰਨੇ।
ਜ਼ੋਰ ਜ਼ੋਰ ਦੀ ਮਾਰਨ ਸ਼ਾਟਾਂ,
ਦੂਰ ਟਪਾਉਂਦੇ ਬੰਨੇ।
ਖੇਡਾਂ ਤੇ ਵਿਕਾਸ ਫਕੀਰਾ,
ਕਾਹਮਾ ਇਤਿਹਾਸਕ ਪੰਨੇ।
ਗੁਰੂਆਂ ਪੀਰਾਂ ਦਾ ਇਕਬਾਲ ਸਿਆਂ
ਤੱਕ ਓਟ ਆਸਰਾ
ਕਲਮ ਦੀ ਤਾਕਤ ਦੁਨੀਆਂ ਮੰਨੇ।"



ਇਲਾਕੇ 'ਚ ਮਸ਼ਹੂਰ ਕਾਹਮੇ ਦੇ ਬਣੇ ਮਿੱਟੀ ਦੇ ਭਾਂਡੇ

# ਮਨੁੱਖਤਾ ਦੇ ਦਰਵਾਜੇ 'ਤੇ ਇਤਿਹਾਸ ਅਤੇ ਵਕਤ ਦੀ ਦਸਤਕ 'ਕਿੰਨੇ ਪਾਕਿਸਤਾਨ'

## ਪੁਸਤਕ ਚਰਚਾ

ਗੁਰਮੀਤ ਕੜਿਆਲਵੀ

ਕਮਲੇਸ਼ਵਰ ਨੇ ਇਸ ਸ਼ਾਹਕਾਰ ਨਾਵਲ ਰਾਹੀਂ ਸਾਨੂੰ ਉਨ੍ਹਾਂ ਬਹੁਤ ਸਾਰੇ ਸਵਾਲਾਂ ਦੇ ਸਨਮੁਖ ਕੀਤਾ ਹੈ, ਜਿਨ੍ਹਾਂ ਸਵਾਲਾਂ ਦਾ ਜਵਾਬ ਦੇਸ਼ ਦੇ ਲੋਕਾਂ ਨੇ ਆਪਣੇ ਹੋ ਗੁਜ਼ਰੇ ਅਤੇ ਮੌਜੂਦਾ ਰਹਿਨੁਮਾਵਾਂ ਤੋਂ ਹਾਸਲ ਕਰਨਾ ਹੈ। ਨਾਵਲ ਰਾਹੀਂ ਉਸ ਨੇ ਦੇਸ਼ ਨੂੰ ਕੱਟੜਵਾਦੀ ਲੀਹਾਂ 'ਤੇ ਵੰਡਣ ਦੀਆਂ ਸਾਜ਼ਿਸ਼ਾਂ ਕਰਨ ਵਾਲਿਆਂ ਨੂੰ ਇਕ ਤਰ੍ਹਾਂ ਕਟਹਿਰੇ 'ਚ ਲਿਆ ਖੜਾ ਕੀਤਾ ਹੈ।

ਨਾਵਲ ਵਿਚ ਕਮਲੇਸ਼ਵਰ ਆਪਣੇ ਇਕ ਪਾਤਰ ਅਦੀਬ ਦੇ ਮੂੰਹੋਂ ਅਖਵਾਉਂਦਾ ਹੈ, "ਕਿਤਾਬਾਂ ਵਿਚ ਜੋ ਇਤਿਹਾਸ ਲਿਖਿਆ ਜਾਂ ਲਿਖਵਾਇਆ ਜਾਂਦਾ ਹੈ, ਪੇਸ਼ੇਵਰ ਕਲਮਕਾਰਾਂ ਰਾਹੀਂ, ਉਹ ਇਤਿਹਾਸ ਨਹੀਂ ਹੁੰਦਾ। ਇਤਿਹਾਸ ਉਹ ਹੁੰਦਾ ਹੈ, ਜੋ ਦਿਲੋ ਦਿਮਾਗ ਦੀ ਤਖਤੀ 'ਤੇ ਲਿਖਿਆ ਜਾਂਦਾ ਹੈ।"

ਪੂਰਾ ਨਾਵਲ ਉਨ੍ਹਾਂ ਇਤਿਹਾਸਕ ਦਸਤਾਵੇਜ਼ੀ ਘਟਨਾਵਾਂ ਦੀ ਗਰਦ ਝਾੜਨ ਦੀਆਂ ਕੋਸ਼ਿਸ਼ਾਂ ਨਾਲ ਭਰਿਆ ਪਿਆ ਹੈ, ਜੋ ਪੇਸ਼ੇਵਰ ਕਲਮਕਾਰਾਂ ਨੇ ਆਪਣੇ ਸਮੇਂ ਦੇ ਆਕਾਵਾਂ ਨੂੰ ਖੁਸ਼ ਕਰਨ ਲਈ ਲਿਖੀਆਂ ਹਨ। ਉਹ ਸਪਸ਼ਟ ਕਰਦਾ ਹੈ ਕਿ ਮੁਗਲ ਬਾਦਸ਼ਾਹ ਸ਼ਾਹਜਹਾਂ, ਔਰੰਗਜ਼ੇਬ ਨਾਲੋਂ ਕਿਤੇ ਵੱਧ ਹਿੰਦੂ ਵਿਰੋਧੀ ਸੀ। ਉਹ ਔਰੰਗਜ਼ੇਬ ਤੋਂ ਵੱਧ ਕੱਟੜ ਮੁਸਲਮਾਨ ਸੀ। ਇਸੇ ਤਰ੍ਹਾਂ ਦਾਰਾ ਸ਼ਿਕੋਹ ਅਤੇ ਔਰੰਗਜ਼ੇਬ ਵਿਚਲੇ ਵਿਰਾਸਤੀ ਯੁੱਧ ਬਾਰੇ ਕਮਲੇਸ਼ਵਰ ਦਾ ਸਿਰਜਿਆ ਇਕ ਪਾਤਰ ਆਖਦਾ ਹੈ, "ਦਾਰਾ ਤੇ ਔਰੰਗਜ਼ੇਬ ਵਿਚਕਾਰ ਯੁੱਧ ਹਿੰਦੂ ਪਰਜਾ ਤੇ ਮੁਸਲਮਾਨ ਪਰਜਾ ਦਾ ਯੁੱਧ ਨਹੀਂ ਸੀ। ਉਥੇ ਮਜ਼ਹਬ ਦਾ ਸਵਾਲ ਹੀ ਨਹੀਂ ਸੀ, ਨਹੀਂ ਤਾਂ ਬਾਰਹਾ ਦੇ ਸੱਯਦਾਂ (ਜੋ ਬਹੁਤ ਕੱਟੜ ਮੁਸਲਮਾਨ ਸਨ) ਨੇ ਦਾਰਾ ਦਾ ਸਾਥ ਨਾ ਦਿੱਤਾ ਹੁੰਦਾ ਤੇ ਔਰੰਗਜ਼ੇਬ ਦੀ ਤਰਫਦਾਰੀ ਜੈਪੁਰ ਦੇ ਮਹਾਰਾਣਾ ਰਾਜ ਸਿੰਘ ਨੇ ਕਿਉਂ ਕਰਨੀ ਸੀ।"

ਨਾਵਲਕਾਰ ਸਾਨੂੰ ਇਤਿਹਾਸ ਦੀ ਬੜੀ ਕੌੜੀ ਸੱਚਾਈ ਦੇ ਸਾਹਮਣੇ ਲਿਆ ਖੜਾ ਕਰਦਾ ਹੈ ਕਿ ਔਰੰਗਜ਼ੇਬ ਨੇ ਆਪਣੀਆਂ ਕਮੀਨਗੀਆਂ ਤੇ ਸਿਆਸੀ ਚਾਲਾਂ ਨੂੰ ਹਿੰਦੂ ਰਾਜਿਆਂ ਤੇ ਅਹਿਲਕਾਰਾਂ ਜ਼ਰੀਏ ਹੀ ਤੋੜ ਚੜਾਇਆ ਸੀ। ਨਾਵਲਕਾਰ ਅਨੇਕਾਂ ਘਟਨਾਵਾਂ ਰਾਹੀਂ ਇਸ ਸੱਚ ਨੂੰ ਸਥਾਪਿਤ ਕਰਦਾ ਹੈ ਕਿ ਹਿੰਦੋਸਤਾਨ ਦੀ ਧਰਤੀ ਕਦੇ ਵੀ ਧਾਰਮਿਕ ਯੁੱਧਾਂ ਦੀ ਰਣਭੂਮੀ ਨਹੀਂ ਰਹੀ। ਕੱਟੜ ਮੁਸਲਮਾਨ ਸ਼ਾਸ਼ਕ ਸ਼ਾਹਜਹਾਂ ਨੇ ਵਿਰਾਸਤੀ ਯੁੱਧ ਵਿਚ ਕੱਟੜ ਮੁਸਲਮਾਨ ਔਰੰਗਜ਼ੇਬ ਦੀ ਥਾਂ ਫਰਾਖਦਿਲ ਅਤੇ ਸਾਰੇ ਧਰਮਾਂ ਨੂੰ ਪਿਆਰ ਕਰਨ ਵਾਲੇ ਦਾਰਾ ਸ਼ਿਕੋਹ ਦਾ ਸਾਥ ਦਿੱਤਾ।

ਨਾਵਲਕਾਰ ਨੇ ਦੇਸ਼ ਦੇ ਕੱਟੜਪੰਥੀਆਂ ਦੀ ਉਸ ਵਿਚਾਰਧਾਰਾ ਨੂੰ ਵੀ ਨਿਸ਼ਾਨੇ 'ਤੇ ਲਿਆ ਹੈ, ਜੋ ਦਿਨ ਰਾਤ ਪ੍ਰਚਾਰਦੇ ਰਹਿੰਦੇ ਹਨ ਕਿ ਬਾਬਰ ਦੇ ਆਉਣ ਨਾਲ ਹਿੰਦੂਆਂ ਦੀ ਗੁਲਾਮੀ ਦਾ ਯੁੱਗ ਸ਼ੁਰੂ ਹੁੰਦਾ ਹੈ। ਨਾਵਲ ਵਿਚ ਬਾਦਸ਼ਾਹ ਬਾਬਰ ਧਰਮਰਾਜ ਦੀ ਕਚਹਿਰੀ 'ਚ ਪੇਸ਼ ਹੋ ਕੇ ਆਪਣੇ 'ਤੇ ਲੱਗੇ ਦੋਸ਼ਾਂ ਦਾ ਜਵਾਬ ਦਿੰਦਾ ਹੈ ਕਿ ਉਸ ਨੂੰ ਤਾਂ ਹਮਲਾ ਕਰਨ ਲਈ ਹਿੰਦੂ ਰਾਜਪੂਤ ਰਾਜੇ ਰਾਣਾ ਸਾਂਗਾ ਨੇ ਬੁਲਾਇਆ ਸੀ। ਉਹ ਆਖਦਾ ਹੈ, "ਮੈਂ ਹਿੰਦੋਸਤਾਨ ਨੂੰ ਆਪਣੇ ਲਈ ਜਿੱਤਣ ਆਇਆ ਸੀ, ਇਸਲਾਮ ਲਈ ਨਹੀਂ। ਮੈਂ ਤਾਂ ਕਦੇ ਤੁਲਸੀ ਦਾਸ ਦਾ ਨਾਂ ਵੀ ਨਹੀਂ ਸੀ ਸੁਣਿਆ, ਜੀਹਨੇ ਹਿੰਦੂਆਂ ਦੇ ਰਾਮ ਨੂੰ ਭਗਵਾਨ ਬਣਾਇਆ। ਮੇਰੇ ਦੌਰ ਵਿਚ ਰਾਮ ਭਗਵਾਨ ਸਨ ਹੀ ਨਹੀਂ, ਤਾਂ ਮੈਂ ਉਨ੍ਹਾਂ ਦਾ ਮੰਦਿਰ ਕਿਉਂ ਤੋੜਦਾ?"

ਨਾਵਲਕਾਰ ਦਾ ਇਹ ਵੀ ਸੁਆਲ ਹੈ ਕਿ ਇਕ ਮੁਸਲਮਾਨ ਸ਼ਾਸ਼ਕ (ਬਾਬਰ) ਨੇ ਦੂਜੇ ਮੁਸਲਿਮ ਸ਼ਾਸ਼ਕ (ਇਬਰਾਹਿਮ ਲੋਧੀ) 'ਤੇ ਹਮਲਾ ਕੀਤਾ, ਇਸ ਵਿਚ ਹਿੰਦੂ ਕਿਥੋਂ ਆ ਗਿਆ?

ਨਾਵਲਕਾਰ ਸਾਨੂੰ ਦੁਨੀਆਂ ਭਰ ਦੇ ਵੰਡੀਆਂ ਪਾਉਣ ਵਾਲੇ ਹਾਕਮਾਂ/ਕੱਟੜਵਾਦੀਆਂ ਦੇ ਸਾਹਵੇਂ ਲਿਜਾ ਖੜਾ ਕਰਦਾ ਹੈ। ਆਰ. ਐਸ. ਐਸ., ਸਾਵਰਕਰ, ਇਕਬਾਲ, ਮੁਹੰਮਦ ਅਲੀ ਜਿਨਾਹ ਸਮੇਤ ਉਹ ਸਾਰੇ ਇਤਿਹਾਸਕ ਪਾਤਰ ਨਾਵਲ ਵਿਚ ਝੁਕੀਆਂ ਧੌਣਾਂ ਸਮੇਤ ਮੌਜੂਦ ਹਨ, ਜਿਨ੍ਹਾਂ ਨੇ ਪਾਕਿਸਤਾਨ ਬਣਾ ਕੇ ਦੇਸ਼ ਦੀ ਤਹਿਜ਼ੀਬ ਨੂੰ ਵੰਡਣ ਦਾ ਅਪਰਾਧ ਕੀਤਾ ਹੈ। ਇਥੇ ਅੰਗਰੇਜ਼ ਹੁਕਮਰਾਨਾਂ ਦੀ ਬਦਨੀਤੀ ਵੀ ਆਪਣੇ ਵਿਕਰਾਲ ਰੂਪ ਨਾਲ ਸਾਹਮਣੇ ਆਉਂਦੀ ਹੈ, ਜਿਨ੍ਹਾਂ ਨੇ ਆਉਂਦਿਆਂ ਹੀ ਇਹ ਮਹਿਸੂਸ ਕਰ ਲਿਆ ਸੀ ਕਿ ਇੰਨੇ ਵੱਡੇ ਦੇਸ਼ ਨੂੰ ਕਾਬੂ ਕਰਨਾ ਤੇ ਕਾਬੂ ਕਰੀ ਰੱਖਣਾ, ਕੋਈ ਬਹੁਤਾ ਔਖਾ ਕੰਮ ਨਹੀਂ ਹੈ, ਬੱਸ ਇਨ੍ਹਾਂ ਲੋਕਾਂ ਨੂੰ ਧਰਮ ਨਾਂ ਦੀ ਅਫੀਮ ਨਾਲ ਘੂਕ ਸੁਆਈ ਰੱਖਣਾ ਹੈ ਤੇ ਉਨ੍ਹਾਂ ਅੰਦਰਲੀ




ਆਪਸੀ ਨਫਰਤ ਨੂੰ ਹਵਾ ਦੇਈ ਰੱਖਣੀ ਹੈ। ਕਮਲੇਸ਼ਵਰ ਨੇ ਸਾਡੇ ਸਮਿਆਂ ਦੇ ਸਾਰੇ ਹੁਕਮਰਾਨਾਂ ਨੂੰ ਕਟਹਿਰੇ ਵਿਚ ਖੜਾ ਕੀਤਾ ਹੈ, ਜੋ ਅਜੇ ਵੀ ਨਵੇਂ ਪਾਕਿਸਤਾਨ ਬਣਾਉਣ ਦੀ ਕਵਾਇਦ 'ਚ ਲੱਗੇ ਰਹਿੰਦੇ ਹਨ।

ਨਾਵਲ ਦਾ ਘੇਰਾ ਬੜਾ ਵਸੀਹ ਹੈ। ਇਸ ਵਿਚ ਦੁਨੀਆਂ ਦੀਆਂ ਯੂਨਾਨੀ, ਮੈਸੋਪੋਟਾਮੀਆ, ਸਿੰਧੂ ਘਾਟੀ, ਅਫਰੀਕਨ ਤੇ ਆਰੀਅਨ ਸੱਭਿਅਤਾਵਾਂ ਉਪਰ ਸਟੀਕ ਟਿੱਪਣੀਆਂ ਕੀਤੀਆਂ ਗਈਆਂ ਹਨ। ਇਸ ਵਿਚ ਹਿੰਦੂ ਦੇਵਤੇ ਹਨ, ਉਨ੍ਹਾਂ ਦੀਆਂ ਦਰਾਵੜਾਂ ਨੂੰ ਹਰਾਉਣ ਲਈ ਵਰਤੀਆਂ ਚਾਲਾਂ ਹਨ, ਸ਼ੂਦਰ ਸੰਭੂਕ ਦੇ ਕੱਟੇ ਸਿਰ ਦੀ ਗਾਥਾ ਹੈ, ਲੋਕਾਂ ਦੀ ਵਰਣਾਂ ਜਾਤੀਆਂ ਦੇ ਰੂਪ 'ਚ ਕੀਤੀ ਗੈਰ ਕੁਦਰਤੀ ਵੰਡ ਹੈ, ਬੁੱਧ ਧਰਮ ਦੀ ਫਿਲਾਸਫੀ ਹੈ, ਬ੍ਰਾਹਮਣ ਧਰਮ ਦੇ ਪੈਰੋਕਾਰਾਂ ਵੱਲੋਂ ਬੋਧੀਆਂ ਦੇ ਕੀਤੇ ਸਮੂਹਿਕ ਨਰਸੰਘਾਰ ਹਨ, ਮੁਸਲਿਮ ਹਮਲਾਵਰਾਂ ਦੇ ਹਮਲੇ, ਹਿੰਦੂ ਰਾਣੀਆਂ ਦੇ ਪੇਟੋਂ ਪੈਦਾ ਹੁੰਦੇ ਮੁਗਲ ਬਾਦਸ਼ਾਹਾਂ ਦਾ ਸੱਚ ਹੈ, ਅੰਗਰੇਜ਼ਾਂ ਨੂੰ ਹਿੰਦੋਸਤਾਨ ਜਿੱਤਣ ਵਿਚ ਮਦਦ ਕਰਦੇ ਸੇਠ ਜਗਤ ਵਰਗੇ ਲੋਕਾਂ ਦਾ ਵੇਰਵਾ ਹੈ, ਅੰਗਰੇਜ਼ਾਂ ਦੀ ਝੋਲੀ ਚੁੱਕਦੇ ਉਚ ਖਾਨਦਾਨੀਏ ਹਿੰਦੂ, ਸਿੱਖ ਤੇ ਮੁਸਲਮਾਨ ਹਨ, ਦੇਸ਼ ਦੀ ਵੰਡ ਦੇ ਨਾਂ ਹੇਠ ਮਨੁੱਖੀ ਸਭਿਅਤਾ ਦੀ ਅਣਮਨੁੱਖੀ ਵੰਡ ਹੈ ਤੇ ਵੰਡ ਤੋਂ ਬਾਅਦ ਕੱਟੜਵਾਦੀਆਂ ਵਲੋਂ ਨਵੇਂ ਪਾਕਿਸਤਾਨਾਂ ਦੀ ਸਿਰਜਣਾ ਲਈ ਢਾਹੇ ਤੇ ਉਸਾਰੇ ਜਾਂਦੇ ਨਵੇਂ ਧਰਮ ਅਸਥਾਨਾਂ ਦਾ ਜ਼ਿਕਰ ਹੈ। ਦੇਸ਼ 'ਚ ਲੱਗਦੇ ਫਿਰਕੂ ਨਾਅਰਿਆਂ ਦਾ ਸ਼ੋਰ, ਅੱਗ ਉਗਲਦੇ ਭਾਸ਼ਣਾਂ ਦੀ ਜ਼ਹਿਰੀਲੀ ਹਵਾ ਅਤੇ ਲਿਸ਼ਕਦੀਆਂ ਛੁਰੀਆਂ ਤੇ ਤਲਵਾਰਾਂ ਦਾ ਖੌਫ ਹੈ।

ਨਾਵਲ 'ਚ ਪੇਸ਼ ਹੋਏ ਕਈ ਸੱਚ ਤਾਂ ਐਨੇ ਕੌੜੇ ਹਨ ਕਿ ਕੱਟੜਵਾਦੀਆਂ ਦੇ ਹਜ਼ਮ ਆਉਣੇ ਬੜੇ ਔਖੇ ਹਨ, ਜਿਵੇਂ "ਇਕਬਾਲ (ਆਲਾਮਾ ਮੁਹੰਮਦ ਇਕਬਾਲ-ਸਾਰੇ ਜਹਾਂ ਸੇ ਅੱਛਾ ਵਾਲਾ) ਬਹੁਤ ਵੱਡਾ ਸ਼ਾਇਰ ਸੀ, ਪਰ ਆਪਣੇ 'ਹਿੰਦੂ' ਲਹੂ ਨੂੰ ਸੰਭਾਲ ਨਾ ਸਕਣ ਤੇ ਉਸ ਤੋਂ ਬਗਾਵਤ ਕਾਰਨ ਉਹ ਬਹੁਤ ਬੇਹੁਦਾ ਤੇ ਪਖੰਡੀ ਆਦਮੀ ਬਣ ਗਿਆ ਸੀ।"

'ਹਿੰਦੂ ਕਿਸੇ ਤੋਂ ਨਹੀਂ ਡਰਦਾ। ਉਹ ਸਿਰਫ ਤਾਕਤਵਰ ਦੀ ਤਾਕਤ ਤੋਂ ਡਰਦਾ ਹੈ।' ਆਪਣੇ ਇਸ ਕਥਨ ਦੀ ਸੱਚਾਈ 'ਚ ਨਾਵਲਕਾਰ ਦਾਰਾ ਸ਼ਿਕੋਹ ਦੇ ਹਿੰਦੂ ਸਹੁਰੇ ਕੱਛ ਦੇ ਰਾਜਾ ਰਾਵ ਦੀ ਮਿਸਾਲ ਦਿੰਦਾ ਹੈ, ਜਿਸ ਨੇ ਆਪਣੀ ਕੁੜੀ ਦੀ ਸ਼ਾਦੀ ਦਾਰਾ ਸ਼ਿਕੋਹ ਨਾਲ ਕੀਤੀ, ਪਰ ਔਰੰਗਜ਼ੇਬ ਦਾ ਸਾਥ ਦੇ ਕੇ ਧੋਖੇ ਅਤੇ ਗੱਦਾਰੀ ਨਾਲ ਦਾਰਾ ਸ਼ਿਕੋਹ ਨੂੰ ਗ੍ਰਿਫਤਾਰ ਕਰਵਾ ਦਿੱਤਾ।

ਇਸੇ ਤਰ੍ਹਾਂ ਉਹ ਲਿਖਦਾ ਹੈ ਕਿ ਹਰ ਹਿੰਦੂ ਰਾਜਾ ਆਪਣੀ ਲੜਕੀ ਨੂੰ ਇਕ ਮਹਿਕਦੇ ਗੁਲਦਸਤੇ ਵਾਂਗ ਸਿਆਸਤ ਦੇ ਬਾਜ਼ਾਰ ਵਿਚ ਨਿਲਾਮ ਕਰ ਰਿਹਾ ਸੀ।

ਨਾਵਲ ਹਰ ਸੂਝਵਾਨ ਪਾਠਕ ਨੂੰ ਪੜ੍ਹਨਾ ਚਾਹੀਦਾ ਹੈ ਤੇ ਗੈਰ-ਸੂਝਵਾਨਾਂ ਨੂੰ ਇਸ ਤੋਂ ਵੀ ਜਰੂਰੀ, ਤਾਂ ਜੋ ਉਨ੍ਹਾਂ ਅੰਦਰਲਾ 'ਹਿੰਦੂ-ਮੁਸਲਮਾਨ' ਦਾ ਭੂਤ ਨਿਕਲ ਸਕੇ। ਨਾਵਲਕਾਰ ਸਾਨੂੰ ਉਂਗਲ ਫੜ੍ਹ ਕੇ ਦੁਨੀਆਂ ਦੇ ਇਤਿਹਾਸ 'ਤੇ ਸਮਕਾਲ ਨਾਲ ਮਿਲਾ ਦਿੰਦਾ ਹੈ। ਇਤਿਹਾਸ ਨਾਵਲ ਵਿਚ ਕਿਵੇਂ ਆਉਂਦਾ ਹੈ ਜਾਂ ਕਿਵੇਂ ਆਉਣਾ ਚਾਹੀਦਾ ਹੈ? ਕਮਲੇਸ਼ਵਰ ਦਾ ਇਹ ਨਾਵਲ ਪੜ੍ਹ ਕੇ ਪਤਾ ਲੱਗਦਾ ਹੈ। ਪੰਜਾਬੀ ਦੇ ਵਧੇਰੇ ਇਤਿਹਾਸਕ ਤੇ ਮਿਥਿਹਾਸਕ ਨਾਵਲ ਇਸ ਇਕੱਲੇ ਨਾਵਲ ਤੋਂ ਵਾਰੇ ਜਾ ਸਕਦੇ ਹਨ। ਥਾਂ ਪੁਰ ਥਾਂ ਬਿਆਨ ਐਨਾ ਰੌਚਕ, ਕਲਾਸਿਕ ਤੇ ਪਾਰ-ਕਾਲੀ ਹੈ ਕਿ ਪਾਠਕ ਅਚੰਭਿਤ ਰਹਿ ਜਾਂਦਾ ਹੈ। ਨਾਵਲ ਦਿਮਾਗ ਦੇ ਬੰਦ ਪਏ ਸਾਰੇ ਕਪਾਟ ਖੋਲ੍ਹਣ ਦੇ ਸਮਰੱਥ ਹੈ। ਨਾਵਲ ਅੰਦਰਲਾ ਕੌੜਾ ਸੱਚ ਪੜ੍ਹ ਕੇ ਹੈਰਾਨੀ ਹੁੰਦੀ ਹੈ ਕਿ ਇਸ ਨੂੰ 'ਸਾਹਿਤ ਅਕਾਡਮੀ ਦਾ ਸਰਕਾਰੀ ਐਵਾਰਡ' ਕਿਵੇਂ ਮਿਲ ਗਿਆ!

ਨਾਵਲ ਸਾਨੂੰ ਦੱਸਦਾ ਹੈ ਕਿ ਇਤਿਹਾਸ ਦੀ ਛੋਟੀ ਜਿਹੀ ਗਲਤੀ ਦਾ ਬਹੁਤ ਵੱਡਾ ਖਮਿਆਜ਼ਾ ਆਉਣ ਵਾਲੀਆਂ ਨਸਲਾਂ ਨੂੰ ਭੁਗਤਣਾ ਪੈਂਦਾ ਹੈ। 'ਲਮਹੋਂ ਨੇ ਖਤਾ ਕੀ, ਸਦੀਓਂ ਨੇ ਸਜ਼ਾ ਪਾਈ' ਵਾਂਗ ਅਸੀਂ ਵਰਤਮਾਨ 'ਚ ਜੋ ਪੀੜ ਹੰਢਾਈ ਹੈ, ਇਸ ਦੇ ਬੀਜ ਸਦੀਆਂ ਪਹਿਲਾਂ ਬੀਜੇ ਗਏ ਸਨ। ਸਮੇਂ ਸਮੇਂ 'ਤੇ ਹਾਕਮਾਂ ਨੇ ਇਨ੍ਹਾਂ ਬੀਜਾਂ ਨੂੰ ਵੰਡ ਦਾ ਇਕ ਵੱਡਾ ਰੁੱਖ ਬਣਾਉਣ ਲਈ ਪਾਣੀ ਤੇ ਖਾਦ ਪਾਈ ਹੈ।

ਪੇਸ਼ ਹੈ, ਲੇਖਕ ਦੀ ਬਿਆਨੀ ਦਾ ਇਕ ਹੋਰ ਸ਼ਾਨਦਾਰ ਨਮੂਨਾ,

"ਚਾਂਦਨੀ ਚੌਕ ਵਿਚ ਹੁਣ ਨੇਜ਼ੇ 'ਤੇ ਟੰਗਿਆ ਦਾਰਾ ਸ਼ਿਕੋਹ ਦਾ ਸਿਰ ਹੀ ਨਹੀਂ ਹੱਸ ਰਿਹਾ ਏ, ਸਗੋਂ ਗੁਰੂ ਤੇਗ ਬਹਾਦਰ ਦਾ ਸਿਰ ਕੱਟਣ ਦੇ ਬਾਵਜੂਦ ਝੁਕਣ ਅਤੇ ਧਰਤੀ 'ਤੇ ਡਿੱਗਣ ਤੋਂ ਇਨਕਾਰ ਕਰ ਰਿਹਾ ਹੈ। ਉਨ੍ਹਾਂ ਦਾ ਲਹੂ ਬਾਰੂਦ ਵਿਚ ਬਦਲ ਗਿਆ ਹੈ ਤੇ ਉਹ ਇਕ ਅੱਗ ਦੇ ਗੋਲੇ ਵਾਂਗ ਤੇਜ਼ੀ ਨਾਲ ਘੁੰਮ ਰਿਹਾ ਹੈ, ਜਿਸ ਦੀ ਵਜ੍ਹਾ ਤੋਂ ਹਨੇਰੀਆਂ ਦੇ ਜਥੇ ਨਿਕਲ ਪਏ ਹਨ...।"

ਨਾਵਲ ਇਤਿਹਾਸ ਨੂੰ ਪੜ੍ਹਨ ਤੇ ਨਵੇਂ ਜਾਵੀਏ ਤੋਂ ਸਮਝਣ ਦੀ ਸੂਝ ਵੀ ਦਿੰਦਾ ਹੈ।

# ਕਾਗਹੁ ਹੰਸ ਕਰਹਿ

ਗੁਰਿੰਦਰਜੀਤ ਸਿੰਘ 'ਨੀਟਾ ਮਾਛੀਕੇ'
ਫੋਨ: 559-333-5776

ਪ੍ਰੋ. ਧਰਮਵੀਰ ਸਿੰਘ ਚੱਠਾ ਦੀ ਪੁਸਤਕ "ਕਾਗਹੁ ਹੰਸ ਕਰਹਿ" 'ਬਠਿੰਡੇ ਵਾਲੇ ਕਾਂ' ਦੇ ਨਾਮ ਨਾਲ ਮਸ਼ਹੂਰ ਬਦਮਾਸ਼ ਦੇ ਜੀਵਨ 'ਤੇ ਆਧਾਰਤ ਹੈ ਕਿ ਕਿਵੇਂ ਬੰਦੇ ਦੀ ਜ਼ਿੰਦਗੀ ਬਦਲਦਿਆਂ ਦੇਰ ਨਹੀਂ ਲਗਦੀ ਅਤੇ ਗੁਰੂ ਦੀ ਮਿਹਰ ਸਦਕਾ ਵਿਗੜੇ ਬਦਮਾਸ਼ ਤੋਂ ਰਜਿੰਦਰਪਾਲ ਸਿੰਘ ਖਾਲਸਾ ਬਣ ਗਿਆ। ਕਾਂ ਦੀ ਜੀਵਨੀ 'ਤੇ ਆਧਾਰਤ 112 ਪੰਨਿਆਂ ਦੀ ਇਸ ਪੁਸਤਕ ਵਿਚ ਲੇਖਕ ਨੇ ਸਾਰੇ ਬਿਰਤਾਂਤ ਬਹੁਤ ਵਧੀਆ ਤਰੀਕੇ ਨਾਲ ਕਲਮਬੰਧ ਕੀਤੇ ਹਨ। ਲੇਖਕ ਦੀ ਸਰਲ ਲੇਖਣੀ ਪਾਠਕ ਨੂੰ ਆਪਣੇ ਨਾਲ ਉਂਗਲ ਫੜ ਕੇ ਤੋਰਨ ਦੀ ਸਮਰੱਥਾ ਰੱਖਦੀ ਹੈ। ਬਠਿੰਡੇ ਵਾਲੇ ਕਾਂ ਤੋਂ ਰਜਿੰਦਰਪਾਲ ਸਿੰਘ ਖਾਲਸਾ ਦੇ ਸਫਰ ਦੀ ਪੂਰੀ ਕਹਾਣੀ ਇਉਂ ਹੈ:

ਰੱਬ ਨੇ ਇਨਸਾਨ ਨੂੰ ਇਸ ਦੁਨੀਆਂ 'ਤੇ ਫਰਿਸ਼ਤਾ ਬਣਾ ਕੇ ਭੇਜਿਆ ਹੈ। ਕਈ ਵਾਰ ਇਨਸਾਨ ਦੀ ਜ਼ਿੰਦਗੀ ਲਫਜ਼ਾਂ ਦੇ ਪਹਿਰਾਵੇ ਤੋਂ ਬਾਹਰ ਚਲੀ ਜਾਂਦੀ ਹੈ। ਜਿਸ ਮਾਹੌਲ ਵਿਚੋਂ ਤੁਸੀਂ ਗੁਜ਼ਰਦੇ ਹੋ, ਉਸੇ ਨਾਲ ਹੀ ਤੁਰ ਪੈਂਦੇ ਹੋ। ਵਕਤ ਦਾ ਝੰਬਿਆ ਮਨੁੱਖ ਸਮਾਜ ਵਿਚ ਆਪਣੇ ਫਰਜ਼ ਨਹੀਂ ਨਿਭਾ ਸਕਦਾ। ਬੁਰੇ ਦੌਰ ਦੀ ਜਦੋਂ ਚੱਕੀ ਚਲਦੀ ਹੈ ਤਾਂ ਲੋਕ ਤੁਹਾਨੂੰ ਵੇਖ ਕੇ ਘਰਾਂ ਨੂੰ ਜਿੰਦਰੇ ਮਾਰ ਲੈਂਦੇ ਹਨ। ਵਕਤ ਦੀਆਂ ਕਰਵਟਾਂ ਆਪਣਾ ਫਰਜ਼ ਨਿਭਾਉਂਦੀਆਂ ਰਹਿੰਦੀਆਂ ਹਨ। ਵਕਤ ਤੋਂ ਖੁੰਝਣਾ ਤੁਰਨਾ ਨਹੀਂ, ਭਟਕਣਾ ਰਹਿ ਜਾਂਦਾ ਹੈ। ਮੈਂ ਗੱਲ ਕਰਨ ਲੱਗਾ ਹਾਂ ਉਸ ਸ਼ਖਸ ਦੀ, ਜੋ ਜ਼ਿੰਦਗੀ ਦੀ ਮੰਜ਼ਿਲ ਤੋਂ ਭਟਕ ਕੇ ਮੁੜ ਗੁਰੂਆਂ ਵੱਲੋਂ ਦੱਸੇ ਮਾਰਗ 'ਤੇ ਆਣ ਖਲੋਤਾ।


1997 ਤੋਂ ਲੈ ਕੇ 2007 ਤੱਕ ਖੌਫ ਦਾ ਦੂਜਾ ਨਾਂ 'ਬਠਿੰਡੇ ਵਾਲਾ ਕਾਂ', ਜੋ ਬਠਿੰਡੇ ਦੇ ਨਵੇਂ ਵਸੇ ਇਲਾਕੇ ਭਾਈ ਮਤੀ ਦਾਸ ਨਗਰ ਦਾ ਵਸਨੀਕ ਸੀ। ਇਕੱਲਾ ਪੁੱਤ ਮਾਪਿਆਂ ਨੇ ਬੜੇ ਹੀ ਚਾਵਾਂ ਨਾਲ ਪਾਲਿਆ ਸੀ। ਪਿਤਾ ਫੌਜ ਵਿਚ ਕੈਪਟਨ ਸੀ। ਮਾਂ-ਪਿਓ ਅਤੇ ਭੈਣਾਂ ਦੇ ਸੁਪਨੇ ਘਰ ਦੇ ਇਕਲੌਤੇ ਚਿਰਾਗ ਵਿਚ ਸਮੋਏ ਹੋਏ ਸਨ। ਪੜ੍ਹਾਈ ਦੇ ਨਾਲ ਨਾਲ ਮਾਪਿਆਂ ਨੇ ਸਰੀਰ ਨੂੰ ਤੰਦਰੁਸਤ ਰੱਖਣ ਲਈ ਬਾਬੇ ਫਰੀਦ ਦੇ ਅਖਾੜੇ ਫਰੀਦਕੋਟ ਭੇਜਿਆ। ਕੋਚ ਜਗਦੇਵ ਸਿੰਘ ਨੇ ਉਸ ਨੂੰ ਮਾਨਸਿਕ ਅਤੇ ਸਰੀਰਕ ਤੌਰ 'ਤੇ ਤਿਆਰ ਕੀਤਾ। ਭਲਵਾਨੀ ਕਰਦਿਆਂ ਉਸ ਨੇ ਕੁਝ ਜਿੱਤਾਂ ਵੀ ਦਰਜ ਕੀਤੀਆਂ। ਸਟੇਟ ਲੈਵਲ 'ਤੇ ਘੁਲਣ ਪਿਛੋਂ ਜਦੋਂ ਉਹੋ ਵਾਪਸ ਬਠਿੰਡੇ ਆਇਆ, ਉਸ ਉਪਰੋਂ ਭਲਵਾਨੀ ਦਾ ਨਸ਼ਾ ਉਤਰਨ ਲੱਗਾ। ਘਰ ਦਾ ਮਾਹੌਲ ਬੇਹੱਦ ਧਾਰਮਿਕ ਸੀ। ਕਾਂ ਸ਼ੁਰੂ ਤੋਂ ਹੀ ਭਿੰਡਰਾਂਵਾਲੇ ਸੰਤਾਂ ਦਾ ਉਪਾਸ਼ਕ ਸੀ, ਪਰ ਉਸ ਉਪਰ ਫਿਲਮਾਂ ਦਾ ਪ੍ਰਭਾਵ ਹੋਣ ਕਰਕੇ ਸੰਜੇ ਦੱਤ ਵਾਂਗ ਲੰਮੇ ਵਾਲ ਰੱਖੇ ਹੋਏ ਸਨ। ਇੱਥੇ ਉਸ ਦੀ ਸਮਝ ਗੋਤਾ ਖਾ ਗਈ। ਬਣਨਾ ਤਾਂ ਉਸ ਨੂੰ ਨਾਇਕ ਚਾਹੀਦਾ ਸੀ, ਪਰ ਸੁਪਨੇ ਖਲਨਾਇਕ ਬਣਨ ਦੇ ਲੈਣ ਲੱਗ ਪਿਆ।


ਧਰਮਵੀਰ ਸਿੰਘ ਚੱਠਾ

ਪੌਲੀਟੈਕਨਿਕ ਕਾਲਜ, ਬਠਿੰਡਾ ਪੜ੍ਹਦਿਆਂ ਭਾਗੂ ਰੋਡ 'ਤੇ ਇੱਕ ਗਹਿਗੱਚ ਲੜਾਈ ਹੋਈ। ਇਸ ਲੜਾਈ ਵਿਚ ਪੁਰਾਤਨ ਹਥਿਆਰਾਂ ਨਾਲ ਪੂਰੀ ਵੱਢ-ਟੁੱਕ ਹੋਈ। ਇਸ ਪਿੱਛੋਂ ਉਸ ਦੀ ਦਲੇਰੀ ਅਤੇ ਦਹਿਸ਼ਤ ਦੇ ਚਰਚੇ ਇਲਾਕੇ ਵਿਚ ਸ਼ੁਰੂ ਹੋ ਗਏ। ਫਿਰ ਇਸ ਨਾਲ ਆਸੇ-ਪਾਸੇ ਪਿੰਡਾਂ ਦੇ ਮੁੰਡੇ ਜੁੜਨੇ ਸ਼ੁਰੂ ਹੋ ਗਏ। ਮਤੀ ਦਾਸ ਨਗਰ ਵਿਚ ਰਹਿਣ ਕਰਕੇ ਇਹ ਮਤੀ ਦਾਸ ਗਰੁੱਪ ਨਾਲ ਮਸ਼ਹੂਰ ਹੋ ਗਏ। ਸਿਆਣੇ ਕਹਿੰਦੇ, ਬਾਰੂਦ ਹੋਵੇ ਨਾ ਫਟੇ, ਤੇ ਸੂਰਮਾ ਹੋਵੇ ਪਾਸਾ ਵੱਟੇ...ਇਹ ਵੀ ਕਦੇ ਕਦੇ ਹੋ ਜਾਂਦਾ ਹੈ। ਆਪਣਿਆਂ ਵੱਲੋਂ ਰੋਕਣ ਦੇ ਬਾਵਜੂਦ ਦੁਸ਼ਮਣ ਨੂੰ ਕਮਜ਼ੋਰ ਸਮਝਣ ਵਾਲੀ ਬੇਸਮਝੀ ਦਾ ਸ਼ਿਕਾਰ ਹੋ ਗਿਆ। ਪੰਪ 'ਤੇ ਇਕੱਲਾ ਤੇਲ ਪਵਾਉਂਦਾ ਮਾਰ ਖਾ ਗਿਆ।

ਜ਼ਖਮਾਂ ਦੀ ਪੀੜ ਨੇ ਸਰੀਰ ਦੀ ਤਾਕਤ ਅਤੇ ਦਲੇਰੀ ਨੂੰ ਇਹੋ ਜਿਹਾ ਕੁਰਾਹੇ ਪਾਇਆ, ਉਸ ਦੀ ਲੰਮੀ ਡਾਂਗ ਵਾਲਾ ਚੰਡਿਆ ਹੋਇਆ ਗੰਡਾਸਾ ਦਸ ਸਾਲ ਖੁੰਢਾ ਨਹੀਂ ਹੋਇਆ। ਉਸ ਨੇ ਵਿਰੋਧੀ ਗੁੱਟਾਂ ਨਾਲ ਅਨੇਕਾਂ ਹੀ ਲੜਾਈਆਂ ਲੜੀਆਂ-ਚਾਹੇ ਉਹ ਕਾਲਜ ਦੀ ਪ੍ਰਧਾਨਗੀ ਹੋਵੇ, ਯਾਰੀ ਪਿੱਛੇ ਜ਼ਮੀਨ ਦੇ ਕਬਜ਼ੇ, ਟਰੱਕ ਯੂਨੀਅਨ ਦੀ ਪ੍ਰਧਾਨਗੀ, ਪਿੰਡ ਦੀ ਸਰਪੰਚੀ, ਮਿਨੀ ਬੱਸਾਂ ਦੇ ਟਾਈਮ ਦੇ ਮਸਲੇ, ਚੋਣਾਂ ਆਦਿ! ਇੱਕ ਵਾਰੀ ਕਾਲਜ ਦੀ ਪ੍ਰਧਾਨਗੀ ਸਮੇਂ ਅਨੇਕਾਂ ਮੁੰਡਿਆਂ ਦੀ ਮੌਜੂਦਗੀ ਵਿਚ ਸਿਰਫ ਦੋ ਮੁੰਡਿਆਂ ਨੂੰ ਨਾਲ ਲੈ ਕੇ ਪੋਸਟਰ ਲੈ ਆਏ ਸਨ, ਤੇ ਇਨ੍ਹਾਂ ਪੋਸਟਰਾਂ ਨੂੰ ਉਤਾਰਨ ਦੀ ਕਿਸੇ ਨੇ ਕੋਸ਼ਿਸ਼ ਨਹੀਂ ਸੀ ਕੀਤੀ।

ਅਖੀਰਲੀ ਗੱਲ ਕਿ ਇਲਾਕੇ ਦੀ ਹਰ ਬਦਮਾਸ਼ੀ ਵਿਚ ਕਾਂ ਨੇ ਆਪਣਾ ਦਬਦਬਾ ਬਣਾਈ ਰੱਖਿਆ। ਇਨ੍ਹਾਂ ਲੜਾਈਆਂ ਦੌਰਾਨ ਕਾਂ 'ਤੇ ਅਣਗਿਣਤ ਕੇਸ ਪਏ। ਅਨੇਕਾਂ ਵਾਰ ਜੇਲ੍ਹ ਯਾਤਰਾਵਾਂ ਕੀਤੀਆਂ। ਪਹਿਲੀ ਵਾਰ ਜੇਲ੍ਹ ਦੀ ਕਾਲ ਕੋਠੜੀ ਦੀ ਠੰਢੀ ਫਰਸ਼ ਨੇ ਕਾਫੀ ਤੰਗ-ਪ੍ਰੇਸ਼ਾਨ ਕੀਤਾ। ਲਗਾਤਾਰ ਜੇਲ੍ਹ ਅੰਦਰ ਆਉਣ-ਜਾਣ ਕਰਕੇ ਸਾਰਾ ਡਰ ਖਤਮ ਹੋ ਗਿਆ। ਕਾਂ ਲਈ ਜੇਲ੍ਹ ਛੁੱਟੀਆਂ ਕੱਟਣ ਵਾਲੀ ਸੁਰੱਖਿਅਤ ਥਾਂ ਬਣ ਗਈ। ਜੇਲ੍ਹ ਅੰਦਰ ਹਰ ਤਰ੍ਹਾਂ ਦੀ ਬੁਰਾਈ ਨਾਲ ਜੁੜੇ ਇਨਸਾਨ ਨਾਲ




ਵਾਹ ਪਿਆ। ਪੈਸੇ ਅਤੇ ਦਬਦਬੇ ਵਾਲੇ ਇਨਸਾਨ ਲਈ ਜੇਲ੍ਹ ਦੇ ਕੋਈ ਵੀ ਅਰਥ ਨਹੀਂ ਹਨ। ਇਹ ਸੁਧਾਰ ਘਰ ਦੀ ਥਾਂ ਬਿਮਾਰ ਘਰ ਬਣ ਗਏ ਹਨ। ਹੌਲੀ ਹੌਲੀ ਮਤੀ ਦਾਸ ਗਰੁੱਪ ਨਸ਼ਿਆਂ ਦਾ ਸ਼ਿਕਾਰ ਹੋ ਗਿਆ। ਫਿਰ ਸਾਰਾ ਸਾਰਾ ਦਿਨ ਖੋਖਿਆਂ 'ਤੇ ਬੈਠ ਕੇ ਸਿਗਰਟ, ਬੀੜੀ, ਫੈਂਸੀ, ਜਰਦੇ ਅਤੇ ਹੋਰ ਅਨੇਕਾਂ ਕਿਸਮ ਦੇ ਨਸ਼ੇ ਚੱਲਦੇ। ਵੇਚਣ ਵਾਲਿਆਂ ਦੀ ਚਾਂਦੀ ਤੇ ਮਾਂਵਾਂ ਦੇ ਪੁੱਤਾਂ ਦੀ ਬਰਬਾਦੀ; ਨਸ਼ਿਆਂ ਦਾ ਕੋਈ ਟਿਕਾਣਾ ਨਾ ਰਿਹਾ। ਗੱਲ ਖਤਮ ਕਿ ਭੈਣਾਂ ਦੀਆਂ ਡੋਲੀਆਂ ਤੋਰਨ ਵੇਲੇ ਵੀ ਨਸ਼ੇ ਵਿਚ ਗੁਲਤਾਨ ਰਿਹਾ। ਲੋਹੇ ਵਰਗਾ ਸਰੀਰ ਸੁੱਕ ਕੇ ਪਿੰਜਰ ਬਣਦਾ ਜਾ ਰਿਹਾ ਸੀ।

ਕਾਂ ਦਾ ਵਿਆਹ 2006 ਵਿਚ ਬੀਬੀ ਸੁਖਪਾਲ ਕੌਰ ਨਾਲ ਹੋਇਆ। ਉਹ ਪਰਮਾਤਮਾ 'ਤੇ ਵਿਸ਼ਵਾਸ ਰੱਖਣ ਵਾਲੀ ਧਾਰਮਿਕ ਕੁੜੀ ਸੀ। ਇਸ ਤਰ੍ਹਾਂ ਨਸ਼ੇ ਦੀ ਮਦਹੋਸ਼ੀ ਵਿਚ ਕਾਂ ਦਾ ਐਕਸੀਡੈਂਟ ਹੋ ਗਿਆ। ਹਸਪਤਾਲ ਵਿਚ ਉਸ ਦੀ ਦੋਸਤੀ ਹਰਪਿੰਦਰ ਸਿੰਘ ਗਿਆਨੀ ਨਾਲ ਹੋਈ। ਉਹ ਧਾਰਮਿਕ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀਆਂ ਕਿਤਾਬਾਂ ਪੜ੍ਹਨ ਦਾ ਸ਼ੌਕੀਨ ਸੀ। ਉਸ ਨੇ ਸੰਤਾਂ ਬਾਰੇ ਕੁਝ ਕਿਤਾਬਾਂ ਪੜ੍ਹਨ ਲਈ ਦਿੱਤੀਆਂ। ਅਸਲ ਵਿਚ ਇਹ ਦੁਰਘਟਨਾ ਨਹੀਂ ਸੀ, ਸਗੋਂ ਇਸ ਦੁਰਘਟਨਾ ਨੇ ਉਸ ਦੀ ਜ਼ਿੰਦਗੀ ਨੂੰ ਇੱਕ ਨਵਾਂ ਮੋੜ ਦਿੱਤਾ। ਮਾਂ-ਪਿਓ ਅਤੇ ਘਰ ਵਾਲੀ ਦੀਆਂ ਅਰਦਾਸਾਂ ਨੂੰ ਬੂਰ ਪੈਣਾ ਸ਼ੁਰੂ ਹੋ ਗਿਆ। ਹੌਲੀ ਹੌਲੀ ਉਸ ਦੇ ਅੰਦਰਲੇ ਇਨਸਾਨ ਨੇ ਜਾਗਣਾ ਸ਼ੁਰੂ ਕਰ ਦਿੱਤਾ। ਲੰਬਾ ਸਮਾਂ ਉਸ ਦੇ ਅੰਦਰ ਨੇਕੀ ਅਤੇ ਬਦੀ ਦੀ ਲੜਾਈ ਹੋਈ। ਗੁਰੂ ਭਰੋਸੇ ਉਸ ਦੇ ਅੰਦਰਲੇ ਸ਼ਿੱਦਕ ਨੇ ਇੱਕ ਦਿਨ ਬੁਰਾਈ ਨੂੰ ਹਰਾ ਦਿੱਤਾ। ਜਿਸ ਦੇ ਬਾਪ ਦਾ ਸਿਰੜ ਸਰਹੱਦਾਂ ਦੀਆਂ ਲਕੀਰਾਂ ਬਦਲ ਦਿੰਦਾ ਹੋਵੇ, ਉਸ ਦੇ ਪੁੱਤਰ ਦੀ ਜ਼ਿੰਦਗੀ ਬਦਲਣੀ ਕੋਈ ਵੱਡੀ ਗੱਲ ਨਹੀਂ ਸੀ।

ਖੂੰਖਾਰੂ ਬਿਰਤੀ ਵਾਲਾ ਕਾਂ 2014 ਵਿਚ ਆਪਣੇ ਦੋਵੇਂ ਪੁੱਤਰਾਂ ਅਤੇ ਧਰਮ ਪਤਨੀ ਨਾਲ ਅੰਮ੍ਰਿਤਪਾਨ ਕਰਕੇ ਨਿਮਰਤਾ ਦਾ ਪੁੰਜ ਰਜਿੰਦਰਪਾਲ ਸਿੰਘ ਖਾਲਸਾ ਬਣ ਗਿਆ। ਇਸ ਵਿਚ ਆਪਣੇ ਮਾਂ ਬਾਪ ਅਤੇ ਪੁਰਖਿਆਂ ਦਾ ਅਣਖੀ ਅਤੇ ਜੁਝਾਰੂ ਖੂਨ ਸੀ, ਜਿਸ ਨੂੰ ਇਸ ਨੇ ਸਹੀ ਰਸਤੇ 'ਤੇ ਲਿਆ ਖੜਾ ਕੀਤਾ। ਰਜਿੰਦਰਪਾਲ ਸਿੰਘ ਖਾਲਸਾ ਦੀ ਆਪਣੇ ਗੁਨਾਹ ਕਬੂਲਣ ਵਾਲੀ ਦਲੇਰੀ ਦੀ ਦਾਦ ਦੇਣੀ ਬਣਦੀ ਹੈ। ਹੁਣ ਉਸ ਦੀ ਜ਼ਿੰਦਗੀ ਦਾ ਹੁਸੀਨ ਸਫਰ ਜ਼ਿੰਦਗੀ ਦੀਆਂ ਨਵੀਆਂ ਲੀਹਾਂ ਵੱਲ ਤੁਰ ਪਿਆ ਹੈ।

ਅਨੰਦ ਦੀ ਪ੍ਰਾਪਤੀ ਵੱਲ ਤੁਰੇ ਗੁਰਸਿੱਖ ਦਾ ਰਸਤਾ ਕਦੇ ਖਤਮ ਨਹੀਂ ਹੁੰਦਾ, ਮੈਂ ਆਸ ਕਰਦਾਂ ਕਿ ਜੁਝਾਰੂ ਨੌਜਵਾਨ ਸਮਾਜ ਦੀਆਂ ਬੁਰੀਆਂ ਨਾਲ ਲੜ ਕੇ ਇੱਕ ਨਵਾਂ ਇਤਿਹਾਸ ਲਿਖੇਗਾ। ਸਾਡੇ ਸਮਾਜ ਨੂੰ ਇਸ ਵੀਰ ਦੇ ਕੌੜੇ ਤਜਰਬਿਆਂ ਦਾ ਲਾਭ ਲੈਣਾ ਚਾਹੀਦਾ ਹੈ। ਇਸ ਵੀਰ ਨੂੰ ਪਿੰਡਾਂ ਵਿਚ ਸਤਿਕਾਰ ਦੇ ਕੇ ਪ੍ਰੋ. ਧਰਮਵੀਰ ਚੱਠਾ ਵੱਲੋਂ ਲਿਖੀ ਕਿਤਾਬ "ਕਾਗਹੁ ਹੰਸੁ ਕਰੇਇ" ਉਪਰ ਸੈਮੀਨਰ ਕਰਵਾਉਣੇ ਚਾਹੀਦੇ ਹਨ ਅਤੇ ਨੌਜਵਾਨਾਂ ਅੰਦਰ ਇਹ ਕਿਤਾਬ ਜਾਗ੍ਰਿਤੀ ਵਜੋਂ ਵੰਡਣੀ ਚਾਹੀਦੀ ਹੈ, ਤਾਂ ਜੋ ਲੋਕਾਂ ਦੇ ਪੁੱਤ ਆਪਣੀ ਕੀਮਤੀ ਜ਼ਿੰਦਗੀ ਤੋਂ ਭਟਕ ਕੇ ਬਰਬਾਦੀ ਤੋਂ ਬਚ ਸਕਣ।

# ਮੌਤ ਨਾਲ ਸਤਰੰਜ਼ ਖੇਡਦੀ ਜ਼ਿੰਦਗੀ ਦੀ ਬਾਤ 'ਸੈਵਨਥ ਸੀਲ'

## ਵਿਰਾਸਤ-ਏ-ਸਿਨੇਮਾ



ਡਾ. ਕੁਲਦੀਪ ਕੌਰ
ਫੋਨ: +91-98554-04330

***ਡਾ. ਕੁਲਦੀਪ ਕੌਰ ਇਸ ਕਾਲਮ ਰਾਹੀਂ ਸੰਸਾਰ ਸਿਨੇਮਾ ਦੇ ਉਨ੍ਹਾਂ ਫਿਲਮਸਾਜ਼ਾਂ ਦੀ ਸਿਰਜਣਾ ਬਾਰੇ ਸੰਵਾਦ ਰਚਾ ਰਹੇ ਹਨ, ਜਿਨ੍ਹਾਂ ਲਈ ਫਿਲਮਾਂ ਬਣਾਉਣਾ ਸਾਹ ਲੈਣ ਵਾਂਗ ਹੈ। ਐਤਕੀਂ ਸਵੀਡਨ ਦੇ ਸਰਕਰਦਾ ਫਿਲਮਸਾਜ਼ ਇੰਗਮਾਰ ਬਰਗਮੈਨ ਦੀ ਫਿਲਮ 'ਦਿ ਸੈਵਨਥ ਸੀਲ' ਬਾਰੇ ਚਰਚਾ ਕੀਤੀ ਗਈ ਹੈ। ਇਸ ਫਿਲਮ ਵਿਚ ਮੌਤ ਦੇ ਰਹੱਸ ਅਤੇ ਧੜਕਦੀ ਜ਼ਿੰਦਗੀ ਦੀਆਂ ਦਾਰਸ਼ਨਿਕ ਗੱਲਾਂਬਾਤਾਂ ਹਨ। -ਸੰਪਾਦਕ***

ਫਿਲਮਸਾਜ਼ ਇੰਗਮਾਰ ਬਰਗਮੈਨ ਦੀ ਫਿਲਮ 'ਦਿ ਸੈਵਨਥ ਸੀਲ' ਵਿਚ ਇੱਕ ਕਿਰਦਾਰ ਮੌਤ ਤੋਂ ਜਵਾਬ-ਤਲਬੀ ਕਰ ਰਿਹਾ ਹੈ। ਪਿਆਰ ਤੇ ਰੱਬ ਤੋਂ ਬਾਅਦ ਮੌਤ ਤੀਜੀ ਅਜਿਹੀ ਬੁਝਾਰਤ ਹੈ ਜਿਸ ਨੇ ਮਨੁੱਖੀ ਚੇਤਨਾ, ਹੋਂਦ ਤੇ ਆਜ਼ਾਦੀ ਨੂੰ ਹਜ਼ਾਰਾਂ ਵਾਰੀ ਸੂਈ ਦੇ ਨੱਕੇ 'ਚੋਂ ਲੰਘਾਇਆ ਹੈ। ਫਿਲਮ ਦੇ ਪਿਛੋਕੜ ਵਿਚ ਫਿਲਮਸਾਜ਼, ਸਵੀਡਨ 'ਚ ਫੈਲੀ 'ਬਲੈਕ ਡੈੱਥ' (ਪਲੇਗ) ਦੀ ਦਹਿਸ਼ਤ ਨੂੰ ਫਿਲਮ ਦੇ ਕਿਰਦਾਰਾਂ, ਕਥਾਨਕ ਅਤੇ ਬਿਰਤਾਂਤ ਨਾਲ ਖੇਡਣ ਦਾ ਮੌਕਾ ਦਿੰਦਾ ਹੈ। ਉਹਨਾਂ ਸਮਿਆਂ ਦੇ ਚੱਕਰਵਿਊ ਵਿਚ ਫਸਿਆ ਪਰ ਜੰਗ ਵਿਚੋਂ ਸਾਬਤ-ਸਬੂਤ ਬਚਿਆ ਐਨਟੋਨੀਅਸ ਬਲਾਕ ਪਾਦਰੀ ਦੇ ਰੂਪ ਵਿਚ ਲੁਕੀ ਖੜ੍ਹੀ ਅਤੇ ਉਸ ਦੀ ਪੈੜ-ਚਾਲ ਨੱਪਦੀ ਆ ਰਹੀ ਮੌਤ ਤੋਂ ਪੁੱਛਦਾ ਹੈ:

"ਕਿਉਂ ਬੰਦਾ ਆਪਣੀ ਚੇਤਨਾ ਦੇ ਸਿਰ 'ਤੇ ਹੀ ਰੱਬ ਨੂੰ ਪ੍ਰਾਪਤ ਨਹੀਂ ਕਰ ਲੈਂਦਾ? ਉਹ ਆਪਣੇ-ਆਪ ਨੂੰ ਉਲਝਾਵੇਂ ਭੁਲੇਖਿਆਂ ਅਤੇ ਅਣ-ਕਿਆਸੇ ਚਮਤਕਾਰਾਂ ਵਿਚ ਕਿਉਂ ਲੁਕੋ ਕੇ ਰੱਖਦਾ ਹੈ? ਅਸੀਂ ਉਸ ਨੂੰ ਮੰਨਣ ਵਾਲਿਆਂ ਦਾ ਯਕੀਨ ਕਿਉਂ ਕਰੀਏ ਜਦ ਅਸੀਂ ਖੁਦ ਹੀ ਆਪਣੇ-ਆਪ 'ਤੇ ਯਕੀਨ ਨਹੀਂ ਕਰ ਸਕਦੇ? ਸਾਡੇ ਵਿਚੋਂ ਉਹਨਾਂ ਦਾ ਕੀ ਬਣੂ ਜਿਹੜੇ ਯਕੀਨ ਕਰਨਾ ਚਾਹੁੰਦੇ ਹਨ ਪਰ ਅਜਿਹਾ ਕਰਨ ਤੋਂ ਅਸਮਰਥ ਹਨ? ਤੇ ਉਹਨਾਂ ਦਾ ਕੀ ਬਣੂ ਜਿਹਨਾਂ ਨੇ ਨਾ ਯਕੀਨ ਕੀਤਾ, ਨਾ ਹੀ ਕਰਨਾ ਹੈ? ਮੈਂ ਆਪਣੇ ਅੰਦਰ ਦੇ ਰੱਬ ਨੂੰ ਹੀ ਕਤਲ ਕਿਉਂ ਨਹੀਂ ਕਰ ਦਿੰਦਾ? ਉਹ ਮੇਰੇ ਇੰਨੇ ਦਰਦ ਵਿੰਨ੍ਹੇ ਤੇ ਜ਼ਲਾਲਤ ਭਰੇ ਆਪੇ ਵਿਚ ਰਹਿਣ ਤੋਂ ਇਨਕਾਰ ਕਿਉਂ ਨਹੀਂ ਕਰ ਦਿੰਦਾ? ਮੈਂ ਉਸ ਨੂੰ ਆਪਣੇ ਦਿਲ ਦੀ ਸਾਰੀਆਂ ਕੰਧਾਂ ਤੋਂ ਮਿਟਾ ਦੇਣਾ ਚਾਹੁੰਦਾ ਪਰ ਉਹ ਹਾਸੋਹੀਣਾ ਸੱਚ ਬਣ ਕੇ ਮੇਰੇ ਦਿਲ ਵਿਚ ਧਸਿਆ ਪਿਆ ਜਿਸ ਤੋਂ ਮੇਰਾ ਖਹਿੜਾ ਨਹੀਂ ਛੁੱਟ ਸਕਦਾ। ਕੀ ਉਹ ਮੈਨੂੰ ਸੁਣ ਸਕਦਾ ਹੈ?"



ਐਨਟੋਨੀਅਸ ਬਲਾਕ ਦਾ ਕਿਰਦਾਰ ਆਧੁਨਿਕ ਆਸਤਿਕਤਾ ਵਾਲਾ ਕਿਰਦਾਰ ਹੈ। ਉਹ ਨਾ ਤਾਂ ਮੱਧਯੁੱਗੀ ਕਿਰਦਾਰਾਂ ਵਾਂਗ ਮਿੱਥਾਂ ਅਤੇ ਕਲਪਿਤ ਕਹਾਣੀਆਂ ਦੇ ਸਿਰ 'ਤੇ ਘੜੇ ਰੱਬ ਵਿਚ ਯਕੀਨ ਕਰ ਸਕਦਾ ਹੈ ਅਤੇ ਨਾ ਹੀ ਮੌਤ ਵਰਗੀ ਪਾਰਦਰਸ਼ੀ ਸੱਚਾਈ ਤੋਂ ਖਹਿੜਾ ਛੁਡਾ ਸਕਦਾ ਹੈ। ਆਧੁਨਿਕ ਮਨੁੱਖ ਨੂੰ ਇਸ ਗੱਲ ਦੀ ਸਮਝ ਹੈ ਕਿ ਉਹ ਰੱਬ ਅਤੇ ਮੌਤ ਬਾਰੇ ਜਿੰਨਾ ਮਰਜ਼ੀ ਜਾਣਨ ਦੀ ਕੋਸ਼ਿਸ਼ ਕਰੇ ਪਰ ਆਖਿਰ ਨੂੰ ਇਹਨਾਂ ਦੋਹਾਂ ਬਾਰੇ ਉਸ ਦਾ ਗਿਆਨ ਨਾ-ਮੁਕੰਮਲ ਹੀ ਰਹੇਗਾ। ਇਸ ਦੇ ਬਾਵਜੂਦ ਉਹ ਨਾ ਤਾਂ ਰੱਬ ਨੂੰ ਪਾਉਣ ਲਈ ਹੱਥ-ਪੈਰ ਮਾਰਨੇ ਬੰਦ ਕਰਦਾ ਹੈ ਅਤੇ ਨਾ ਹੀ ਮੌਤ 'ਤੇ ਜਿੱਤ ਪਾਉਣ ਲਈ ਤਿਕੜਮਾਂ ਲਗਾਉਣ ਤੋਂ ਬਾਜ਼ ਆਉਂਦਾ ਹੈ। ਉਹ ਜ਼ਿੰਦਗੀ ਭਰ ਜ਼ਿੰਦਗੀ ਦਾ ਕੈਦੀ ਬਣਿਆ ਰਹਿੰਦਾ ਹੈ ਅਤੇ ਮੌਤ ਤੋਂ ਬਾਅਦ ਮੌਤ ਦੀਆਂ ਸ਼ਰਤਾਂ ਮੰਨਣ ਲਈ ਸਰਾਪਿਆ ਹੋਇਆ ਹੈ।


ਇੱਥੇ ਫਿਲਮਸਾਜ਼ ਮੌਤ ਬਾਰੇ ਦਾਰਸ਼ਨਿਕ ਬਿਰਤਾਂਤ ਸਿਰਜਦੇ ਹੋਏ ਵੀ ਮੌਤ ਨੂੰ ਅੰਤਿਮ ਸੱਚ ਮੰਨਣ ਤੋਂ ਇਨਕਾਰ ਕਰਦਾ ਹੈ। ਉਮੀਦ ਅਤੇ ਸੰਭਾਵਨਾ ਦਾ ਮੈਟਾਫਰ ਸਿਰਜਣ ਲਈ ਉਹ ਅਜਿਹੇ ਪਰਿਵਾਰ ਨੂੰ ਫਿਲਮ ਦੀ ਦੂਜੀ ਧਿਰ ਬਣਾਉਣ ਲਈ ਚੁਣਦਾ ਹੈ ਜਿਹੜਾ ਸੁਪਨਿਆਂ ਅਤੇ ਪੁਨਰ-ਸਿਰਜਣ ਵਿਚ ਵਿਸ਼ਵਾਸ ਕਰਦਾ ਹੈ, ਤੇ ਕਲਾ ਨੂੰ ਸਮਰਪਿਤ ਹੈ। ਮੌਤ ਦੇ ਖਿਲਾਫ ਕਲਾ ਤੋਂ ਵੱਡੀ ਢਾਲ ਹੋਰ ਕੀ ਹੋ ਸਕਦੀ ਹੈ? ਇਸ ਪਰਿਵਾਰ ਵਿਚ ਵਣਜਾਰਾ ਦੰਪਤੀ ਜੌਫ ਅਤੇ ਮਿਆ ਹਨ ਜਿਹਨਾਂ ਦਾ ਨਿੱਕਾ ਮੁੰਡਾ ਮਾਈਕਲ ਉਹਨਾਂ ਦੀ ਜ਼ਿੰਦਗੀ ਦੀ ਨਵੀਂ ਆਸ ਹੈ। ਉਹ ਕਲਾਕਾਰ ਹਨ ਅਤੇ ਪਲੇਗ ਵਰਗੀ ਮਹਾਮਾਰੀ ਦੇ ਦਿਨਾਂ ਵਿਚ ਥਾਂ-ਥਾਂ ਰੁਕ ਕੇ ਕਲਾ ਦਾ ਪ੍ਰਚਾਰ ਕਰ ਰਹੇ ਹਨ। ਸਾਰੀ ਫਿਲਮ ਵਿਚ ਐਨਟੋਨੀਅਸ ਬਲਾਕ ਵਰਗੇ ਜੰਗਜੂ ਲਈ ਸ਼ਾਂਤੀ ਅਤੇ ਚੈਨ ਦੀ ਸਿਰਫ ਇਕ ਹੀ ਘੜੀ ਆਉਂਦੀ ਹੈ ਜਦੋਂ ਉਹ ਇਸ ਪਰਿਵਾਰ ਕੋਲ ਕੁਝ ਦੇਰ ਰੁਕਦਾ ਹੈ ਅਤੇ ਜੌਫ ਉਸ ਨੂੰ ਦੁੱਧ ਦਾ ਪਿਆਲਾ ਤੇ ਤਾਜ਼ੀਆਂ ਸਟ੍ਰਾਬੇਰੀਆਂ ਖਾਣ ਨੂੰ ਦਿੰਦਾ ਹੈ। ਬਾਅਦ ਵਿਚ ਉਹਨਾਂ ਦਾ ਧੰਨਵਾਦ ਕਰਦਿਆਂ ਉਹ ਆਖਦਾ ਹੈ:

"ਮੈਂ ਹਮੇਸ਼ਾਂ ਇਸ ਪਲ ਦੀ ਸ਼ਾਂਤੀ, ਚੰਨ ਦੀ ਚਾਨਣੀ, ਤਾਜ਼ੀਆਂ ਸਟ੍ਰਾਬੇਰੀਆਂ ਤੇ ਦੁੱਧ ਦੇ ਪਿਆਲੇ ਨੂੰ ਚੇਤੇ ਰੱਖਾਗਾਂ। ਸ਼ਾਮ ਦੇ ਰੰਗ ਵਿਚ ਦਮਕਦੇ ਤੁਹਾਡੇ ਚਿਹਰੇ, ਸੁੱਤਾ ਪਿਆ ਨਿੱਕਾ ਮਾਈਕਲ, ਜੌਫ ਦਾ ਸੰਗੀਤ ਭੁਕੰਨਾ ਸਾਜ਼ ਸਭ ਯਾਦ ਰਹੇਗਾ। ਮੈਨੂੰ ਆਪਣੀ ਗੱਲਬਾਤ ਯਾਦ ਰਹੇਗੀ। ਮੈਂ ਇਸ ਸਾਰੀ ਯਾਦ ਨੂੰ ਦੁੱਧ ਨਾਲ ਨੱਕੋ-ਨੱਕ ਭਰੇ ਪਿਆਲੇ ਵਾਂਗ ਪਿਆਰ ਨਾਲ ਬੋਚ-ਬੋਚ ਕੇ ਸਾਂਭਣਾ ਚਾਹੁੰਦਾ ਹਾਂ। ਇਹ ਮੇਰੇ ਲਈ ਤਸੱਲੀ ਦਾ ਪਲ ਹੈ, ਇਹ ਮੈਨੂੰ ਮੇਰੇ ਅਰਥ ਦਿੰਦਾ ਹੈ।"

ਇਸ ਪਲ ਨੂੰ ਜਿਊਣ ਤੋਂ ਬਾਅਦ ਐਨਟੋਨੀਅਸ ਬਲਾਕ ਲਈ ਮੌਤ ਨਾਲ ਲੱਗੀ ਸ਼ਤਰੰਜ਼ ਦੀ ਬਾਜ਼ੀ ਦੇ ਅਰਥ ਬਦਲ ਜਾਂਦੇ ਹਨ। ਉਸ ਨੂੰ ਸਮਝ ਆ ਜਾਂਦੀ ਹੈ ਕਿ ਜ਼ਿੰਦਗੀ 'ਮਹਾਨ ਜਿੱਤਾਂ' ਅਤੇ 'ਮਹਾਨ ਪ੍ਰਾਪਤੀਆਂ' ਵਿਚ ਨਹੀਂ ਬਲਕਿ ਇਹਨਾਂ ਛੋਟੇ-ਛੋਟੇ ਪਲਾਂ ਵਿਚ ਹੀ ਬਿਖਰੀ ਹੁੰਦੀ ਹੈ ਜਿਹਨਾਂ ਨੂੰ ਸਤਿਕਾਰ ਨਾਲ ਸਾਂਭਣਾ ਬੰਦੇ ਦੀ ਜ਼ਿੰਮੇਵਾਰੀ ਹੁੰਦੀ ਹੈ। ਬੰਦੇ ਦਾ ਕੰਮ ਜ਼ਿੰਦਗੀ ਨੂੰ ਇਸ ਦੀਆਂ ਪੂਰੀਆਂ ਗੁੰਝਲਾਂ ਅਤੇ ਊਣਤਾਈਆਂ ਸਮੇਤ ਸਵੀਕਾਰ ਕਰਦਿਆਂ ਬਿਹਤਰ ਢੰਗ ਨਾਲ ਜਿਊਣਾ ਹੈ ਤਾਂ ਕਿ ਜਦੋਂ ਮੌਤ ਆਵੇ ਤਾਂ ਬੰਦਾ ਉਸ ਨਾਲ ਦਸਤ-ਪੰਜਾ ਲੈ ਸਕੇ। ਇਸ ਪਲ ਨੂੰ ਜਿਊਣ ਤੋਂ ਬਾਅਦ ਉਸ ਨੂੰ ਮੌਤ ਤੋਂ ਹਾਰਨ ਦਾ ਕੋਈ ਅਫਸੋਸ ਨਹੀਂ ਹੁੰਦਾ।

ਇਸ ਫਿਲਮ ਦਾ ਮੂਲ ਖਾਕਾ ਬਾਈਬਲ ਦੀਆਂ ਕਹਾਣੀਆਂ ਅਤੇ ਮਿੱਥਾਂ ਦੇ ਆਲੇ-ਦੁਆਲੇ ਬੁਣਿਆ ਗਿਆ ਹੈ। ਬਾਈਬਲ ਵਿਚ ਸਮਝਾਈ ਗਈ 'ਪਵਿਤਰ ਪਰਿਵਾਰ' ਵਾਲੀ ਗੱਲ ਹੀ ਜੌਫ ਅਤੇ ਮਿਆ ਤੇ ਉਹਨਾਂ ਦੇ ਨਿੱਕੇ ਮੁੰਡੇ ਮਾਈਕਲ ਦੇ ਰੂਪ ਵਿਚ ਪਰਦੇ 'ਤੇ ਸਾਕਾਰ ਕਰਦਾ ਹੈ। ਇਹ ਮੌਤ ਦੇ ਖਿਲਾਫ ਬੰਦੇ ਦੀ ਠਾਹਰ ਹੈ ਕਿਉਂਕਿ ਇਹ ਬੰਦੇ ਨੂੰ ਰੱਬ ਵਾਂਗ ਆਪਣੀ ਦੁਨੀਆ ਆਪ ਘੜਨ ਦੇ ਸਮਰੱਥ ਬਣਾਉਂਦਾ ਹੈ। ਫਿਲਮਸਾਜ਼ ਇਸ ਪਰਿਵਾਰ ਨੂੰ ਕਲਾ ਨੂੰ ਸਮਰਪਿਤ ਪਰਿਵਾਰ ਵਜੋਂ ਚਿੱਤਰ ਕੇ ਰੱਬ ਦੀ ਸੱਤਾ ਨੂੰ ਚੁਣੌਤੀ ਦਿੰਦਾ ਹੈ।







*ਫਿਲਮ 'ਦਿ ਸੈਵਨਥ ਸੀਲ' ਦਾ ਸ਼ਤਰੰਜ ਵਾਲਾ ਮਸ਼ਹੂਰ ਦ੍ਰਿਸ਼ ਅਤੇ (ਸੱਜੇ) ਫਿਲਮ ਦਾ ਪੋਸਟਰ।*

ਕਲਾ ਵਿਸ਼ਵਾਸ ਦਾ ਸਭ ਤੋਂ ਮਹੀਨ ਪਰ ਸਭ ਤੋਂ ਅਰਥ-ਭਰਪੂਰ ਪ੍ਰਗਟਾਵਾ ਹੈ। ਸਿਰਫ ਕਲਾ ਨਾਲ ਇੱਕ-ਮਿੱਕ ਹੋਇਆਂ ਹੀ ਬੰਦਾ ਰੱਬ ਦੀ ਹੋਂਦ ਤੋਂ ਮੁਨਕਰ ਹੋਣ ਦਾ ਹੌਸਲਾ ਰੱਖਦਾ ਹੈ। ਸਿਰਫ ਕਲਾ-ਜ਼ਿੰਦਗੀ ਨੂੰ ਉਸ ਦੀ ਸੰਪੂਰਨਤਾ ਵਿਚ ਜਿਊਣ ਦਾ ਢੰਗ ਸਿਖਾ ਸਕਦੀ ਹੈ। ਸਿਰਫ ਕਲਾ ਬੰਦੇ ਦਾ ਰੁਤਬਾ ਰੱਬ ਦੇ ਬਰਾਬਰ ਲਿਆ ਕੇ ਖੜ੍ਹਾ ਕਰ ਸਕਦੀ ਹੈ। ਸਿਰਫ ਕਲਾ ਤੋਂ ਮੌਤ ਡਰਦੀ ਹੈ ਕਿਉਂਕਿ ਅਜਿਹੀ ਹਾਲਤ ਵਿਚ ਉਸ ਦੇ ਪੱਲੇ ਸਿਰਫ ਬੰਦੇ ਦਾ ਸਰੀਰ ਰਹਿ ਜਾਂਦਾ ਹੈ, ਆਤਮਾ ਨਹੀਂ।

ਇਸ ਦੇ ਬਾਵਜੂਦ ਕਲਾ ਨੂੰ ਮਨੁੱਖੀ ਸਮਾਜਾਂ ਵਿਚ ਆਪਣਾ ਮਾਣਯੋਗ ਦਰਜਾ ਪ੍ਰਾਪਤ ਕਰਨ ਲਈ ਸਦਾ ਸੰਘਰਸ਼ ਦਾ ਰਾਹ ਅਖਤਿਆਰ ਕਰਨਾ ਪੈਂਦਾ ਹੈ। ਕਲਾਕਾਰ ਲਈ ਲੋੜੀਦੀ ਸੰਵੇਦਨਾ ਅਤੇ ਸਤਿਕਾਰ ਤੋਂ ਵਿਰਵੇ ਸਮਾਜਾਂ ਵਿਚ ਵਾਰ-ਵਾਰ ਖਾਨਾਜੰਗੀ, ਜੰਗਾਂ, ਮਹਾਮਾਰੀਆਂ ਅਤੇ ਅੰਦਰੂਨੀ ਕਲੇਸ਼ ਦਾ ਨਾ-ਮੁੱਕਣ ਵਾਲਾ ਸਿਲਸਿਲਾ ਜਾਰੀ ਰਹਿੰਦਾ ਹੈ। ਕਲਾ ਦੀ ਸਭ ਤੋਂ ਕਸੂਤੀ ਟੱਕਰ ਧਰਮ ਤੇ ਧਾਰਮਿਕ ਅਕੀਦਿਆਂ 'ਤੇ ਵਿਸ਼ਵਾਸਾਂ ਨਾਲ ਹੁੰਦੀ ਹੈ ਜਿਹੜੇ ਬੰਦੇ ਦੀ ਚੇਤਨਾ ਨੂੰ ਸਥਿਰ ਤੇ ਕਾਬੂ ਕਰਨ ਵਾਲੀ ਚੀਜ਼ ਮੰਨਦਿਆਂ ਉਸਦੀ ਸੋਚਣ-ਸਮਰੱਥਾ ਨੂੰ ਕੰਟਰੋਲ ਕਰਨ ਦੀ ਕੋਸ਼ਿਸ਼ ਕਰਦੇ ਹਨ। ਜ਼ਿੰਦਗੀ ਦੀ ਕਸ਼ਮਕਸ਼ ਅਤੇ ਗਧੀ-ਗੇੜਾਂ ਵਿਚ ਉਲਝੇ ਲੋਕ ਇਹਨਾਂ ਨੂੰ ਸੌਖਾ ਤੇ ਅਜ਼ਮਾਇਆ ਨੁਸਖਾ ਮੰਨ ਕੇ ਇਹਨਾਂ ਅੱਗੇ ਬਹੁਤ ਛੋਟੀ ਉਮਰ ਵਿਚ ਹੀ ਸਿਰ ਨਿਵਾ ਦਿੰਦੇ ਹਨ ਅਤੇ ਚੁੱਪ-ਚਾਪ ਮੌਤ ਦੀ ਉਡੀਕ ਵਿਚ ਜ਼ਿੰਦਗੀ ਗੁਜ਼ਾਰ ਦਿੰਦੇ ਹਨ। ਕਲਾ ਬੰਦੇ ਨੂੰ ਸੋਚਣ ਅਤੇ ਨਵਾਂ ਸਿਰਜਣ ਦੇ ਰਾਹ ਪਾਉਂਦੀ ਹੈ। ਉਹ ਬੰਦੇ ਨੂੰ ਸਾਰੇ ਕਾਇਦੇ-ਕਾਨੂੰਨਾਂ ਅਤੇ ਜੜ੍ਹ-ਵਿਸ਼ਵਾਸਾਂ ਨੂੰ ਵੰਗਾਰਨ ਦਾ ਸੱਦਾ ਦਿੰਦਿਆਂ ਆਜ਼ਾਦੀ ਦੀ ਤਾਂਘ ਉਸ ਅੰਦਰ ਫੂਕ ਦਿੰਦੀ ਹੈ। ਉਹ ਬੰਦਾ ਜਗਿਆਸਾ ਦਾ ਭੰਨਿਆ ਪੁਰਾਤਨ ਲੀਹਾਂ ਨੂੰ ਰੱਦ ਕਰਦਿਆਂ ਨਵੇਂ ਰਸਤਿਆਂ ਦੀ ਭਾਲ ਵਿਚ ਤੁਰਦਾ ਹੈ। ਕੁਦਰਤ ਨੂੰ ਆਪਣਾ-ਆਪ ਸੌਂਪ ਦਿੰਦਾ ਹੈ ਤੇ ਸੱਚ ਨੂੰ ਆਪਣੀ ਇਕਲੌਤੀ ਢਾਲ ਬਣਾ ਲੈਂਦਾ ਹੈ। ਇਸ ਫਿਲਮ ਵਿਚ ਚਰਚ ਦਾ ਪਾਦਰੀ, ਜੌਫ ਦੀ ਕਲਾ ਦਾ ਮਜ਼ਾਕ ਉਡਾਉਂਦਾ ਹੈ। ਗਲੀ ਵਿਚ ਕੰਮ ਕਰਦਾ ਸੁਨਿਆਰਾ ਉਸ ਨੂੰ ਪਾਗਲ ਸਮਝਦਾ ਹੈ। ਰੱਬ ਅਤੇ ਮੌਤ, ਦੋਵੇਂ ਇਸ ਪਰਿਵਾਰ ਦੀ ਉਮੀਦ ਤੇ ਜ਼ਿੰਦਾਦਿਲੀ ਤੋਂ ਭੈਅ ਖਾਂਦੇ ਹਨ।

ਨੀਂਦ ਨੂੰ ਅੱਧੀ ਮੌਤ ਮੰਨਿਆ ਗਿਆ ਹੈ। ਰੋਮਨ ਸਭਿਅਤਾ ਅਨੁਸਾਰ ਮੌਤ ਦਾ ਦੇਵਤਾ ਰਾਤ ਅਤੇ ਨੀਂਦ ਨੂੰ ਮਿਲਾ ਕੇ ਬਣਾਇਆ ਗਿਆ ਹੈ। ਮੌਤ ਦੀ ਪੁਰਾਤਨ ਰੂਪ-ਰੇਖਾ ਮਰਦ ਦੇ ਨੈਣ-ਨਕਸ਼ਾਂ ਵਾਲੀ ਘੜੀ ਗਈ ਜਿਸ ਦੀ ਬੇਦਰਦ ਕੁਹਾੜੀ ਰਾਜੇ ਅਤੇ ਰੰਕ ਨੂੰ ਇੱਕੋ ਜਿਹੀ ਤਰਤੀਬ ਨਾਲ ਵੱਢਦੀ ਹੈ। ਨਵ-ਜਾਗਰਨ ਦੌਰਾਨ ਇਸ ਦਾ ਤਸੱਵੁਰ ਔਰਤ ਰੂਪ ਵਿਚ ਵਟ ਗਿਆ। 14ਵੀਂ ਸਦੀ ਵਿਚ ਪਲੇਗ ਨੇ 'ਕਾਲੀ ਮੌਤ' ਦਾ ਨਵਾਂ ਨਾਮ ਈਜਾਦ ਕੀਤਾ। ਫਿਰ ਮੌਤ ਨੂੰ ਟਾਲਣ ਦੇ ਤਰੀਕਿਆਂ ਵਿਚੋਂ ਕਥਾਵਾਂ ਅਤੇ ਕਹਾਣੀਆਂ ਦਾ ਜਨਮ ਹੋਇਆ। ਇਸ ਦੀ ਅਹਿਮ ਉਦਾਹਰਨ 'ਅਰਬ ਦੀਆਂ ਰਾਤਾਂ' ਵਿਚਲੀਆਂ ਕਹਾਣੀਆਂ ਹਨ ਜਿਹਨਾਂ ਵਿਚ ਮੌਤ ਨੂੰ ਉਲਝਾਈ ਰੱਖਣ ਲਈ ਨਾ-ਮੁੱਕਣ ਵਾਲੀਆਂ ਕਹਾਣੀਆਂ ਦੀ ਲੰਮੀ ਦਾਸਤਾਨ ਛੇੜੀ ਜਾਂਦੀ ਹੈ। ਮੌਤ ਨੂੰ ਜ਼ਿੰਦਾ ਬੰਦਿਆਂ ਦੀਆਂ ਕਹਾਣੀਆਂ ਸੁਣਨ ਵਿਚ ਕੀ ਦਿਲਚਸਪੀ ਹੋ ਸਕਦੀ ਹੈ? ਰੱਬ ਬੰਦਿਆਂ ਦੀਆਂ ਅਰਜ਼ੋਈਆਂ ਅਤੇ ਪ੍ਰਾਰਥਨਾਵਾਂ ਸੁਣਨ ਲਈ ਇੰਨਾ ਤਤਪਰ ਕਿਉਂ ਰਹਿੰਦਾ ਹੈ? ਦੋਵੇਂ ਬੰਦੇ ਨੂੰ ਸਦਾ ਹੀ ਇਮਤਿਹਾਨਾਂ ਅਤੇ ਦੁੱਖ-ਤਕਲੀਫਾਂ ਦੀ ਚੱਕੀ ਵਿਚ ਕਿਉਂ ਪੀਂਹਦੇ ਰਹਿੰਦੇ ਹਨ? ਕਿਤੇ ਇੱਦਾਂ ਤਾਂ ਨਹੀਂ ਕਿ ਇਹ ਦੋਵੇਂ ਵੀ ਬੰਦਿਆਂ ਦੁਆਰਾ ਹੀ ਸਿਰਜੀਆਂ ਦੋ ਕਹਾਣੀਆਂ ਮਾਤਰ ਹਨ?

ਇੰਗਮਾਰ ਬਰਗਮੈਨ ਦੀ ਇਹ ਫਿਲਮ ਸਿਨੇਮਾ ਦੇ ਇਤਿਹਾਸ ਵਿਚ ਮਿੱਥ ਵਿਚ ਬਦਲ ਚੁੱਕੀ ਹੈ। ਫਿਲਮ ਵਿਚ ਦ੍ਰਿਸ਼ਾਂ ਦੀ ਤਰਤੀਬ ਅਤੇ ਰੰਗਾਂ ਦਾ ਆਪਸੀ ਤਾਲਮੇਲ ਸਿਰਜਣਾਤਮਿਕ ਪੱਖ ਤੋਂ ਲਾਜਵਾਬ ਹੈ; ਖਾਸ ਤੌਰ 'ਤੇ ਮੌਤ ਨਾਲ ਸਤਰੰਜ਼ ਖੇਡਦਾ ਕਿਰਦਾਰ ਸਿਨੇਮਾ ਇਤਿਹਾਸ ਵਿਚ ਅਮਰ ਹੋ ਚੁੱਕਿਆ ਹੈ।







*ਫਿਲਮਸਾਜ਼ ਇੰਗਮਾਰ ਬਰਗਮੈਨ, (ਵਿਚਕਾਰ) ਫਿਲਮ 'ਦਿ ਸੈਵਨਥ ਸੀਲ' ਦਾ ਆਖਰੀ ਸੀਨ ਅਤੇ (ਐਨ ਸੱਜੇ) ਇਸੇ ਫਿਲਮ ਦਾ ਇਕ ਹੋਰ ਸੀਨ।*

Tel.: 317-426-5410
Ext. 2001 & 2403

XPressCargo

100% ਓਨਰ ਆਪਰੇਟਰ ਕੰਪਨੀ

Pay Every Week

100% OWNER OPERATOR COMPANY

Pay Single 45 Cent + Team 52 Cent

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com